Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Personal Injury and Wrongful Death Attorneys
ਹਾਦਸਿਆਂ ਵਿਚ ਜ਼ਖਮੀ ਹੋਣ ਜਾਂ ਮੌਤ ਹੋ ਜਾਣ ਨਾਲ ਸਬੰਧਤ ਕੇਸਾਂ ਲਈ ਭਰੋਸੇਯੋਗ ਵਕੀਲ।
* ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।
*ਸਬੰਧਤ ਡਿਟੇਲ ਜਾਣਕਾਰੀ ਪੇਜ ਨੰਬਰ 2 'ਤੇ ਉਪਲਬਧ ਹੈ।
*ਰਿਕਵਰੀ ਹੋਣ ਤੱਕ ਕੋਈ ਫੀਸ ਨਹੀਂ ਲਈ ਜਾਵੇਗੀ।
Manpreet S. Bains
ਸੰਪਰਕ ਕਰੋ: ਫੋਨ: (510 474-0028)
E-Mail: info@thebainsfirm.com; www.thebainsfirm.com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Sixth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 39; September 26, 2026
20451 N. Plum Grove Rd., Palatine, IL 60074
Ph:847-359-0746, Fax:847-705-9388

## ਸਰਾਂ ਵਿਚ ਵਾਪਰੀ ਘਟਨਾ ਬਾਰੇ ਸ਼੍ਰੋਮਣੀ ਕਮੇਟੀ ਨੇ ਬਣਾਈ ਪੰਜ ਮੈਂਬਰੀ ਜਾਂਚ ਕਮੇਟੀ

### ਕਮੇਟੀ 15 ਦਿਨਾਂ ਵਿਚ ਦੇਵੇਗੀ ਰਿਪੋਰਟ

**ਅੰਮ੍ਰਿਤਸਰ:** ਸ੍ਰੀ ਅਨੰਦਪੁਰ ਸਾਹਿਬ ਦੀ ਸਰਾਂ ਵਿੱਚ ਵਾਪਰੀ ਘਟਨਾ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਪੰਜ ਮੈਂਬਰੀ ਜਾਂਚ ਕਮੇਟੀ ਬਣਾ ਦਿੱਤੀ ਹੈ ਅਤੇ ਇਹ ਕਮੇਟੀ 15 ਦਿਨਾਂ ਵਿੱਚ ਆਪਣੀ ਰਿਪੋਰਟ ਦੇਵੇਗੀ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਜਿਨ੍ਹਾਂ ਨੂੰ ਪਹਿਲਾਂ ਮੁਅੱਤਲ ਕੀਤਾ ਗਿਆ ਸੀ, ਨੂੰ ਉਨ੍ਹਾਂ ਦੀਆਂ ਸੇਵਾਵਾਂ ਤੋਂ ਫ਼ਾਰਗ ਕਰ ਦਿੱਤਾ ਗਿਆ ਹੈ।

**ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਜਿਸ ਦਿਨ ਇਹ ਮਾਮਲਾ ਸਾਹਮਣੇ ਆਇਆ ਸੀ, ਉਸ ਦਿਨ ਹੀ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੂੰ ਇਸ ਮਾਮਲੇ ਦੀ ਜਾਂਚ ਵਾਸਤੇ ਜ਼ਿੰਮੇਵਾਰੀ ਸੌਂਪੀ ਗਈ ਸੀ, ਜੋ ਕਿ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ।**



ਇਹ ਖ਼ੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ ਹੈ। ਉਨ੍ਹਾਂ ਇਸ ਮਾਮਲੇ ਵਿੱਚ ਪੱਖ ਵੀ ਸਪੱਸ਼ਟ ਕਰਦਿਆਂ ਆਖਿਆ ਕਿ ਉਨ੍ਹਾਂ ਨੂੰ ਬਹਿਰੀਨ ਤੋਂ ਆਈ ਬੀਬੀ ਦੀ ਆਮਦ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਨਾ ਹੀ ਉਸ ਨੇ ਕਦੇ ਮਿਲ ਕੇ ਵਾਪਰੀ ਘਟਨਾ ਬਾਰੇ ਜਾਣਕਾਰੀ ਦਿੱਤੀ ਹੈ। ਉਸ ਵੱਲੋਂ ਲਗਾਏ ਗਏ ਦੋਸ਼ ਬੇਬੁਨਿਆਦ ਹਨ।

ਜਾਂਚ ਵਾਸਤੇ ਬਣਾਈ ਗਈ ਕਮੇਟੀ ਵਿੱਚ ਬਲਦੇਵ ਸਿੰਘ ਕਾਇਮਪੁਰ, ਗੁਰਮੀਤ ਸਿੰਘ ਬੂਹ, ਬੀਬੀ ਗੁਰਿੰਦਰ ਕੌਰ ਭੋਲੂਵਾਲ ਅਤੇ ਗੁਰਬਖ਼ਸ਼ ਸਿੰਘ ਖਾਲਸਾ ਸ਼ਾਮਿਲ ਹਨ, ਜਦੋਂ ਕਿ ਕਮੇਟੀ ਦੇ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਹੋਣਗੇ। ਇਹ ਕਮੇਟੀ 15 ਦਿਨਾਂ ਦੇ ਅੰਦਰ ਆਪਣੀ ਰਿਪੋਰਟ ਦੇਵੇਗੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਬੀਬੀ ਕਿੱਥੋਂ ਆਈ, ਕਦੋਂ ਆਈ ਅਤੇ ਇਸ ਨੂੰ ਕੌਣ ਲੈ ਕੇ ਆਇਆ, ਇਸ ਬਾਰੇ ਉਨ੍ਹਾਂ ਕੋਲ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਗਿਆਨੀ ਮਲਕੀਤ ਸਿੰਘ ਨੂੰ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਵਿੱਚੋਂ ਛੇਕ ਦਿੱਤਾ ਗਿਆ ਹੈ ਤਾਂ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਸਿੱਖ ਸੰਸਥਾ ਦੀਆਂ ਸੇਵਾਵਾਂ ਤੋਂ ਤੁਰੰਤ ਪ੍ਰਭਾਵ ਨਾਲ ਫ਼ਾਰਗ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ ਸੀ। ਉਨ੍ਹਾਂ ਦੇ ਨਾਲ ਸ੍ਰੀ ਅਨੰਦਪੁਰ ਸਾਹਿਬ ਤੋਂ ਇੱਕ ਡਰਾਈਵਰ ਨੂੰ ਵੀ ਮੁਅੱਤਲ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਅਮਰਜੀਤ ਸਿੰਘ ਚਾਵਲਾ ਵੱਲੋਂ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਤੋਂ ਦਿੱਤੇ ਗਏ ਅਸਤੀਫ਼ੇ ਨੂੰ ਵੀ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਜਿਸ ਦਿਨ ਇਹ ਮਾਮਲਾ ਸਾਹਮਣੇ ਆਇਆ ਸੀ, ਉਸ ਦਿਨ ਹੀ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੂੰ ਇਸ ਮਾਮਲੇ ਦੀ ਜਾਂਚ ਵਾਸਤੇ ਜ਼ਿੰਮੇਵਾਰੀ ਸੌਂਪੀ ਗਈ ਸੀ, ਜੋ ਕਿ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਜਾਂਚ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਇਸ ਮਾਮਲੇ ਵਿੱਚ ਖੜ੍ਹੇ ਹੋ ਰਹੇ ਹੋਰ ਸਵਾਲਾਂ ਦੇ ਜਵਾਬ ਵੀ ਦਿੱਤੇ ਜਾਣਗੇ।

ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਸ੍ਰੀ ਅਕਾਲ ਤਖ਼ਤ

**(ਬਾਕੀ ਸਫ਼ਾ 4 'ਤੇ)**

## ਮੁਹਾਲੀ ਦੇ ਗਮਾਡਾ ਦਫ਼ਤਰ 'ਚ ਈ.ਡੀ. ਦਾ ਛਾਪਾ

### ਦਫ਼ਤਰ ਦੀਆਂ 3 ਮੰਜ਼ਿਲਾਂ ਕੀਤੀਆਂ ਸੀਲ

**ਚੰਡੀਗੜ੍ਹ:** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀਆਂ ਟੀਮਾਂ ਨੇ ਕੇਂਦਰੀ ਰਿਜ਼ਰਵ ਪੁਲੀਸ ਬਲ ਦੇ ਜਵਾਨਾਂ ਦੇ ਨਾਲ ਮੰਗਲਵਾਰ ਨੂੰ ਮੁਹਾਲੀ ਸਥਿਤ ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੇ ਦਫ਼ਤਰ 'ਚ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ। ਈ.ਡੀ. ਦੀ ਇਸ ਅਚਾਨਕ ਕਾਰਵਾਈ ਨਾਲ ਪ੍ਰਸ਼ਾਸਨਿਕ ਗਲਿਆਰਿਆਂ 'ਚ ਹੜਕੰਪ ਮਚ ਗਿਆ।



ਕੇਂਦਰੀ ਏਜੰਸੀ ਦੇ ਅਧਿਕਾਰੀਆਂ ਨੇ ਗਮਾਡਾ ਦਫ਼ਤਰ ਦੀਆਂ ਘੱਟੋ-ਘੱਟ 3 ਮੰਜ਼ਿਲਾਂ ਨੂੰ ਸੀਲ ਕਰ ਦਿੱਤਾ ਅਤੇ ਉੱਥੇ ਮੌਜੂਦ ਚੋਟੀ ਦੇ ਅਧਿਕਾਰੀਆਂ ਦੇ ਮੋਬਾਈਲ ਫ਼ੋਨ ਆਪਣੇ ਕਬਜ਼ੇ ਵਿਚ ਲੈ ਲਏ। ਇਸ ਛਾਪੇਮਾਰੀ ਦੌਰਾਨ ਈ.ਡੀ. ਨੇ ਰੇਮੀਗੇਟ ਮਾਮਲੇ ਦੇ ਨਾਲ-ਨਾਲ ਨਿੱਜੀ ਬਿਲਡਰਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਜ਼ਮੀਨ ਦੀ ਵਰਤੋਂ ਬਦਲਣ ਦੇ ਰਿਕਾਰਡ ਜ਼ਬਤ ਕਰ ਲਏ ਹਨ।

ਸੂਤਰਾਂ ਅਨੁਸਾਰ, ਗਮਾਡਾ ਦੇ ਸੀਨੀਅਰ ਅਧਿਕਾਰੀਆਂ, ਜਿਨ੍ਹਾਂ ਵਿੱਚ ਅਸਟੇਟ ਅਫ਼ਸਰ, ਵਧੀਕ ਮੁੱਖ ਪ੍ਰਸ਼ਾਸਕ ਅਤੇ ਚੀਫ਼ ਇੰਜੀਨੀਅਰ ਸ਼ਾਮਲ ਹਨ, ਨੂੰ ਹਾਊਸਿੰਗ ਸਕੱਤਰ ਦੇ ਕਮਰੇ ਵਿੱਚ ਬੁਲਾਇਆ ਗਿਆ, ਜਿੱਥੇ ਈ.ਡੀ. ਅਧਿਕਾਰੀਆਂ ਵੱਲੋਂ ਉਨ੍ਹਾਂ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਏਜੰਸੀ ਦੇ ਅਧਿਕਾਰੀਆਂ ਮੁਤਾਬਕ, ਈ.ਡੀ. ਜ਼ਮੀਨ ਐਕਵਾਇਰ ਕਰਨ ਦੇ ਮਾਮਲਿਆਂ, ਨਿੱਜੀ ਰੀਅਲਟਰਾਂ/ ਬਿਲਡਰਾਂ ਨੂੰ ਦਿੱਤੇ ਗਏ ਅਣਉਚਿਤ ਲਾਭਾਂ, ਸੀ.ਐੱਲ.ਯੂ. ਮਨਜ਼ੂਰੀਆਂ ਅਤੇ ਸਰਕਾਰੀ ਜਾਇਦਾਦਾਂ ਦੀ ਨਿਲਾਮੀ ਵਿੱਚ ਹੋਈਆਂ ਵੱਡੀਆਂ ਗੜਬੜੀਆਂ ਤੇ ਵਿੱਤੀ ਧਾਂਦਲੀਆਂ ਦੀ ਪੜਤਾਲ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਈ.ਡੀ. ਪਿਛਲੇ ਕੁਝ ਮਹੀਨਿਆਂ ਤੋਂ ਮੁਹਾਲੀ ਅਤੇ ਨਿਊ ਚੰਡੀਗੜ੍ਹ ਖੇਤਰ ਵਿੱਚ ਬਿਲਡਰਾਂ ਤੇ ਗਮਾਡਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋਏ ਕਰੋੜਾਂ ਰੁਪਏ ਦੇ ਸੀ.ਐੱਲ.ਯੂ. ਘੁਟਾਲੇ ਅਤੇ ਫ਼ੀਸ ਡਿਫ਼ਾਲਟ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਅੱਜ ਦੀ ਇਸ ਕਾਰਵਾਈ ਨਾਲ ਮੁਹਾਲੀ ਦੇ ਰੀਅਲ ਅਸਟੇਟ ਖੇਤਰ ਅਤੇ ਸਿਆਸੀ ਹਲਕਿਆਂ 'ਚ ਭਾਰੀ ਚਰਚਾ ਛਿੜ ਗਈ ਹੈ।

DHILLON
IMMIGRATION LAW FIRM, PC
101 Avenue of the Americas, 9th Floor, New York, NY 10013
Amandeep Singh Dhillon
Immigration Attorney
Asylum • Deportation Defense • VAWA Cases
Detention Cases • Green Cards
Citizenship & Naturalization
Family Immigration • Employment Immigration
Call: (516) 253-5490 | 516-620-3656
Serving Clients Nationwide
Email: info@dhillonimmigrationlawfirm.com
www.dhillonimmigrationlawfirm.com



Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮੀਟਿੰਗ ਦੌਰਾਨ ਦੋ ਪੁਸਤਕਾਂ ਰਿਲੀਜ਼

**ਸਰੀ (ਜਸਵੀਰ ਸਿੰਘ ਭਲੂਰੀਆ):** ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮਾਸਿਕ ਮੀਟਿੰਗ ਇਸ ਵਾਰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਰਹੀ। ਇਸ ਮੀਟਿੰਗ ਵਿਚ ਦੋ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਉੱਘੇ ਲੇਖਕ ਅਤੇ ਪਰਪੱਕ ਸਾਰੰਗੀ ਵਾਦਕ ਸ. ਚਮਕੌਰ ਸਿੰਘ ਸੇਖੋਂ (ਭੋਤਨਾ) ਦੀ ਸੱਤਵੀਂ ਪੁਸਤਕ ਕਿੱਸਾ-ਕਾਵਿ 'ਸ਼ੀਰੀ-ਫਰਿਹਾਦ ਤੇ ਕਾਕਾ-ਪਰਤਾਪੀ', ਅਤੇ ਉੱਭਰਦੇ ਲੇਖਕ ਤੇ ਪ੍ਰਕਾਸ਼ਕ ਵੀਤ ਬਾਦਸ਼ਾਹਪੁਰੀ ਦੀ ਸੰਪਾਦਿਤ ਪੁਸਤਕ 'ਤਾਰਿਆਂ ਦੀ ਮਹਿਫਲ' ਰਿਲੀਜ਼ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਵੀਤ ਬਾਦਸ਼ਾਹਪੁਰੀ 'ਸੀਰਤ' ਮੈਗਜ਼ੀਨ ਵੀ ਪ੍ਰਕਾਸ਼ਿਤ ਕਰ ਰਹੇ ਹਨ।

ਇਸ ਮੀਟਿੰਗ ਦੌਰਾਨ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ, ਚਮਕੌਰ ਸਿੰਘ ਸੇਖੋਂ, ਵੀਤ ਬਾਦਸ਼ਾਹਪੁਰੀ, ਦਰਸ਼ਨ ਸਿੰਘ ਸੰਘਾ ਅਤੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ। ਸਟੇਜ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਕਵੀ ਦਰਬਾਰ ਦੀ ਸ਼ੁਰੂਆਤ ਕਰਦਿਆਂ ਲੇਖਕਾਂ, ਸਰੋਤਿਆਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਸਤੰਬਰ ਮਹੀਨੇ ਵਿਚ ਜਨਮ ਦਿਨ ਵਾਲੀਆਂ ਸ਼ਖ਼ਸੀਅਤਾਂ ਨੂੰ ਸਭਾ ਵੱਲੋਂ ਜਨਮ ਦਿਨ ਦੀ ਮੁਬਾਰਕਬਾਦ ਦਿੱਤੀ ਗਈ। ਲਿਖਾਰੀ ਸਭਾ ਜਗਤਪੁਰ ਦੇ ਬਾਨੀ ਸ. ਮਹਿੰਦਰ ਸਿੰਘ ਦੁਸਾਂਝ, ਹਰਜਿੰਦਰ ਸਿੰਘ ਚੀਮਾ ਉਰਫ ਠਾਣਾ ਦੇ ਸਪੁੱਤਰ ਸਤਪਾਲ ਸਿੰਘ ਚੀਮਾ ਅਤੇ ਅੰਤਰਰਾਸ਼ਟਰੀ ਫੋਟੋਗ੍ਰਾਫਰ ਹਰਭਜਨ ਸਿੰਘ ਬਾਜਵਾ ਦੇ ਸਦੀਵੀ ਵਿਛੋੜੇ 'ਤੇ ਇੱਕ ਮਿੰਟ ਦਾ ਮੌਨ ਰੱਖ ਕੇ ਸਭਾ ਵੱਲੋਂ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।



ਕਵੀ ਦਰਬਾਰ ਵਿਚ ਗੁਰਮੀਤ ਸਿੰਘ ਕਾਲਕਟ ਨੇ ਧਾਰਮਿਕ ਗੀਤ ਪੇਸ਼ ਕੀਤਾ। ਫਿਰ ਪਵਨ ਭਾਮੀਆਂ, ਮਨਜੀਤ ਸਿੰਘ ਮੱਲ੍ਹਾ, ਆਦੇਸ਼ਪ੍ਰੀਤ ਕੌਰ, ਦਵਿੰਦਰ ਕੌਰ ਜੌਹਲ, ਹਰਚੰਦ ਸਿੰਘ ਗਿੱਲ, ਬਲਬੀਰ ਸਿੰਘ ਸੰਘਾ, ਹਰਮਨਦੀਪ ਸਿੰਘ, ਸੁਰਜੀਤ ਗਿੱਲ, ਕਵਿੰਦਰ ਚਾਂਦ, ਇੰਦਰਜੀਤ ਸਿੰਘ ਧਾਮੀ, ਡਾ. ਗੁਰਮਿੰਦਰ ਕੌਰ ਸਿੱਧੂ, ਅਮਰਜੀਤ ਕੌਰ, ਹਰਦਮ ਮਾਨ, ਹਰਚਰਨ ਸਿੰਘ ਸੰਧੂ (ਪੀ ਸੀ ਐਸ), ਡਾ. ਗੁਰਦਰਸ਼ਨ ਸਿੰਘ ਬਾਦਲ ਨੇ ਆਪਣੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕੀਤਾ। ਚਮਕੌਰ ਸਿੰਘ ਸੇਖੋਂ ਨੇ ਆਪਣੀ ਨਵ-ਪ੍ਰਕਾਸ਼ਿਤ ਪੁਸਤਕ ਬਾਰੇ ਜਾਣਕਾਰੀ ਦਿੱਤੀ, ਅਤੇ ਆਪਣੇ ਸਾਥੀਆਂ ਨਵਦੀਪ ਗਿੱਲ ਤੇ ਜਗਰਾਜ ਸਿੰਘ ਦੀਵਾਨਾ ਨਾਲ ਮਿਲ ਕੇ, ਢੱਡ-ਸਾਰੰਗੀ ਨਾਲ ਆਪਣੀ ਨਵੀਂ ਕਿਤਾਬ ਵਿੱਚੋਂ ਰਚਨਾ ਪੇਸ਼ ਕਰਕੇ ਵਾਹ-ਵਾਹ ਕਰਵਾਈ।

ਇਸ ਉਪਰੰਤ ਡਾ. ਦਵਿੰਦਰ ਪਾਲ ਕੌਰ, ਪ੍ਰਿੰ. ਮਲੂਕ ਚੰਦ ਕਲੇਰ, ਪ੍ਰੋ. ਕਸ਼ਮੀਰਾ ਸਿੰਘ ਗਿੱਲ, ਹਰਜਿੰਦਰ ਥਿੰਦ (ਰੇਡੀਓ ਹੋਸਟ) ਅਤੇ ਮੋਹਨ ਗਿੱਲ ਨੇ ਵੀ ਚਮਕੌਰ ਸਿੰਘ ਸੇਖੋਂ ਦੀ ਕਿਤਾਬ ਉੱਪਰ ਕਾਵਿ ਤਕਨੀਕ ਅਤੇ ਇਤਿਹਾਸਕ ਪੱਖ ਤੋਂ ਪਰਚੇ ਪੜ੍ਹੇ। ਹਰਵਿੰਦਰ ਕੌਰ ਨਿੱਕੀ, ਦਰਸ਼ਨ ਸਿੰਘ ਸੰਘਾ, ਅਜਮੇਰ ਸਿੰਘ ਢਿੱਲੋਂ ਅਤੇ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਨੇ ਦੋਨਾਂ ਕਿਤਾਬਾਂ ਉੱਪਰ ਪਰਚੇ ਪੜ੍ਹੇ ਅਤੇ ਕੀਮਤੀ ਵਿਚਾਰ ਪੇਸ਼ ਕੀਤੇ। ਵੀਤ ਬਾਦਸ਼ਾਹਪੁਰੀ ਨੇ ਆਪਣੀ ਸੰਪਾਦਿਤ ਕਿਤਾਬ 'ਤਾਰਿਆਂ ਦੀ ਮਹਿਫ਼ਲ' ਬਾਰੇ ਗੱਲਬਾਤ ਕੀਤੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਸਭਾ ਦੇ ਨੁਮਾਇੰਦਿਆਂ ਅਤੇ ਮਹਿਮਾਨਾਂ ਦੀ ਹਾਜ਼ਰੀ ਵਿੱਚ ਦੋਵੇਂ ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ। ਦੋਨਾਂ ਲੇਖਕਾਂ ਵੱਲੋਂ 1-1 ਕਾਪੀ ਸੀਨੀਅਰ ਸਿਟੀਜ਼ਨ ਸੈਂਟਰ ਦੇ ਪ੍ਰਧਾਨ ਅਤੇ ਮੈਂਬਰਾਂ ਨੂੰ ਭੇਟ ਕੀਤੀ ਗਈ। ਅਖੀਰ ਵਿਚ ਸਭਾ ਵੱਲੋਂ ਸਨਮਾਨ ਚਿੰਨ੍ਹਾਂ ਨਾਲ ਦੋਨਾਂ ਲੇਖਕਾਂ ਦਾ ਸਨਮਾਨ ਕੀਤਾ ਗਿਆ।

ਅੰਤ ਵਿਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਨੇ ਦੋਨਾਂ ਲੇਖਕਾਂ ਨੂੰ ਸਭਾ ਵੱਲੋਂ ਵਧਾਈ ਦਿੱਤੀ, ਕਵੀ ਦਰਬਾਰ ਵਿਚ ਸ਼ਾਮਲ ਲੇਖਕਾਂ, ਸਰੋਤਿਆਂ, ਮਹਿਮਾਨਾਂ ਅਤੇ ਮੀਡੀਆ ਕਰਮੀਆਂ ਦਾ ਧੰਨਵਾਦ ਕੀਤਾ। ਸਭਾ ਦੇ ਉਪ-ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਦੇ ਕਿਸੇ ਘਰੇਲੂ ਕਾਰਨ ਨਾ ਪਹੁੰਚ ਸਕਣ ਕਰਕੇ ਉਨ੍ਹਾਂ ਦੀ ਗੈਰਹਾਜ਼ਰੀ ਰੜਕਦੀ ਰਹੀ। ਸਟੇਜ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਵੀ ਆਪਣੇ ਫਰਜ਼ ਬਾਖ਼ੂਬੀ ਨਿਭਾਏ।

ਸੀਨੀਅਰ ਸਿਟੀਜ਼ਨ ਸੈਂਟਰ ਦੇ ਖਚਾਖਚ ਭਰੇ ਹਾਲ ਵਿਚ ਉਪਰੋਕਤ ਬੁਲਾਰਿਆਂ ਤੋਂ ਇਲਾਵਾ ਬਿੱਕਰ ਸਿੰਘ ਖੋਸਾ, ਜਸਵੀਰ ਸਿੰਘ ਭਲੂਰੀਆ, ਡਾ. ਹਰਦੇਵ ਸਿੰਘ ਵਿਰਕ, ਦਵਿੰਦਰ ਕੌਰ ਬਚਰਾ, ਸ਼ਿੰਦਰ ਸਿੰਘ ਪੁਰੇਵਾਲ (ਸਾਬਕਾ ਜੱਜ), ਮੋਹਨ ਬਚਰਾ, ਅਮਰੀਕ ਸਿੰਘ ਲੇਹਲ, ਨਰਿੰਦਰ ਬਾਹੀਆ, ਰਣਜੀਤ ਸਿੰਘ ਨੱਤ, ਜਸਵੰਤ ਕੌਰ, ਰਣਜੀਤ ਕੌਰ ਵਿਰਕ, ਪਲਵਿੰਦਰ ਜੀਤ ਕੌਰ, ਬੇਅੰਤ ਸਿੰਘ ਢਿੱਲੋਂ, ਜਗੀਰ ਸਿੰਘ ਲਾਲੀ, ਗੁਰਦਿਆਲ ਸਿੰਘ ਜੌਹਲ, ਸਿਮਰਜੀਤ ਕੌਰ ਸੇਖੋਂ, ਨਿਰਮਲ ਸਿੰਘ, ਜੀਤ ਖਹਿਰਾ, ਇੰਦਰਪਾਲ ਸੰਧੂ, ਦਵਿੰਦਰ ਸਿੰਘ ਮੰਗਤ, ਅਵਤਾਰ ਸਿੰਘ ਢਿੱਲੋਂ, ਸੁਰਜੀਤ ਸਿੰਘ ਬਾਠ, ਗੁਰਦੇਵ ਸਿੰਘ ਗਰੇਵਾਲ, ਕੇਸਰ ਸਿੰਘ ਕੂਨਰ, ਕਸ਼ਮੀਰ ਸਿੰਘ ਉੱਪਲ, ਗੁਰਦਰਸ਼ਨ ਸਿੰਘ ਮਠਾੜੂ, ਜਤਿੰਦਰਜੀਤ, ਨਰਿੰਦਰ ਸਿੰਘ ਪੰਨੂ, ਨਿਰਮਲ ਗਿੱਲ, ਸੁਖਜਿੰਦਰ ਕੌਰ, ਹਰਵਿੰਦਰ ਕੌਰ, ਕਮਿਕਰਜੀਤ ਜੌਹਲ, ਮਲਕੀਤ ਸਿੰਘ, ਸ਼ਿੰਗਾਰਾ ਸਿੰਘ ਸੰਘੇੜਾ, ਬਖਸ਼ੀਸ ਸਿੰਘ, ਦਿਲਜੀਤ ਸਿੰਘ, ਨਛੱਤਰ ਸਿੰਘ ਦੰਦੀਵਾਲ, ਜਗਰਾਜ ਸਿੰਘ ਢਿੱਲੋਂ, ਸ਼ਾਨ ਗਿੱਲ, ਸੁਖਪਾਲ ਸਿੰਘ, ਗੁਰਚਰਨ ਸਿੰਘ ਬਰਾੜ, ਗੁਰਮੇਲ ਸਿੰਘ, ਬਲਬੀਰ ਸਿੰਘ ਬਚਰਾ ਅਤੇ ਗੁਰਸੇਵਕ ਸਿੰਘ ਪੰਧੇਰ ਨੇ ਆਪਣਾ ਕੀਮਤੀ ਸਮਾਂ ਦੇ ਕੇ ਕਵੀ ਦਰਬਾਰ ਦੀ ਰੌਣਕ ਨੂੰ ਵਧਾਇਆ। ਪੰਜਾਬੀ ਮੀਡੀਆ ਤੋਂ ਹਰਜਿੰਦਰ ਸਿੰਘ ਥਿੰਦ, ਸੁਰਿੰਦਰ ਸਿੰਘ ਬੜਿੰਗ, ਅੰਗਰੇਜ਼ ਸਿੰਘ ਬਰਾੜ, ਰਛਪਾਲ ਸਿੰਘ, ਨਿਰੰਜਨ ਸਿੰਘ ਲੇਹਲ ਅਤੇ ਰਵੀ ਕਾਂਤ ਨੇ ਪਹੁੰਚ ਕੇ ਕਵੀ ਦਰਬਾਰ ਦੀ ਕਾਰਵਾਈ ਨੂੰ ਦੂਰ-ਦੁਰਾਡੇ ਬੈਠੇ ਸਰੋਤਿਆਂ ਤੱਕ ਪਹੁੰਚਾਇਆ।

# .ਗ਼ਜ਼ਲ ਮੰਚ ਸਰੀ ਦੀ ਸ਼ਾਇਰਾਨਾ ਸ਼ਾਮ ਵਿਚ ਸੈਂਕੜੇ ਸਰੋਤਿਆਂ ਨੇ ਲਾਈਆਂ .ਗ਼ਜ਼ਲ ਦੇ ਸਾਗਰ 'ਚ ਤਾਰੀਆਂ

**ਸਰੀ (ਹਰਦਮ ਮਾਨ):** ਬੀਤੇ ਦਿਨੀਂ ਗ਼ਜ਼ਲ ਮੰਚ ਸਰੀ ਵੱਲੋਂ ਸਜਾਈ ਗਈ ਸ਼ਾਇਰਾਨਾ ਸ਼ਾਮ ਅਜਿਹੇ ਯਾਦਗਾਰੀ ਪਲ ਬਣ ਕੇ ਉੱਭਰੀ, ਜਿੱਥੇ ਕਾਵਿਕ ਸ਼ਬਦਾਂ ਨੇ ਦਿਲਾਂ ਦੀਆਂ ਤਾਰਾਂ ਛੇੜੀਆਂ ਅਤੇ ਸੈਂਕੜੇ ਸ਼ਾਇਰੀ ਪ੍ਰੇਮੀਆਂ ਨੇ ਪੰਜਾਬੀ ਸ਼ਾਇਰੀ ਨੂੰ ਸਿਰਫ਼ ਸੁਣਿਆ ਹੀ ਨਹੀਂ, ਸਗੋਂ ਰੂਹ ਨਾਲ ਮਹਿਸੂਸ ਕੀਤਾ। ਸਰੀ ਆਰਟ ਸੈਂਟਰ ਦਾ ਵਿਸ਼ਾਲ ਹਾਲ ਇਸ ਸ਼ਾਮ ਸ਼ਾਇਰੀ ਦੀ ਮਹਿਕ ਨਾਲ ਭਰਿਆ ਹੋਇਆ ਸੀ। ਮੰਚ ਤੋਂ ਉਚਰੇ ਹਰ ਸ਼ਿਅਰ ਨਾਲ ਸਰੋਤਿਆਂ ਦੀਆਂ ਤਾੜੀਆਂ ਦੀ ਗੂੰਜ ਉੱਠਦੀ ਅਤੇ ਮਹਿਫ਼ਿਲ ਨੂੰ ਹੋਰ ਗੂੜ੍ਹਾ ਰੰਗ ਬਖ਼ਸ਼ਦੀ। ਲਗਭਗ ਤਿੰਨ ਘੰਟਿਆਂ ਤੱਕ ਚੱਲੀ ਇਸ ਕਾਵਿਕ ਮਹਿਫ਼ਿਲ ਵਿਚ ਸਰੋਤੇ ਗ਼ਜ਼ਲ ਦੇ ਸਾਗਰ ਵਿਚ ਤਾਰੀਆਂ ਲਾਉਂਦੇ ਰਹੇ ਅਤੇ ਹਰ ਪੇਸ਼ਕਾਰੀ ਨੂੰ ਦਿਲ ਖੋਲ੍ਹ ਕੇ ਦਾਦ ਦਿੰਦੇ ਰਹੇ। ਸ਼ਾਇਰਾਨਾ ਸ਼ਾਮ ਦੀ ਪ੍ਰਧਾਨਗੀ ਅਮਰੀਕਾ ਤੋਂ ਪਹੁੰਚੇ ਨਾਮਵਰ ਸ਼ਾਇਰ ਕੁਲਵਿੰਦਰ, ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਟੋਰਾਂਟੋ ਤੋਂ ਆਏ ਮਹਿਮਾਨ ਸ਼ਾਇਰ ਭੁਪਿੰਦਰ ਦੂਲੇ ਅਤੇ ਕੁਲਵਿੰਦਰ ਖਹਿਰਾ ਨੇ ਕੀਤੀ।

ਸ਼ਾਮ ਦੇ ਆਰੰਭ ਵਿਚ ਰਾਜਵੰਤ ਰਾਜ ਨੇ ਹਾਜ਼ਰ ਮਹਿਮਾਨਾਂ, ਸ਼ਾਇਰਾਂ, ਸਹਿਯੋਗੀਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਗ਼ਜ਼ਲ ਮੰਚ ਦੀਆਂ ਸਾਹਿਤਕ ਸਰਗਰਮੀਆਂ ਅਤੇ ਇਸ ਦੇ ਸਫ਼ਰ ਵਿਚ ਸਹਿਯੋਗ ਦੇਣ ਵਾਲੇ ਸੱਜਣਾਂ ਦਾ ਜ਼ਿਕਰ ਕੀਤਾ। ਉਨ੍ਹਾਂ ਦੇ ਸਵਾਗਤੀ ਸ਼ਬਦਾਂ ਨਾਲ ਮਹਿਫ਼ਲ ਨੇ ਆਪਣਾ ਕਾਵਿਕ ਸਫ਼ਰ ਆਰੰਭ ਕੀਤਾ ਉਪਰੰਤ ਦਸਮੇਸ਼ ਗਿੱਲ ਫ਼ਿਰੋਜ਼ ਨੇ ਸੰਚਾਲਕ ਦੀ ਕਮਾਨ ਸੰਭਾਲੀ। ਉਨ੍ਹਾਂ ਨੇ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰਾਂ ਦੇ ਸ਼ਿਅਰਾਂ ਨਾਲ ਮਹਿਫ਼ਿਲ ਲਈ ਅਜਿਹੀ ਭੂਮਿਕਾ ਬੰਨ੍ਹੀ ਕਿ ਮੰਚ ਅਤੇ ਸਰੋਤਿਆਂ ਵਿਚਕਾਰਲੀ ਦੂਰੀ ਜਿਵੇਂ ਮਿਟ ਗਈ।





ਇਸ ਕਾਵਿਕ ਮਹਿਫ਼ਲ ਵਿਚ ਨੂਰ ਬੱਲ, ਗੁਰਮੀਤ ਸਿੱਧੂ, ਹਰਦਮ ਮਾਨ, ਮਹਿੰਦਰਪਾਲ ਸਿੰਘ ਪਾਲ, ਬਲਦੇਵ ਸੀਹਰਾ, ਕੁਲਵਿੰਦਰ, ਦਸਮੇਸ਼ ਗਿੱਲ ਫ਼ਿਰੋਜ਼, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਵਿੰਦਰ ਗੌਤਮ, ਮਨਜੀਤ ਕੰਗ, ਨਰਿੰਦਰ ਭਾਗੀ, ਡਾ. ਗੁਰਮਿੰਦਰ ਸਿੱਧੂ, ਇੰਦਰਜੀਤ ਸਿੰਘ ਧਾਮੀ, ਅਫ਼ਜ਼ਲ ਬਸ਼ੀਰ ਬਾਜਵਾ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ ਅਤੇ ਜਸਵਿੰਦਰ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ। ਹਰ ਸ਼ਾਇਰ ਆਪਣੇ ਨਾਲ ਕਾਵਿਕ ਸ਼ਬਦਾਂ ਦਾ ਆਪਣਾ ਸੰਸਾਰ ਲੈ ਕੇ ਮੰਚ 'ਤੇ ਆਇਆ।

ਕਦੇ ਕੋਈ ਸ਼ਿਅਰ ਹਾਲ ਵਿਚ ਖ਼ਾਮੋਸ਼ੀ ਭਰ ਦਿੰਦਾ ਅਤੇ ਕਿਸੇ ਸ਼ਿਅਰ 'ਤੇ ਤਾੜੀਆਂ ਦੀ ਗੂੰਜ ਛੱਤਾਂ ਨੂੰ ਛੂਹਣ ਲੱਗਦੀ। ਗੰਭੀਰ ਅਤੇ ਸੰਜੀਦਾ ਸ਼ਾਇਰੀ ਨੂੰ ਮਿਲੀ ਭਰਵੀਂ ਦਾਦ ਇਸ ਗੱਲ ਦੀ ਗਵਾਹ ਬਣੀ ਕਿ ਪੰਜਾਬੀ ਸ਼ਾਇਰੀ ਅੱਜ ਵੀ ਦਿਲਾਂ ਵਿਚ ਆਪਣੀ ਡੂੰਘੀ ਥਾਂ ਰੱਖਦੀ ਹੈ। ਇਸ ਸਾਰੀ ਕਾਵਿਕ ਅੰਤ ਵਿਚ ਗ਼ਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਗ਼ਜ਼ਲ ਮੰਚ ਦੀ ਸਥਾਪਨਾ, ਇਸ ਦੇ ਉਦੇਸ਼ਾਂ ਅਤੇ ਥੋੜ੍ਹੇ ਸਮੇਂ ਵਿਚ ਹਾਸਲ ਕੀਤੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਇਸ ਸ਼ਾਇਰਾਨਾ ਸ਼ਾਮ ਨੂੰ ਭਰਵਾਂ ਹੁੰਗਾਰਾ ਦੇਣ ਵਾਲੇ ਸਾਰੇ ਸਹਿਯੋਗੀਆਂ, ਸ਼ਾਇਰਾਂ ਅਤੇ ਸਰੋਤਿਆਂ ਦਾ ਦਿਲੋਂ ਧੰਨਵਾਦ ਕੀਤਾ।

ਜਸਵਿੰਦਰ ਨੇ ਕਿਹਾ ਕਿ ਪੰਜਾਬੀ ਸ਼ਾਇਰੀ ਲਈ ਮਾਣਮੱਤੀ ਹੋ ਨਿੱਬੜੀ ਇਸ ਸ਼ਾਮ ਦਾ ਅਸਲ ਸਿਹਰਾ ਕਵਿਤਾ ਦੇ ਕਦਰਦਾਨ ਸਰੋਤਿਆਂ ਦੇ ਸਿਰ ਬੱਝਦਾ ਹੈ। ਗ਼ਜ਼ਲ ਦੇ ਪ੍ਰੇਮੀਆਂ ਵੱਲੋਂ ਮਿਲਿਆ ਇਹ ਪਿਆਰ ਅਤੇ ਸਤਿਕਾਰ ਸ਼ਾਇਰਾਂ ਦੀ ਕਾਵਿ-ਉਡਾਰੀ ਲਈ ਨਵਾਂ ਹੌਸਲਾ ਬਣੇਗਾ ਅਤੇ ਸ਼ਾਇਰੀ ਦੀ ਇਹ ਰੌਸ਼ਨੀ ਹੋਰ ਦੂਰ ਤੱਕ ਫੈਲੇਗੀ। ਉਨ੍ਹਾਂ ਕਿਹਾ ਕਿ ਸ਼ਬਦਾਂ, ਸੁਰਾਂ, ਮੁਹੱਬਤ ਅਤੇ ਸਰੋਤਿਆਂ ਦੀ ਸਾਂਝ ਨਾਲ ਸਜੀ ਇਹ ਸ਼ਾਮ ਅਜਿਹੀ ਯਾਦ ਬਣ ਗਈ, ਜਿਸ ਦੀ ਮਹਿਕ ਦੇਰ ਤੱਕ ਕਾਵਿ ਪ੍ਰੇਮੀਆਂ ਦੇ ਦਿਲਾਂ ਵਿਚ ਵੱਸਦੀ ਰਹੇਗੀ। ਇਸ ਮੌਕੇ ਗ਼ਜ਼ਲ ਮੰਚ ਵੱਲੋਂ ਮਹਿਮਾਨ ਸ਼ਾਇਰਾਂ ਅਤੇ ਸਹਿਯੋਗੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

# ਦੋਸ਼ ਲਾਉਣ ਵਾਲੀ ਬੀਬੀ ਇਕ ਵਾਰ ਮਿਲੀ ਜ਼ਰੂਰ ਸੀ, ਪਰ ਕੋਈ ਲਿਖਤੀ ਸ਼ਿਕਾਇਤ ਨਹੀਂ ਦਿੱਤੀ: ਜਥੇਦਾਰ ਗੜਗੱਜ

**ਅੰਮ੍ਰਿਤਸਰ:** ਇਥੇ ਸਕੱਤਰੇਤ ਵਿਖੇ ਪੱਤਰਕਾਰਾਂ ਨਾਲ' ਗੱਲਬਾਤ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਜਥੇਦਾਰ ਗੜਗੱਜ ਨੇ ਕਿਹਾ ਕਿ ਉਨ੍ਹਾਂ ਕੋਲ ਅਕਾਲ ਤਖ਼ਤ ਸਾਹਿਬ ਦੇ ਵਿਧੀ ਵਿਧਾਨ ਅਨੁਸਾਰ ਉਕਤ ਬੀਬੀ ਦੀ ਕੋਈ ਅਧਿਕਾਰਤ 'ਲਿਖਤੀ ਸ਼ਿਕਾਇਤ ਅਜੇ ਤੱਕ ਨਹੀਂ ਪੁੱਜੀ ਪਰ ਉਨ੍ਹਾਂ ਇਹ ਮੰਨਿਆਂ ਕਿ ਉਕਤ ਬੀਬੀ ਇਕ ਵਾਰ ਉਨ੍ਹਾਂ ਨੂੰ 'ਸਰਸਰੀ ਮਿਲੀ ਸੀ ਤੇ ਮਲਕੀਤ ਸਿੰਘ ਵਲੋਂ ਆਪਣੇ ਨਾਲ 'ਅਸ਼ਲੀਲ ਚੈਟ' ਕੀਤੇ ਜਾਣ ਬਾਰੇ ਗੱਲ ਕੀਤੀ ਸੀ। ਮੈਂ ਲਿਖਤੀ ਸ਼ਿਕਾਇਤ ਮੰਗੀ ਸੀ, ਪਰ ਉਸ ਨੇ ਨਾ ਤਾਂ ਸ਼ਿਕਾਇਤ ਭੇਜੀ ਤੇ ਨਾ ਹੀ ਅਮਰਜੀਤ ਸਿੰਘ ਚਾਵਲਾ ਦੇ ਮਾਮਲੇ ਬਾਰੇ ਮੇਰੇ ਨਾਲ ਕੋਈ ਗੱਲ ਕੀਤੀ। ਉਨ੍ਹਾਂ ਕਿਹਾ ਕਿ ਫਿਰ ਵੀ ਮੈਂ ਆਪਣੀ ਜ਼ਿੰਮੇਵਾਰੀ ਸਮਝਦਿਆਂ ਸ਼੍ਰੋਮਣੀ ਕਮੇਟੀ ਨੂੰ ਜ਼ਬਾਨੀ ਤੌਰ 'ਤੇ ਮਲਕੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਤੋਂ ਪਾਸੇ ਕਰਨ ਲਈ ਕਹਿ ਦਿੱਤਾ ਸੀ ਤੇ ਉਹ ਲੰਬੀ ਛੁੱਟੀ 'ਤੇ ਚਲੇ ਗਏ ਸਨ। ਇਸ ਮਾਮਲੇ ਦੀ ਜਾਂਚ ਕਰਾਏ ਜਾਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਬੀਬੀ ਵਲੋਂ ਪੁਲਿਸ ਨੂੰ। ਸ਼ਿਕਾਇਤ ਦਿੱਤੀ ਗਈ ਹੈ ਤੇ ਜਦੋਂ ਤੱਕ ਪੁਲਿਸ ਕੇਸ ਹੈ, ਉਦੋਂ ਤੱਕ ਅਕਾਲ ਤਖ਼ਤ ਸਾਹਿਬ ਦਖਲ ਨਹੀਂ ਦਿੰਦਾ, ਪਰ ' ਮਾਮਲਾ ਸ਼੍ਰੋਮਣੀ ਕਮੇਟੀ ਤੇ ਤਖ਼ਤ ਸਾਹਿਬਾਨ ਨਾਲ ਸੰਬੰਧਿਤ ਹੋਣ ਕਰਕੇ ਤੇ ਵੱਡੀ ਗਿਣਤੀ ਸੰਗਤਾਂ ਵਲੋਂ ਇਸ ਸੰਬੰਧੀ ਸ਼ਿਕਾਇਤਾਂ ਤੇ ਪੱਤਰ ਆਦਿ ਭੇਜ ਕੇ ਦੋਸ਼ੀਆਂ 'ਤੇ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੇ ਜਾਣ ਕਰਕੇ ਇਸ ਮਾਮਲੇ ਦਾ ਖੁਦ ਨੋਟਿਸ ਲੈਂਦਿਆਂ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਸਮੁੱਚੇ ਮਾਮਲੇ ਦੀ ਨਿਰਪੱਖ ਪੜਤਾਲ ਹੋਣੀ ਚਾਹੀਦੀ ਹੈ ਤੇ ਕਿਸੇ ਨਾਲ ਕੋਈ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ ਹੈ।



ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਵੀ ਇਸ ਮਾਮਲੇ ਵਿਚ ਆਪਣੇ ਪੱਧਰ 'ਤੇ ਉੱਚ-ਪੱਧਰੀ ਜਾਂਚ ਕਰਵਾਉਣੀ ਚਾਹੀਦੀ ਹੈ। ਅਮਰਜੀਤ ਸਿੰਘ ਚਾਵਲਾ ਤੇ ਮਲਕੀਤ ਸਿੰਘ ਤੋਂ ਇਲਾਵਾ ਬੀਬੀ ਵਲੋਂ ਦਰਜ ਕਰਾਈ ਐੱਫ. ਆਈ. ਆਰ. ਵਿਚ ਦਰਜ ਕਈ ਹੋਰਨਾਂ 'ਤੇ ਲਾਏ ਦੋਸ਼ਾਂ ਬਾਰੇ ਪੁੱਛੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਜੇਕਰ ਕੋਈ ਹੋਰ ਵੀ ਦੋਸ਼ੀ ਹੈ ਤਾਂ ਉਸ ਵਿਰੁੱਧ ਵੀ ਸ਼੍ਰੋਮਣੀ ਕਮੇਟੀ ਨੂੰ ਪੜਤਾਲ ਕਰਾਉਣੀ ਚਾਹੀਦੀ ਹੈ। ਬਹਿਰੀਨ ਵਾਲੀ ਬੀਬੀ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੀਆਂ ਸਰਾਵਾਂ ਵਿਚ ਲੰਬਾ ਸਮਾਂ ਰਿਹਾਇਸ਼ ਦਿੱਤੇ ਜਾਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਟਾਲਦਿਆਂ ਕਿਹਾ ਕਿ ਇਹ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਮਾਮਲਾ ਹੈ, ਇਸ ਸੰਬੰਧੀ ਜਵਾਬ ਉਹੀ ਦੇਣਗੇ। ਇਸੇ ਦੌਰਾਨ ਜਦੋਂ ਪੰਥ 'ਚੋਂ ਛੇਕੇ ਗਏ ਅਮਰਜੀਤ ਸਿੰਘ ਚਾਵਲਾ ਅਤੇ ਮਲਕੀਤ ਸਿੰਘ ਨਾਲ ਉਨ੍ਹਾਂ ਦਾ ਪੱਖ ਜਾਨਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

# ਸੰਜੀਵ ਅਰੋੜਾ ਨੂੰ ਅਦਾਲਤ ਵਲੋਂ ਪੇਸ਼ ਹੋਣ ਦੇ ਨਿਰਦੇਸ਼

**ਗੁਰੂਗ੍ਰਾਮ:** 102 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ 'ਚ ਵਿਸ਼ੇਸ਼ ਪੀਐੱਮਐੱਲਏ ਅਦਾਲਤ ਨੇ ਪੰਜਾਬ ਦੇ ਸਾਬਕਾ ਮੰਤਰੀ ਸੰਜੀਵ ਅਰੋੜਾ ਅਤੇ ਉਨ੍ਹਾਂ ਦੀ ਕੰਪਨੀ ਹੈਂਪਟਨ ਸਕਾਈ ਰੀਐਲਟੀ ਲਿਮਟਿਡ (ਐੱਚ ਐੱਸ ਆਰ ਐੱਲ) ਵਿਰੁੱਧ ਨੋਟਿਸ ਲੈਂਦਿਆਂ ਪਹਿਲੀ ਨਜ਼ਰੇ ਮਾਮਲਾ ਬਣਦਾ ਪਾਇਆ ਹੈ। ਵਿਸ਼ੇਸ਼ ਜੱਜ ਨਰਿੰਦਰ ਸੁਰਾ ਦੀ ਅਦਾਲਤ ਨੇ ਦੋਵਾਂ ਵਿਰੁੱਧ ਧਨ ਸ਼ੋਧਨ ਨਿਵਾਰਨ ਐਕਟ (ਪੀਐੱਮਐੱਲਏ) ਤਹਿਤ ਪਹਿਲੀ ਨਜ਼ਰੇ ਮਾਮਲਾ ਪਾਇਆ। ਅਦਾਲਤ ਨੇ ਦੋਵਾਂ ਮੁਲਜ਼ਮਾਂ ਨੂੰ ਸੰਮਨ ਜਾਰੀ ਕਰਦਿਆਂ ਦੋ ਨਵੰਬਰ ਨੂੰ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਸੁਣਵਾਈ ਦੌਰਾਨ ਈਡੀ ਵੱਲੋਂ ਸੀਨੀਅਰ ਵਕੀਲ ਜ਼ੋਹੇਬ ਹੁਸੈਨ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਏ। ਉਨ੍ਹਾਂ ਦੇ ਨਾਲ ਵਿਸ਼ੇਸ਼ ਪਬਲਿਕ ਪ੍ਰੌਜ਼ੀਕਿਊਟਰ ਸਾਈਮਨ ਬੈਂਜਾਮਿਨ ਅਤੇ ਜਾਂਚ ਅਧਿਕਾਰੀ ਪਵਨ ਕੁਮਾਰ ਯਾਦਵ ਵੀ ਮੌਜੂਦ ਰਹੇ।



ਮੁਲਜ਼ਮਾਂ ਵੱਲੋਂ ਵਕੀਲ ਅਰਜੁਨ ਦੀਵਾਨ ਨੇ ਪੈਰਵੀ ਕੀਤੀ। ਈਡੀ ਨੇ ਨੌਂ ਮਈ ਨੂੰ ਸੰਜੀਵ ਅਰੋੜਾ ਨੂੰ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਤਲਾਸ਼ੀ ਦੀ ਕਾਰਵਾਈ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਸੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਵਿਸ਼ੇਸ਼ ਪੀ ਐੱਮ ਐੱਲ ਏ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਇਸ ਤੋਂ ਬਾਅਦ ਈਡੀ ਦੀ ਹਿਰਾਸਤ ਦੀ ਮੰਗ ਨੂੰ ਅਦਾਲਤ ਨੇ ਮਨਜ਼ੂਰ ਕਰ ਲਿਆ ਸੀ। ਜਾਂਚ ਇਕ ਰੀਅਲ ਖ ਅਸਟੇਟ ਕੰਪਨੀ ਨਾਲ ਜੁੜੇ ਵਿੱਤੀ ਲੈਣ- ਦੇਣ ਅਤੇ ਕਥਿਤ ਮਨੀ ਲਾਂਡਰਿੰਗ ਨਾਲ ਸੰਬੰਧਤ ਹਨ।







UMA TRAVELS

2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

Call: 773-338-5603

SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency
Call anytime at
847-673-3825



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੇ ਦੀ ਲੋੜ ਹੈ

Ramgarhia family looking for a USA citizen/Green card holder match for their beautiful, family oriented 29 years old, height 5'5" daughter. She has work visa and located in Virginia (USA). Cast no bar. Please contact us at: 757-238-1686 or E-Mail: prabkaur031997@gmail.com

39-42

ਜੱਟ ਸਿੱਖ ਗਰੇਵਾਲ ਪਰਿਵਾਰ ਨੂੰ ਆਪਣੀ ਯੂ.ਐੱਸ. ਸਿਟੀਜ਼ਨ 27 ਸਾਲਾ, ਲੜਕੀ ਲਈ ਪੜ੍ਹੇ-ਲਿਖੇ ਅਤੇ ਇੰਡੀਆ ਵਿਚ 15-20 ਏਕੜ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਅਮਰੀਕਾ ਵਿਚ ਸਟੂਡੈਂਟ ਵੀਜ਼ੇ ਵਾਲੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।
ਚਾਹਵਾਨ 734-444-5774 'ਤੇ ਸੰਪਰਕ ਕਰਨ।

Khatri Punjabi family looking for a well educated US citizen Hindu/Sikh match for their August 92 born height 5'6, slim and fair complexion daughter. She has done B.tech M.S in C.S. &MBA. Working in Artificial intelligence. Boy Between the age of 31-38 years will be prefered.
Contact us at: 269-830-0980

## ਲੜਕੀ ਦੀ ਲੋੜ ਹੈ

Dhaliwal Jatt Sikh family is looking for a suitable match for their son, born June 1998, 6'2" tall, currently living in the USA. He has a Diploma in Engineering. The family is from Ludhiana, Punjab, and owns 11 acres of agricultural land, a spacious house in Punjab, and a house in the USA. Family includes grandparents, parents, and one married sister. Looking for an educated girl from a good family. Serious and genuine inquiries only, please.
Please Contact us at: 929-395-3922

39-42

Gursikh parents are looking for a suitable match, for their USA born vegetarian son. 29 years old, height 6 ft. He has done MSc, BSc ( Exercise Science) and is a Licensed and Certified Athletic Trainer in Department of Sports Medicine (Future job in 3 years - Doctor of Physical Therapy). Family is well settled in North Carolina and owned two family homes. He has one elder sister (married). Looking for a Gursikh Amritdhari Girl with Dumala/Keski. Contact us at 919-599-0464 (WhatsApp Message Only).
For Detailed Bio Data email at: Sanjog97ds@gmail.com

**Jatt Sikh family seeks suitable match for their son, 31 years old, 6'4", raised in Canada from a young age and well established here. He holds a university degree in Business and works in a technology role with a bank. Seeking an educated and professionally established match. Open to relocating to the USA and building a life there. Please contact 604-725-9033 if interested.**

"USA ਵਿਚ ਗੁਰਸਿੱਖ ਪਰਿਵਾਰ ਦੇ Well Qualified, ਅੰਮ੍ਰਿਤਧਾਰੀ, 1987 Born, 5'-11" ਕੱਦ, ਅਮਰੀਕਾ ਤੋ Master Degree Holder, ਸਾਨਫਰਾਂਸਿਸਕੋ ਬੇ ਏਰੀਆ ਕੈਲੀਫੋਰਨੀਆ ਵਿੱਚ ਆਪਣੇ ਘਰ ਦੇ ਮਾਲਿਕ, Senior Software Product Leader ਵਜੋਂ ਜੋਬ, Green Card Filed, issueless divorcee (4 ਮਹੀਨੇ ਦਾ ਵਿਆਹ) ਲੜਕੇ ਲਈ ਪੜ੍ਹੀ ਲਿਖੀ, ਵੈਸ਼ਨੋ, ਪਰਿਵਾਰਿਕ, ਅੰਮ੍ਰਿਤਧਾਰੀ ਲੜਕੀ ਜੋ ਕੇਸਕੀ ਸਜਾਉਂਦੀ ਹੋਵੇ (ਜਾਂ ਸਜਾਣ ਲਈ ਤਿਆਰ ਹੋਵੇ), ਦੀ ਲੋੜ ਹੈ। ਲੜਕਾ well settled ਹੈ ਅਤੇ 2009 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। USA/ Canada ਦੇ ਰਿਸ਼ਤੇ ਨੂੰ ਪਹਿਲ ਦਿੱਤੀ ਜਾਵੇਗੀ। ਦੂਜੇ ਦੇਸ਼ਾਂ ਤੋਂ ਸਹੀ ਰਿਸ਼ਤੇ ਲਈ Sponsorship 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ/ਵਿਧਵਾ ਰਿਸ਼ਤੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਵਧੇਰੀ ਜਾਣਕਾਰੀ ਲਈ ਅੱਜ ਹੀ +1 (510) 291 7676 'ਤੇ ਕਾਲ ਕਰੋ ਜਾਂ + (91) 98993 79442 'ਤੇ ਵਟਸਐਪ ਕਰੋ ਜਾਂ singhmat001@gmail.com 'ਤੇ ਈਮੇਲ ਕਰੋ।

37-40

ਅਮਰੀਕਾ ਵਿਚ ਵਧੀਆ ਸਥਾਪਤ ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਨ ਸਿਟੀਜ਼ਨ ਲੜਕੇ, ਉਮਰ 29 ਸਾਲ, ਕੱਦ 5'10" ਲਈ ਅਮਰੀਕਨ ਸਿਟੀਜ਼ਨ, ਪੜ੍ਹੀ-ਲਿਖੀ, ਹੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਲੜਕਾ ਬਿਜ਼ਨਸ ਫਾਈਨੈਂਸ ਦੀ ਵਧੀਆ ਜੌਬ ਕਰਦਾ ਹੈ। ਇੰਡੀਆ ਵਿਚ ਚੰਗੀ ਜ਼ਮੀਨ-ਜਾਇਦਾਦ ਹੈ। ਚਾਹਵਾਨ ਸੰਪਰਕ ਕਰਨ: 224-422-4773

Ramgarhia Family seeks a suitable match for their USA Born and Raised Non-vegetarian 32 year 5'7" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 140 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਸਾਡੀ ਸਰਕਾਰ ਆਈ ਤਾਂ 6 ਮਹੀਨਿਆਂ 'ਚ ਖ਼ਤਮ ਕਰਾਂਗੇ ਨਸ਼ਾ: ਚੌਹਾਨ

**ਬਠਿੰਡਾ:** ਸੀਨੀਅਰ ਭਾਜਪਾ ਆਗੂ ਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਪੰਜਾਬ 'ਚ ਭਾਜਪਾ ਦੀ ਸਰਕਾਰ ਬਣੀ ਤਾਂ ਛੇ ਮਹੀਨਿਆਂ 'ਚ ਨਸ਼ਾ ਖ਼ਤਮ ਕਰ ਦਿਆਂਗੇ। ਪਹਿਲਾਂ ਵੀ ਭਾਜਪਾ ਨੇ ਜੋ ਕਿਹਾ ਹੈ ਕਿ ਉਹ ਕਰ ਕੇ ਦਿਖਾਇਆ ਹੈ।

ਅਸੀਂ ਯੂਪੀ 'ਚ ਗੁੰਡਾਗਰਦੀ ਖ਼ਤਮ ਕੀਤੀ, ਝਾਰਖੰਡ 'ਚ ਨਕਸਲਵਾਦ ਤੇ ਮੱਧ ਪ੍ਰਦੇਸ਼ 'ਚ ਡਕੈਤਾਂ ਦਾ ਸਫ਼ਾਇਆ ਕੀਤਾ। ਹੁਣ ਪੰਜਾਬ ਤੋਂ ਨਸ਼ਾ ਖ਼ਤਮ ਕਰਾਂਗੇ।

ਚੌਹਾਨ ਸੋਮਵਾਰ ਨੂੰ ਭਾਜਪਾ ਦੀ 'ਨਸ਼ਾ ਮੁਕਤ ਪੰਜਾਬ ਯਾਤਰਾ' ਦੇ ਚੌਥੇ ਦਿਨ ਤਲਵੰਡੀ ਸਾਬੋ ਪੁੱਜੇ ਸਨ। ਉਨ੍ਹਾਂ ਭਾਜਪਾ ਦੇ ਹੋਰ ਆਗੂਆਂ




ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ 'ਚ ਮੱਥਾ ਟੇਕਿਆ ਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਰਦਾਸ ਵੀ ਕੀਤੀ।

ਯਾਤਰਾ ਨੂੰ ਰਵਾਨਾ ਕਰਨ ਤੋਂ ਪਹਿਲਾਂ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਸਰਕਾਰ ਵੱਲੋਂ ਨਸ਼ਾ ਖ਼ਤਮ ਕਰਨ ਦੇ ਕੀਤੇ ਗਏ ਦਾਅਵਿਆਂ 'ਤੇ ਸਵਾਲ ਚੁੱਕੇ।

ਉਨ੍ਹਾਂ ਕਿਹਾ ਕਿ 'ਆਪ ਨੇ ਪੰਜਾਬ ਨੂੰ ਨਸ਼ੇ ਨਾਲ ਤਬਾਹੀ ਦੀ ਕਗਾਰ 'ਤੇ ਖੜ੍ਹਾ ਕਰਨ ਦਾ ਪਾਪ ਕੀਤਾ ਹੈ। ਪੰਜਾਬ 'ਚ ਨਸ਼ੇ ਕਾਰਨ ਆਪਣੇ ਪੁੱਤਰ ਗੁਆ ਚੁੱਕੀਆਂ ਮਾਵਾਂ ਤੇ ਪਤੀ ਗੁਆ ਚੁੱਕੀਆਂ ਬੀਬੀਆਂ ਦੀ ਹਾਲਤ ਦੇਖ ਕੇ ਨਿਰਾਸ਼ਾ ਹੋਈ ਹੈ।

## ਚੰਡੀਗੜ੍ਹ ਵਿਚ 56218 ਵੋਟਾਂ ਕੱਟੀਆਂ ਗਈਆਂ; ਸੂਚੀ ਜਾਰੀ

**ਚੰਡੀਗੜ੍ਹ:** ਚੰਡੀਗੜ੍ਹ ਵਿੱਚ 'ਐੱਸਆਈਆਰ' ਦੌਰਾਨ 56,218 ਵੋਟਾਂ ਕੱਟੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ- ਨਿਰਦੇਸ਼ਾਂ 'ਤੇ ਚੰਡੀਗੜ੍ਹ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦਾ ਕਾਰਜ ਮੁਕੰਮਲ ਹੋਣ ਤੋਂ ਬਾਅਦ ਅੰਤਿਮ ਵੋਟਰ ਸੂਚੀ ਜਾਰੀ ਕਰ ਦਿੱਤੀ ਗਈ ਹੈ। ਚੰਡੀਗੜ੍ਹ ਦੀ ਮੁੱਖ ਚੋਣ ਅਧਿਕਾਰੀ ਪ੍ਰੇਰਨਾ ਪੁਰੀ ਨੇ ਦੱਸਿਆ ਕਿ 15 ਜੂਨ 2026 ਤੋਂ 14 ਜੁਲਾਈ 2026 ਤੱਕ ਬੀਐੱਲਓਜ਼ ਵੱਲੋਂ ਘਰ-ਘਰ ਜਾ ਕੇ 5,16,427 ਵੋਟਰਾਂ ਨੂੰ ਫਾਰਮ ਵੰਡੇ ਗਏ ਸਨ। ਇਨ੍ਹਾਂ ਵਿੱਚੋਂ 21 ਜੁਲਾਈ 2026 ਤੱਕ 4,50,282 ਵੋਟਰਾਂ ਵੱਲੋਂ ਆਪਣੇ ਫਾਰਮ ਜਮ੍ਹਾਂ ਕਰਵਾਏ ਗਏ ਸਨ।




ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਦਾ ਡਰਾਫਟ ਜਾਰੀ ਕਰਨ ਸਮੇਂ ਲਗਪਗ 66 ਹਜ਼ਾਰ ਵੋਟਰਾਂ ਦੇ ਨਾਮ ਵੋਟਰ ਸੂਚੀ 'ਚੋਂ ਬਾਹਰ ਕੀਤੇ ਗਏ ਸਨ। ਇਸ ਤੋਂ ਬਾਅਦ ਫਾਰਮਾਂ ਵਿੱਚ ਕਮੀਆਂ ਕਾਰਨ ਸ਼ਹਿਰ ਦੇ 1.38 ਲੱਖ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਆਏ ਦਾਅਵਿਆਂ ਤੇ ਇਤਰਾਜ਼ਾਂ ਦਾ ਨਿਪਟਾਰਾ ਕੀਤਾ ਗਿਆ। ਇਸ ਪ੍ਰਕਿਰਿਆ ਦੌਰਾਨ 9,927 ਨਵੇਂ ਵੋਟਰਾਂ ਨੂੰ ਸੂਚੀ ਵਿੱਚ ਸ਼ਾਮਲ ਵੀ ਕੀਤਾ ਗਿਆ, ਜਿਸ ਤੋਂ ਬਾਅਦ 4,60,209 ਵੋਟਰਾਂ ਦੀ ਅੰਤਿਮ ਵੋਟਰ ਸੂਚੀ ਜਾਰੀ ਕੀਤੀ ਗਈ ਹੈ। ਚੋਣ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਸ਼ਹਿਰ ਵਿੱਚ 1 ਅਕਤੂਬਰ 2026 ਤੋਂ ਬਾਅਦ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਨੌਜਵਾਨਾਂ ਦੀਆਂ ਨਵੀਆਂ ਵੋਟਾਂ ਆਮ ਵਾਂਗ ਬਣਾਈਆਂ ਜਾਣਗੀਆਂ।

## ਸਿਮ ਦੀ ਦੁਰਵਰਤੋਂ 'ਤੇ ਹੋਵੇਗੀ ਤਿੰਨ ਸਾਲ ਦੀ ਕੈਦ, 50 ਲੱਖ ਤੱਕ ਜੁਰਮਾਨਾ

**ਨਵੀਂ ਦਿੱਲੀ:** ਜੇ ਮੋਬਾਈਲ ਸਿਮ ਕਾਰਡ ਦੀ ਦੁਰਵਰਤੋਂ ਕੀਤੀ ਤਾਂ ਖ਼ੈਰ ਨਹੀਂ। ਇਸ ਲਈ ਨਾ ਸਿਰਫ਼ ਤਿੰਨ ਸਾਲ ਦੀ ਸਖ਼ਤ ਸਜ਼ਾ ਭੁਗਤਣੀ ਪੈ ਸਕਦੀ ਹੈ, ਸਗੋਂ 50 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਹਾਲ ਹੀ 'ਚ ਛੱਤੀਸਗੜ੍ਹ 'ਚ ਫ਼ਰਜ਼ੀ ਸਿਮ ਕਾਰਡ ਮਿਲਣ ਤੋਂ ਬਾਅਦ ਦੂਰਸੰਚਾਰ ਵਿਭਾਗ (ਡੀਓਟੀ) ਨੇ ਇਸ ਸਬੰਧੀ ਚਿਤਾਵਨੀ ਜਾਰੀ ਕੀਤੀ ਹੈ। ਉੱਥੇ ਲੋਕਾਂ ਦੀਆਂ ਆਈਡੀ ਨਾਲ ਜੁੜੇ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਉਨ੍ਹਾਂ ਦੀ ਜਾਣਕਾਰੀ ਜਾਂ ਸਹਿਮਤੀ ਤੋਂ ਬਿਨਾਂ, ਭਾਵ ਧੋਖਾਧੜੀ ਨਾਲ ਮੋਬਾਈਲ ਕਨੈਕਸ਼ਨ ਜਾਰੀ ਕੀਤੇ ਗਏ ਸਨ।

ਦੂਰਸੰਚਾਰ ਵਿਭਾਗ ਮੁਤਾਬਕ, ਸੂਬੇ 'ਚ ਇਕ ਪੁਆਇੰਟ ਆਫ਼ ਸੇਲ (ਪੀਓਐੱਸ) ਏਜੰਟ ਨੇ ਨਾਗਰਿਕਾਂ ਦੇ ਪਛਾਣ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ 25 ਸਿਮ ਕਾਰਡ ਐਕਟਿਵ ਕਰ ਦਿੱਤੇ। ਵਿਭਾਗ ਨੇ ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਟੈਲੀਕਾਮ ਸਰਵਿਸ ਪ੍ਰੋਵਾਈਡਰਾਂ ਨਾਲ ਮਿਲ ਕੇ ਪੀਓਐੱਸ ਏਜੰਟ ਨੂੰ ਬਲੈਕਲਿਸਟ ਕਰ ਦਿੱਤਾ। ਉਸ ਆਊਟਲੈਟ ਨੂੰ ਭਵਿੱਖ 'ਚ ਮੋਬਾਈਲ ਕਨੈਕਸ਼ਨ ਜਾਰੀ ਕਰਨ ਤੋਂ ਹਮੇਸ਼ਾ ਲਈ ਰੋਕ ਦਿੱਤਾ ਗਿਆ। ਵਿਭਾਗ ਨੇ ਦੱਸਿਆ ਕਿ ਇਨ੍ਹਾਂ 25 ਮੋਬਾਈਲ



ਨੰਬਰਾਂ ਦੀ ਜਾਂਚ ਡਿਜੀਟਲ ਇੰਟੈਲੀਜੈਂਸ ਪਲੇਟਫਾਰਮ (ਡੀਆਈਪੀ) ਰਾਹੀਂ ਕੀਤੀ ਗਈ, ਜਿਸ ਨੂੰ ਡੀਓਟੀ ਵੱਲੋਂ ਸ਼ੱਕੀ ਦੂਰਸੰਚਾਰ ਸਰਗਰਮੀਆਂ ਦਾ ਪਤਾ ਲਾਉਣ ਲਈ ਵਿਕਸਤ ਕੀਤਾ ਗਿਆ ਹੈ। ਸੰਭਾਵਤ ਧੋਖਾਧੜੀ ਵਜੋਂ ਪਛਾਣੇ ਗਏ ਮੋਬਾਈਲ ਕਨੈਕਸ਼ਨਾਂ ਨੂੰ ਮੁੜ ਤਸਦੀਕ ਲਈ ਰੱਖਿਆ ਗਿਆ।

## ਸਰਾਂ ਵਿੱਚ ਵਾਪਰੀ...

(ਪਹਿਲੇ ਸਫ਼ੇ ਦਾ ਬਾਕੀ)

ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ' ਮਲਕੀਤ ਸਿੰਘ ਨੂੰ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ ਅਤੇ ਸਿੱਖ ਸੰਗਤ ਨੂੰ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਰੱਖਣ ਤੋਂ ਮਨ੍ਹਾ ਕੀਤਾ ਗਿਆ ਹੈ।



ਦੂਜੇ ਪਾਸੇ, ਅਮਰਜੀਤ ਸਿੰਘ ਚਾਵਲਾ ਦੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਲਏ ਗਏ ਫ਼ੈਸਲੇ 'ਤੇ ਸਵਾਲੀਆ ਚਿੰਨ੍ਹ ਲਾਉਂਦਿਆਂ ਆਖਿਆ ਕਿ ਇਸ ਮਾਮਲੇ ਵਿੱਚ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਇੱਕ ਵਾਰ ਉਨ੍ਹਾਂ ਦਾ ਪੱਖ ਜ਼ਰੂਰ ਸੁਣਨਾ ਚਾਹੀਦਾ ਸੀ।

## ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ 'ਚ 2 ਸਿੱਖਾਂ ਨੂੰ ਸ਼ਾਮਿਲ ਨਾ ਕੀਤੇ ਜਾਣ 'ਤੇ ਤਰਲੋਚਨ ਸਿੰਘ ਨੇ ਉਠਾਏ ਸਵਾਲ

**ਨਵੀਂ ਦਿੱਲੀ:** ਘੱਟ ਗਿਣਤੀਆਂ ਬਾਰੇ ਰਾਸ਼ਟਰੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਦਿੱਲੀ ਹਾਈ ਕੋਰਟ 'ਚ ਜੱਜਾਂ ਦੀ ਨਿਯੁਕਤੀ ਦੇ ਮਾਮਲੇ 'ਚ ਦੋ ਸਿੱਖਾਂ ਨੂੰ ਬਾਹਰ ਰੱਖਣ 'ਤੇ ਸਵਾਲ ਉਠਾਏ ਹਨ ਅਤੇ ਕੇਂਦਰ ਸਰਕਾਰ 'ਤੇ ਵਿਤਕਰੇ ਦੀ ਨੀਤੀ ਅਪਣਾਉਣ ਦਾ ਦੋਸ਼ ਲਗਾਇਆ ਹੈ। ਸ. ਤਰਲੋਚਨ ਸਿੰਘ ਨੇ ਭਾਰਤ ਦੇ ਚੀਫ਼ ਜਸਟਿਸ ਸੂਰਿਆਕਾਂਤ ਅਤੇ ਕਾਨੂੰਨ ਮੰਤਰੀ ਨੂੰ ਲਿਖੀ ਚਿੱਠੀ 'ਚ ਉਕਤ ਮੁੱਦਾ ਉਠਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ 'ਤੇ ਧਿਆਨ ਦਿਵਾਉਂਦੇ ਹੋਏ ਅਫ਼ਸੋਸ ਹੋ ਰਿਹਾ ਹੈ ਕਿ ਪਿਛਲੇ ਮਹੀਨੇ ਸੁਪਰੀਮ ਕੋਰਟ ਵਲੋਂ ਪੰਜਾਬ ਅਤੇ ਹਰਿਆਣਾ ਕੋਰਟ ਲਈ ਪ੍ਰਵਾਨ ਕੀਤੇ ਗਏ।



10 ਜੱਜਾਂ ਦੀ ਸੂਚੀ 'ਚੋਂ 9 ਦੀ ਨਿਯੁਕਤੀ ਨੂੰ ਹਰੀ ਝੰਡੀ ਦੇ ਦਿੱਤੀ ਗਈ, ਜਦਕਿ ਕਾਲਜੀਅਮ ਵਲੋਂ ਸਿਫ਼ਾਰਸ਼ ਕੀਤੇ ਜਾਣ ਦੇ ਬਾਵਜੂਦ ਐਡਵੋਕੇਟ ਮੇਜਰ ਨਵਦੀਪ ਸਿੰਘ ਨੂੰ ਪੰਜਾਬ ਅਤੇ . ਹਰਿਆਣਾ ਹਾਈ ਕੋਰਟ ਦਾ ਜੱਜ ਨਹੀਂ ਬਣਾਇਆ ਗਿਆ। ਉਨ੍ਹਾਂ ਅਜਿਹੇ ਹੀ ਦੂਜੇ ਮਾਮਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਦਿੱਲੀ ਹਾਈ ਕੋਰਟ 'ਚ ਵੀ ਕਾਲਜੀਅਮ ਵਲੋਂ ਸਿਫ਼ਾਰਸ਼ ਕੀਤੇ 8 ਨਾਵਾਂ 'ਚੋਂ ਕਾਨੂੰਨ ਮੰਤਰਾਲੇ ਨੇ 7 ਨਾਵਾਂ ਨੂੰ ਪ੍ਰਵਾਨਗੀ ਦਿੱਤੀ, ਪਰ ਸੂਚੀ 'ਚ ਸ਼ਾਮਿਲ ਸੁਰਿੰਦਰਪਾਲ ਸਿੰਘ ਨੂੰ ਜੱਜ ਨਿਯੁਕਤ ਨਹੀਂ ਕੀਤਾ ਗਿਆ। ਘੱਟ ਗਿਣਤੀਆਂ ਦੇ ਕੌਮੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਨੇ ਇਤਰਾਜ਼ ਪ੍ਰਗਟਾਉਂਦਿਆਂ ਕਿਹਾ ਕਿ ਲੋਕ ਇਸ ਤੋਂ ਬਹੁਤ ਖ਼ਫ਼ਾ ਹਨ ਕਿ ਜਦੋਂ ਸੁਪਰੀਮ ਕੋਰਟ ਵਲੋਂ ਲੰਬੇ ਅਮਲ ਤੋਂ ਬਾਅਦ ਜੱਜਾਂ ਦੇ ਨਾਵਾਂ ਦੀ ਸੂਚੀ ਤਿਆਰ ਕੀਤੀ ਜਾਂਦੀ ਹੈ ਤਾਂ ਕੇਂਦਰ ਸਰਕਾਰ ਵਲੋਂ ਵਿਤਕਰੇ ਭਰੀ ਨੀਤੀ ਕਿਉਂ ਅਪਣਾਈ ਜਾਂਦੀ ਹੈ ਅਤੇ ਦੋਵੇਂ ਵਾਰ ਘੱਟ ਗਿਣਤੀਆਂ ਤੋਂ ਆਏ ਵਿਅਕਤੀ ਨੂੰ ਹੀ ਜੱਜ ਬਣਨ ਤੋਂ ਕਿਉਂ ਰੋਕਿਆ ਜਾਂਦਾ ਹੈ? ਸ. ਤਰਲੋਚਨ ਸਿੰਘ ਨੇ ਚਿੱਠੀ 'ਚ ਅੱਗੇ ਇਹ ਵੀ ਕਿਹਾ ਕਿ ਉਹ ਇਸ ਮੁੱਦੇ 'ਤੇ ਫਿਰਕਾਪ੍ਰਸਤੀ ਨਹੀਂ ਕਰਨਾ ਚਾਹੁੰਦੇ, ਪਰ ਦੋਹਾਂ ਮਾਮਲਿਆਂ 'ਚ ਨਿਆਂ ਮਿਲਣਾ ਚਾਹੀਦਾ ਹੈ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਕਾਨੂੰਨ ਮੰਤਰੀ ਨੇ ਦੋਵੇਂ ਨਾਵਾਂ ਨੂੰ ਰੋਕਣ ਦਾ ਕੋਈ ਕਾਰਨ ਵੀ ਨਹੀਂ ਦੱਸਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਵਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸੌ ਫ਼ੀਸਦੀ ਟੈਰਿਫ਼ ਤੇ ਟਰੰਪ ਦੇ ਦਸਤਖ਼ਤ

**ਨਿਊਯਾਰਕ:** ਅਮਰੀਕੀ ਪ੍ਰਤੀਨਿਧੀ ਸਭਾ ਨੇ ਵੀ ਰੂਸ ਤੋਂ ਤੇਲ ਦਰਾਮਦ ਕਰਨ ਵਾਲੇ ਭਾਰਤ ਸਮੇਤ ਪੰਜ ਪ੍ਰਮੁੱਖ ਦੇਸ਼ਾਂ ‘ਤੇ ਸੌ ਫ਼ੀਸਦੀ ਟੈਰਿਫ ਲਗਾਉਣ ਵਾਲੇ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਸੀਨੈਟ ਵੀ ਇਸ ਬਿੱਲ ਨੂੰ ਮਨਜ਼ੂਰੀ ਦੇ ਚੁਕੀ ਹੈ। ਅਮਰੀਕੀ ਰਾਸ਼ਟਰਪਤੀ ਨੇ ਇਸ ‘ਤੇ ਦਸਤਖ਼ਤ ਕਰ ਦਿੱਤੇ ਹਨ। ਭਾਰਤ, ਚੀਨ ਤੋਂ ਇਲਾਵਾ ਹੰਗਰੀ, ਸਲੋਵਾਕੀਆ ਅਤੇ ਅਜ਼ਰਬੈਜਾਨ ‘ਤੇ ਵੀ ਅਮਰੀਕੀ ਟੈਰਿਫ ਸੌ ਵਧ ਜਾਵੇਗਾ। ਦੇਖਣਾ ਇਹ ਹੋਵੇਗਾ ਕਿ ਇਹ ਸੌ ਫ਼ੀਸਦੀ ਵਧ ਜਾਵੇਗਾ। ਅਮਰੀਕਾ ਨੇ ਭਾਰਤ ‘ਤੇ ਮਨਮਰਜ਼ੀ ਦੇ ਤਰੀਕੇ ਨਾਲ ਟੈਰਿਫ ਲਗਾਏ ਕੇ ਆਪਣੇ ਹੰਕਾਰ ਦੀ ਹੀ ਪ੍ਰਮਾਣ ਦਿੱਤਾ ਹੈ।

ਅਮਰੀਕੀ ਰਾਸ਼ਟਰਪਤੀ ਤੇ ਉਕਤ ਬਿੱਲ ਦਾ ਸਮਰਥਨ ਕਰਨ ਵਾਲੀਆਂ ਧਿਰਾਂ ਤੇ, ਵਿਰੋਧੀਆਂ ਦੇ ਸੰਸਦ ਮੈਂਬਰਾਂ ਦਾ ਇਹ ਮੰਨਣਾ ਹੈ ਕਿ ਰੂਸ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ ਨੂੰ ਟੈਰਿਫ ਰਾਹੀਆਂ ਸਜ਼ਾ ਦੇਣ ਨਾਲ ਉਹ ਰੂਸ ਦੇ ਖ਼ਿਲਾਫ਼ ਆਪਣਾ ਯੁੱਧ ਜਾਰੀ ਰੱਖਣ ਵਿਚ ਅਸਮਰੱਥ ਹੋ ਜਾਵੇਗਾ। ਇਹ ਸਹੀ ਹੈ ਕਿ ਰੂਸ ਯੂਕਰੇਨ ਦੇ ਖ਼ਿਲਾਫ਼ ਇਕ ਅੰਤਹੀਣ ਤੇ ਇਕ ਤਰ੍ਹਾਂ ਦੀ ਬੇਅਰਥ ਲੜਾਈ ਲੜ ਰਿਹਾ ਹੈ, ਪਰ ਇਹ ਕਹਿਣਾ ਸਮੱਸਿਆ ਨੂੰ ਸੌਖਾ ਕਰਦਾ ਹੈ ਕਿ ਇਹ ਯੁੱਧ ਭਾਰਤ, ਚੀਨ ਵਰਗੇ ਦੇਸ਼ਾਂ ਦੇ ਕਾਰਨ ਜਾਰੀ ਹੈ। ਕੀ ਇਹ ਵਿਲੱਖਣ ਨਹੀਂ ਕਿ ਅਮਰੀਕਾ ਆਪਣੇ ਹੀ ਵੱਲੋਂ ਈਰਾਨ ਦੇ ਖ਼ਿਲਾਫ਼ ਛੇੜੇ ਗਏ ਯੁੱਧ ਨੂੰ ਤਾਂ ਰੋਕ ਨਹੀਂ ਪਾ ਰਿਹਾ ਤੇ ਭਾਰਤ, ਚੀਨ ਆਦਿ ‘ਤੇ ਇਸ ਦਾ ਦੋਸ਼ ਮੜ੍ਹ ਰਿਹਾ ਹੈ ਕਿ ਉਹ ਯੂਕਰੇਨ ਦੇ ਖ਼ਿਲਾਫ਼ ਯੁੱਧ ਜਾਰੀ ਰੱਖਣ ਵਿਚ ਰੂਸ ਦੀ ਸਹਾਇਤਾ ਕਰ ਰਹੇ ਹਨ? ਇਹ ਚੰਗਾ ਹੋਇਆ ਕਿ ਭਾਰਤ ਨੇ ਅਮਰੀਕਾ ਦੀ ਮਨਮਰਜ਼ੀ ਦਾ ਸਬੂਤ ਦੇਣ ਵਾਲੇ ਬਿੱਲ ‘ਤੇ ਦੋ ਟੁੱਕ ਕਿਹਾ ਕਿ ਉਹ ਆਪਣੇ ਊਰਜਾ ਹਿੱਤਾਂ ਦੀ ਰੱਖਿਆ ਲਈ ਬਚਨਬੱਧ ਹੈ।

ਭਾਰਤ ਨੇ ਇਹ ਕਹਿਣ ਵਿਚ ਵੀ ਸੰਕੋਚ ਨਹੀਂ ਕੀਤਾ ਕਿ ਉਹ ਆਪਣੇ ਆਰਥਿਕ ਹਿੱਤਾਂ ਦੀ ਰਾਖੀ ਲਈ ਹਰ ਸੰਭਵ ਹੱਲ ਕਰੇਗਾ। ਇਸ ਦਾ ਸੰਕੇਤ ਇਹ ਹੈ ਕਿ ਜੇਕਰ ਅਮਰੀਕਾ ਰੂਸ ਤੋਂ ਤੇਲ ਖਰੀਦਣ ਦੇ ਕਾਰਨ ਭਾਰਤ ‘ਤੇ ਸਚਮੁੱਚ ਟੈਰਿਫ ਵਧਾਉਂਦਾ ਹੈ ਤਾਂ ਉਸ ਨੂੰ ਇਸ ਦਾ ਜਵਾਬ ਦਿੱਤਾ ਜਾਵੇਗਾ। ਹਾਲਾਂਕਿ ਇਹ ਕੋਈ ਪਹਿਲਾਂ ਮੌਕਾ ਨਹੀਂ ਹੈ ਜਦੋਂ ਅਮਰੀਕਾ ਭਾਰਤ ਤੇ ਹੋਰ ਮੁਲਕਾਂ ਸਾਹਮਣੇ ਅਜਿਹੀਆਂ ਮੁਸ਼ਕਲਾਂ ਖੜ੍ਹੀਆਂ ਕਰ ਰਿਹਾ ਹੈ। ਇਹ ਸੰਭਵ ਨਹੀਂ ਕਿ ਅਮਰੀਕਾ ਮਨਮਰਜ਼ੀ ਕਰਦਾ ਰਹੇ ਅਤੇ ਭਾਰਤ ਚੁੱਪਚਾਪੇ ਇਸ ਨੂੰ ਸਹਿਣ ਕਰਦਾ ਰਹੇ। ਜੇਕਰ ਅਮਰੀਕਾ ਨੇ ਆਪਣਾ ਰਵੱਈਆ ਨਹੀਂ ਬਦਲਿਆ ਤਾਂ ਭਾਰਤ ਦੇ ਨਾਲ ਉਸ ਦੇ ਸੰਬੰਧ ਹੋਰ ਵਿਗੜਣੇ ਤੈਅ ਹਨ।

ਇਹ ਵੀ ਸੰਭਵ ਹੈ ਕਿ ਅਮਰੀਕਾ ਦੇ ਨਾਲ ਹੋਣ ਵਾਲਾ ਵਪਾਰ ਸਮਝੌਤਾ ਅੰਤਿਮ ਰੂਪ ਲੈ ਹੀ ਨਾ ਸਕੇ। ਅਮਰੀਕਾ ਨੂੰ ਇਹ ਸਮਝਣਾ ਪਵੇਗਾ ਕਿ ਇਹ ਸਮਝੌਤਾ ਹੋਵੇਗਾ ਕਿ ਤਾੜੀ ਇਕ ਹੱਥ ਨਾਲ ਨਹੀਂ ਵੱਜਦੀ। ਜੇਕਰ ਉਹ ਭਾਰਤ ਨਾਲ ਆਪਣੇ ਸਬੰਧ ਸੁਧਾਰਨਾ ਚਾਹੁੰਦਾ ਹੈ ਤਾਂ ਉਹ ਨੂੰ ਮਿੱਤਰਤਾ ਵਾਲਾ ਵਿਹਾਰ ਤਾਂ ਕਰਨਾ ਹੀ ਪਵੇਗਾ। ਇਸ ਦੇ ਨਾਲ ਹੀ ਉਸ ਨੂੰ ਇਸ ਗੱਲ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੇਕਰ ਭਾਰਤ ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰ ਦੇਵੇ ਤਾਂ ਇਕ ਤਾਂ ਉਸ ਦੇ ਊਰਜਾ ਹਿੱਤ ਖ਼ਤਰੇ ਵਿਚ ਪੈ ਜਾਣਗੇ ਤੇ ਦੂਸਰੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਤੇਲ ਦੇ ਰੇਟ ਹੋਰ ਵਧ ਜਾਣਗੇ। ਧਿਆਨ ਰਹੇ ਕਿ ਪੱਛਮੀ ਏਸ਼ੀਆ ਸੰਕਟ ਦੇ ਕਾਰਨ ਇਹ ਪਹਿਲਾਂ ਤੋਂ ਹੀ ਹੱਦੋਂ ਬਾਹਰ ਵਧੇ ਹੋਏ ਹਨ ਅਤੇ ਇਹ ਵੀ ਹੈ ਕਿ ਇਹ ਸੰਕਟ ਵੀ ਅਮਰੀਕਾ ਨੇ ਹੀ ਖੜ੍ਹਾ ਕੀਤਾ ਹੈ।



Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

TBF
THE BAINS FIRM

Manpreet S. Bains
Personal Injury and Wrongful Death Attorneys
Case Results*
$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results
Offices in San Francisco and Union City

WILLIAM E. WEISS
Of Counsel
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

Homeopathicvibes
Harminder Singh Gill
Homeopathic Consultant and Practitioner

Harminder S. Gill
D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਬਾਬਾ ਫ਼ਰੀਦ ਆਗਮਨ ਪੁਰਬ ਸਮਾਗਮ ਸ਼ਰਧਾ ਪੂਰਵਕ ਮਨਾਇਆ

ਫਰੀਦਕੋਟ ਅਤੇ ਆਸ-ਪਾਸ ਦੇ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਕਈ ਸਾਲਾਂ ਤੋਂ ਬਾਬਾ ਫਰੀਦ ਜੀ ਦਾ ਆਗਮਨ ਪੁਰਬ ਬੇ ਏਰੀਆ ਫਰੀਮੌਂਟ ਗੁਰਦੁਆਰਾ ਸਾਹਿਬ ਵਿਖੇ ਮਨਾਉਂਦੀਆਂ ਆ ਰਹੀਆਂ ਹਨ। ਇਸੇ ਲੜੀ ਤਹਿਤ ਇਸ ਸਾਲ ਵੀ 18, 19 ਅਤੇ 20 ਸਤੰਬਰ 2026 ਨੂੰ ਇਹ ਪੁਰਬ ਸਤਿਕਾਰ ਤੇ ਸ਼ਰਧਾ ਸਹਿਤ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ 18 ਸਤੰਬਰ ਦਿਨ ਸ਼ੁੱਕਰਵਾਰ ਨੂੰ ਸ਼ੁਰੂ ਹੋ ਕੇ ਭੋਗ ਸ੍ਰੀ ਅਖੰਡ ਪਾਠ ਸਾਹਿਬ 20 ਸਤੰਬਰ ਦਿਨ ਐਤਵਾਰ ਨੂੰ ਪਾਏ ਗਏ। ਸਮੂਹ ਇਲਾਕਾ ਨਿਵਾਸੀਆਂ ਨੇ ਆਪਣੇ ਪਰਿਵਾਰਾਂ ਸਮੇਤ ਭਰਪੂਰ ਹਾਜ਼ਰੀਆਂ ਭਰੀਆਂ। ਸ਼ਨਿਚਰਵਾਰ ਨੂੰ ਸ਼ਾਮ ਦੇ ਸਮਾਗਮਾਂ ਵਿਚ ਬੀਬੀਆਂ ਅਤੇ ਨੌਜਵਾਨਾਂ ਨੂੰ ਭਾਈ ਦਿਲਬਾਗ ਸਿੰਘ ਹੈਡ ਗ੍ਰੰਥੀ ਫਰੀਮੌਂਟ ਗੁਰਦੁਆਰਾ ਸਾਹਿਬ ਵਾਲਿਆਂ ਨੇ ਨਾਮ ਸਿਮਰਨ ਅਭਿਆਸ ਕਰਵਾਇਆ। ਭਾਈ ਜਸਵਿੰਦਰ ਸਿੰਘ ਲੁਧਿਆਣਾ ਵਾਲਿਆਂ ਨੇ ਕਥਾ ਪਰਸੰਗ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਬਾਬਾ ਨਰੈਣ ਪ੍ਰਕਾਸ਼ ਸਿੰਘ ਹੋਰਾਂ ਦੇ ਜਥੇ ਨੇ ਬਾਬਾ ਫ਼ਰੀਦ ਜੀ ਦੀ ਬਾਣੀ 'ਤੇ ਅਧਾਰਿਤ ਕੀਰਤਨ ਕੀਤਾ। ਭਾਈ ਦਿਲਬਾਗ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਮਾਗਮਾਂ ਨੂੰ ਨੇਪਰੇ ਚਾੜ੍ਹਿਆ। ਜਥਿਆਂ ਤੋਂ ਇਲਾਵਾ ਸਮਾਗਮਾਂ ਵਿਚ ਤਿੰਨੇ ਦਿਨ ਰਾਗੀ ਸਿੰਘਾਂ ਨੇ ਫ਼ਰੀਦ ਜੀ ਦੀ ਬਾਣੀ 'ਤੇ ਅਧਾਰਿਤ ਕਥਾ ਕੀਰਤਨ ਕੀਤਾ ਅਤੇ ਸੰਗਤ ਨੂੰ ਬਾਬਾ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਆਗਮਨ ਪੁਰਬ ਸੋਸਾਇਟੀ ਆਰਗੇਨਾਈਜ਼ਰਾਂ ਵੱਲੋਂ ਸਭ ਸੇਵਾਦਾਰਾਂ, ਵਾਲੰਟੀਅਰਾਂ ਅਤੇ ਗੁਰਦੁਆਰਾ ਫਰੀਮੌਂਟ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲੋਕਲ ਬੇ ਏਰੀਆ ਤੋਂ ਇਲਾਵਾ ਟਰੇਸੀ, ਮਨਟੀਕਾ, ਲੇਥਰੋਪ, ਮਾਊਂਟਨ ਹਾਊਸ, ਸਟਾਕਟਨ ਤੋਂ ਇਲਾਵਾ ਫਰਿਜ਼ਨੋ , ਸੈਕਰਾਮੈਂਟੋ, ਸਿਆਟਲ ਤੋਂ ਆਈਆਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਹਰ ਸਾਲ ਵਾਂਗ ਇੰਡਆ ਤੋਂ ਆਏ ਨਵੇਂ ਪਰਿਵਾਰ ਸਮਾਗਮਾਂ ਨਾਲ ਜੁੜ ਰਹੇ ਹਨ। ਬਾਬਾ ਫ਼ਰੀਦ ਜੀ ਦੇ ਜੀਵਨ, ਸਿੱਖਿਆਵਾਂ ਅਤੇ ਮਿਸ਼ਨ ਸਬੰਧੀ ਰਾਗੀ ਢਾਡੀ ਜਥਿਆਂ ਨੇ ਕੀਰਤਨ ਅਤੇ ਕਥਾਵਾਂ ਰਾਹੀਂ ਜਾਣਕਾਰੀ ਦਿੱਤੀ। ਵਿਸਥਾਰਤ ਜਾਣਕਾਰੀ ਵਿਚ ਦੱਸਿਆ ਗਿਆ ਕਿ ਬਾਬਾ ਫ਼ਰੀਦ ਜੀ ਦਾ ਜਨਮ ਅਣਵੰਡੇ ਪੰਜਾਬ ਵਿਚ ਮੁਲਤਾਨ ਤੋਂ 10 ਕਿਲੋਮੀਟਰ ਦੂਰ ਕੋਥੀਵਾਲ ਵਿਖੇ ਸੰਨ 1173 ਹੋਇਆ। ਕੁਝ ਇਤਿਹਾਸਕਾਰ ਜਨਮ 1178 ਜਾਂ 1188 ਨੂੰ ਮੰਨਦੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਫੀ ਸ਼ੇਖ ਫ਼ਰੀਦ ਜੀ ਦੇ ਚਾਰ ਸ਼ਬਦ ਅਤੇ 112 ਸ਼ਲੋਕ ਦਰਜ ਹਨ। ਇਹ ਇਤਿਹਾਸਕਾਰਾਂ ਦੀ ਖੋਜ ਦਾ ਵਿਸ਼ਾ ਹੈ ਕਿ ਕੁਝ ਬਾਣੀ ਦੇ ਰਚੇਤਾ ਸੂਫੀ ਸ਼ੇਖ ਫ਼ਰੀਦ (॥) ਹਨ। ਕਿਹਾ ਜਾਂਦਾ ਹੈ ਸ਼ੇਖ ਫ਼ਰੀਦ (॥)ਸ਼ੇਖ ਇਬਰਾਹਿਮ ਜਾਂ ਬ੍ਰਹਮ ਜਾਂ ਫ਼ਰੀਦ ਸਾਨੀ ਜਿਹੜੇ ਬਾਬਾ ਸ਼ੇਖ ਫਰੀਦ ਜੀ ਦੇ ਦਸਵੇਂ ਉੱਤਰ-ਅਧਿਕਾਰੀ ਸਨ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਫ਼ਰੀਦ (॥) ਦਾ ਗੁਰੂ ਨਾਨਕ ਦੇਵ ਜੀ ਨੂੰ ਦੋ ਵਾਰ ਮਿਲਣ ਦਾ ਜ਼ਿਕਰ ਵੀ ਆਉਂਦਾ ਹੈ। ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਪੰਜਾਬੀ ਸੂਫ਼ੀ ਸਾਹਿਤ ਦੇ ਮੋਢੀ ਅਤੇ ਪ੍ਰਮੁੱਖ ਸੂਫੀ ਸੰਤ ਮੰਨੇ ਜਾਂਦੇ ਹਨ ਕਿਉਂਕਿ ਪੰਜਾਬੀ ਕਾਵਿ ਅਤੇ ਸੂਫ਼ੀ ਵਿਚਾਰਾਂ ਦੀ ਸ਼ੁਰੂਆਤ ਆਪ ਨੇ ਹੀ ਕੀਤੀ। ਬਾਬਾ ਫ਼ਰੀਦ ਜੀ ਨੇ ਨਿਮਰਤਾ, ਪ੍ਰਭੂ ਮਿਲਣ, ਭਗਤੀ, ਬਿਰਤੀ, ਮਨੁੱਖਤਾ ਦੀ ਭਲਾਈ, ਦਇਆ, ਹਉਮੈ ਤਿਆਗਣ, ਸੰਸਾਰੀ ਵਸਤੂਆਂ ਦੇ ਤਿਆਗ ਦੇ ਨਾਲ ਨਾਲ ਪ੍ਰਮਾਤਮਾ ਮੇਲ ਅਤੇ ਹੱਥੀਂ ਕਿਰਤ ਦਾ ਸੁਨੇਹਾ ਦਿੱਤਾ। ਬਾਹਰਵੀਂ ਸਦੀ ਦੇ ਇਸ ਮਹਾਨ ਸੂਫ਼ੀ ਸੰਤ ਦਾ ਸੰਨ 1266 ਓਧ ਵਿਚ ਪਾਕਪਟਨ (ਅਜੋਕਾ ਪਾਕਿਸਤਾਨ) ਵਿਚ ਇੰਤਕਾਲ ਹੋਇਆ ਦੱਸਿਆ ਜਾਂਦਾ ਹੈ। ਅਜੋਕੇ ਪੰਜਾਬ ਦਾ ਰਿਆਸਤੀ ਸ਼ਹਿਰ ਫ਼ਰੀਦਕੋਟ ਜਿਸ ਨੂੰ ਬਾਬਾ ਫ਼ਰੀਦ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੈ, ਵਿਖੇ ਬਾਬਾ ਜੀ ਦੇ ਨਾਂ 'ਤੇ ਅਨੇਕਾਂ ਵਿਦਿਅਕ ਅਤੇ ਕਾਰੋਬਾਰੀ ਅਦਾਰੇ ਸਥਾਪਤ ਹਨ। ਪੰਜਾਬੋਂ ਬਾਹਰ ਸੰਸਾਰ ਭਰ ਵਿਚ ਵੱਸਦੇ ਫਰੀਦਕੋਟੀਆਂ ਵੱਲੋਂ ਕਨੇਡਾ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਹਾਂਗਕਾਂਗ, ਫਿਲਪੀਨ, ਮਲੇਸ਼ੀਆ ਸਮੇਤ ਲਗਪਗ 10-15 ਦੇਸ਼ਾਂ ਵਿਚ ਇਹ ਸਮਾਗਮ ਉਤਸੁਕਤਾ ਨਾਲ ਉਡੀਕੇ ਅਤੇ ਮਨਾਏ ਜਾਂਦੇ ਹਨ।

ਅਗਲੇ ਸਾਲ ਦੇ ਸਮਾਗਮਾਂ ਲਈ ਤਰੀਕਾਂ ਹੁਣ ਤੋਂ ਹੀ ਸਤੰਬਰ ਮਹੀਨੇ ਲਈ ਫ਼ਰੀਦਕੋਟ ਦੇ ਸਮਾਗਮਾਂ ਦੀ ਤਰਜ਼ 'ਤੇ ਨਿਰਧਾਰਤ ਕਰ ਦਿੱਤੀਆਂ ਗਈਆਂ ਹਨ। ਹੋਰ ਜਾਣਕਾਰੀ ਜਾਂ ਸਮਾਗਮ ਦੀਆਂ ਗਤੀਵਿਧੀਆਂ ਲਈ ਵੈਬ ਸਾਈਟ www.babafarid.net 'ਤੇ ਜਾਇਆ ਜਾ ਸਕਦਾ ਹੈ। ਇਸ ਸਾਲ ਦੇ ਸਮਾਗਮ ਦੀਆਂ ਤਸਵੀਰਾਂ ਵੀ ਵੈਬ ਸਾਈਟ ਉੱਤੇ ਪਾ ਦਿੱਤੀਆਂ ਜਾਣਗੀਆਂ। ਆਉਂਦੇ ਦਿਨਾਂ ਵਿਚ ਅਕਤੂਬਰ 2, 3 ਅਤੇ 4 ਨੂੰ ਫਰਿਜ਼ਨੋ ਦੀਆਂ ਸੰਗਤਾਂ ਵੱਲੋਂ ਵੀ ਗੁਰਦੁਆਰਾ ਸਾਹਿਬ ਸਿੰਘ ਸਭਾ ਪਾਰਕ ਡਰਾਈਵ ਫਰਿਜ਼ਨੋ ਵਿਖੇ ਅਜਿਹੇ ਹੀ ਪ੍ਰੋਗਰਾਮ ਉਲੀਕੇ ਗਏ ਹਨ। ਅਖੀਰ ਵਿਚ ਪ੍ਰਬੰਧਕਾਂ ਸੱਤਪਾਲ ਸਿੰਘ ਢਿੱਲਵਾਂ, ਤਰਸੇਮ ਲਾਲ ਪ੍ਰਧਾਨ, ਜਸਵੀਰ ਸੰਧੂ, ਡਾ. ਹਰਮਿੰਦਰ ਗਿੱਲ, ਬਲਰਾਜ ਸਰਾਂ ਝੱਖੜ ਵਾਲਾ, ਕੁਲਦੀਪ ਸਿੰਘ ਗਿੱਲ ਪਟਿਆਲਾ ਬੈਂਕ ਅਮਰਜੀਤ ਬਰਾੜ, ਕੰਵਰਜੀਤ ਗੋਦਾਰਾ ਤੇ ਸਮੂਹ ਪਰਿਵਾਰਕ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਅਜੋਕੇ ਸਮੇਂ ਵਿਚ ਦਰਪੇਸ਼ ਸਮੱਸਿਆਵਾਂ ਨੂੰ ਵੱਡੇ ਪੈਮਾਨੇ 'ਤੇ ਉਜਾਗਰ ਕਰਨ ਲਈ ਡਾ. ਜੇ. ਪੀ ਸਿੰਘ ਅਤੇ ਰਾਮ ਸਿੰਘ ਦੇ ਯਤਨਾਂ ਸਦਕਾ A.CL.U ਦੇ ਨੁਮਾਇੰਦੇ ਗੁਰਦੁਆਰਾ ਸਾਹਿਬ ਵਿਖੇ ਐਤਵਾਰ ਹਾਜ਼ਰ ਹੋਏ। ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਅਨੁਸਾਰ ਸਮਾਗਮਾਂ ਨੂੰ ਲੈ ਕੇ ਬਹੁਤ ਉਤਸ਼ਾਹ ਪਾਇਆ ਜਾਂਦਾ ਹੈ। ਹਰ ਸਾਲ ਵਾਂਗ ਅਗਲੇ ਸਾਲਾਂ ਲਈ ਭਰਪੂਰ ਸ਼ਮੂਲੀਅਤ ਦੀ ਤਵੱਕੋਂ ਕੀਤੀ ਜਾਂਦੀ ਹੈ।
















# ਟਰੰਪ ਦਾ ਡੈਨਮਾਰਕ 'ਤੇ ਕਬਜ਼ੇ ਦਾ ਸੁਪਨਾ ਰਹਿ ਗਿਆ ਅਧੂਰਾ

**ਕੋਪਨਹੇਗਨ:** ਡੈਨਮਾਰਕ ਅਤੇ ਸੁਤੰਤਰ ਖੇਤਰ ਗ੍ਰੀਨਲੈਂਡ ਨੇ ਸਾਫ਼ ਕੀਤਾ ਹੈ ਕਿ ਅਮਰੀਕਾ ਨਾਲ ਹੋਏ ਇਤਿਹਾਸਕ ਸਮਝੌਤੇ (ਡੀਲ) ਨਾਲ ਗ੍ਰੀਨਲੈਂਡ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ 'ਤੇ ਕੋਈ ਅਸਰ ਨਹੀਂ ਪਵੇਗਾ। ਇਹ ਸਮਝੌਤਾ ਮਹੀਨਿਆਂ ਦੇ ਭਾਰੀ ਭੂ- ਰਾਜਨੀਤਿਕ ਤਣਾਅ



ਮਗਰੋਂ ਸਾਹਮਣੇ ਆਇਆ ਹੈ, ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ 'ਤੇ ਕਬਜ਼ਾ ਕਰਨ ਦੀ ਧਮਕੀ ਦੇ ਕੇ ਨਾਟੋ ਸੰਗਠਨ ਵਿਚ ਤਰਥੱਲੀ ਮਚਾ ਦਿੱਤਾ ਸੀ। ਹਾਲਾਂਕਿ ਟਰੰਪ ਨੇ ਦਾਅਵਾ ਕੀਤਾ ਹੈ ਕਿ ਇਸ ਡੀਲ ਨਾਲ ਵਾਸ਼ਿੰਗਟਨ ਨੂੰ ਆਰਕਟਿਕ ਟਾਪੂ ਦੀ ਬ ਸੁਰੱਖਿਆ 'ਤੇ 'ਸਥਾਈ ਕੰਟਰੋਲ ਮਿਲ ਗਿਆ ਹੈ, ਪਰ ਡੈਨਮਾਰਕ ਅਤੇ ਗ੍ਰੀਨਲੈਂਡ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਆਪਣੀ ? ਪ੍ਰਭੂਸੱਤਾ 'ਤੇ ਕੋਈ ਸਮਝੌਤਾ ਨਹੀਂ ਕਰਨਗੇ।ਇਸ ਸਮਝੌਤੇ ਤਹਿਤ ਅਮਰੀਕਾ ਨੂੰ ਰੇ ਗ੍ਰੀਨਲੈਂਡ ਵਿਚ ਆਪਣੀ ਮਜ਼ਬੂਤ ਫ਼ੌਜੀ ਮੌਜੂਦਗੀ ਦਰਜ ਕਰਨ ਦੀ ਆਗਿਆ ਮਿਲੇਗੀ, ਜਦਕਿ ਕਿਸੇ ਵੀ ਅਮਰੀਕੀ ਵਿਰੋਧੀ ਤਾਕਤ ਜਾਂ ਦੇਸ਼ ਨੂੰ ਉੱਥੇ ਆਪਣੇ ਫ਼ੌਜੀ ਅੱਡੇ ਬਣਾਉਣ 'ਤੇ ਪੂਰਨ ਰੋਕ ਰਹੇਗੀ। ਹਾਲਾਂਕਿ ਇਸ ਡੀਲ ਦੇ ਕਈ ਅਹਿਮ ਬਿਓਰੇ ਅਜੇ ਤੱਕ ਜਨਤਕ ਨਹੀਂ ਕੀਤੇ ਗਏ ਹਨ, ਪਰ ਉਮੀਦ ਕੀਤੀ ਜਾ ਰਹੀ ਹੈ ਕਿ ਸੰਯੁਕਤ ਰਾਸ਼ਟਰ ਮਹਾਸਭਾ ਦੀ ਬੈਠਕ ਦੌਰਾਨ ਅਗਲੇ ਹਫਤੇ ਇਸ 'ਤੇ ਰਸਮੀ ਦਸਤਖ਼ਤ ਹੋ ਜਾਣਗੇ।

ਡੈਨਮਾਰਕ ਦੇ ਵਿਦੇਸ਼ ਮੰਤਰੀ ਲਾਰਸ ਲੋਕਕੇ ਰਾਸਮਸਨ ਨੇ ਫੇਸਬੁੱਕ 'ਤੇ ਬਿਆਨ ਜਾਰੀ ਕਰਦਿਆਂ ਉਮੀਦ ਜਤਾਈ ਕਿ ਇਹ ਸਮਝੌਤਾ ਆਰਕਟਿਕ ਖੇਤਰ ਵਿਚ ਸੁਰੱਖਿਆ ਨੂੰ ਮਜ਼ਬੂਤ ਕਰੇਗਾ ਅਤੇ ਨਾਟੋ ਅੰਦਰ ਸਾਂਝੀ ਸੁਰੱਖਿਆ ਯਕੀਨੀ ਬਣਾਏਗਾ, ਬਸ਼ਰਤ ਡੈਨਮਾਰਕ ਸਾਮਰਾਜ ਦੀਆਂ 'ਲਕਸ਼ਮਣ ਰੇਖਾਵਾਂ (ਰੈੱਡ ਲਾਈਨ) ਦਾ ਪੂਰਾ ਆਦਰ ਕਰੇ। ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਜੇਨਸ- ਫ੍ਰੇਡਰਿਕ ਨੀਲਸਨ ਨੇ ਵੀ ਇਸ ਸਮਝੌਤੇ 'ਤੇ ਸੰਤੋਸ਼ ਜਤਾਉਂਦੇ ਹੋਏ ਕਿਹਾ ਕਿ ਇਹ ਡੀਲ ਗ੍ਰੀਨਲੈਂਡ ਦੇ ਲੋਕਾਂ ਦੇ ਆਤਮ-ਫੈਸਲੇ ਦੇ ਅਧਿਕਾਰ ਅਤੇ ਸਾਮਰਾਜ ਦੀ ਪ੍ਰਭੂਸੱਤਾ ਨੂੰ ਮਾਨਤਾ ਦਿੰਦੀ ਹੈ।

ਦੂਜੇ ਪਾਸੇ, ਰਾਸ਼ਟਰਪਤੀ ਟਰੰਪ ਨੇ ਇੰਟਰਨੈਟ ਮੀਡੀਆ 'ਤੇ ਆਪਣੇ ਅੰਦਾਜ਼ 'ਚ ਦਾਅਵਾ ਕੀਤਾ ਕਿ ਇਸ ਸਮਝੌਤੇ ਨਾਲ ਅਮਰੀਕਾ ਨੂੰ ਗ੍ਰੀਨਲੈਂਡ ਦੀ ਸੁਰੱਖਿਆ ਲਈ ਜੋ ਵੀ ਜ਼ਰੂਰੀ ਹੋਵੇ, ਉਹ ਸਭ ਕਰਨ ਦੀ ਪੂਰੀ ਸ਼ਕਤੀ ਮਿਲ ਗਈ ਹੈ। ਮਾਹਰਾਂ ਦਾ ਮੰਨਣਾ ਹੈ ਕਿ ਭਾਵੇਂ ਟਰੰਪ ਗ੍ਰੀਨਲੈਂਡ ਨੂੰ ਖਰੀਦਣ ਵਿਚ ਅਸਫਲ ਰਹੇ ਹੋਣ, ਪਰ ਰਣਨੀਤਿਕ ਤੌਰ 'ਤੇ ਉਨ੍ਹਾਂ ਨੂੰ ਉਹ ਚੌਕੀਦਾਰੀ ਮਿਲ ਗਈ ਹੈ ਜਿਸ ਦੀ ਉਹ ਲੰਬੇ ਸਮੇਂ ਤੋਂ ਤਲਾਸ਼ ਕਰ ਰਹੇ ਸਨ। ਹਾਲਾਂਕਿ, ਕੋਪਨਹੇਗਨ ਯੂਨੀਵਰਸਿਟੀ ਦੇ ਪ੍ਰੋਫੈਸਰ ਮਿਕਕੇਲ ਵੇਡਬੀ ਰਾਸਮਸਨ ਨੇ ਚਿੰਤਾ ਜਤਾਈ ਹੈ ਕਿ ਕੀ ਇਹ ਡੈਨਮਾਰਕ ਦੇ ਉਪ-ਨਿਵੇਸ਼ਿਕ ਰਿਸ਼ਤੇ ਨੂੰ ਅਮਰੀਕਾ ਨਾਲ ਕਿਸੇ ਨਵੇਂ ਸਰੂਪ ਵਿਚ ਬਦਲਣ ਦੀ ਸ਼ੁਰੂਆਤ ਤਾਂ ਨਹੀਂ ਹੈ।

# ਕੈਨੇਡਾ ਦਾ ਯੂਰੋਪੀਅਨ ਯੂਨੀਅਨ ਵੱਲ ਝੁਕਾਅ ਟਰੰਪ 'ਤੇ ਭਾਰੀ ਪੈਣ ਲੱਗਾ

## ਕਾਰਨੀ ਈ ਯੂ ਨਾਲ ਜੁੜਨ ਲਈ ਸੰਸਦ ਮੈਂਬਰਾਂ ਦੀ ਰਾਇ ਲੈਣਗੇ



**ਵੈਨਕੂਵਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਯੂਰੋਪੀਅਨ ਯੂਨੀਅਨ (ਈ ਯੂ) ਦਾ ਸਹਾਇਕ ਮੈਂਬਰ ਬਣਨ ਦੀ ਸਹਿਮਤੀ ਦਿੱਤੇ ਜਾਣ ਮਗਰੋਂ ਅਮਰੀਕਾ 'ਚ ਸਿਆਸਤ ਭਖ ਗਈ ਹੈ। ਅਮਰੀਕਾ ਦੇ ਕਈ ਸੈਨੇਟਰਾਂ ਸਮੇਤ ਵੱਡੇ ਸਿਆਸੀ ਆਗੂਆਂ ਦਾ ਕਹਿਣਾ ਹੈ ਕਿ ਕੈਨੇਡਾ ਵੱਲੋਂ ਅਜਿਹੇ ਕਦਮਾਂ ਬਾਰੇ ਸੋਚਣ ਪਿੱਛੇ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਟੈਰਿਫ ਨੀਤੀਆਂ ਅਤੇ ਬੇਲੋੜੀ ਬੋਲ-ਚਾਲ ਜ਼ਿੰਮੇਵਾਰ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣਾ ਇਰਾਦਾ ਸਪੱਸ਼ਟ, ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਯੂਰੋਪੀਅਨ ਯੂਨੀਅਨ ਨਾਲ ਜੁੜਨ 'ਚ ਕੋਈ ਇਤਰਾਜ਼ ਨਹੀਂ ਪਰ ਇਸ ਵਾਸਤੇ ਉਹ ਕੈਨੇਡਿਆਈ ਲੋਕਾਂ ਦੀ ਸਹਿਮਤੀ ਜ਼ਰੂਰ ਲੈਣਗੇ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ 'ਚ ਉਹ ਸੰਸਦ ਮੈਂਬਰਾਂ ਦੀ ਰਾਇ ਲੈ ਕੇ ਇਸ ਮਾਮਲੇ 'ਤੇ ਅੱਗੇ ਵਧਣਗੇ।

ਉਂਜ ਵਿਰੋਧੀ ਧਿਰ ਦੇ ਆਗੂ ਪੀਅਰ ਪੋਲਿਵਰ ਨੇ ਕਾਰਨੀ ਦੇ ਫ਼ੈਸਲੇ 'ਤੇ ਇਤਰਾਜ਼ ਪ੍ਰਗਟ ਕਰਦਿਆਂ ਭਵਿੱਖ 'ਚ ਇਸ ਦੇ ਘਾਤਕ ਨਤੀਜੇ ਨਿਕਲਣ ਦੀ ਚਿੰਤਾ ਪ੍ਰਗਟਾਈ ਹੈ। ਕੈਨੇਡਾ ਦੇ ਕਾਰੋਬਾਰੀ ਅਦਾਰਿਆਂ ਵੱਲੋਂ ਯੂਰੋਪੀਅਨ ਯੂਨੀਅਨ ਨਾਲ ਸੰਬੰਧਾਂ ਨੂੰ ਮਜ਼ਬੂਤ ਕੀਤੇ ਜਾਣ ਸਬੰਧੀ ਪ੍ਰਧਾਨ ਮੰਤਰੀ ਦੇ ਬਿਆਨ ਦੀ ਹਮਾਇਤ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਵੱਲੋਂ ਵਸਤਾਂ 'ਤੇ ਟੈਰਿਫ ਅਤੇ ਪਾਬੰਦੀ ਲਾਏ। ਜਾਣ ਮਗਰੋਂ ਕਾਰਨੀ ਦਾ ਫ਼ੈਸਲੇ ਨੂੰ ਨਵੀਂ ਮੰਡੀ ਲੱਭਣ ਦੇ ਯਤਨ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

## ਅਮਰੀਕੀ ਟੈਰਿਫ਼ਾਂ ਦੇ ਬਾਵਜੂਦ ਕੈਨੇਡਾ ਮਜ਼ਬੂਤ: ਕਾਰਨੀ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਹੁਣ ਅ ਮ ਰੀ ਕੀ ਨਿਰਭਰਤਾ ਤੋਂ ਤੇਜ਼ੀ ਨਾਲ ਬਾਹਰ ਨਿਕਲ ਰਿਹਾ ਹੈ ਅਤੇ ਟੈਰਿਫਾਂ ਦੇ ਬਾਵਜੂਦ ਉਹ ਮਜ਼ਬੂਤ ਹੈ। ਯੂਰੋਪ ਤੋਂ ਵੀਰਵਾਰ ਰਾਤ ਮੁਲਕ ਪਰਤੇ ਕਾਰਨੀ ਨੇ ਕਿਹਾ ਕਿ ਕੈਨੇਡਾ ਅਤੇ ਯੂਰੋਪ ਨੇ ਨਵੇਂ ਗੱਠਜੋੜ ਦਾ ਅਮਲ ਸ਼ੁਰੂ ਕੀਤਾ ਹੈ। ਉਨ੍ਹਾਂ ਅਮਰੀਕਾ ਨਾਲ ਪਿਛਲੇ ਮਹੀਨੇ ਵਪਾਰ ਵਾਰਤਾ ਰੱਦ ਕਰਨ ਦੇ ਫੈਸਲੇ ਨੂੰ ਸਹੀ ਠਹਿਰਾਇਆ। ਸੰਸਦ ਦੇ ਇਜਲਾਸ ਤੋਂ ਪਹਿਲਾਂ ਓਟਵਾ 'ਚ ਜੁੜੇ ਲਿਬਰਲ ਪਾਰਟੀ ਦੇ ਕਾਨੂੰਨਘਾੜਿਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਇਹ ਗੱਲਾਂ ਆਖੀਆਂ। ਉਨ੍ਹਾਂ ਦੱਸਿਆਂ ਕਿ ਯੂਰੋਪੀਅਨ ਮੁਲਕਾਂ ਨਾਲ ਗੱਲਬਾਤ ਮਗਰੋਂ ਕੈਨੇਡਾ 'ਚ ਹੋਰ ਨਿਵੇਸ਼ ਵਧੇਗਾ।

# ਏ.ਆਈ. ਦੀ ਰਫ਼ਤਾਰ ਹੌਲੀ ਕਰਨ 'ਤੇ ਜ਼ੋਰ

## ਚਾਰ ਅਮਰੀਕੀ ਕੰਪਨੀਆਂ 'ਤੇ ਮੁਕੱਦਮਾ




**ਨਵੀਂ ਦਿੱਲੀ:** ਆਰਟੀਫੀਸ਼ਿਅਲ ਇੰਟੈਲੀਜੈਂਸ (ਏਆਈ) ਦੇ ਤੇਜ਼ੀ ਨਾਲ ਵਧ ਰਹੇ ਵਿਕਾਸ ਵਿਚਾਲੇ ਇਸਨੂੰ ਕੁਝ ਸਮੇਂ ਲਈ ਕੰਟਰੋਲ ਰਫ਼ਤਾਰ ਨਾਲ ਅੱਗੇ ਵਧਾਉਣ ਦੀ ਅਪੀਲ ਕਾਨੂੰਨੀ ਵਿਵਾਦ ਬਣ ਗਈ ਹੈ।

ਅਮਰੀਕਾ ਦੀ ਸੰਘੀ ਅਦਾਲਤ 'ਚ ਐਂਥਰੋਪਿਕ, ਓਪਨਏਆਈ, ਸਪੇਸਐਕਸ ਏਆਈ ਤੇ ਗੂਗਲ ਖ਼ਿਲਾਫ਼ ਐਂਟੀਟ੍ਰਸਟ ਮੁਕੱਦਮਾ ਦਰਜ ਕੀਤਾ ਗਿਆ ਹੈ। ਸ਼ਿਕਾਇਤ 'ਚ ਦੋਸ਼ ਹੈ ਕਿ ਕੰਪਨੀਆਂ ਦੇ ਮੁਖੀਆਂ ਨੇ ਏਆਈ ਵਿਕਾਸ ਰਫ਼ਤਾਰ ਨੂੰ ਸੀਮਿਤ ਕਰਨ ਲਈ ਆਪਸੀ ਸਹਿਮਤੀ ਨਾਲ ਮੁਕਾਬਲੇ ਨੂੰ ਪ੍ਰਭਾਵਿਤ ਕਰਨ ਵਾਲਾ ਸਮਝੌਤਾ ਕੀਤਾ।

ਇਹ ਮਾਮਲਾ ਕੈਲੀਫੋਰਨੀਆ ਦੀ ਨਾਰਦਰਨ ਡਿਸਟ੍ਰਿਕਟ ਕੋਰਟ 'ਚ ਦਰਜ ਕੀਤਾ ਗਿਆ ਹੈ। ਵਿਵਾਦ ਦੀ ਸ਼ੁਰੂਆਤ ਐਂਥਰੋਪਿਕ ਦੇ ਸੀਈਓ ਡਾਰਿਓ ਅਮੋਦੇਈ ਦੀ ਉਸ ਜਨਤਕ ਅਪੀਲ ਤੋਂ ਹੋਈ, ਜਿਸ ਵਿਚ ਉਨ੍ਹਾਂ ਨੇ ਅਤਿ- ਅਧੁਨਿਕ ਏਆਈ ਦੇ ਵਿਕਾਸ ਨੂੰ ਕੰਟਰੋਲ ਰਫ਼ਤਾਰ ਨਾਲ ਅੱਗੇ ਵਧਾਉਣ ਤੇ ਸੁਰੱਖਿਆ ਮਾਪਦੰਡਾਂ ਲਈ ਉਦਯੋਗ 'ਚ ਤਾਲਮੇਲ ਦੀ ਗੱਲ ਕੀਤੀ ਸੀ। ਓਪਨਏਆਈ ਦੇ ਸੀਈਓ ਸੈਮ ਆਲਟਮੈਨ, ਸਪੇਸਐਕਸਏਆਈ ਦੇ ਮੁਖੀ ਐਲਨ ਮਸਕ ਅਤੇ ਗੂਗਲ ਡੀਪਮਾਈਂਡ ਦੇ ਸਹਿ-ਸੰਸਥਾਪਕ ਡੇਮਿਸ ਹਸਾਬਿਸ ਨੇ ਇਸ ਵਿਚਾਰ ਦਾ ਸਮਰਥਨ ਕੀਤਾ ਸੀ।

### ਸੁਰੱਖਿਆ ਬਨਾਮ ਮੁਕਾਬਲਾ

ਮੁਕਦਮੇ 'ਚ ਇਸਤਗਾਸਾ ਦਾ ਦੋਸ਼ ਹੈ ਕਿ ਮੁਕਾਬਲੇ ਵਾਲੀਆਂ ਕੰਪਨੀਆਂ ਵਿਚਾਲੇ ਇਸ ਤਰ੍ਹਾਂ ਦਾ ਸਮੂਹਿਕ ਫੈਸਲਾ ਅਮਰੀਕੀ ਸ਼ਰਮਨ ਐਕਟ ਦਾ ਉਲੰਘਣ ਕਰ ਸਕਦਾ ਹੈ। ਇਸਤਗਾਸਾ ਇਸ ਨੂੰ ਸੰਭਾਵਿਤ ਕਲਾਸ- ਐਕਸ਼ਨ ਮਾਮਲੇ ਵਿਚ ਬਦਲਣ ਦੀ ਮੰਗ ਵੀ ਕਰ ਰਹੇ ਹਨ।

# ਕਵੀ ਗੁਰਦੇਵ ਚੌਹਾਨ ਦੀ ਸ਼ਾਹਮੁਖੀ ਕਿਤਾਬ 'ਅਚਨਚੇਤ' 'ਤੇ ਚਰਚਾ ਅਤੇ ਕਵੀ ਦਰਬਾਰ

**ਬਰੈਂਪਟਨ:** ਲੰਘੇ ਦਿਨੀਂ ਏਟੋਬੀਕੋ ਵਿਚ ਪੰਜਾਬੀ ਸਾਹਿਤਕ ਸੰਗਤ, ਕੈਨੇਡਾ ਅਤੇ ਜੋਗਿੰਦਰ ਸਿੰਘ ਤੂਰ ਮੈਮੋਰੀਅਲ ਡਾਇਲਾਗ ਸੀਰੀਜ਼ ਦੇ ਪ੍ਰਬੰਧ ਹੇਠ ਖੁੱਲ੍ਹੀ ਕਵਿਤਾ ਦੇ ਸੀਨੀਅਰ ਕਵੀ ਗੁਰਦੇਵ ਚੌਹਾਨ ਦੀ ਕਿਤਾਬ 'ਅਚਨਚੇਤ' 'ਤੇ ਗੱਲਬਾਤ ਤੇ ਅਖੀਰ 'ਤੇ ਕਵੀ ਦਰਬਾਰ ਹੋਇਆ। ਤੂਰ ਪਰਿਵਾਰ ਨੇ ਕਵੀਆਂ ਤੇ ਪ੍ਰਾਹੁਣਿਆਂ ਵਾਸਤੇ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਸੀ।

ਗੁਰਦੇਵ ਚੌਹਾਨ ਹੋਰਾਂ ਦੀਆਂ ਨਜ਼ਮਾਂ ਦੀ ਇਹ ਕਿਤਾਬ 2012 ਵਿਚ 'ਅਕਸਮਾਤ' ਦੇ ਸਿਰਨਾਵੇਂ ਨਾਲ ਗੁਰਮੁਖੀ ਵਿਚ ਛਪੀ ਸੀ ਜਿਹੜਾ ਸ਼ਾਹਮੁਖੀ ਉਲੱਥਾ ਪਹਿਲੀ ਵਾਰ 'ਅਚਨਚੇਤ' ਦੇ ਨਾਂ ਤੋਂ ਕਿਤਾਬ ਤਰਨਜਨ ਲਾਹੌਰ ਨੇ ਛਾਪਿਆ। ਲਿਪੀ ਅੰਤਰ ਪੰਜਾਬੀ ਕਹਾਣੀਕਾਰ ਖ਼ਾਲਿਦ ਧਾਰੀਵਾਲ ਹੋਰਾਂ ਨੇ ਕੀਤਾ।

ਸਟੇਜ ਸੰਭਾਲਣ ਦੀ ਜ਼ਿੰਮੇਵਾਰੀ ਪੰਜਾਬੀ ਸਾਹਿਤਕ ਸੰਗਤ ਕੈਨੇਡਾ ਦੇ ਜਨਰਲ ਸਕੱਤਰ ਹਜ਼ਰਤ ਸ਼ਾਮ ਨੇ ਪੂਰੀ ਕੀਤੀ। 89 ਨਜ਼ਮਾਂ ਤੇ 167 ਵਰਕਿਆਂ ਦੀ ਇਸ ਕਿਤਾਬ ਵਿਚ 100 ਔਖੇ ਕਹਿ ਲਓ ਜਾਂ ਹਿੰਦੀ ਅੱਖਰਾਂ ਦੇ ਮਤਲਬ ਵੀ ਨਜ਼ਮਾਂ ਦੇ ਅਖੀਰ 'ਤੇ ਦਿੱਤੇ ਗਏ ਨੇ ਜੋ ਸਲਾਹੁਣਯੋਗ ਗੱਲ ਏ। ਸਟੇਜ ਸਕੱਤਰ ਨੇ ਅਨੁਵਾਦ ਦੀਆਂ ਲੋੜਾਂ-ਥੋੜਾਂ 'ਤੇ ਗੱਲਬਾਤ ਕੀਤੀ ਤੇ ਪੰਜਾਬੀ ਦੇ ਪ੍ਰੋਫੈਸਰ ਸ਼ਹਿਜ਼ਾਦ ਜੁਈਆ ਹੋਰਾਂ ਦੀ ਪੰਜਾਬੀ ਬਾਰੇ ਪੀੜ ਸਾਂਝੀ ਕੀਤੀ ਤੇ ਦੱਸਿਆ ਕਿ ਲਹਿੰਦੇ ਪੰਜਾਬ ਵਿਚ 715 ਕਾਲਜ ਤੇ 168 ਪੰਜਾਬੀ ਦੇ ਲੈਕਚਰਾਰ ਨੇ। ਉਲੱਥਾ ਕਿਉਂ ਜ਼ਰੂਰੀ ਏ ਤੇ ਕਿਤਾਬ 'ਤੇ ਗੱਲਬਾਤ ਕਿਵੇਂ ਹੋਣੀ ਚਾਹੀਦੀ ਏ?

ਪਹਿਲੀ ਪੌਤੀ ਦੇ ਪ੍ਰਧਾਨਗੀ ਮੰਡਲ ਵਿਚ







ਗੁਰਦੇਵ ਚੌਹਾਨ, ਰਸ਼ੀਦ ਨਦੀਮ, ਇੰਦਰਦੀਪ ਸਿੰਘ ਤੇ ਜੋਗਿੰਦਰ ਸਿੰਘ ਤੂਰ ਦੇ ਵਕੀਲ ਸਪੁੱਤਰ ਯਾਦਵਿੰਦਰ ਤੂਰ ਸ਼ਾਮਲ ਸਨ ਜਦ ਕਿ ਪੰਜਾਬੀ ਸਾਹਿਤਕ ਸੰਗਤ ਕੈਨੇਡਾ ਦੀ ਪ੍ਰਧਾਨ ਡਾਕਟਰ ਉਜ਼ਮਾ ਮਹਿਮੂਦ ਨੇ ਸਰੋਤਿਆਂ ਨੂੰ ਜੀ ਆਇਆਂ ਨੂੰ ਆਖਿਆ। ਇਹ ਪਹਿਲਾ ਪ੍ਰੋਗਰਾਮ ਸੀ ਜਿਸ ਵਿਚ ਬੁਲਾਰਿਆਂ ਨੂੰ ਗੱਲਬਾਤ ਕਰਨ ਦੇ ਪੱਖ ਵੀ ਵੰਡੇ ਗਏ ਸਨ। ਪ੍ਰੋਫੈਸਰ ਡਾਕਟਰ ਸੱਯਦ ਵਸੀਮ ਰਜ਼ਾ ਗਿਰਦੇਜ਼ੀ ਨੇ ਕਿਤਾਬ 'ਤੇ ਗੱਲਬਾਤ ਛੋਹੀ ਤੇ ਅਚਨਚੇਤ ਦੀ ਤਕਰਾਰ ਨਾਲ ਸਰੋਤਿਆਂ ਦੇ ਦਿਲ ਮੋਹ ਲਏ।

ਜੀਟੀਏ ਮਹਾਨ ਗਾਇਕ ਤਾਰਿਕ ਹਮੀਦ ਨੇ ਆਰਟ ਤੇ ਆਰਟਿਸਟ ਦੇ ਹਵਾਲੇ ਨਾਲ ਕਵਿਤਾਵਾਂ 'ਤੇ ਭਰਵੀਂ ਤੇ ਸੋਹਣੀ ਗੱਲਬਾਤ ਕੀਤੀ। ਸੁਰਜੀਤ ਕੌਰ ਨੇ ਇਸ ਕਿਤਾਬ ਵਿਚ ਔਰਤਾਂ ਦੇ ਹਵਾਲੇ ਨਾਲ ਪੇਸ਼ ਕੀਤੀਆਂ ਗਈਆਂ ਨਜ਼ਮਾਂ ਤੇ ਗ਼ਜ਼ਲ ਦੇ ਸੋਹਣੇ ਸ਼ਾਇਰ ਭੁਪਿੰਦਰ ਦੁਲੇ ਨੇ ਕਵਿਤਾ ਕੀ ਹੁੰਦੀ ਏ ਦੇ ਪੱਖ 'ਤੇ ਮਜ਼ਮੂਨ ਪੜ੍ਹੇ। ਮਲਵਿੰਦਰ ਸਿੰਘ ਨੇ ਚੌਹਾਨ ਜੀ ਦੇ ਪਿੰਡ 'ਕੁੱਕੜਾਂ' ਤੇ ਹੋਰ ਨਜ਼ਮਾਂ 'ਤੇ ਗੱਲਬਾਤ ਕੀਤੀ। ਇੰਦਰਦੀਪ ਸਿੰਘ ਤੇ ਪ੍ਰਧਾਨਗੀ ਮੰਡਲ ਤੋਂ ਰਸ਼ੀਦ ਨਦੀਮ ਨੇ ਸਾਹਿਬ-ਏ-ਸ਼ਾਮ ਦੇ ਫ਼ਨ ਦੇ ਵੱਖਰੇ ਪੱਖ ਵਿਖਾਏ। ਓਂਕਾਰ ਪ੍ਰੀਤ ਦਾ ਮਜ਼ਮੂਨ ਕਿਤਾਬ ਵਿਚ ਮੌਜੂਦ ਨਜ਼ਮਾਂ ਦੇ ਖ਼ਮੀਰ ਬਾਰੇ ਸੀ ਜਦ ਕਿ ਪ੍ਰੋਫੈਸਰ ਡਾਕਟਰ ਨਾਹਰ ਸਿੰਘ ਨੇ ਨਜ਼ਮਾਂ ਵਿਚ ਮੌਜੂਦ ਪਿੰਡ ਦੇ ਸਿੰਬਲ ਬਾਰੇ ਸੋਹਣੀ ਗੱਲ ਛੋਹੀ। ਹਰਮਿੰਦਰ ਢਿੱਲੋਂ ਦੀ ਗੱਲਬਾਤ ਤੋਂ ਬਾਅਦ ਬਲਰਾਜ ਚੀਮਾ ਨੇ ਕੁਝ ਨਵੇਂ ਪੱਖ ਛੇੜੇ ਤੇ ਕਵੀ ਨਾਲ ਆਪਣੇ ਪੁਰਾਣੇ ਤਾਅਲੁਕ ਬਾਰੇ ਦੱਸਿਆ।

ਘੱਟ ਵੇਲਾ ਹੋਣ ਪਾਰੋਂ ਸ਼ਮੀਲ ਜਸਵੀਰ ਤੇ ਜਗੀਰ ਸਿੰਘ ਕਾਹਲੋਂ ਕੋਲੋਂ ਗੱਲਬਾਤ ਨਾ ਕਰਵਾਈ ਜਾ ਸਕੀ। ਯਾਦਵਿੰਦਰ ਤੂਰ ਨੇ ਆਖਿਆ ਕਿ ਉਹ ਆਪਣੇ ਬਾਪੂ ਦੇ ਕੰਮ ਨੂੰ ਅੱਗੇ ਲੈ ਕੇ ਤੁਰਨ ਦਾ ਉਪਰਾਲਾ ਕਰ ਚੁੱਕੇ ਨੇ ਤੇ ਇਸ 'ਤੇ ਖ਼ੁਸ਼ ਵੀ ਨੇ। ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਦਲਬੀਰ ਸਿੰਘ ਕਥੂਰੀਆ ਨੇ ਸਰੋਤਿਆਂ ਨੂੰ ਅਕਤੂਬਰ ਵਿਚ ਹੋਣ ਵਾਲੀ ਪੰਜਾਬੀ ਕਾਨਫਰੰਸ ਦਾ ਸੱਦਾ ਦਿੱਤਾ ਤੇ ਇੰਜ ਪਹਿਲਾ ਸੈਸ਼ਨ ਆਪਣੇ ਅੰਤ ਨੂੰ ਪਹੁੰਚਿਆ।

ਦੂਜੀ ਪੌਤੀ ਸੀ ਕਵੀ ਦਰਬਾਰ ਦੀ ਜਿਸ ਵਿਚ ਸਟੇਜ ਸਕੱਤਰ ਨੇ ਇੱਕ ਲੰਮੀ ਨਜ਼ਮ ਸੁਣਾਈ ਤੇ ਦੋ-ਤਿੰਨ ਕਵੀਆਂ ਦਾ ਟਾਈਮ ਖਾ ਲਿਆ, ਸਰੋਤਿਆਂ ਨੇ ਇਸ ਗੱਲ ਦਾ ਬੁਰਾ ਵੀ ਨਹੀਂ ਮਨਾਇਆ। ਓਂਕਾਰਪ੍ਰੀਤ, ਡਾਕਟਰ ਉਜ਼ਮਾ ਮਹਿਮੂਦ, ਸੁਰਜੀਤ ਕੌਰ, ਸੁਖਚਰਨਜੀਤ ਕੌਰ ਗਿੱਲ ਨੇ ਪ੍ਰਧਾਨਗੀ ਮੰਡਲ ਨੂੰ ਸਜਾਇਆ।

ਕਵੀ ਦਰਬਾਰ ਦਾ ਆਗਾਜ਼ ਸੋਹਣੀ ਆਵਾਜ਼ ਦੀ ਮਲਕਾ ਰਿੰਟੂ ਭਾਟੀਆ ਨੇ ਕੀਤਾ ਜਦ ਕਿ ਤਾਰਿਕ ਹਮੀਦ, ਸੁਰਿੰਦਰਜੀਤ, ਪਿਆਰਾ ਸਿੰਘ ਕੁੱਦੋਵਾਲ, ਭੁਪਿੰਦਰ ਦੁਲੇ, ਮਲਵਿੰਦਰ ਸਿੰਘ, ਵਸੀਮ ਗਿਰਦੇਜ਼ੀ, ਜਗੀਰ ਸਿੰਘ ਕਾਹਲੋਂ, ਹਰਮਿੰਦਰ ਢਿੱਲੋਂ, ਕੁਲਦੀਪ ਗਿੱਲ, ਪ੍ਰਤੀਕ ਆਰਟਿਸਟ, ਦਰਸ਼ਨਦੀਪ ਅਰੋੜਾ, ਸੁਰਜੀਤ ਕੌਰ, ਡਾਕਟਰ ਉਜ਼ਮਾ ਮਹਿਮੂਦ, ਓਂਕਾਰ ਪ੍ਰੀਤ ਤੇ ਸੁਖਚਰਨਜੀਤ ਕੌਰ ਗਿੱਲ ਨੇ ਕਵੀ ਦਰਬਾਰ ਲੁੱਟ ਲਿਆ। ਤੂਰ ਪਰਿਵਾਰ ਵੱਲੋਂ ਜਿਸ ਕਵਿੱਤਰੀ ਨੇ ਕਪਾਹ ਦੇ ਫੁੱਲ ਦੇ ਦ੍ਰਿਸ਼ਟਾਂਤ 'ਤੇ ਨਜ਼ਮ ਪੜ੍ਹੀ ਉਸ ਨੂੰ ਖ਼ਾਸ ਤੌਰ 'ਤੇ ਬਹੁਤ ਸਲਾਹਿਆ ਗਿਆ। ਬਫ਼ਲੋ ਅਮਰੀਕਾ ਤੋਂ ਆਈ ਆਪਾ ਨੁਜ਼ਹਤ ਸਿੱਦੀਕੀ ਨੇ ਸੋਹਣੀਆਂ ਨਜ਼ਮਾਂ ਸੁਣਾਈਆਂ। ਸੁਰਜੀਤ ਪਾਤਰ ਜੀ ਦੇ ਭਰਾ ਉਪਕਾਰ ਸਿੰਘ ਨੇ ਕਵੀ ਦਰਬਾਰ ਵਿਚ ਪਾਤਰ ਜੀ ਦਾ ਗੀਤ ਤਰੰਨੁਮ ਨਾਲ ਗਾ ਕੇ ਸਰੋਤਿਆਂ ਨੂੰ ਰੁਆ ਦਿੱਤਾ।

ਅਲੀ ਅਫ਼ਜ਼ਲ ਐਡਵੋਕੇਟ ਤੇ ਤੂਰ ਫੈਮਿਲੀ ਵੱਲੋਂ ਸੱਦੇ ਗਏ ਸਰੋਤਿਆਂ ਨੇ ਮਹਿਫ਼ਲ ਨੂੰ ਚਾਰ ਚੰਨ ਲਾ ਦਿੱਤੇ। ਇਸ ਸੰਗਤ ਦੇ ਮੁੱਖ ਮਹਿਮਾਨ ਗੁਰਦੇਵ ਚੌਹਾਨ ਜੀ ਕਿਸੇ ਖ਼ਾਸ ਕੰਮ ਦੀ ਵਜ੍ਹਾ ਕਰਕੇ ਕਵੀ ਦਰਬਾਰ ਦਾ ਹਿੱਸਾ ਨਾ ਬਣ ਸਕੇ।

# ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਭਾਈਚਾਰਕ ਭਾਗੀਦਾਰੀ ਜ਼ਰੂਰੀ: ਰਾਸ਼ਟਰਪਤੀ ਮੁਰਮੂ

**ਨਵੀਂ ਦਿੱਲੀ:** ਜਲਵਾਯੂ ਪਰਿਵਰਤਨ ਦੀ ਗੁੰਝਲਦਾਰ ਚੁਣੌਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਸਰਕਾਰਾਂ, ਕਾਨੂੰਨੀ ਮਾਹਿਰਾਂ ਅਤੇ ਪ੍ਰਭਾਵਿਤ ਭਾਈਚਾਰਿਆਂ ਨੂੰ ਸ਼ਾਮਿਲ ਕਰਦੇ ਹੋਏ ਨੀਤੀਆਂ ਅਤੇ ਕਾਰਵਾਈਆਂ ਦਾ ਇੱਕ ਸੁਚੱਜਾ



ਢਾਂਚਾ ਜ਼ਰੂਰੀ ਹੈ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਐਤਵਾਰ ਨੂੰ ਕਿਹਾ।ਇਥੇ ਵਾਤਾਵਰਣ ਅਤੇ ਜਲਵਾਯੂ ਗਤੀਸ਼ੀਲਤਾ ਦਾ ਭਵਿੱਖ ਵਿਸ਼ੇ 'ਤੇ ਅੰਤਰਰਾਸ਼ਟਰੀ ਕਾਨਫਰੰਸ ਦੇ ਸਮਾਪਤੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਜਲਵਾਯੂ ਪਰਿਵਰਤਨ ਦਾ ਖ਼ੁਰਾਕ ਸੁਰੱਖਿਆ, ਸਿਹਤ ਅਤੇ ਰੋਜ਼ੀ-ਰੋਟੀ 'ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਢਾਂਚੇ ਵਿਚ ਜਲਵਾਯੂ ਪਰਿਵਰਤਨ ਨਾਲ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ, ਜਿਸ ਵਿੱਚ ਪੇਂਡੂ ਅਤੇ ਜੰਗਲਾਂ ਵਿੱਚ ਰਹਿਣ ਵਾਲੇ ਭਾਈਚਾਰਿਆਂ, ਛੋਟੇ ਕਿਸਾਨਾਂ, ਔਰਤਾਂ ਅਤੇ ਹੋਰ ਕਮਜ਼ੋਰ ਵਰਗਾਂ ਦੀਆਂ ਲੋੜਾਂ ਪ੍ਰਤੀ ਵਿਸ਼ੇਸ਼ ਸੰਵੇਦਨਸ਼ੀਲਤਾ ਹੋਵੇ। ਰਾਸ਼ਟਰਪਤੀ ਮੁਰਮੂ ਨੇ ਰਾਸ਼ਟਰੀ ਹਰਾ ਟ੍ਰਿਬਿਊਨਲ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਕਿਹਾ ਕਿ ਜਲਵਾਯੂ ਪਰਿਵਰਤਨ ਮਨੁੱਖੀ ਹੋਂਦ ਦੇ ਕਈ ਪੱਧਰਾਂ 'ਤੇ ਅਸੰਤੁਲਨ ਪੈਦਾ ਕਰਦਾ ਹੈ। ਜੈਵ ਵਿਭਿੰਨਤਾ ਦਾ ਨੁਕਸਾਨ, ਪਾਣੀ ਦਾ ਸੰਕਟ ਅਤੇ ਜ਼ਮੀਨ ਦੀ ਖਰਾਬੀ ਵਰਗੇ ਮੁੱਦੇ ਇਸ ਨਾਲ ਡੂੰਘੇ ਤੌਰ 'ਤੇ ਜੁੜੇ ਹੋਏ ਹਨ। ਇਸ ਦਾ ਖ਼ੁਰਾਕ ਸੁਰੱਖਿਆ, ਸਿਹਤ ਅਤੇ ਰੋਜ਼ੀ-ਰੋਟੀ 'ਤੇ ਵੀ ਗੰਭੀਰ ਪ੍ਰਭਾਵ ਪੈ ਰਿਹਾ ਹੈ।


## ਟਰੱਕਰ ਭਰਾਵਾਂ ਲਈ ਖ਼ੁਸ਼ਖ਼ਬਰੀ !

**ਲਾਇਸੈਂਸ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਟਰੱਕਰਜ਼ ਲਈ ਜ਼ਰੂਰੀ ਸੂਚਨਾਵਾਂ**

**ਟਰੱਕਾਂ ਨਾਲੋਂ ਟੈਕਸੀ ਕੈਬ (Taxi Cab) ਚਲਾਉਣਾ ਕਿਉਂ ਹੈ ਵਧੇਰੇ ਫਾਇਦੇਮੰਦ?**

ਸ਼ਿਕਾਗੋ-ਨਿਊਯਾਰਕ ਆਦਿ ਸ਼ਹਿਰਾਂ ਵਿਚ ਪਹਿਲਾਂ ਟੈਕਸੀ ਕੈਬਜ਼ (Taxi-Cabs) ਦਾ ਲਾਇਲੈਂਸ ਲੈਣਾ ਬਹੁਤ ਮਹਿੰਗਾ ਹੁੰਦਾ ਸੀ ਪਰ ਹੁਣ ਹਾਲਾਤ ਬਦਲ ਗਏ ਹਨ ਤੇ ਹੁਣ ਇਹ ਲਾਇਸੈਂਸ ਸਸਤੇ ਬਣ ਜਾਂਦੇ ਹਨ। Business Pool ਤੋਂ ਅੱਜ ਵੀ ਸ਼ਿਕਾਗੋ ਵਿਚ 35-40 ਡਾਲਰ ਘੰਟੇ ਦੀ ਬੁਕਿੰਗ ਹੋ ਰਹੀ ਹੈ ਜਦਕਿ ਨਿਊਯਾਰਕ ਵਿਚ ਰੇਟ 40 ਤੋਂ 50 ਡਾਲਰ ਹੈ।

* ਟੈਕਸੀ ਕੈਬ ਦੇ ਕੰਮ ਦੀ ਖਾਸੀਅਤ ਇਹ ਹੈ ਕਿ ਇਹ 24 ਘੰਟੇ/ਬਾਰਾਂ ਮਹੀਨੇ ਚੱਲਦਾ ਰਹਿੰਦਾ ਹੈ, ਜੋ 40-50 ਮੀਲ ਦੇ ਘੇਰੇ ਵਿਚ ਹੀ ਹੁੰਦਾ ਹੈ। ਆਮ ਤੌਰ 'ਤੇ ਘਰ ਤੋਂ ਇਕ ਘੰਟੇ ਦੀ ਦੂਰੀ 'ਤੇ ਹੀ।
* ਟਰੱਕਿੰਗ ਵਿਚ ਲੱਖਾਂ ਦੀ ਲਾਗਤ ਹੁੰਦੀ ਹੈ ਜਦਕਿ ਟੈਕਸੀ-ਕੈਬ ਵਿਚ 20 ਹਜ਼ਾਰ ਦੇ ਕਰੀਬ ਖਰਚਾ ਹੁੰਦਾ ਹੈ ਤੇ ਰੋਜ਼ਾਨਾ ਇਨਕਮ 400 ਤੋਂ 500 ਡਾਲਰ ਹੁੰਦੀ ਹੈ।
* ਜੇ ਤੁਸੀਂ investment ਨਹੀਂ ਵੀ ਕਰਨੀ ਚਾਹੁੰਦੇ ਤਾਂ rent 'ਤੇ ਕਾਰ ਲੈ ਕੇ ਵੀ ਪੈਸੇ ਬਣਾ ਸਕਦੇ ਹੋ।

*ਸ਼ਿਕਾਗੋ ਸ਼ਹਿਰ ਰਹਿਣ ਲਈ ਵੀ ਵਧੀਆ ਅਤੇ ਸਸਤਾ ਹੈ।

*** ਊਬਰ (Uber) ਦੇ ਮੁਕਾਬਲੇ ਟੈਕਸੀ ਕੈਬ (Taxi-Cab) ਤੋਂ ਬਣਦੇ ਹਨ ਵਧੇਰੇ ਪੈਸੇ:**

* ਊਬਰ ਵਿਚ 40% ਦੀ ਕਟੌਤੀ ਹੋ ਕੇ ਡਰਾਈਵਰ ਕੋਲ ਤਕਰੀਬਨ 60% ਪੈਸੇ ਹੀ ਬਚਦੇ ਹਨ ਜਦਕਿ ਟੈਕਸੀ ਕੈਬ ਵਿਚ ਡਰਾਈਵਰ ਨੂੰ ਰੋਜ਼ਾਨਾ cost ਕਰੀਬ 25 ਡਾਲਰ ਪੈਂਦੀ ਹੈ ਤੇ ਬਾਕੀ ਸਾਰੇ ਪੈਸੇ ਉਸ ਦੀ ਜੇਬ ਵਿਚ ਹੀ ਜਾਂਦੇ ਹਨ। ਸ਼ਿਕਾਗੋ ਸ਼ਹਿਰ ਵਿਚ ਕਈ ਮਿਹਨਤੀ ਡਰਾਈਵਰ ਰੋਜ਼ਾਨਾ 400-500 ਡਾਲਰ ਦੀ ਬੁਕਿੰਗ ਵੀ ਕਰ ਰਹੇ ਹਨ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

**HARDEEP GILL: 847-226-2515, JASSI GILL: 773-759-0433, PAUL SINGH: 847-293-0643**


# ਅਡਿਆਲਾ ਜੇਲ੍ਹ 'ਚ ਇਮਰਾਨ ਖ਼ਾਨ ਦੀ ਡਾਕਟਰੀ ਜਾਂਚ ਮੁਕੰਮਲ

**ਰਾਵਲਪਿੰਡੀ:** ਅਡਿਆਲਾ ਜੇਲ੍ਹ ਪ੍ਰਸ਼ਾਸਨ ਅਨੁਸਾਰ ਜੇਲ੍ਹ 'ਚ ਬੰਦ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ. ਆਈ.) ਦੇ ਸੰਸਥਾਪਕ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਇਕ ਵਿਸ਼ੇਸ਼ ਮੈਡੀਕਲ ਟੀਮ ਵਲੋਂ ਮੁਕੰਮਲ ਸਿਹਤ ਜਾਂਚ ਕੀਤੀ ਗਈ ਹੈ। ਇਸ ਵਿਸ਼ੇਸ਼ ਟੀਮ 'ਚ ਪਾਕਿਸਤਾਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਅਤੇ ਸ਼ਫ਼ਾ ਆਈ ਹਸਪਤਾਲ ਦੇ ਮਾਹਰ ਡਾਕਟਰ ਸ਼ਾਮਿਲ ਸਨ, ਜਿਨ੍ਹਾਂ ਨੇ ਜੇਲ੍ਹ ਪਹੁੰਚ ਕੇ ਉਨ੍ਹਾਂ ਦੀ ਸਿਹਤ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਇਸ ਮੈਡੀਕਲ ਟੀਮ ਦੀ ਅਗਵਾਈ ਪਿਮਸ ਦੇ ਡਾਕਟਰ ਆਰਿਫ਼ ਖ਼ਾਨ ਨੇ ਕੀਤੀ, ਜਦਕਿ ਅਡਿਆਲਾ ਜੇਲ੍ਹ ਹਸਪਤਾਲ ਦੇ ਅਮਲੇ ਨੇ ਜਾਂਚ ਦੌਰਾਨ ਉਨ੍ਹਾਂ ਦਾ ਸਹਿਯੋਗ ਕੀਤਾ।



# ਅਮਰੀਕਾ ਨੇ ਮੱਧ-ਪੂਰਬ 'ਚ ਦੂਤਘਰਾਂ ਨੂੰ ਕੀਤਾ ਅਲਰਟ

## ਦੌਰਾ ਖ਼ਤਮ ਹੋਣ ਤੋਂ ਪਹਿਲਾਂ ਹੀ ਵ੍ਹਾਈਟ ਹਾਊਸ ਪਰਤੇ ਟਰੰਪ

**ਵਾਸ਼ਿੰਗਟਨ ਡੀ.ਸੀ./ਤਹਿਰਾਨ:** ਮੱਧ-ਪੂਰਬ 'ਚ ਅਮਰੀਕਾ ਤੇ ਈਰਾਨ ਵਿਚਾਲੇ ਇਕ ਵਾਰ ਤਣਾਅ ਵਧਦਾ ਨਜ਼ਰ ਆ ਰਿਹਾ ਹੈ। ਅਮਰੀਕਾ ਨੇ ਇਲਾਕੇ 'ਚ ਮੌਜੂਦ ਆਪਣੇ ਦੂਤਾਘਰਾਂ ਦੇ ਨਾਗਰਿਕਾਂ ਲਈ ਸੁਰੱਖਿਆ ਅਲਰਟ ਜਾਰੀ ਕੀਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਲੋਕਾਂ ਨੂੰ ਵਧੇਰੇ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਇਸੇ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣਾ ਕੈਂਪ ਡੇਵਿਡ ਦੌਰਾ ਇਕ ਦਿਨ ਪਹਿਲਾਂ ਹੀ ਖ਼ਤਮ ਕਰ ਦਿੱਤਾ ਤੇ ਵ੍ਹਾਈਟ ਹਾਊਸ ਵਾਪਸ ਆ ਗਏ। ਟਰੰਪ ਦੀ ਸਮੇਂ ਤੋਂ ਪਹਿਲਾਂ ਵਾਪਸੀ ਦਾ ਕਾਰਨ ਵ੍ਹਾਈਟ 5 ਹਾਊਸ ਵਲੋਂ ਨਹੀਂ ਦੱਸਿਆ ਗਿਆ। ਉੱਧਰ ਰਸ਼ੀਆ ਟੂਡੇ ਦੀ ਰਿਪੋਰਟ ਮੁਤਾਬਕ ਅਮਰੀਕੀ ਬੀ-1ਬੀ ਲਾਂਸਰ ਬੰਬਾਰ ਨੇ ਬ੍ਰਿਟੇਨ ਦੇ ਆਰ.ਏ.ਐਫ. ਫੇਅਰਫੋਰਡ ਏਅਰਬੇਸ ਤੋਂ ਪੂਰੇ ਆਫ਼ਟਰਬਰਨਰ ਨਾਲ ਉਡਾਣ ਭਰੀ ਤੇ ਮੱਧ-ਪੂਰਬ ਵੱਲ ਰਵਾਨਾ ਹੋ ਗਿਆ।



### ਈਰਾਨ ਨੇ ਜੰਗ ਖ਼ਤਮ ਕਰਨ ਲਈ 7 ਸ਼ਰਤਾਂ ਰੱਖੀਆਂ

ਈਰਾਨ ਨੇ ਚੱਲ ਰਹੀ ਜੰਗ ਖ਼ਤਮ ਕਰਨ ਲਈ ਅਮਰੀਕਾ ਸਾਹਮਣੇ 7 ਸ਼ਰਤਾਂ ਰੱਖੀਆਂ ਹਨ। ਈਰਾਨ ਦਾ ਕਹਿਣਾ ਹੈ ਕਿ ਜੇਕਰ ਅਮਰੀਕਾ ਨੇ ਉਸ ਦੀਆਂ ਮੰਗਾਂ ਨਹੀਂ ਮੰਨੀਆਂ ਤਾਂ ਉਹ ਜੰਗ ਜਾਰੀ ਰੱਖਣ ਲਈ ਤਿਆਰ ਹੈ। ਈਰਾਨ ਦੇ ਸੁਰੱਖਿਆ ਮੁਖੀ ਮੋਹਸਿਨ ਰੇਜ਼ਾਈ ਨੇ ਅਲ ਜਜ਼ੀਰਾ ਨੂੰ ਦੱਸਿਆ ਕਿ ਕਤਰ ਨੇ ਵਿਚੋਲਗੀ ਕਰਦਿਆਂ ਈਰਾਨ ਦੀਆਂ ਸ਼ਰਤਾਂ ਅਮਰੀਕਾ ਤੱਕ ਪਹੁੰਚਾ ਦਿੱਤੀਆਂ ਹਨ। ਹੁਣ ਈਰਾਨ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਜਵਾਬ ਦੀ ਉਡੀਕ ਕਰ ਰਿਹਾ ਹੈ। ਰੇਜ਼ਾਈ ਮੁਤਾਬਕ ਈਰਾਨ ਦੀਆਂ ਮੰਗਾਂ 'ਚ ਸਾਰੇ ਮੋਰਚਿਆਂ 'ਤੇ ਜੰਗ ਰੋਕਣਾ, ਵਿਦੇਸ਼ਾਂ 'ਚ ਜ਼ਬਤ ਜਾਂ ਫ੍ਰੀਜ਼ ਕੀਤੇ ਗਏ ਈਰਾਨੀ ਫੰਡ ਜਾਰੀ ਕਰਨਾ ਅਤੇ ਸਮੁੰਦਰੀ ਨਾਕਾਬੰਦੀ ਖ਼ਤਮ ਕਰਨਾ ਸ਼ਾਮਲ ਹੈ।

# ਪਠਾਣਮਾਜਰਾ ਦੀ 'ਆਪ' ਤੋਂ ਦੂਰੀ ਮਗਰੋਂ ਭਾਜਪਾ ਵਿਚ ਜਾਣ ਦੀ ਤਿਆਰੀ

**ਭੁੰਨਰਹੇੜੀ:** ਹਲਕਾ ਸਨੌਰ ਦੀ ਸਿਆਸਤ 'ਚ ਇਕ ਵਾਰ ਫਿਰ ਨਵੇਂ ਸਿਆਸੀ ਸਮੀਕਰਨ ਬਣਨ ਦੀ ਚਰਚਾ ਤੇਜ਼ ਹੋ ਗਈ ਹੈ। ਆਮ ਆਦਮੀ ਪਾਰਟੀ ਦੀ ਟਿਕਟ 'ਤੇ 2022 ਵਿਚ ਸਨੌਰ ਤੋਂ ਵਿਧਾਇਕ ਬਣੇ ਹਰਮੀਤ ਸਿੰਘ ਪਠਾਣਮਾਜਰਾ ਨੇ ਹੁਣ ਭਾਰਤੀ ਜਨਤਾ ਪਾਰਟੀ ਵੱਲ ਰੁਖ ਕਰ ਲਿਆ ਹੈ। ਸੂਤਰਾਂ ਮੁਤਾਬਕ ਹੁਣ ਹਲਕੇ ਦੀ ਸਿਆਸਤ ਵਿਚ ਨਵਾਂ ਮੋੜ ਆਵੇਗਾ।

ਅਕਾਲੀ ਪਿਛੋਕੜ ਨਾਲ ਸਿਆਸੀ ਸਫ਼ਰ ਸ਼ੁਰੂ ਕਰਨ ਵਾਲੇ ਪਠਾਣਮਾਜਰਾ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਜ਼ਿਲ੍ਹਾ ਪ੍ਰਧਾਨ ਤੇ ਪੰਚਾਇਤ ਸੰਮਤੀ ਭੁੰਨਰਹੇੜੀ ਦੇ ਚੇਅਰਮੈਨ ਰਹਿ ਚੁੱਕੇ ਹਨ। ਸਨੌਰ ਤੋਂ ਵਿਧਾਨ ਸਭਾ ਟਿਕਟ ਨਾ ਮਿਲਣ ਮਗਰੋਂ ਉਨ੍ਹਾਂ ਨੇ 2017 ਵਿਚ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ ਪਰ ਕਾਮਯਾਬੀ ਨਹੀਂ ਮਿਲੀ। ਇਸ ਤੋਂ ਬਾਅਦ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਨੌਰ ਤੋਂ ਜਿੱਤ ਦਰਜ ਕਰਕੇ ਪਹਿਲੀ ਵਾਰ ਵਿਧਾਨ ਸਭਾ ਵਿਚ ਪੁੱਜੇ ਸਨ ਪਰ ਪਿਛਲੇ ਕਰੀਬ ਡੇਢ ਸਾਲ ਤੋਂ ਪਠਾਣਮਾਜਰਾ ਦੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨਾਲ ਦੂਰੀ ਸਿਆਸੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਮਈ 2026 ਵਿਚ ਉਨ੍ਹਾਂ ਨੂੰ ਇਕ ਮਾਮਲੇ ਵਿਚ ਹਾਈਕੋਰਟ ਤੋਂ ਜ਼ਮਾਨਤ ਮਿਲੀ ਤੇ ਬਾਅਦ ਵਿਚ ਉਹ ਜੇਲ੍ਹ ਤੋਂ ਬਾਹਰ ਆਏ। ਇਸੇ ਦੌਰਾਨ ਜੂਨ ਮਹੀਨੇ 'ਚ ਪਠਾਣਮਾਜਰਾ ਦੇ ਨਿੱਜੀ ਸਮਾਗਮ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਸਮੇਤ ਵੱਖ-ਵੱਖ ਸਿਆਸੀ ਆਗੂਆਂ ਦੀ ਸ਼ਮੂਲੀਅਤ ਵੀ ਚਰਚਾ ਵਿਚ ਰਹੀ ਸੀ ਪਰ ਹੁਣ ਪਠਾਣਮਾਜਰਾ ਦੇ ਭਾਜਪਾ ਵਿਚ ਜਾਣ ਦੀ ਤਿਆਰੀ ਦੀ ਸੰਭਾਵਨਾ ਬਣ ਗਈ ਜਾਪਦੀ ਹੈ।



# ਸੋਨੀਆ ਗਾਂਧੀ ਦੇ ਵੋਟਰ ਸੂਚੀ ਮਾਮਲੇ 'ਚ ਹੇਠਲੀ ਅਦਾਲਤ ਦਾ ਆਦੇਸ਼ ਰੱਦ



**ਨਵੀਂ ਦਿੱਲੀ:** ਦਿੱਲੀ ਦੀ ਇਕ ਸੈਸ਼ਨ ਕੋਰਟ ਨੇ ਕਾਂਗਰਸੀ ਨੇਤਾ ਸੋਨੀਆ ਗਾਂਧੀ ਦਾ ਵੋਟਰ ਸੂਚੀ 'ਚ ਨਾਂਅ ਸ਼ਾਮਿਲ ਹੋਣ ਨਾਲ ਜੁੜੇ ਮਾਮਲੇ 'ਚ ਮੈਜਿਸਟਰੇਟ ਦਾ ਪੁਰਾਣਾ ਆਦੇਸ਼ ਰੱਦ ਕਰ ਦਿੱਤਾ ਅਤੇ ਮਾਮਲੇ ਨੂੰ ਵਾਪਿਸ ਮੈਜਿਸਟਰੇਟ ਕੋਲ ਭੇਜ ਦਿੱਤਾ। ਨਾਲ ਹੀ ਸ਼ਿਕਾਇਤ 'ਤੇ ਨਵੇਂ ਸਿਰੇ ਤੋਂ ਦਲੀਲਾਂ ਸੁਣਨ ਅਤੇ ਕਾਨੂੰਨ ਮੁਤਾਬਿਕ ਕਾਰਨ ਸਮੇਤ ਆਦੇਸ਼ ਪਾਸ ਕਰਨ ਦੇ ਨਿਰਦੇਸ਼ ਦਿੱਤੇ। ਇਹ ਅਮਲ ਵਕੀਲ ਵਿਕਾਸ ਤ੍ਰਿਪਾਠੀ ਵਲੋਂ ਦਰਜ ਕੀਤੀ ਸ਼ਿਕਾਇਤ ਨਾਲ ਸੰਬੰਧਿਤ ਹੈ, ਜਿਸ 'ਚ ਉਨ੍ਹਾਂ ਇਲਜ਼ਾਮ ਲਗਾਇਆ ਸੀ ਕਿ ਸੋਨੀਆ ਗਾਂਧੀ ਦਾ ਨਾਂਅ 1983 'ਚ ਭਾਰਤੀ ਨਾਗਰਿਕਤਾ ਮਿਲਣ ਤੋਂ ਤਕਰੀਬਨ 3 ਸਾਲ ਪਹਿਲਾਂ ਵੋਟਰ ਸੂਚੀ 'ਚ ਦਰਜ ਕੀਤਾ ਗਿਆ ਸੀ।

# ਇਮਰਾਨ ਖ਼ਾਨ ਦੀ ਭੈਣ ਨੂੰ ਲਾਹੌਰ ਤੋਂ ਗ੍ਰਿਫ਼ਤਾਰ ਕਰਕੇ ਕੀਤਾ ਨਜ਼ਰਬੰਦ

**ਲਾਹੌਰ:** ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ. ਟੀ.ਆਈ) ਦੇ ਬਾਨੀ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਭੈਣ ਅਲੀਮਾ ਖ਼ਾਨ ਨੂੰ ਪੁਲਿਸ ਨੇ ਹਿਰਾਸਤ ਚ ਲੈ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਅਲੀਮਾ ਖ਼ਾਨ ਨੂੰ ਲਾਹੌਰ ਜਿਮਖ਼ਾਨਾ ਦੇ ਨਜ਼ਦੀਕ ਤੋਂ ਲਿਟਨ ਰੋਡ ਥਾਣੇ ਦੀ ਪੁਲਿਸ ਨੇ ਮੇਨਟੇਨੈਂਸ ਆਫ ਪਬਲਿਕ ਆਰਡਰ (3 ਐਮ.ਪੀ.ਓ.) ਕਾਨੂੰਨ ਤਹਿਤ ਹਿਰਾਸਤ 'ਚ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਦੀ ਬੇਨਤੀ 'ਤੇ ਡਿਪਟੀ ਕਮਿਸ਼ਨਰ ਵਲੋਂ 8 ਐੱਮ. ਪੀ.ਓ. ਤਹਿਤ ਨਜ਼ਰਬੰਦੀ ਦੇ ਹੁਕਮ ਜਾਰੀ ਕੀਤੇ ਗਏ ਸਨ। ਵਕੀਲ ਖ਼ਾਲਿਦ ਯੂਸਫ਼ ਨੇ ਦੱਸਿਆ ਕਿ ਫਿਲਹਾਲ ਇਸ ਨਜ਼ਰਬੰਦੀ ਦੇ ਖ਼ਾਸ ਆਧਾਰ ਅਤੇ ਕਾਰਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਹਮਣੇ ਨਹੀਂ ਆਈ ਹੈ। 3-ਐੱਮ. ਪੀ. ਓ. ਕਾਨੂੰਨ ਬਾਰੇ ਦੱਸਿਆ ਜਾ ਰਿਹਾ ਹੈ ਕਿ ਇਹ ਇਕ ਰੋਕਥਾਮੀ ਨਜ਼ਰਬੰਦੀ ਕਾਨੂੰਨ ਹੈ, ਜੋ ਬ੍ਰਿਟਿਸ਼ ਸ਼ਾਸਨ ਕਾਲ ਦੇ ਨਿਯਮਾਂ 'ਤੇ ਆਧਾਰਿਤ ਹੈ ਅਤੇ ਪਾਕਿ 'ਚ 1960 ਦੌਰਾਨ ਇਕ ਆਰਡੀਨੈਂਸ ਵਜੋਂ ਲਾਗੂ ਕੀਤਾ ਗਿਆ ਸੀ। ਧਾਰਾ 3 ਦੇ ਤਹਿਤ ਸਰਕਾਰ ਜਾਂ ਅਧਿਕਾਰਤ ਪ੍ਰਸ਼ਾਸਨਿਕ ਅਧਿਕਾਰੀ ਜਨਤਕ ਅਮਨ-ਕਾਨੂੰਨ ਭੰਗ ਹੋਣ ਤੋਂ ਰੋਕਣ ਲਈ ਕਿਸੇ ਵੀ ਵਿਅਕਤੀ ਨੂੰ ਸ਼ੁਰੂਆਤ 'ਚ 30 ਦਿਨਾਂ ਤੋਂ ਲੈ ਕੇ 3 ਮਹੀਨਿਆਂ ਤੱਕ ਹਿਰਾਸਤ ਵਿਚ ਰੱਖਣ ਦੇ ਹੁਕਮ ਦੇ ਸਕਦੇ ਹਨ। ਇਸ ਹਿਰਾਸਤ ਨੂੰ 6 ਮਹੀਨਿਆਂ ਤੱਕ ਵਧਾਇਆ ਜਾ ਸਕਦਾ ਹੈ, ਪਰ 90 ਦਿਨਾਂ ਤੋਂ ਵੱਧ ਦੀ ਨਜ਼ਰਬੰਦੀ ਲਈ ਹਾਈ ਕੋਰਟ ਦੇ ਜੱਜਾਂ ਦੇ ਬਣੇ ਜੁਡੀਸ਼ੀਅਲ ਬੋਰਡ ਵਲੋਂ ਸਮੀਖਿਆ ਜ਼ਰੂਰੀ ਹੁੰਦੀ ਹੈ।



# ਕੇਂਦਰੀ ਪੰਜਾਬੀ ਲੇਖਕ ਸਭਾ ਨੇ ਚੰਦ ਫ਼ਤਿਹਪੁਰੀ ਦੇ ਵਿਛੋੜੇ ਨੂੰ ਪੰਜਾਬੀ ਪੱਤਰਕਾਰੀ ਲਈ ਵੱਡਾ ਘਾਟਾ ਦੱਸਿਆ



**ਚੰਡੀਗੜ੍ਹ:** ਉੱਘੇ ਪੱਤਰਕਾਰ, 'ਨਵਾਂ ਜ਼ਮਾਨਾ' ਦੇ ਸੰਪਾਦਕ ਅਤੇ ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦੇ ਸੀਨੀਅਰ ਆਗੂ ਕਾਮਰੇਡ ਚੰਦ ਫ਼ਤਿਹਪੁਰੀ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਕਾਮਰੇਡ ਚੰਦ ਫ਼ਤਿਹਪੁਰੀ ਨੇ ਲੰਮੇ ਸਮੇਂ ਤੱਕ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਸਰਗਰਮ ਭੂਮਿਕਾ ਨਿਭਾਈ। 'ਨਵਾਂ ਜ਼ਮਾਨਾ' ਨਾਲ ਉਨ੍ਹਾਂ ਦਾ ਲੰਮਾ ਅਤੇ ਗਹਿਰਾ ਸਬੰਧ ਰਿਹਾ ਅਤੇ ਸੰਪਾਦਕ ਵਜੋਂ ਉਨ੍ਹਾਂ ਨੇ ਅਖ਼ਬਾਰ ਦੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਆਪਣੀ ਲੇਖਣੀ ਰਾਹੀਂ ਉਨ੍ਹਾਂ ਨੇ ਲੋਕਾਂ ਦੇ ਦੁੱਖ-ਦਰਦ, ਸਮਾਜਕ ਸਰੋਕਾਰਾਂ ਅਤੇ ਆਮ ਲੋਕਾਂ ਦੇ ਹੱਕਾਂ ਨਾਲ ਜੁੜੇ ਸਵਾਲਾਂ ਨੂੰ ਆਵਾਜ਼ ਦਿੱਤੀ। ਖੱਬੀ ਲਹਿਰ ਨਾਲ ਜੁੜੇ ਇੱਕ ਸਰਗਰਮ ਆਗੂ ਵਜੋਂ ਵੀ ਉਨ੍ਹਾਂ ਦੀ ਲੰਮੀ ਭੂਮਿਕਾ ਰਹੀ। ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਪੱਤਰਕਾਰੀ ਅਤੇ ਲੋਕ-ਪੱਖੀ ਜਨਤਕ ਜੀਵਨ ਵਿੱਚ ਇੱਕ ਅਜਿਹੀ ਆਵਾਜ਼ ਦਾ ਵਿਛੋੜਾ ਹੋਇਆ ਹੈ, ਜਿਸ ਦੀ ਘਾਟ ਸਦਾ ਮਹਿਸੂਸ ਹੁੰਦੀ ਰਹੇਗੀ।

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਚੰਦ ਫ਼ਤਿਹਪੁਰੀ ਦਾ ਵਿਛੋੜਾ ਪੰਜਾਬੀ ਪੱਤਰਕਾਰੀ ਲਈ ਹੀ ਨਹੀਂ, ਸਗੋਂ ਲੋਕ-ਪੱਖੀ ਸੋਚ ਅਤੇ ਸਮਾਜਕ ਸਰੋਕਾਰਾਂ ਲਈ ਵੀ ਵੱਡਾ ਘਾਟਾ ਹੈ। ਉਨ੍ਹਾਂ ਕਿਹਾ ਕਿ ਚੰਦ ਫ਼ਤਿਹਪੁਰੀ ਨੇ ਪੱਤਰਕਾਰੀ ਨੂੰ ਸਿਰਫ਼ ਰੋਜ਼ਾਨਾ ਘਟਨਾਵਾਂ ਦੀ ਰਿਪੋਰਟਿੰਗ ਤੱਕ ਸੀਮਤ ਨਹੀਂ ਰੱਖਿਆ, ਸਗੋਂ ਇਸ ਨੂੰ ਲੋਕਾਂ ਦੇ ਸਵਾਲਾਂ ਅਤੇ ਸਮਾਜ ਦੀਆਂ ਹਕੀਕਤਾਂ ਨਾਲ ਜੋੜ ਕੇ ਦੇਖਿਆ। ਉਹ ਆਪਣੇ ਵਿਚਾਰਾਂ ਪ੍ਰਤੀ ਵਚਨਬੱਧ ਅਤੇ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਪੱਤਰਕਾਰ ਸਨ। ਸਭਾ ਦੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀ ਲਿਖਤ, ਉਨ੍ਹਾਂ ਦੀ ਸੋਚ ਅਤੇ ਲੋਕ-ਪੱਖੀ ਪੱਤਰਕਾਰੀ ਦੀ ਰਵਾਇਤ ਉਨ੍ਹਾਂ ਦੀ ਯਾਦ ਨੂੰ ਜਿਊਂਦਾ ਰੱਖੇਗੀ।

# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 31ਵੀਂ ਬਰਸੀ ਮੌਕੇ ਮਨੁੱਖੀ ਅਧਿਕਾਰ ਦਿਹਾੜਾ ਮਨਾਇਆ

## ਬੁਲਾਰਿਆਂ ਵੱਲੋਂ ਦੁਨੀਆਂ ਭਰ ਵਿਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ 'ਤੇ ਚਿੰਤਾ ਦਾ ਪ੍ਰਗਟਾਵਾ

**ਫਰਿਜ਼ਨੋ:** ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਅਤੇ ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਵੱਲੋਂ ਲੜੀ ਗਈ ਲੜਾਈ ਨੂੰ ਸਮਰਪਿਤ ਵਿਸ਼ੇਸ਼ ਸਮਾਗਮ 'ਮਨੁੱਖੀ ਅਧਿਕਾਰ ਦਿਹਾੜਾ' ਲੰਘੇ ਸ਼ਨਿਚਰਵਾਰ ਫਰਿਜ਼ਨੋ ਵਿਖੇ ਮਨਾਇਆ ਗਿਆ।







ਸਥਾਨਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿਚ ਬਣੇ ਖਾਲੜਾ ਪਾਰਕ ਵਿਖੇ ਪਾਰਕ ਦੀ ਪ੍ਰਬੰਧਕ ਕਮੇਟੀ ਵੱਲੋਂ ਇੰਡੋ-ਯੂ.ਐਸ. ਹੈਰੀਟੇਜ਼ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਵਿਚ ਸ਼ਹੀਦ ਖਾਲੜਾ ਦੀ 31ਵੀਂ ਬਰਸੀ ਮੌਕੇ ਉਨ੍ਹਾਂ ਦੀ ਕੁਰਬਾਨੀ ਅਤੇ ਮਨੁੱਖੀ ਅਧਿਕਾਰਾਂ ਲਈ ਕੀਤੇ ਸੰਘਰਸ਼ ਨੂੰ ਯਾਦ ਕੀਤਾ ਗਿਆ।

ਇਸ ਮੌਕੇ 9/11 ਦੀ 25ਵੀਂ ਬਰਸੀ ਨੂੰ ਮੁੱਖ ਰੱਖਦਿਆਂ ਅਮਰੀਕਾ ਵਿਚ ਹੋਏ ਅੱਤਵਾਦੀ ਹਮਲਿਆਂ ਦੌਰਾਨ ਮਾਰੇ ਗਏ ਹਜ਼ਾਰਾਂ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਬੁਲਾਰਿਆਂ ਨੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਉਲੰਘਣਾ 'ਤੇ ਚਿੰਤਾ ਪ੍ਰਗਟ ਕਰਦਿਆਂ ਇਨਸਾਫ਼, ਬਰਾਬਰੀ ਅਤੇ ਮਨੁੱਖੀ ਮਰਿਆਦਾ ਦੀ ਰਾਖੀ ਲਈ ਸਾਂਝੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ।

ਸਮਾਗਮ ਦੀ ਸ਼ੁਰੂਆਤ ਸੰਗਤ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਨਾਲ ਕੀਤੀ ਗਈ। ਉਪਰੰਤ ਭਾਈ ਮਹਿਲਾ ਸਿੰਘ ਦੇ ਕਵੀਸ਼ਰੀ ਜਥੇ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਕੁਰਬਾਨੀ ਨੂੰ ਕਵੀਸ਼ਰੀ ਰਾਹੀਂ ਯਾਦ ਕਰਵਾਇਆ। ਸਟੇਜੀ ਪ੍ਰੋਗਰਾਮ ਦੀ ਸ਼ੁਰੂਆਤ ਰਾਜ ਸਿੱਧੂ ਮੋਗਾ ਨੇ ਆਈ ਸੰਗਤ ਨੂੰ ਜੀ ਆਇਆਂ ਆਖਦਿਆਂ ਕੀਤੀ, ਜਦਕਿ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਪੱਤਰਕਾਰ ਨੀਟਾ ਮਾਛੀਕੇ ਨੇ ਨਿਭਾਈ। ਗਾਇਕ ਕਮਲਜੀਤ ਬੈਨੀਪਾਲ ਨੇ ਧਾਰਮਿਕ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਗਾਇਕ ਗੁਰਦੀਪ ਧਾਲੀਵਾਲ, ਕਮਲਜੀਤ ਬੈਨੀਪਾਲ ਅਤੇ ਸ਼ਾਇਰ ਰਣਜੀਤ ਗਿੱਲ ਨੇ 'ਮਿੱਟੀ ਪੰਜਾਬ ਦੀ' ਨਾਮਕ ਕਵਿਸ਼ਰੀ ਗਾ ਕੇ ਸਭਨਾਂ ਨੂੰ ਪ੍ਰਭਾਵਿਤ ਕੀਤਾ। ਸ. ਮਲਕੀਤ ਸਿੰਘ ਕਿੰਗਰਾ ਨੇ ਸਵ. ਸਰਪੰਚ ਅਵਤਾਰ ਸਿੰਘ ਨੂੰ ਯਾਦ ਕਰਦਿਆਂ ਸਮੂਹ ਸੰਗਤ ਨਾਲ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਸੰਗਤ ਦੀ ਸਹਿਮਤੀ ਨਾਲ ਮਤਾ ਵੀ ਪਾਸ ਕਰਵਾਇਆ ਕਿ ਪੰਜਾਬ ਸਰਕਾਰ ਪਿੰਡ ਖਾਲੜਾ ਦੇ ਸਕੂਲ ਦਾ ਨਾਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ 'ਤੇ ਰੱਖੇ ਜਾਂ ਪਿੰਡ ਵਿਚ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕੋਈ ਢੁੱਕਵੀਂ ਯਾਦਗਾਰ ਉਸਾਰੇ। ਹਰਨੇਕ ਸਿੰਘ ਲੋਹਗੜ੍ਹ ਅਤੇ ਗੁਰਦੀਪ ਸਿੰਘ ਚੰਨਣਵਾਲ ਨੇ ਕਵੀਸ਼ਰੀ ਰਾਹੀਂ ਹਾਜ਼ਰੀ ਲਵਾਈ, ਜਦਕਿ ਗਾਇਕ ਪੱਪੀ ਭਦੌੜ, ਬੀਬਾ ਦਿਲਪ੍ਰੀਤ ਅਤੇ ਰਾਜ ਬਰਾੜ ਸਮੇਤ ਹੋਰ ਕਲਾਕਾਰਾਂ ਨੇ ਇਨਕਲਾਬੀ ਗੀਤਾਂ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਬੁਲਾਰਿਆਂ ਵਿਚ ਪੰਜਾਬੀ ਰੇਡੀਓ ਯੂਐਸਏ ਦੇ ਹੋਸਟ ਪ੍ਰਵੀਨ ਕੁਮਾਰ ਸ਼ਰਮਾ, ਪ੍ਰਾਈਮ ਏਸ਼ੀਆ ਟੀਵੀ ਤੋਂ ਜੋਤ ਰਣਜੀਤ ਕੌਰ, ਸੁਖਦੇਵ ਸਿੰਘ ਸਿੱਧੂ, ਸੁਰਿੰਦਰ ਮੰਡਾਲੀ, ਜਸਪ੍ਰੀਤ ਸਿੱਧੂ, ਨੈਨਦੀਪ ਸਿੰਘ ਚੰਨ, ਖਾਲੜਾ ਐਲੀਮੈਂਟਰੀ ਸਕੂਲ ਫਰਿਜ਼ਨੋ ਦੇ ਪ੍ਰਿੰਸੀਪਲ ਰਾਉਲ ਦੀਆਜ, ਡਾ. ਅਰਜਨ ਸਿੰਘ ਜੋਸ਼ਨ, ਸਾਧੂ ਸਿੰਘ ਸੰਘਾ, ਹੈਰੀ ਮਾਨ, ਸ਼ਾਇਰ ਹਰਜਿੰਦਰ ਕੰਗ, ਸਰਬਜੀਤ ਸਿੰਘ ਸਰਾਂ, ਮਨਜੀਤ ਸਿੰਘ ਪੱਤੜ ਅਤੇ ਰੇਡੀਓ ਹੋਸਟ ਗੁਰਦੀਪ ਸਿੰਘ ਸ਼ੇਰਗਿੱਲ ਆਦਿ ਸ਼ਾਮਲ ਸਨ।

ਇਸ ਮੌਕੇ ਫਰਿਜ਼ਨੋ ਸਿਟੀ ਲਈ ਚੋਣ ਲੜ ਰਹੇ ਨੈਨਦੀਪ ਸਿੰਘ ਚੰਨ ਨੇ ਆਪਣੇ ਚੋਣ ਖੇਤਰ ਸਬੰਧੀ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ, ਜਦਕਿ ਸਕੂਲ ਟਰੱਸਟੀ ਜਸਪ੍ਰੀਤ ਸਿੱਧੂ ਨੇ ਸਕੂਲ ਬੋਰਡ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਸਰਦਾਰਨੀ ਪਰਮਜੀਤ ਕੌਰ ਖਾਲੜਾ, ਬੇਟੀ ਨਵਕਿਰਨ ਕੌਰ ਖਾਲੜਾ, ਐਡਵੋਕੇਟ ਨਰਿੰਦਰ ਸਿੰਘ ਚਾਹਲ, ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਕੌਰ ਉਦਾਸੀ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਾਬਕਾ ਪ੍ਰਿੰਸੀਪਲ, ਸਾਬਕਾ ਵਾਈਸ ਚਾਂਸਲਰ ਦਲਜੀਤ ਸਿੰਘ ਉਚੇਚੇ ਤੌਰ 'ਤੇ ਸ਼ਾਮਲ ਹੋਏ। ਇਨ੍ਹਾਂ ਸ਼ਖ਼ਸੀਅਤਾਂ ਨੇ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ।

ਨਵਕਿਰਨ ਕੌਰ ਖਾਲੜਾ ਨੇ ਆਪਣੇ ਸੰਬੋਧਨ ਦੌਰਾਨ ਆਪਣੇ ਸ਼ਹੀਦ ਪਿਤਾ ਜਸਵੰਤ ਸਿੰਘ ਖਾਲੜਾ ਦੇ ਮਿਸ਼ਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸਰਦਾਰਨੀ ਪਰਮਜੀਤ ਕੌਰ ਖਾਲੜਾ ਨੇ ਕਿਹਾ ਕਿ ਕੁਝ ਲੋਕ ਖਾਲੜਾ ਸਾਹਿਬ ਦੇ ਮਿਸ਼ਨ ਨੂੰ ਸੀਮਤ ਦਾਇਰੇ ਵਿਚ ਰੱਖ ਕੇ ਦੇਖਦੇ ਹਨ, ਜਦਕਿ ਉਨ੍ਹਾਂ ਮੁਤਾਬਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲੜਾਈ ਧਰਮ, ਜਾਤ-ਪਾਤ ਅਤੇ ਸਰਹੱਦਾਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਅਤੇ ਮਨੁੱਖੀ ਅਧਿਕਾਰਾਂ ਲਈ ਸੀ। ਪ੍ਰਿਤਪਾਲ ਕੌਰ ਉਦਾਸੀ ਨੇ ਆਪਣੇ ਪਿਤਾ ਸਵ. ਸੰਤ ਰਾਮ ਉਦਾਸੀ ਦੀਆਂ ਇਨਕਲਾਬੀ ਕਵਿਤਾਵਾਂ ਗਾ ਕੇ ਸਮਾਗਮ ਵਿਚ ਵੱਖਰਾ ਰੰਗ ਬੰਨ੍ਹਿਆ। ਐਡਵੋਕੇਟ ਨਰਿੰਦਰ ਸਿੰਘ ਚਾਹਲ ਨੇ ਭਾਵੁਕ ਹੁੰਦਿਆਂ ਸ਼ਹੀਦ ਜਸਵੰਤ ਸਿੰਘ ਖਾਲੜਾ ਨਾਲ ਬਿਤਾਏ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ, ਡਾ. ਦਲਜੀਤ ਸਿੰਘ ਨੇ ਗੁਰਬਾਣੀ ਦੀ ਰੌਸ਼ਨੀ ਵਿਚ ਸ਼ਹੀਦ ਖਾਲੜਾ ਦੇ ਮਿਸ਼ਨ ਅਤੇ ਮਨੁੱਖੀ ਹੱਕਾਂ ਦੀ ਮਹੱਤਤਾ ਬਾਰੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸਮਾਜ ਅਤੇ ਭਾਈਚਾਰੇ ਲਈ ਸੇਵਾਵਾਂ ਨਿਭਾਉਣ ਵਾਲੀਆਂ ਹੋਰ ਕਈ ਸ਼ਖ਼ਸੀਅਤਾਂ ਨੂੰ ਵੀ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿਚ ਖਾਲੜਾ ਪਾਰਕ ਪ੍ਰਬੰਧਕ ਕਮੇਟੀ ਦੇ ਮੋਢੀ ਮੈਂਬਰ ਸ. ਹਰਦੇਵ ਸਿੰਘ ਸਿੱਧੂ ਨੇ ਦੂਰੋਂ-ਨੇੜਿਓਂ ਪਹੁੰਚੀ ਸੰਗਤ, ਬੁਲਾਰਿਆਂ, ਕਲਾਕਾਰਾਂ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਚਾਹ-ਪਕੌੜਿਆਂ ਦਾ ਲੰਗਰ ਅਤੁੱਟ ਵਰਤਾਇਆ ਗਿਆ, ਜਦਕਿ ਨਿਊ ਇੰਡੀਆ ਸਵੀਟ ਐਂਡ ਸਪਾਈਸ ਦੇ ਜਸਵਿੰਦਰ ਸਿੰਘ ਵੱਲੋਂ ਜਲੇਬੀਆਂ ਦਾ ਲੰਗਰ ਲਗਾਇਆ ਗਿਆ। ਮਨੁੱਖੀ ਅਧਿਕਾਰਾਂ ਦੀ ਰਾਖੀ, ਸ਼ਹੀਦਾਂ ਦੀ ਯਾਦ ਅਤੇ ਇਨਸਾਫ਼ ਦੀ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੰਦਾ ਇਹ ਸਮਾਗਮ ਅਮਿੱਟ ਪੈੜਾਂ ਛੱਡਦਾ ਹੋਇਆ ਯਾਦਗਾਰੀ ਹੋ ਨਿਬੜਿਆ।

*-ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ*

# ਸੰਖੇਪ ਪਰ ਵਿਸ਼ੇਸ਼

## 'ਹਨੂਮਾਨ ਅੰਸ਼' ਨੇ ਕਮਾਏ 300 ਕਰੋੜ ਰੁਪਏ




**ਨਵੀਂ ਦਿੱਲੀ:** ਨੀਬ ਕਰੌਰੀ ਬਾਬਾ ਦੇ ਜੀਵਨ 'ਤੇ ਬਣੀ ਫਿਲਮ 'ਹਨੂਮਾਨ ਅੰਸ਼' ਨੇ ਬਾਕਸ ਆਫਿਸ 'ਤੇ 300 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਦਾ ਅੰਕੜਾ ਪਾਰ ਕਰ ਲਿਆ ਹੈ। ਮਹਿਜ਼ ਲਗਭਗ ਦੋ ਕਰੋੜ ਰੁਪਏ 'ਚ ਬਣੀ ਵਿਸ਼ਾਲ ਚਤੁਰਵੇਦੀ ਦੇ ਨਿਰਦੇਸ਼ਨ ਵਾਲੀ ਇਹ ਫਿਲਮ ਸੱਤ ਅਗਸਤ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ। ਟਰੇਡ ਟ੍ਰੈਕਿੰਗ ਵੈੱਬਸਾਈਟ ਸੈਕਨਿਲਕ ਮੁਤਾਬਕ, ਫਿਲਮ ਦਾ ਗਲੋਬਲ ਬਾਕਸ ਆਫਿਸ 'ਤੇ ਕੁੱਲ ਕਲੈਕਸ਼ਨ 329.30 ਕਰੋੜ ਰੁਪਏ ਹੈ। ਰਿਲੀਜ਼ ਹੋਣ ਤੋਂ ਬਾਅਦ ਪਹਿਲੇ ਦੋ ਹਫ਼ਤਿਆਂ 'ਚ ਇਸ ਫਿਲਮ ਦੀ ਕਮਾਈ ਘੱਟ ਰਹੀ, ਪਰ ਦਰਸ਼ਕਾਂ ਦੀ ਸਕਾਰਾਤਮਕ ਪ੍ਰਤੀਕਿਰਿਆ ਕਾਰਨ ਫਿਲਮ ਨੇ ਅਜਿਹੀ ਰਫ਼ਤਾਰ ਫੜੀ ਕਿ ਇਹ ਬਲਾਕਬਸਟਰ ਬਣ ਗਈ।

## ਸਾਬਕਾ ਮੇਅਰ ਤੋਂ ਬਿਸ਼ਨੋਈ ਗੈਂਗ ਨੇ ਮੰਗੀ ਰੰਗਦਾਰੀ



**ਰਾਏਪੁਰ:** ਰਾਏਪੁਰ ਦੇ ਸਾਬਕਾ ਮੇਅਰ ਏਜਾਜ਼ ਢੇਬਰ ਦੇ ਮੋਬਾਈਲ 'ਤੇ ਵਿਦੇਸ਼ੀ ਨੰਬਰ ਤੋਂ ਫੋਨ ਕਰ ਕੇ 50 ਕਰੋੜ ਰੁਪਏ ਦੀ ਰੰਗਦਾਰੀ ਮੰਗਣ ਅਤੇ ਜਾਨੋਂ ਮਾਰਨ ਦੀ ਧਮਕੀ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਫੋਨ ਕਰਨ ਵਾਲੇ ਨੇ ਖ਼ੁਦ ਨੂੰ ਲਾਰੈਂਸ ਬਿਸ਼ਨੋਈ ਅਤੇ ਅਮਨ ਸਾਵ ਗੈਂਗ ਨਾਲ ਜੁੜਿਆ ਦੱਸਿਆ। ਤਿੰਨ-ਚਾਰ ਦਿਨਾਂ ਤੱਕ ਲਗਾਤਾਰ ਧਮਕੀ ਭਰੇ ਫੋਨ ਆਉਣ ਤੋਂ ਬਾਅਦ ਢੇਬਰ ਨੇ ਸ਼ਨੀਵਾਰ ਰਾਤ ਕੋਤਵਾਲੀ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਅਣਜਾਣ ਮੁਲਜ਼ਮ ਖ਼ਿਲਾਫ਼ ਮੁਕੱਦਮਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵਿਦੇਸ਼ੀ ਨੰਬਰ ਦੀ ਤਕਨੀਕੀ ਜਾਂਚ ਕਰ ਰਹੀ ਹੈ। ਧਮਕੀ ਦੇਣ ਵਾਲੇ ਨੇ ਅਮਨ ਸਾਵ ਗੈਂਗ ਦਾ ਨਾਂ ਵੀ ਲਿਆ ਹੈ। ਇਸ ਤੋਂ ਬਾਅਦ ਪੁਲਿਸ ਅਮਨ ਸਾਵ ਦੇ ਪੁਰਾਣੇ ਰਾਏਪੁਰ ਕਨੈਕਸ਼ਨ ਨੂੰ ਵੀ ਜਾਂਚ ਵਿਚ ਰੱਖ ਰਹੀ ਹੈ।

## ਆਦਿ ਕੈਲਾਸ਼ ਯਾਤਰਾ ਦਾ ਦੂਜਾ ਪੜਾਅ ਸ਼ੁਰੂ

**ਧਾਰਚੂਲਾ:** ਆਦਿ ਕੈਲਾਸ ਅਤੇ ਓਮ ਪਰਬਤ ਦੀ ਪਵਿੱਤਰ ਯਾਤਰਾ ਦੇ ਦੂਜੇ ਪੜਾਅ ਦਾ ਸ਼ੁਭ ਆਰੰਭ ਐਤਵਾਰ ਨੂੰ ਹੋ ਗਿਆ ਹੈ।



ਇਸ ਦੇ ਨਾਲ ਹੀ ਦੇਸ਼ ਭਰ ਤੋਂ ਸ਼ਿਵ ਭਗਤਾਂ ਅਤੇ ਸ਼ਰਧਾਲੂਆਂ ਦਾ ਧਾਰਚੂਲਾ ਪਹੁੰਚਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਪਹਿਲੇ ਦਿਨ 481 ਯਾਤਰੀਆਂ ਨੂੰ ਪ੍ਰਸ਼ਾਸਨ ਨੇ ਇਨਰਲਾਈਨ ਪਰਮਿਟ (ਯਾਤਰਾ ਪਾਸ) ਜਾਰੀ ਕੀਤੇ। ਬਮ-ਬਮ ਭੋਲੇ ਅਤੇ ਹਰ-ਹਰ ਮਹਾਦੇਵ ਦੇ ਜ਼ੋਰਦਾਰ ਨਾਅਰੇ ਲਗਾਉਂਦੇ ਹੋਏ ਯਾਤਰੀ ਆਪਣੇ ਅਗਲੇ ਪੜਾਅ ਗੁੰਜੀ ਲਈ ਰਵਾਨਾ ਹੋਏ। ਸਾਰੇ ਸੋਮਵਾਰ ਨੂੰ ਆਦਿ ਕੈਲਾਸ ਅਤੇ ਓਮ ਪਰਬਤ ਦੇ ਅਲੌਕਿਕ ਦਰਸ਼ਨ ਕਰਨਗੇ। ਏਡੀਸੀ ਆਸ਼ੀਸ਼ ਜੋਸ਼ੀ ਨੇ ਦੱਸਿਆ ਕਿ ਯਾਤਰਾ ਦੇ ਪਹਿਲੇ ਦਿਨ ਦਰਸ਼ਨਾਂ ਲਈ ਜਾਣ ਵਾਲਿਆਂ ਵਿਚ ਸਭ ਤੋਂ ਵੱਧ ਗਿਣਤੀ ਬੰਗਾਲ ਦੇ ਯਾਤਰੀਆਂ ਦੀ ਰਹੀ। ਦੂਜੇ ਨੰਬਰ 'ਤੇ ਗੁਜਰਾਤ ਦੇ ਸ਼ਰਧਾਲੂ ਰਹੇ।




## 57 ਕਿੱਲੋ ਹੈਰੋਇਨ ਤੇ ਅਸਲੇ ਸਣੇ ਸੱਤ ਗ੍ਰਿਫ਼ਤਾਰ

**ਫ਼ਰੀਦਕੋਟ/ਅੰਮ੍ਰਿਤਸਰ:** ਪੁਲਿਸ ਨੇ ਫ਼ਰੀਦਕੋਟ ਤੇ ਅੰਮ੍ਰਿਤਸਰ 'ਚ ਸਰਹੱਦ ਪਾਰ ਤੋਂ ਹੈਰੋਇਨ ਤਸਕਰੀ ਨੈੱਟਵਰਕ ਦਾ ਪਰਦਾਫ਼ਾਸ਼ ਕਰਦੇ ਹੋਏ ਸੱਤ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰ ਕੇ 57.332 ਕਿਲੋ ਹੈਰੋਇਨ ਤੇ ਤਿੰਨ ਪਿਸਟਲ ਬਰਾਮਦ ਕੀਤੇ ਹਨ। ਇਹ ਜਾਣਕਾਰੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦਿੱਤੀ।

# ਖੰਘ ਦੀ ਦਵਾਈ ਦੀਆਂ ਬੋਤਲਾਂ 'ਤੇ ਲਾਲ ਰੰਗ ਨਾਲ ਲਿਖੀ ਜਾਏਗੀ ਚਿਤਾਵਨੀ



**ਨਵੀਂ ਦਿੱਲੀ:** ਛੋਟੇ ਬੱਚਿਆਂ ਦੀ ਸਿਹਤ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਛੇਤੀ ਹੀ ਖੰਘ ਦੀ ਦਵਾਈ ਦੀਆਂ ਬੋਤਲਾਂ 'ਤੇ ਇਹ ਸਪੱਸ਼ਟ ਚਿਤਾਵਨੀ ਲਿਖੀ ਹੋਵੇਗੀ ਕਿ ਇਹ ਦਵਾਈ 4 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ। ਦਵਾਈਆਂ ਦੀ ਨੇਮਬੱਧ ਸੰਸਥਾ ਨੇ ਲੇਬਲਿੰਗ ਨੇਮਾਂ 'ਚ ਬਦਲਾਅ ਦੇ ਖਰੜੇ 'ਚ ਉਕਤ ਸਿਫ਼ਾਰਿਸ਼ ਕੀਤੀ ਹੈ। ਸੰਸਥਾ ਵਲੋਂ ਭੇਜੇ ਪ੍ਰਸਤਾਵ ਮੁਤਾਬਿਕ ਖੰਘ ਦੀ ਦਵਾਈ ਦੀ ਹਰ ਬੋਤਲ ਦੇ 65 ਫ਼ੀਸਦੀ ਹਿੱਸੇ 'ਚ ਲਾਲ ਰੰਗ ਨਾਲ ਇਹ ਚਿਤਾਵਨੀ ਸਾਫ਼ ਸ਼ਬਦਾਂ 'ਚ ਲਿਖੀ ਹੋਣੀ ਚਾਹੀਦੀ ਹੈ. ਕਿ ਦਵਾਈ ਦੀ ਵਰਤੋਂ 4 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਨਾ ਕੀਤੀ ਜਾਏ। ਸਰਕਾਰ ਵਲੋਂ ਡਰੱਗਸ ਰੂਲ 1945 ਦੇ ਨੇਮਾਂ 'ਚ ਸੋਧ ਕਰਨ ਵਾਲਾ ਇਹ ਪ੍ਰਸਤਾਵ ਡਰੱਗਸ ਕੰਸਲਟੇਟਿਵ ਕਮੇਟੀ ਦੇ ਵਿਚਾਰ ਗੋਚਰੇ ਹੈ।

ਪੰਜਾਬ ਟਾਈਮਜ਼

26 ਸਤੰਬਰ, ਸ਼ਨਿਚਰਵਾਰ

# ਟਰੰਪ ਦਾ ਟੈਰਿਫ਼ ਕਾਰਡ

ਰੂਸ ਨਾਲ ਵਪਾਰਕ ਸੰਬੰਧ ਰੱਖਣ ਵਾਲੇ ਅਤੇ ਖਾਸ ਤੌਰ 'ਤੇ ਰੂਸ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ ਉਤੇ ਅਮਰੀਕਾ ਵਲੋਂ ਸੌ ਫ਼ੀਸਦੀ ਤੱਕ ਟੈਰਿਫ਼ ਲਗਾਉਣ ਦਾ ਫੈਸਲਾ ਇਕ ਵਾਰ ਫਿਰ ਅਮਰੀਕੀ ਧੌਂਸ ਨੂੰ ਉਜਾਗਰ ਕਰਦਾ ਹੈ।

ਦੱਖਣੀ ਏਸ਼ੀਆ ਦੇ ਯੁੱਧ ਕਾਰਨ ਕੱਚੇ ਤੇਲ ਦੀ ਸਪਲਾਈ 'ਤੇ ਜੋ ਅਸਰ ਪਿਆ ਹੈ ਉਸ ਨੇ ਵਿਸ਼ਵ ਦੇ ਅਰਥਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਾਰਤ ਆਪਣੀਆਂ ਜ਼ਰੂਰਤਾਂ ਲਈ 85 ਫ਼ੀਸਦੀ ਤੇਲ ਦੂਸਰੇ ਦੇਸ਼ਾਂ ਤੋਂ ਦਰਾਮਦ ਕਰਦਾ ਹੈ। ਖਾੜੀ ਦੇਸ਼ਾਂ ਵਲੋਂ ਤੇਲ ਦੀ ਸਪਲਾਈ ਵਿਚ ਵੱਡੀਆਂ ਮੁਸ਼ਕਿਲਾਂ ਖੜ੍ਹੀਆਂ ਹੋਣ ਕਾਰਨ ਭਾਰਤ ਨੇ ਰੂਸ ਤੋਂ ਹੋਰ ਵੀ ਵੱਡੀ ਮਾਤਰਾ ਵਿਚ ਕੱਚਾ ਤੇਲ ਮੰਗਵਾਉਣਾ ਸ਼ੁਰੂ ਕੀਤਾ ਹੈ। ਰੂਸ ਵੀ ਆਪਣੀ ਆਰਥਿਕਤਾ ਨੂੰ ਸਥਿਰ ਰੱਖਣ ਲਈ ਭਾਰਤ ਨੂੰ ਸਸਤੇ ਭਾਅ 'ਤੇ ਤੇਲ ਵੇਚਣ ਨੂੰ ਪਹਿਲ ਦੇ ਰਿਹਾ ਹੈ। ਇਸ ਸਮੇਂ ਇਸ ਊਰਜਾ ਪੂਰਤੀ ਵਿਚ ਰੂਸ ਦੀ ਹਿੱਸੇਦਾਰੀ 40 ਫ਼ੀਸਦੀ ਦੇ ਲਗਭਗ ਹੈ। ਸਾਲ 2022-23 ਵਿਚ ਰੂਸ ਭਾਰਤ ਦਾ ਸਭ ਤੋਂ ਵੱਡਾ ਤੇਲ ਨਿਰਯਾਤਕ ਬਣਿਆ ਰਿਹਾ ਸੀ। ਇਸ ਸਮੇਂ ਦੇਸ਼ ਵਿਚ ਰੋਜ਼ 16 ਤੋਂ 20 ਲੱਖ ਬੈਰਲ ਤੇਲ ਰੂਸ ਤੋਂ ਆ ਰਿਹਾ ਹੈ। ਇਸ ਦੇ ਨਾਲ ਹੀ ਇਰਾਕ, ਸਾਊਦੀ ਅਰਬ, ਕਤਰ ਅਤੇ ਕੁਵੈਤ ਤੋਂ ਵੀ ਭਾਰਤ ਤੇਲ ਖ਼ਰੀਦ ਰਿਹਾ ਹੈ। ਇਸ ਦੇ ਚਲਦਿਆਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਵਾਰ ਫੇਰ ਆਪਣੇ ਟੈਰਿਫ਼ ਦੇ ਹਥਿਆਰ ਨੂੰ ਤਿੱਖਾ ਕੀਤਾ ਹੈ ਅਤੇ ਭਾਰਤ 'ਤੇ ਦਬਾਅ ਪਾਉਣ ਲਈ ਉਸ ਨੇ ਆਪਣੀ ਸੰਸਦ ਤੋਂ ਇਸ ਸੰਬੰਧੀ ਇਕ ਬਿੱਲ 'ਤੇ ਮੋਹਰ ਲਗਵਾ ਲਈ ਹੈ।

ਇਸ ਸਬੰਧੀ ਇਕ ਬਿੱਲ ਪਿਛਲੇ ਦਿਨੀਂ ਅਮਰੀਕਾ ਦੇ ਹੇਠਲੇ ਸਦਨ 'ਹਾਊਸ ਆਫ਼ ਰਿਪਰੈਜ਼ੇਟੇਟਿਵ' ਅਤੇ ਉੱਪਰਲੇ ਸਦਨ 'ਸੈਨਿਟ' ਵਿਚੋਂ ਇਹ ਪਾਸ ਕਰਵਾ ਲਿਆ ਹੈ ਕਿ ਰੂਸ ਤੋਂ ਤੇਲ ਖ਼ਰੀਦਣ ਵਾਲੇ ਦੇਸ਼ਾਂ 'ਤੇ 100 ਫ਼ੀਸਦੀ ਤੱਕ ਟੈਰਿਫ਼ ਲਗਾਇਆ ਜਾ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਦੇ ਦਸਤਖ਼ਤ ਹੋਣ ਤੋਂ ਬਾਅਦ ਹੁਣ ਇਹ ਬਿੱਲ ਕਾਨੂੰਨ ਬਣ ਰਿਹਾ ਹੈ। ਟਰੰਪ ਨੇ ਹੀ ਦੋ ਸਾਲ ਪਹਿਲਾਂ ਅਹੁਦਾ ਸੰਭਾਲਦਿਆਂ ਦੁਨੀਆ ਭਰ ਵਿਚ ਟੈਰਿਫ਼ ਦੀ ਆਪਣੀ ਮਨਮਰਜ਼ੀ ਮੁਤਾਬਿਕ ਨੀਤੀ ਬਣਾਈ ਸੀ, ਜਿਸ ਨੂੰ ਬਾਅਦ ਵਿਚ ਅਮਰੀਕਾ ਦੀ ਉੱਚ ਅਦਾਲਤ ਨੇ ਰੋਕ ਦਿੱਤਾ ਸੀ। ਸੁਪਰੀਮ ਕੋਰਟ ਵਲੋਂ ਪਹਿਲਾਂ ਟਰੰਪ ਦੁਆਰਾ ਲਾਏ ਗਏ ਟੈਰਿਫ਼ ਖਾਰਿਜ ਹੋਣ ਤੋਂ ਬਾਅਦ ਭਾਰਤੀ ਵਸਤਾਂ 'ਤੇ ਹੁਣ ਤੱਕ ਅਮਰੀਕਾ ਵਲੋਂ ਔਸਤਨ 18 ਫ਼ੀਸਦੀ ਟੈਰਿਫ਼ ਦਰ ਲਾਗੂ ਹੈ। ਟਰੰਪ ਇਸ ਮਸਲੇ 'ਤੇ ਦੋਹਰੀ ਨੀਤੀ ਅਪਨਾ ਰਿਹਾ ਹੈ। ਇਕ ਪਾਸੇ ਤਾਂ ਉਹ ਭਾਰਤ ਸਮੇਤ ਹੋਰ ਦੇਸ਼ਾਂ 'ਤੇ ਰੂਸੀ ਤੇਲ ਖ਼ਰੀਦਣ 'ਤੇ ਟੈਰਿਫ਼ ਲਗਾਉਣ ਦੇ ਫ਼ੈਸਲੇ ਕਰ ਰਿਹਾ ਹੈ, ਦੂਜੇ ਪਾਸੇ ਉਸ ਦਾ ਰੂਸ ਨਾਲ ਆਪਣਾ ਵਪਾਰ ਜਾਰੀ ਹੈ। ਉਹ ਰੂਸ ਤੋਂ ਯੂਰੀਆ ਅਤੇ ਯੂਰੇਨੀਅਮ ਦੀ ਲਗਾਤਾਰ ਖ਼ਰੀਦ ਕਰ ਰਿਹਾ ਹੈ। ਅੰਕੜਿਆਂ ਮੁਤਾਬਿਕ ਸਾਲ 2025 ਵਿਚ ਉਸ ਨੇ ਰੂਸ ਤੋਂ 3.8 ਅਰਬ ਡਾਲਰ ਦੇ ਲਗਭਗ ਸਾਮਾਨ ਖ਼ਰੀਦਿਆ ਹੈ। ਵਿਸ਼ਵ ਬੈਂਕ ਮੁਤਾਬਿਕ ਸਾਲ 2025 ਵਿਚ ਅਮਰੀਕਾ ਨੇ ਰੂਸ ਤੋਂ 78.1 ਕਰੋੜ ਡਾਲਰ ਦੇ ਮੁੱਲ ਦੇ 18.85 ਲੱਖ ਟਨ ਯੂਰੀਆ ਦਾ ਆਯਾਤ ਕੀਤਾ ਹੈ। ਅਮਰੀਕੀ ਊਰਜਾ ਵਿਭਾਗ ਅਨੁਸਾਰ ਉਹ ਆਪਣੀਆਂ ਯੂਰੇਨੀਅਮ ਸੰਬੰਧੀ ਜ਼ਰੂਰਤਾਂ ਲਈ ਰੂਸ 'ਤੇ ਵੱਡੀ ਹੱਦ ਤੱਕ ਨਿਰਭਰ ਹੈ। ਪਰ ਕੋਈ ਹੋਰ ਦੇਸ਼ ਰੂਸ ਨਾਲ ਵਪਾਰਕ ਸੰਬੰਧ ਰੱਖਣ ਦਾ ਯਤਨ ਕਰੇ ਇਹ ਅਮਰੀਕਾ ਨੂੰ ਮਨਜ਼ੂਰ ਨਹੀਂ। ਸ਼ਾਇਦ ਇਸ ਦੇ ਕਾਰਨ ਨਵੀਂ ਦਿੱਲੀ ਵਿਚ ਬ੍ਰਿਕਸ ਦੇਸ਼ਾਂ ਦੇ ਹੋਏ ਸੰਮੇਲਨ ਨਾਲ ਜੁੜੇ ਹੋਏ ਹਨ। ਇਸ ਸੰਮੇਲਨ ਨਾਲ ਜਿੱਥੇ ਭਾਰਤ ਦਾ ਕੱਦ-ਬੁੱਤ ਹੋਰ ਵਧਿਆ ਹੈ, ਉੱਥੇ ਰੂਸ ਅਤੇ ਚੀਨ ਨਾਲ ਇਸ ਦੇ ਸੰਬੰਧ ਵੀ ਹੋਰ ਗੂੜ੍ਹੇ ਤੇ ਗਹਿਰੇ ਹੋਏ ਹਨ। ਰੂਸ ਨਾਲ ਭਾਰਤ ਦੇ ਹਰ ਤਰ੍ਹਾਂ ਦੇ ਸੰਬੰਧ ਦਹਾਕਿਆਂ ਪੁਰਾਣੇ ਹਨ। ਸਾਲ 1947 ਵਿਚ ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਉਸ ਸਮੇਂ ਦੀ ਵੱਡੀ ਸ਼ਕਤੀ ਸੋਵੀਅਤ ਯੂਨੀਅਨ ਨੇ ਭਾਰਤ ਦੀ ਹਰ ਪੱਖੋਂ ਵੱਡੀ ਮਦਦ ਕੀਤੀ ਸੀ ਜੋ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਅੱਜ ਵੀ ਰੂਸ ਵਲੋਂ ਜਾਰੀ ਹੈ। ਸਮੇਂ ਅਨੁਸਾਰ ਦੇਸ਼ਾਂ ਦੇ ਸੰਬੰਧ ਬਣਦੇ-ਟੁੱਟਦੇ ਰਹਿੰਦੇ ਹਨ, ਪਰ ਭਾਰਤ ਤੇ ਰੂਸ ਦੇ ਆਪਸੀ ਸਹਿਯੋਗ ਦੀ ਨਿਰੰਤਰਤਾ ਹੈਰਾਨ ਕਰਨ ਵਾਲੀ ਹੈ। ਹੁਣ ਵੀ ਦੋਹਾਂ ਦੇਸ਼ਾਂ ਦੇ ਮੁਖੀ ਸਾਲ ਵਿਚ ਇਕ ਵਾਰ ਮਿਲਦੇ ਹਨ ਅਤੇ ਹਰ ਪੱਖ ਤੋਂ ਵਿਸਥਾਰਤ ਵਿਚਾਰ-ਵਟਾਂਦਰਾ ਕਰਦੇ ਹਨ।

ਅਜਿਹੀ ਸੂਰਤ ਵਿਚ ਹੁਣ ਭਾਰਤ ਨੇ ਅਮਰੀਕਾ ਕੋਲ ਆਪਣਾ ਪੱਖ ਸਾਫ਼ ਕਰ ਦਿੱਤਾ ਹੈ ਕਿ ਭਾਰਤ ਆਪਣੇ ਲੋਕਾਂ ਦੀਆਂ ਊਰਜਾ ਜ਼ਰੂਰਤਾਂ ਪੂਰੀਆਂ ਕਰਨ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ ਅਤੇ ਵੱਖ-ਵੱਖ ਸਰੋਤਾਂ ਤੋਂ ਆਪਣੀ ਊਰਜਾ ਖ਼ਰੀਦ ਜਾਰੀ ਰੱਖੇਗਾ। ਭਾਰਤ ਨੂੰ ਆਪਣੇ ਇਸ ਰੁਖ਼ 'ਤੇ ਪਹਿਰਾ ਦੇਣ ਦੀ ਲੋੜ ਹੈ। ਸਪੱਸ਼ਟ ਰੂਪ ਵਿਚ ਅਮਰੀਕਾ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਕੌਮਾਂਤਰੀ ਮਾਮਲਿਆਂ ਵਿਚ ਕਿਸੇ ਦੇਸ਼ ਅੱਗੇ ਝੁਕਣ ਦੀ ਬਜਾਏ ਭਾਰਤ ਆਪਣੀ ਆਜ਼ਾਦ ਨੀਤੀ 'ਤੇ ਚਲਦਾ ਰਹੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸ਼ਕਲ ਮੋਮਨਾਂ ਕੰਮ ਕਾਫਰਾਂ

ਛਿੱਟ ਕਾਂਜੀ ਦੀ ਇੱਕ ਹੀ ਬਹੁਤ ਹੁੰਦੀ, ਦੁੱਧ ਫਟ ਜਾਂਦਾ ਸਾਰੇ ਹੀ ਮੱਟ ਦਾ ਏ।
ਵੱਡੇ ਅਹੁਦੇ 'ਤੇ ਬੈਠ ਕੁਕਰਮ ਕਰਦਾ, ਸੰਸ਼ਥਾ ਲਈ ਕਲੰਕ ਉਹ ਖੱਟਦਾ ਏ।
ਸ਼ਕਲ ਮੋਮਨਾਂ ਕੰਮ ਪਰ 'ਕਾਫਰਾਂ' ਦੇ, ਸਾਰਾ ਜੱਗ ਅਖਾਣ ਇਹ ਰੱਟਦਾ ਏ।
ਭਾਅ ਥੋਕ ਦੇ ਪੈਂਦੀਆਂ ਲਾਹਣਤਾਂ ਨੂੰ, ਸੁਣ ਸੁਣ ਕੌਮ ਦਾ ਕਾਲ਼ਜਾ ਫਟਦਾ ਏ।
ਬਣਿਆਂ ਹੁੰਦਾ ਜੋ ਅਕਸ ਮਹਾਨਤਾ ਦਾ, ਮੁੱਕੇ ਸ਼ਰਧਾ ਸਤਿਕਾਰ ਵੀ ਘਟਦਾ ਏ।
ਲਾ ਸਿਰਾਂ ਦੀ ਬਾਜੀ ਇਤਿਹਾਸ ਬਣਦਾ, ਆ 'ਫੁਕਰਾ' ਕੋਈ ਛੱਜ ਵਿਚ ਛੱਟਦਾ ਏ।

# ਪੰਜਾਬ ਦੇ ਸਰਕਾਰੀ ਵਿੱਤ ਵਿਚ ਵਿਗਾੜ ਦੀਆਂ ਸੀਮਾਵਾਂ ਅਤੇ ਜਨਤਕ ਵਿਰੋਧ





ਸੁੱਚਾ ਸਿੰਘ ਗਿੱਲ

ਸਰਕਾਰੀ ਵਿੱਤ ਅਤੇ ਲੋਕਾਂ ਦਾ ਰਿਆਸਤ ਨਾਲ ਰਿਸ਼ਤਾ ਬਹੁਤ ਪੁਰਾਣਾ ਹੈ। ਰਿਆਸਤ ਦੇ ਹੋਂਦ ਵਿਚ ਆਉਣ ਨਾਲ ਰਾਜਸੱਤਾ 'ਤੇ ਕਾਬਜ਼ ਜਮਾਤ ਵੱਲੋਂ ਖਰਚੇ ਪੂਰੇ ਕਰਨ ਲਈ ਲੋਕਾਂ ਤੋਂ ਉਗਰਾਹੀ ਸ਼ੁਰੂ ਕੀਤੀ ਜਾਂਦੀ ਸੀ। ਜਿਸ ਨੂੰ ਟੈਕਸ ਕਿਹਾ ਜਾਂਦਾ ਹੈ। ਸਮਾਂ ਬੀਤਣ ਨਾਲ ਟੈਕਸਾਂ ਦੀ ਗਿਣਤੀ ਅਤੇ ਮਾਤਰਾ ਵਧਦੀ ਗਈ ਹੈ। ਇਸ ਦੇ ਨਾਲ ਸਰਕਾਰੀ ਖਰਚੇ ਵੀ ਵਧਦੇ ਗਏ ਹਨ। ਜੇਕਰ ਸਰਕਾਰੀ ਆਮਦਨ ਅਤੇ ਖਰਚੇ ਬਰਾਬਰ ਹੋਣ ਤਾਂ ਇਸ ਨੂੰ ਸੰਤੁਲਿਤ ਬਜਟ ਕਿਹਾ ਜਾਂਦਾ ਹੈ। ਜੇਕਰ ਆਮਦਨ ਵੱਧ ਅਤੇ ਖਰਚੇ ਘੱਟ ਹੋਣ ਤਾਂ ਇਸ ਨੂੰ ਵਾਧੂ ਬਜਟ ਅਤੇ ਜਦੋਂ ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਵੇ ਤਾਂ ਇਸ ਨੂੰ ਘਾਟੇ ਵਾਲਾ ਬਜਟ ਕਿਹਾ ਜਾਂਦਾ ਹੈ। ਥੋੜ੍ਹੇ ਸਮੇਂ ਲਈ ਘਾਟੇ ਵਾਲਾ ਜਾਂ ਵਾਧੂ ਬਜਟ ਸੰਭਵ ਹੈ ਪਰ ਲੰਮੇ ਸਮੇਂ ਵਿਚ ਸੰਤੁਲਿਤ ਬਜਟ ਹੀ ਵਾਜਬ ਲਗਦਾ ਹੈ। ਲੰਮੇ ਸਮੇਂ ਵਿਚ ਵਾਧੂ ਜਾਂ ਘਾਟੇ ਵਾਲਾ ਬਜਟ ਨੁਕਸਾਨਦਾਇਕ ਮੰਨਿਆ ਜਾਂਦਾ ਹੈ। ਪੰਜਾਬ ਸਰਕਾਰ ਦਾ ਬਜਟ ਪਿਛਲੇ 40 ਸਾਲਾਂ ਤੋਂ ਘਾਟੇ ਵਾਲਾ ਚਲ ਰਿਹਾ ਹੈ। ਇਸ ਕਾਰਨ ਇਹ ਸੂਬੇ ਦੀ ਆਰਥਿਕਤਾ ਵਾਸਤੇ ਨੁਕਸਾਨਦੇਹ ਬਣ ਗਿਆ ਹੈ।

ਪੰਜਾਬ ਸਰਕਾਰ ਦੇ ਬਜਟ ਨੂੰ ਲੰਮੇ ਸਮੇਂ ਲਈ ਘਾਟੇ ਵੱਲ ਤੋਰਨ ਦੇ ਰੁਝਾਨ ਦਾ ਮੁੱਢ 1997 ਦੌਰਾਨ ਸ਼ੁਰੂ ਹੋਇਆ। ਸਰਕਾਰ ਵਲੋਂ ਖੇਤੀ ਦੀ ਸਿੰਚਾਈ ਲਈ ਲੱਗੀਆਂ ਮੋਟਰਾਂ/ਟਿਊਬਵੈਲਾਂ ਦੇ ਬਿਲ ਮੁਆਫ਼ ਕਰ ਦਿੱਤੇ ਗਏ ਪਰ ਇਸ ਵਾਸਤੇ ਵਾਧੂ ਵਿੱਤੀ ਸਾਧਨਾਂ ਦੇ ਇੰਤਜ਼ਾਮ ਬਾਰੇ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਨ੍ਹਾਂ ਬਿਲਾਂ ਦੀ ਪੂਰਤੀ ਵਿਦਿਆ ਅਤੇ ਸਿਹਤ ਸਹੂਲਤਾਂ ਦੇ ਬਜਟ ਵਿਚ ਕਟੌਤੀ ਕਰਕੇ ਕੀਤੀ ਗਈ ਸੀ। ਇਸ ਤੋਂ ਬਾਅਦ ਖੇਤੀ ਵਾਲੀ ਜ਼ਮੀਨ ਦਾ ਮਾਮਲਾ ਮੁਆਫ਼, ਨਹਿਰੀ ਪਾਣੀ ਦਾ ਅਬਿਆਨਾ/ਮਾਮਲਾ ਉਗਰਾਉਣਾ ਬੰਦ ਅਤੇ ਸ਼ਹਿਰੀ ਚੁੰਗੀਆਂ ਹਟਾਉਣਾ ਅਤੇ ਔਰਤਾਂ ਨੂੰ ਮੁਫਤ ਬਸ ਸੇਵਾ ਅਤੇ ਮੁਫ਼ਤ ਤੀਰਥ ਯਾਤਰਾ ਲਾਗੂ ਕਰਨ ਸਮੇਂ ਹੋਰ ਵਿੱਤੀ ਸਾਧਨ ਪੈਦਾ ਕਰਨ ਬਾਰੇ ਸੋਚਿਆ ਹੀ ਨਹੀਂ ਗਿਆ ਸੀ। ਇਸ ਦੌਰਾਨ ਸਰਕਾਰੀ ਅਦਾਰੇ ਜਿਵੇਂ ਮੰਡੀ ਬੋਰਡ, ਬਿਜਲੀ ਸਪਲਾਈ ਕਾਰਪੋਰੇਸ਼ਨ, ਪੰਜਾਬ ਰੋਡਵੇਜ਼, ਪੈਪਸੂ ਰੋਡ ਕਾਰਪੋਰੇਸ਼ਨ ਆਦਿ ਭ੍ਰਿਸ਼ਟਾਚਾਰ ਨਾਲ ਕੰਗਾਲ ਕਰ ਦਿੱਤੇ ਗਏ। ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਟੈਕਸਾਂ ਦੀ ਚੋਰੀ ਨੇ ਸਰਕਾਰੀ ਵਿੱਤ ਨੂੰ ਖਤਰਨਾਕ ਪੱਧਰ ਤੱਕ ਵਿਗਾੜ ਦਿੱਤਾ ਹੈ। ਸਰਕਾਰੀ ਕੰਮਕਾਜ ਚਲਾਉਣ ਲਈ ਬੈਂਕਾਂ ਤੋਂ ਕਰਜ਼ੇ ਲੈਣ ਵੱਲ ਰੁਝਾਨ ਭਾਰੂ ਹੋ ਗਿਆ ਹੈ। ਇਸ ਵਰਤਾਰੇ ਕਾਰਨ ਕਰਜ਼ੇ ਦੀ ਪੰਡ ਭਾਰੀ ਹੁੰਦੀ ਗਈ ਹੈ। ਮਾਰਚ 2026 ਤੱਕ ਪੰਜਾਬ ਸਰਕਾਰ ਸਿਰ 4.19 ਲਖ ਕਰੋੜ ਰੁਪਏ ਕਰਜ਼ਾ ਪਹੁੰਚ ਚੁੱਕਾ ਸੀ, ਜਿਸ ਵਿਚ ਪੰਜਾਬ ਸਰਕਾਰ ਦੇ ਪਬਲਿਕ ਸੈਕਟਰ ਦੇ ਅਦਾਰਿਆਂ ਵਲੋਂ ਸਰਕਾਰ ਦੀ ਗਰੰਟੀ ਨਾਲ ਉਠਾਏ ਕਰਜ਼ੇ ਸ਼ਾਮਲ ਨਹੀਂ ਹਨ। ਕੁੱਲ ਸਰਕਾਰੀ ਆਮਦਨ ਦਾ ਲਗਭਗ 1/3 ਹਿੱਸਾ ਕਰਜ਼ੇ ਦਾ ਵਿਆਜ ਅਤੇ ਮੂਲ ਮੋੜਨ ਵਿਚ ਜਾਣ ਲੱਗਾ ਹੈ। ਸਾਰਾ ਬਜਟ ਕਰਜ਼ੇ ਦੀਆਂ ਕਿਸ਼ਤਾਂ, ਮੁਲਾਜ਼ਮਾਂ ਦੀਆਂ ਤਨਖ਼ਾਹਾਂ, ਪੈਨਸ਼ਨਾਂ ਅਤੇ ਹੋਰ ਸਰਕਾਰੀ ਖਰਚੇ ਜਿਵੇਂ ਇਸ਼ਤਿਹਾਰਬਾਜ਼ੀ, ਸਰਕਾਰੀ ਗੱਡੀਆਂ ਦੇ ਖਰਚੇ ਅਤੇ ਦਫਤਰਾਂ ਦੇ ਰੱਖ-ਰਖਾਵ ਵਿਚ ਹੀ ਲਗਣ ਲੱਗ ਪਿਆ ਹੈ। ਪੂੰਜੀ ਨਿਵੇਸ਼ ਲਈ ਸਰਕਾਰ ਕੋਲ ਕੋਈ ਪੈਸਾ ਨਹੀਂ ਹੈ। ਆਮ ਆਦਮੀ ਦੀ ਸਰਕਾਰ ਵਲੋਂ ਇਨ੍ਹਾਂ ਹਾਲਤਾਂ ਵਿਚ ਹਰ ਖਪਤਕਾਰ ਨੂੰ ਮੁਫ਼ਤ 300 ਯੂਨਿਟ ਬਿਜਲੀ ਅਤੇ ਔਰਤਾਂ ਨੂੰ ਹਰ ਮਹੀਨੇ 1000/1500 ਰੁਪਏ ਦੀ ਅਦਾਇਗੀ ਨੇ ਸਰਕਾਰੀ ਵਿੱਤ ਦਾ ਦੀਵਾਲੀਆ ਕੱਢ ਦਿੱਤਾ ਹੈ। ਇਸ ਕਾਰਨ ਸਰਕਾਰ ਕੋਲ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਹਿੰਗਈ ਭੱਤੇ ਦੀਆਂ ਕਿਸ਼ਤਾਂ ਅਦਾ ਕਰਨ ਲਈ ਵਿੱਤੀ ਸਾਧਨ ਮੌਜੂਦ ਨਹੀਂ ਹਨ।

ਵਿੱਤੀ ਸਾਧਨਾਂ ਦੀ ਮੌਜੂਦਾ ਹਾਲਤ ਵਿਚ ਪੰਜਾਬ ਸਰਕਾਰ ਕੋਲ ਸੂਬੇ ਦੀ ਆਰਥਿਕਤਾ ਨੂੰ ਮੁੜ ਪੈਰਾਂ ਸਿਰ ਖੜ੍ਹੇ ਕਰਨ ਵਾਸਤੇ ਸਾਧਨ ਨਹੀਂ ਹਨ। ਸਰਕਾਰੀ ਨਿਵੇਸ਼ ਦੀ ਸਮਰੱਥਾ ਨਾਂਹ ਦੇ ਬਰਾਬਰ ਹੈ। ਇਸ ਕਾਰਨ ਬਿਜਲੀ ਦੀ ਸਪਲਾਈ, ਸ਼ਹਿਰਾਂ ਦੀ ਸਾਂਭ-ਸੰਭਾਲ ਅਤੇ ਸਫਾਈ, ਖੋਜ-ਵਿਕਾਸ ਢਾਂਚਾ ਕਮਜ਼ੋਰ ਪੈ ਗਿਆ ਹੈ। ਪਾਕਿਸਤਾਨ ਨਾਲ ਲਗਦੀ ਬਾਰਡਰ ਸਟੇਟ, ਸਰਕਾਰ ਦੀ ਬੇਸਮਝ ਆਰਥਿਕ ਨੀਤੀ ਅਤੇ ਕਮਜ਼ੋਰ ਕਾਨੂੰਨੀ ਵਿਵਸਥਾ ਕਾਰਨ ਪ੍ਰਾਈਵੇਟ ਨਿਵੇਸ਼ ਲੋੜੀਂਦੀ ਮਾਤਰਾ ਵਿਚ ਨਹੀਂ ਲੱਗ ਰਿਹਾ। ਇਸ ਕਾਰਨ ਸੂਬੇ ਦੀ ਵਿਕਾਸ ਦਰ ਪਿਛਲੇ 35 ਸਾਲਾਂ ਤੋਂ ਦੇਸ਼ ਅਤੇ ਗਵਾਂਢੀ ਸੂਬਿਆਂ ਤੋਂ ਹੇਠਾਂ ਚਲ ਰਹੀ ਹੈ। ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਦੇਸ਼ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੈ। ਸਰਕਾਰੀ ਰੁਜ਼ਗਾਰ ਦੇ ਮੌਕਿਆਂ ਦੀ ਅਣਹੋਂਦ ਅਤੇ ਮਾੜੀ ਗੁਣਵੱਤਾ ਕਾਰਨ ਨੌਜਵਾਨਾਂ ਵਿਚ ਰੋਸ ਹੈ। ਜਦੋਂ ਉਹ ਰੁਜ਼ਗਾਰ ਦੀ ਮੰਗ ਵਾਸਤੇ ਪ੍ਰਦਰਸ਼ਨ ਕਰਦੇ ਹਨ ਤਾਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁਟਿਆ-ਮਾਰਿਆ ਜਾਂਦਾ ਹੈ। ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਪ੍ਰਦਰਸ਼ਨ ਨੂੰ ਪੁਲਿਸ ਦਮਨ ਨਾਲ ਦਬਾਇਆ ਜਾਂਦਾ ਹੈ। ਇਸ ਕਾਰਨ ਨੌਜਵਾਨ ਹਰ ਹੀਲੇ ਪੰਜਾਬ ਨੂੰ ਛੱਡ ਕੇ ਵਿਦੇਸ਼ ਜਾਣਾ ਚਾਹੁੰਦੇ ਹਨ। ਪਰ ਵਿਦੇਸ਼ਾਂ ਵਿਚ ਵੀ ਸੈਟ ਹੋਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਿਦੇਸ਼ੀ ਸਰਕਾਰਾਂ ਵਾਪਸ ਭੇਜ ਰਹੀਆਂ ਹਨ।

ਸੂਬੇ ਦੀ ਕਿਸਾਨੀ ਬਹੁਪਰਤੀ ਸੰਕਟ ਦਾ ਸਾਹਮਣਾ ਕਰ ਰਹੀ ਹੈ। ਗਰੀਬ ਅਤੇ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਆਤਮ ਹਤਿਆਵਾਂ ਕਰ ਰਹੇ ਹਨ। ਉਨ੍ਹਾਂ ਦੀ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਸਰਕਾਰ ਕੋਲ ਕੋਈ ਠੋਸ ਪ੍ਰੋਗਰਾਮ ਨਹੀਂ ਹੈ। ਇਹੀ ਕਾਰਨ ਹੈ ਕਿ ਮਾਹਿਰਾਂ ਤੋਂ ਖੇਤੀ ਨੀਤੀ ਬਣਵਾਉਣ ਦੇ ਬਾਵਜੂਦ ਸਰਕਾਰਾਂ ਉਸ ਨੂੰ ਲਾਗੂ ਕਰਨ ਦੇ ਕਾਬਲ ਨਹੀਂ ਰਹੀਆਂ। ਖੇਤੀ ਦੇ ਵਿਕਾਸ ਅਤੇ ਖੋਜ ਵਾਸਤੇ ਸਰਕਾਰ ਵਿੱਤੀ ਸੰਕਟ ਕਾਰਨ ਖਰਚ ਕਰਨ ਨੂੰ ਤਿਆਰ ਨਹੀਂ ਹੈ। ਪ੍ਰਾਈਵੇਟ ਖੋਜ ਸੰਸਥਾਵਾਂ ਇਸ ਸਬੰਧੀ ਨਿਵੇਸ਼ ਕਰਨਾ ਨਹੀਂ ਚਾਹੁੰਦੀਆਂ। ਇਸ ਕਰਕੇ ਖੇਤੀ ਸੰਕਟ ਦਿਨੋਂ-ਦਿਨ ਗਹਿਰਾ ਹੁੰਦਾ ਜਾ ਰਿਹਾ ਹੈ। ਸੂਬੇ ਵਿਚੋਂ ਜ਼ਮੀਨ ਹੇਠਲੇ ਪਾਣੀ ਨੂੰ ਕੱਢ ਕੇ ਫਸਲਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਪਰ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਲੋੜੀਂਦੇ ਵਿਤੀ ਸਾਧਨ ਸਰਕਾਰ ਕੋਲ ਨਹੀਂ ਹਨ।

ਵਿਤੀ ਸਾਧਨਾਂ ਦੇ ਪ੍ਰਬੰਧ ਵਿਚ ਵਿਗਾੜ ਕਾਰਨ ਸਰਕਾਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਅਸਮਰਥ ਹੋ ਗਈ ਹੈ। ਲੋਕਾਂ ਵਲੋਂ ਆਪਣੀਆਂ ਮੁਸ਼ਕਲਾਂ ਨੂੰ ਹੱਲ ਕਰਵਾਉਣ ਵਾਸਤੇ ਜਦੋਂ ਜਦੋ-ਜਹਿਦ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸਰਕਾਰੀ ਪ੍ਰਬੰਧ ਨੂੰ ਬੁਰਾ ਲੱਗਦਾ ਹੈ। ਇਸ ਕਾਰਨ ਲੋਕਾਂ ਪ੍ਰਤੀ ਹਮਦਰਦੀ ਦਿਖਾਉਣ ਦੀ ਬਜਾਏ ਸਰਕਾਰੀ ਤੰਤਰ ਉਨ੍ਹਾਂ ਨਾਲ ਦੁਸ਼ਮਣਾਂ ਵਾਲਾ ਵਰਤਾਓ ਕਰਦਾ ਹੈ। ਸਰਕਾਰ ਦਾ ਇਹ ਵਰਤਾਰਾ ਕਿਸੇ ਇੱਕ ਵਰਗ ਦੇ ਖ਼ਿਲਾਫ ਨਹੀਂ ਹੈ ਬਲਕਿ ਉਨ੍ਹਾਂ ਸਾਰੇ ਵਰਗਾਂ ਦੇ ਖ਼ਿਲਾਫ ਹੈ ਜਿਹੜੇ ਜਦੋਜਹਿਦ ਦਾ ਰਾਹ ਅਖਤਿਆਰ ਕਰਦੇ ਹਨ। ਇਸ ਦੀ ਮਿਸਾਲ 2025 ਦੌਰਾਨ ਕਿਸਾਨਾਂ ਦੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਧਰਨੇ ਨੂੰ ਸਰਕਾਰੀ ਤੰਤਰ ਵਲੋਂ ਬੇਰਹਿਮੀ ਨਾਲ ਚੁਕਵਾਇਆ ਗਿਆ ਸੀ। ਹਾਲਾਂਕਿ ਇਹ ਧਰਨਾ ਕਿਸਾਨਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਲਗਾਇਆ ਹੋਇਆ ਸੀ। ਸ਼ਾਂਤਮਈ ਧਰਨਾ ਖ਼ਤਮ ਕਰਾਉਣ ਲਈ ਲਾਠੀਚਾਰਜ ਕੀਤਾ ਗਿਆ, ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਨ੍ਹਾਂ ਦੀਆਂ ਟਰਾਲੀਆਂ ਅਤੇ ਹੋਰ ਸਾਮਾਨ ਨੂੰ ਲੁਟਿਆ ਗਿਆ। ਇਸ ਤੋਂ ਬਾਅਦ ਕਿਸਾਨਾਂ ਦੀ ਚਲ ਰਹੀ ਮੀਟਿੰਗ ਵਿਚੋਂ ਮੁੱਖ ਮੰਤਰੀ ਬਾਹਰ ਚਲੇ ਗਏ ਅਤੇ ਕਿਸਾਨਾਂ ਨੂੰ ਪ੍ਰਸ਼ਾਸਨ ਵਲੋਂ ਮੁਹਾਲੀ/ਚੰਡੀਗੜ੍ਹ ਧਰਨਾ ਨਹੀਂ ਲਗਾਉਣ ਦਿੱਤਾ ਗਿਆ। ਕਈ ਥਾਵਾਂ 'ਤੇ ਕਿਸਾਨਾਂ ਦੇ ਧਰਨਿਆਂ 'ਤੇ ਪੁਲਿਸ ਵਲੋਂ ਤਸ਼ੱਦਦ ਕੀਤਾ ਗਿਆ। ਇਨ੍ਹਾਂ ਦਿਨਾਂ ਵਿਚ ਮੁਲਾਜ਼ਮਾਂ ਦੀਆਂ ਡੀ.ਏ. ਦੀਆਂ ਕਿਸ਼ਤਾਂ ਜਾਰੀ ਕਰਾਉਣ ਅਤੇ ਹੋਰ ਮੰਗਾਂ ਨੂੰ ਲੈ ਕੇ ਸਰਕਾਰ ਨੇ ਕਾਫ਼ੀ ਸਖ਼ਤੀ ਵਿਖਾਈ ਹੈ। ਲੋਕਾਂ ਵਿਚ ਸਰਕਾਰ ਦੇ ਇਸ ਵਤੀਰੇ ਵਿਰੁੱਧ ਗੁੱਸਾ ਹੈ। ਇਸ ਤੋਂ ਇਲਾਵਾ ਨਸ਼ਿਆਂ ਦੀ ਸੱਮਸਿਆ ਅਤੇ ਗੈਂਗਸਟਰਵਾਦ ਨੇ ਲੋਕਾਂ ਨੂੰ ਰੂਹ ਤੱਕ ਜ਼ਖ਼ਮੀ ਕੀਤਾ ਹੋਇਆ ਹੈ।

ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰਾਂ ਵਲੋਂ ਵਿਤੀ ਸਾਧਨਾਂ ਦੀ ਸੁਯੋਗ ਵਰਤੋਂ ਕਰਨ ਦੀ ਬਜਾਏ ਦੁਰਵਰਤੋਂ ਦੀ ਨੀਤੀ ਆਪਣੀਆਂ ਚਰਮ ਸੀਮਾਵਾਂ ਤੱਕ ਪਹੁੰਚ ਗਈ ਹੈ। ਇਸ ਕਾਰਨ ਮੌਜੂਦਾ ਸਰਕਾਰ ਲੋਕਾਂ ਦੇ ਵਿਰੋਧ ਵਿਚ ਖੜ੍ਹੀ ਨਜ਼ਰ ਆ ਰਹੀ ਹੈ। ਸਰਕਾਰ ਵਲੋਂ ਆਪਣੇ ਮੁਲਾਜ਼ਮਾਂ ਨਾਲ ਹੀ ਟਕਰਾਅ ਇਨ੍ਹਾਂ ਸੀਮਾਵਾਂ ਦਾ ਇਜ਼ਹਾਰ ਹੈ। ਉਨ੍ਹਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਸਰਕਾਰ ਮੁਲਾਜ਼ਮਾਂ ਨਾਲ ਹੀ ਉਲਝ ਪਈ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਮੁਲਾਜ਼ਮਾਂ ਦੇ ਹੱਕ ਵਿਚ ਲਏ ਫੈਸਲੇ ਨੂੰ ਸਰਕਾਰ ਲਾਗੂ ਕਰਨ ਨੂੰ ਤਿਆਰ ਨਹੀਂ ਹੈ। ਮੁਲਾਜ਼ਮ ਸਰਕਾਰ ਦਾ ਅਟੁੱਟ ਅੰਗ ਮੰਨੇ ਜਾਂਦੇ ਹਨ। ਅਫ਼ਸਰਸ਼ਾਹੀ ਉਨ੍ਹਾਂ ਬਗੈਰ ਸੂਬੇ ਵਿਚ ਪ੍ਰਸ਼ਾਸਨ ਨਹੀਂ ਚਲਾ ਸਕਦੀ।

ਸੂਬੇ ਦੇ ਆਰਥਿਕ-ਸਮਾਜਿਕ ਹਾਲਾਤ ਸੂਬੇ ਦੇ ਵਿੱਤੀ ਸਾਧਨਾਂ ਨੂੰ ਸਮਝ ਕੇ ਸੁਯੋਗ ਤਰੀਕੇ ਨਾਲ ਵਰਤਣ ਦੀ ਜੁਗਤ ਬਣਾਉਣ ਦੀ ਮੰਗ ਕਰਦੇ ਹਨ। ਡੰਗ ਟਪਾਊ ਨੀਤੀ ਦੀ ਬਜਾਏ ਸੂਬੇ ਦੇ ਵਿੱਤੀ ਸਾਧਨਾਂ ਦੀ ਸਮੀਖਿਆ ਕੀਤੀ ਜਾਵੇ। ਟੈਕਸਾਂ ਦੀ ਚੋਰੀ ਰੋਕਣ ਬਾਰੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ, ਟੈਕਸਾਂ ਨਾਲ ਇਕੱਠੇ ਕੀਤੇ ਸਾਧਨਾਂ ਦੀ ਵਰਤੋਂ ਸਮਝਦਾਰੀ ਨਾਲ ਕੀਤੀ ਜਾਵੇ। ਫਜ਼ੂਲਖਰਚੀ ਅਤੇ ਬੇਲੋੜੀ ਇਸ਼ਤਿਹਾਰਬਾਜ਼ੀ 'ਤੇ ਰੋਕ ਲਗਣੀ ਜ਼ਰੂਰੀ ਹੈ। ਸਬਸਿਡੀਆਂ ਨੂੰ ਤਰਕਸੰਗਤ ਢੰਗ ਨਾਲ ਲਾਗੂ ਕੀਤਾ ਜਾਵੇ। ਥੁੜ੍ਹੇ-ਟੁਟੇ ਅਤੇ ਗਰੀਬ ਲੋਕਾਂ ਨੂੰ ਸਬਸਿਡੀ ਦੇਣਾ ਜ਼ਰੂਰੀ ਹੈ ਪਰ ਖਾਂਦੇ ਪੀਂਦੇ ਲੋਕਾਂ ਨੂੰ ਇਸ ਦੀ ਜ਼ਰੂਰਤ ਨਹੀਂ ਹੈ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ ਗਰੀਬੀ ਰੇਖਾ ਤੋਂ ਹੇਠਾਂ 5-6% ਆਬਾਦੀ ਦਰਜ ਕੀਤੀ ਜਾਂਦੀ ਹੈ ਪਰ ਅਨਾਜ ਦੀਆਂ ਕਿੱਟਾਂ 45%-50% ਪਰਿਵਾਰਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਖਾਂਦੇ-ਪੀਂਦੇ ਲੋਕਾਂ ਨੂੰ ਦਿੱਤੀ ਜਾ ਰਹੀ ਸਬਸਿਡੀ ਗੈਰ-ਵਾਜਬ ਹੈ। ਇਸ ਨੂੰ ਪੂੰਜੀ ਨਿਵੇਸ਼ ਵਿਚ ਤਬਦੀਲ ਕਰਨ ਦੀ ਜ਼ਰੂਰਤ ਹੈ। ਸਰਕਾਰ ਦੇ ਸਾਧਨਾਂ ਦਾ ਕਾਫ਼ੀ ਹਿੱਸਾ ਪੂੰਜੀ ਨਿਵੇਸ਼ ਵਿਚ ਲਗਣਾ ਸੁਨਿਸ਼ਚਿਤ ਕੀਤਾ ਜਾ ਸਕਦਾ ਹੈ। ਇਹੋ ਤਰੀਕਾ ਹੈ ਜਿਸ ਨਾਲ ਪ੍ਰਾਈਵੇਟ ਨਿਵੇਸ਼ ਨੂੰ ਵਧਾਇਆ ਜਾ ਸਕਦਾ ਹੈ। ਇਸ ਨਾਲ ਹੀ ਨੌਜਵਾਨ ਪੀੜ੍ਹੀ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਸੂਬੇ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਮੁੜ ਲੀਹਾਂ 'ਤੇ ਪਾਉਣ ਲਈ ਗੰਭੀਰਤਾ ਨਾਲ ਮੰਥਨ ਕਰਨ ਦੀ ਲੋੜ ਹੈ। ਸੁਹਿਰਦ ਚਿੰਤਕਾਂ ਨੂੰ ਜਮਹੂਰੀ ਲਹਿਰ ਦੇ ਸਹਿਯੋਗ ਨਾਲ ਬਹਿਸਾਂ ਅਤੇ ਗੋਸ਼ਟੀਆਂ ਕਰਨੀਆਂ ਲਾਹੇਵੰਦ ਹੋ ਸਕਦੀਆਂ ਹਨ। ਇਸ ਤਰੀਕੇ ਨਾਲ ਸੂਬੇ ਦੇ ਭਵਿੱਖ ਬਾਰੇ ਰੂਪ-ਰੇਖਾ ਤਿਆਰ ਕੀਤੀ ਜਾ ਸਕਦੀ ਹੈ।

# ਮੀਡੀਆ ਅਤੇ ਪੱਤਰਕਾਰਤਾ ਨੂੰ ਦਰਬਾਰੀ ਬਣਾਉਣ ਲਈ ਸੱਤਾ ਦੇ ਹਮਲੇ

**ਬੂਟਾ ਸਿੰਘ ਮਹਿਮੂਦਪੁਰ**



ਮੋਦੀ ਸਮੇਤ ਸਰਕਾਰੀ ਤੇ ਗ਼ੈਰਸਰਕਾਰੀ ਭਗਵਾ ਨੁਮਾਇੰਦੇ ਦੇਸ਼-ਬਦੇਸ਼ ਵਿਚ ਦਾਅਵੇ ਕਰਦੇ ਦੇਖੇ ਜਾ ਸਕਦੇ ਹਨ ਕਿ ਸਾਡੇ ਤਾਂ ਡੀ.ਐਨ.ਏ. ਵਿਚ ਲੋਕਤੰਤਰ ਹੈ! ਹਾਲਾਂਕਿ ਸਭ ਤੋਂ ਵੱਧ ਜੇਕਰ ਕੋਈ ਪ੍ਰੈੱਸ ਅਤੇ ਪੱਤਰਕਾਰਾਂ ਦੇ ਸਵਾਲਾਂ ਦਾ ਸਾਹਮਣਾ ਕਰਨ ਤੋਂ ਭੈਅ-ਭੀਤ ਹੈ ਤਾਂ ਉਹ ਇਹੀ ਸੰਘੀ ਲਾਣਾ ਹੈ। ਜੇਕਰ ਕੋਈ ਸਟੇਟ ਸੱਤਾ ਦੇ ਗੁਣ ਗਾਉਣ ਵਾਲੇ ਦਰਬਾਰੀ ਪੱਤਰਕਾਰਾਂ ਨੂੰ ਦਿੱਤੀ ਖੁੱਲ੍ਹ ਨੂੰ ਪ੍ਰੈੱਸ ਦੀ ਆਜ਼ਾਦੀ ਦੱਸਦਾ ਹੈ ਤਾਂ ਇਹ ਆਪਣੇ-ਆਪ ਵਿਚ ਉਸਦੀ ਇਸ ਆਜ਼ਾਦੀ ਪ੍ਰਤੀ ਵਚਨਬੱਧਤਾ ਦਾ ਸਬੂਤ ਨਹੀਂ ਹੈ। ਅਸਲ ਪਰਖ ਉਦੋਂ ਹੁੰਦੀ ਹੈ, ਜਦੋਂ ਘੋਖੀ ਪੱਤਰਕਾਰ ਰਾਜਨੀਤਕ ਬਿਆਨਾਂ ਨੂੰ ਜਨਤਕ ਜਵਾਬਦੇਹੀ ਦਾ ਬਦਲ ਮੰਨਣ ਤੋਂ ਇਨਕਾਰ ਕਰਦੇ ਹਨ, ਜਦੋਂ ਉਹ ਸੱਤਾ ਨੂੰ ਅਸਹਿਜ ਕਰਨ ਵਾਲੇ ਸਵਾਲ ਪੁੱਛਦੇ ਹਨ, ਜਦੋਂ ਉਹ ਸਰਕਾਰੀ ਕਾਰਗੁਜ਼ਾਰੀ ਦੀ ਜਾਂਚ ਕਰਦੇ ਹਨ ਅਤੇ ਜਦੋਂ ਉਹ ਰਾਜਕੀ ਤੇ ਹਕੂਮਤੀ ਪੁਸ਼ਤ-ਪਨਾਹੀ ਵਾਲੀ ਹਿੰਸਾ ਦੀ ਬੇਬਾਕੀ ਨਾਲ ਰਿਪੋਰਟਿੰਗ ਕਰਦੇ ਹਨ। ਕਈ ਕਸ਼ਮੀਰੀ ਤੇ ਹੋਰ ਪੱਤਰਕਾਰ ਬੇਬਾਕ ਰਿਪੋਰਟਿੰਗ ਕਾਰਨ ਸਾਲਾਂ ਤੋਂ ਜੇਲ੍ਹੀਂ ਡੱਕੇ ਹੋਏ ਹਨ। ਇਸ ਜਾਵੀਏ ਤੋਂ ਦੇਖਿਆਂ ਪ੍ਰੈੱਸ ਦੀ ਆਜ਼ਾਦੀ ਹੁਣ ਕਸ਼ਮੀਰ ਅਤੇ ਹੋਰ 'ਅੱਤਵਾਦ ਪ੍ਰਭਾਵਿਤ' ਇਲਾਕਿਆਂ ਤੋਂ ਪਾਰ ਜਾ ਕੇ ਪੂਰੇ ਭਾਰਤ ਵਿਚ ਹੁਣ ਤੱਕ ਦੇ ਸਭ ਤੋਂ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੀ ਹੈ।

ਇਹ ਖ਼ਤਰਾ ਸਿਰਫ਼ ਪੱਤਰਕਾਰਾਂ ਦੀਆਂ ਗ੍ਰਿਫ਼ਤਾਰੀਆਂ, ਮੁਕੱਦਮਿਆਂ, ਛਾਪੇਮਾਰੀਆਂ ਅਤੇ ਸਿੱਧੀ ਸੈਂਸਰਸ਼ਿਪ ਵਿਚ ਹੀ ਨਜ਼ਰ ਨਹੀਂ ਆਉਂਦਾ, ਸਗੋਂ ਰਿਪੋਰਟਿੰਗ ਦੇ ਆਮ ਕਾਰ-ਵਿਹਾਰ ਦੀ ਘੇਰਾਬੰਦੀ ਕਰ ਰਹੀਆਂ ਰੋਜ਼ਮਰ੍ਹਾ ਧਮਕੀਆਂ ਅਤੇ ਧਮਕਾਊ ਸਿਆਸਤ ਵਿਚ ਵੀ ਨਜ਼ਰ ਆਉਂਦਾ ਹੈ। ਨਵੀਂ ਦਿੱਲੀ ਵਿਚ ਔਰਤ ਪੱਤਰਕਾਰਾਂ ਉੱਤੇ ਪੁਲਿਸ ਵੱਲੋਂ ਕੀਤੇ ਹਮਲੇ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਸਵਾਲ ਪੁੱਛਣ ਤੋਂ ਬਾਅਦ ਇਕ ਔਰਤ ਪੱਤਰਕਾਰ ਵਿਰੁੱਧ ਚਲਾਈ ਗਈ ਆਨਲਾਈਨ ਭੰਡੀ ਮੁਹਿੰਮ ਦਰਸਾਉਂਦੀ ਹੈ ਕਿ ਪ੍ਰੈੱਸ ਨੂੰ ਸੱਤਾ ਦੇ ਸੌੜੇ ਹਿਤਾਂ ਦੇ ਪ੍ਰਚਾਰ ਦਾ ਸੰਦ ਬਣਾਉਣ ਲਈ ਹਿੰਸਕ ਤਾਕਤ, ਦੁਸ਼ਮਣਾਨਾ ਵਤੀਰਾ ਅਤੇ ਆਨਲਾਈਨ ਟ੍ਰੋਲਿੰਗ ਕਿਸ ਤਰ੍ਹਾਂ ਤਾਲ-ਮੇਲ ਬਿਠਾ-ਕੇ ਕੰਮ ਕਰ ਰਹੇ ਹਨ।

ਪਿਛਲੇ ਦਿਨੀਂ 4ਪੀਐੱਮ ਨਿਊਜ਼ ਨੈੱਟਵਰਕ ਦੀਆਂ ਪੱਤਰਕਾਰਾਂ ਸ਼ਾਹੀਨ ਖ਼ਾਨ ਅਤੇ ਨਫ਼ੀਸਾ ਖ਼ਾਨ ਨੇ ਆਪਣੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ ਦੱਸੀ ਕਿ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਉਸ ਸਮੇਂ ਹਿਰਾਸਤ 'ਚ ਲੈ ਕੇ ਬੇਕਿਰਕੀ ਨਾਲ ਕੁੱਟਿਆ, ਜਦੋਂ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੀ ਹਾਜ਼ਰੀ ਵਾਲੇ ਇਕ ਸਮਾਗਮ ਨੂੰ ਕਵਰ ਕਰ ਰਹੀਆਂ ਸਨ। ਪੱਤਰਕਾਰਾਂ ਅਨੁਸਾਰ ਉਨ੍ਹਾਂ ਨੂੰ ਸਮਾਗਮ ਵਾਲੀ ਥਾਂ ਦੇ ਨੇੜੇ ਰੋਕਿਆ ਗਿਆ, ਉਨ੍ਹਾਂ ਦੀ ਸ਼ਨਾਖ਼ਤ ਪੁੱਛੀ ਗਈ ਅਤੇ ਉਨ੍ਹਾਂ ਨਾਲ ਸਰੀਰਕ ਹਿੰਸਾ ਕੀਤੀ ਗਈ। ਉਨ੍ਹਾਂ ਨੇ ਆਪਣੇ ਸਰੀਰ ਉੱਤੇ ਲੱਗੀਆਂ ਸੱਟਾਂ ਦਿਖਾਈਆਂ, ਜੋ ਪੁਲਿਸ ਵੱਲੋਂ ਕੀਤੀ ਕਰੂਰ ਕੁੱਟਮਾਰ ਦਾ ਨਤੀਜਾ ਸਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜਦੋਂ ਪੁਲਸੀਆਂ ਨੂੰ ਉਨ੍ਹਾਂ ਦੇ ਮੁਸਲਮਾਨ ਹੋਣ ਦਾ ਪਤਾ ਲੱਗਿਆ ਤਾਂ ਉਹ ਨਫ਼ਰਤ ਨਾਲ ਭੜਕ ਕੇ ਹੋਰ ਵੀ ਹਿੰਸਕ ਹੋ ਗਏ। ਝੂਠੀ ਕਹਾਣੀ ਘੜ ਕੇ ਆਪਣੀਆਂ ਲਾ-ਕਾਨੂੰਨੀਆਂ 'ਤੇ ਪਰਦਾ ਪਾਉਣ ਦੀ ਪੁਰਾਣੀ ਆਦਤ ਅਨੁਸਾਰ ਇਸ ਕੇਸ ਵਿਚ ਵੀ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਇਹ ਝੂਠ ਪਰੋਸਿਆ ਕਿ ਪੱਤਰਕਾਰਾਂ ਨੇ ਵੀ.ਆਈ.ਪੀ. ਰਸਤੇ ਵਿਚ ਰੁਕਾਵਟ ਪਾਈ ਸੀ ਅਤੇ ਪੁਲਿਸ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਸੀ। ਆਜ਼ਾਦਾਨਾ ਅਤੇ ਪਾਰਦਰਸ਼ੀ ਜੁਡੀਸ਼ੀਅਲ ਜਾਂਚ ਹੀ ਦਿੱਲੀ ਪੁਲਿਸ ਦੇ ਇਨ੍ਹਾਂ ਦਾਅਵਿਆਂ ਦਾ ਕੱਚ-ਸੱਚ ਨਿਤਾਰ ਸਕਦੀ ਹੈ। ਅਜਿਹੀ ਜਾਂਚ ਨਾ ਕਦੇ ਸਰਕਾਰਾਂ ਨੇ ਕਰਾਈ ਹੈ ਅਤੇ ਨਾ ਹੁਣ ਕਰਾਉਣਗੀਆਂ, ਜਿਨ੍ਹਾਂ ਦਾ ਰਾਜ ਹੀ ਪੁਲਸੀ ਦਹਿਸ਼ਤ ਅਤੇ ਬਦਲਾਲਊ ਕਾਰਵਾਈਆਂ ਦੇ ਸਹਾਰੇ ਚੱਲਦਾ ਹੈ।

ਸਰਕਾਰੀ ਪ੍ਰੋਗਰਾਮ ਦੌਰਾਨ ਪੱਤਰਕਾਰਾਂ ਪ੍ਰਤੀ ਅਪਣਾਏ ਇਸ ਰਾਜਕੀ ਵਤੀਰੇ ਦੇ ਮਾਇਨੇ ਇਸ ਇਕਹਿਰੇ ਸਵਾਲ ਤੋਂ ਕਿਤੇ ਵਿਆਪਕ ਹਨ। ਜੇ ਕਿਸੇ ਜਨਤਕ ਸਮਾਗਮ ਦੀ ਰਿਪੋਰਟਿੰਗ ਕਰਦੇ ਪੱਤਰਕਾਰਾਂ ਨੂੰ ਇੰਝ ਹਿਰਾਸਤ ਵਿਚ ਲੈ ਕੇ ਉਨ੍ਹਾਂ ਦੀ ਬੇਕਿਰਕੀ ਨਾਲ ਕੁੱਟਮਾਰ ਕੀਤੀ ਜਾ ਸਕਦੀ ਹੈ ਜਾਂ ਸਰਕਾਰੀ ਅਧਿਕਾਰੀਆਂ ਦੇ ਵਿਹਾਰ ਨੂੰ ਰਿਕਾਰਡ ਕਰਨ ਤੋਂ ਰੋਕਿਆ ਜਾ ਸਕਦਾ ਹੈ ਤਾਂ ਇਸਦਾ ਸੰਦੇਸ਼ ਸਿੱਧੇ ਪੀੜਤਾਂ ਤੋਂ ਬਹੁਤ ਦੂਰ ਤੱਕ ਜਾਂਦਾ ਹੈ। ਇਹ ਦੇਖ ਕੇ ਹਰ ਪੱਤਰਕਾਰ ਕਿਸੇ ਸੁਰੱਖਿਆ ਵਾਲੇ ਸਮਾਗਮ ਵਾਲੀ ਥਾਂ ਤੱਕ ਪਹੁੰਚਣ, ਪੁਲਿਸ ਕਾਰਵਾਈ ਨੂੰ ਫ਼ਿਲਮਾਉਣ ਜਾਂ ਸਰਕਾਰੀ ਬਿਆਨ ਉੱਤੇ ਸਵਾਲ ਉਠਾਉਣ ਦੀ ਸੰਭਾਵਿਤ ਨਿੱਜੀ ਕੀਮਤ ਦਾ ਹਿਸਾਬ ਲਾ ਕੇ ਜ਼ਬਾਨਬੰਦੀ ਕਰਨ 'ਚ ਹੀ ਆਪਣੀ ਭਲਾਈ ਸਮਝੇਗਾ। ਅਜਿਹੀਆਂ ਘਟਨਾਵਾਂ ਨੂੰ ਅੰਜਾਮ ਰਸਮੀ ਸੈਂਸਰਸ਼ਿਪ ਦਾ ਹੁਕਮ ਜਾਰੀ ਹੋਣ ਤੋਂ ਪਹਿਲਾਂ ਹੀ ਸੱਤਾ ਦੇ ਖ਼ੌਫ਼ ਅਤੇ ਸਵੈ-ਸੈਂਸਰਸ਼ਿਪ ਵਾਲਾ ਮਾਹੌਲ ਪੈਦਾ ਕਰਨ ਲਈ ਦਿੱਤਾ ਜਾਂਦਾ ਹੈ। ਹਿਰਾਸਤ, ਸਰੀਰਕ ਸੱਟ ਜਾਂ ਫ਼ੋਨ ਜ਼ਬਤ ਹੋਣ ਦਾ ਡਰ ਕਿਸੇ ਪੱਤਰਕਾਰ ਨੂੰ ਉਨ੍ਹਾਂ ਹੀ ਸਥਿਤੀਆਂ ਤੋਂ ਪਿੱਛੇ ਹਟਣ ਲਈ ਮਜਬੂਰ ਕਰ ਸਕਦਾ ਹੈ, ਜਿੱਥੇ ਸਬੂਤ ਸਭ ਤੋਂ ਵੱਧ ਜ਼ਰੂਰੀ ਹੁੰਦੇ ਹਨ।

ਸ਼ਾਹੀਨ ਅਤੇ ਨਫ਼ੀਸਾ ਵੱਲੋਂ ਦਿੱਤੇ ਵੇਰਵੇ ਇਕ ਹੋਰ ਬੇਹੱਦ ਚਿੰਤਾਜਨਕ ਪਹਿਲੂ ਨੂੰ ਸਾਹਮਣੇ ਲਿਆਉਂਦੇ ਹਨ। ਔਰਤ ਪੱਤਰਕਾਰ ਨੂੰ ਸਿਰਫ਼ ਪੱਤਰਕਾਰ ਵਜੋਂ ਹੀ ਨਿਸ਼ਾਨਾ ਨਹੀਂ ਬਣਾਇਆ ਜਾਂਦਾ, ਸਗੋਂ ਉਸਦੇ ਲਿੰਗ, ਧਰਮ ਅਤੇ ਸਮਾਜਿਕ ਪਛਾਣ ਦੇ ਆਧਾਰ ਉੱਤੇ ਵੀ ਹਮਲਾ ਕੀਤਾ ਜਾ ਸਕਦਾ ਹੈ। ਜੇਕਰ ਇਕ ਮੁਸਲਮਾਨ ਔਰਤ ਪੱਤਰਕਾਰ ਆਪਣੀ ਧਾਰਮਿਕ ਸ਼ਨਾਖ਼ਤ ਦੇ ਕਾਰਨ ਸੱਤਾ ਦੀਆਂ ਸ਼ਿਸ਼ਕੇਰੀਆਂ ਸਰਕਾਰੀ-ਗ਼ੈਰਸਰਕਾਰੀ ਤਾਕਤਾਂ ਅੱਗੇ ਹੋਰ ਵੀ ਜ਼ਿਆਦਾ ਅਸੁਰੱਖਿਅਤ ਹੋਣ ਦਾ ਸੰਤਾਪ ਝੱਲਦੀ ਹੈ ਤਾਂ ਇਸਨੂੰ ਉਸਦੀ ਵਿਅਕਤੀਗਤ ਸ਼ਿਕਾਇਤ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਹ ਹਕੀਕਤ ਉੱਭਰਦੀ ਹੈ ਕਿ ਫਿਰਕੂ ਪੱਖਪਾਤ ਅਤੇ ਤੁਅੱਸਬ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਜ਼ਿੰਮੇਵਾਰ ਸੰਸਥਾਵਾਂ ਦੇ ਅੰਦਰ ਡੂੰਘੇ ਰੂਪ 'ਚ ਜੜ੍ਹਾਂ ਲਾ ਚੁੱਕੇ ਹਨ। 'ਸੰਵਿਧਾਨ ਅੱਗੇ ਸਾਰੇ ਬਰਾਬਰ ਹਨ', ਇਸ ਦਾਅਵੇ ਦੇ ਖੋਖਲੇਪਣ ਦਾ ਇਸ ਤੋਂ ਉੱਘੜਵਾਂ ਸਬੂਤ ਕੀ ਹੋ ਸਕਦਾ ਹੈ ਜਦੋਂ ਪੁਲਿਸ ਕਿਸੇ ਪੱਤਰਕਾਰ ਦੇ ਨਾਂ ਯਾਨੀ ਉਸ ਦੀ ਧਾਰਮਿਕ ਸ਼ਨਾਖ਼ਤ ਤੋਂ ਇਹ ਤੈਅ ਕਰੇ ਕਿ ਉਸਨੂੰ ਪ੍ਰੈੱਸ ਦੀ ਜਾਇਜ਼ ਨੁਮਾਇੰਦਾ ਮੰਨਿਆ ਜਾਵੇਗਾ ਜਾਂ ਉੱਥੋਂ ਹਟਾਏ ਜਾਣ ਯੋਗ ਸ਼ੱਕੀ ਵਿਅਕਤੀ।

ਇਸ ਤੋਂ ਕੁਝ ਦਿਨ ਬਾਅਦ ਹੀ ਇਕ ਹੋਰ ਔਰਤ ਪੱਤਰਕਾਰ ਨੂੰ ਸਵਾਲ ਕਰਨ ਦਾ ਸਬਕ ਸਿਖਾਉਣ ਦਾ ਮਾਮਲਾ ਸਾਹਮਣੇ ਆਇਆ। ਲਖਨਊ ਵਿਚ ਹੋਈ ਇਕ ਪ੍ਰੈੱਸ ਕਾਨਫਰੰਸ ਦੌਰਾਨ 4ਪੀਐੱਮ ਨਿਊਜ਼ ਦੀ ਪੱਤਰਕਾਰ ਦਿਵਿਆ ਸ੍ਰੀਵਾਸਤਵ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਜਨਤਕ ਮਸਲਿਆਂ—ਸੜਕਾਂ ਦੇ ਟੋਇਆਂ ਅਤੇ ਪਾਣੀ ਭਰਨ ਵਰਗੇ ਮੁੱਦਿਆਂ—ਬਾਰੇ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ। ਸੰਬੋਧਨ ਕਰਨ ਤੋਂ ਬਾਅਦ ਮੁੱਖ ਮੰਤਰੀ ਅਦਿੱਤਿਆਨਾਥ ਉਸਦਾ ਸਵਾਲ ਲਏ ਬਿਨਾਂ ਹੀ ਉੱਥੋਂ ਨਿਕਲ ਗਿਆ। ਸ੍ਰੀਵਾਸਤਵ ਨੇ ਇਤਰਾਜ਼ ਕੀਤਾ ਕਿ ਜੇ ਪੱਤਰਕਾਰਾਂ ਤੋਂ ਸਿਰਫ਼ ਭਾਸ਼ਣ ਸੁਣਨ ਦੀ ਉਮੀਦ ਰੱਖੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੱਤਾਧਾਰੀ ਨੂੰ ਸਵਾਲ ਪੁੱਛਣ ਦਾ ਮੌਕਾ ਹੀ ਨਹੀਂ ਦਿੱਤਾ ਜਾਂਦਾ ਤਾਂ ਅਜਿਹੇ ਤਮਾਸ਼ੇ ਨੂੰ ਪ੍ਰੈੱਸ ਕਾਨਫਰੰਸ ਕਿਵੇਂ ਕਿਹਾ ਜਾ ਸਕਦਾ ਹੈ। ਇਸ ਤੋਂ ਬਾਅਦ ਜੋ ਕੁਝ ਵਾਪਰਿਆ, ਉਹ ਇਸ ਗੱਲ ਦੀ ਸਿੱਖਿਆਦਾਇਕ ਮਿਸਾਲ ਹੈ ਕਿ ਸਰਕਾਰ ਵੱਲੋਂ ਕੋਈ ਲਿਖਤੀ ਹੁਕਮ ਜਾਰੀ ਕੀਤੇ ਬਿਨਾਂ ਵੀ ਰਾਜਨੀਤਕ ਸੱਤਾ ਨੂੰ ਡਰਾਉਣ-ਧਮਕਾਉਣ ਰਾਹੀਂ ਕਿਵੇਂ ਅਸਹਿਜ ਸਵਾਲਾਂ ਤੋਂ ਸੁਰੱਖਿਅਤ ਕੀਤਾ ਜਾ ਸਕਦਾ ਹੈ।

ਪੱਤਰਕਾਰ ਕੁੜੀ ਨੇ ਦੱਸਿਆ ਕਿ ਭਾਜਪਾ ਦੇ ਕਾਰਿੰਦਿਆਂ ਨੇ ਉਸਨੂੰ ਘੇਰ ਲਿਆ ਅਤੇ ਉਸ ਨਾਲ ਧੱਕੇਸ਼ਾਹੀ ਕੀਤੀ। ਉਨ੍ਹਾਂ ਨੇ ਵਾਰ-ਵਾਰ ਉਸਦਾ ਨਾਂ ਅਤੇ ਉਸਦੇ ਚੈਨਲ ਦੀ ਸ਼ਨਾਖ਼ਤ ਪੁੱਛੀ, ਕੈਮਰਾ ਬੰਦ ਕਰਨ ਲਈ ਦਬਾਅ ਪਾਇਆ ਅਤੇ ਬਦਤਮੀਜ਼ੀ ਕਰਨ ਦੇ ਝੂਠੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ। ਮੀਡੀਆ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਇਸ ਤੋਂ ਬਾਅਦ ਉਹ ਤਿੱਖੀ ਆਨਲਾਈਨ ਟ੍ਰੋਲਿੰਗ ਦਾ ਨਿਸ਼ਾਨਾ ਬਣੀ। ਉਸਨੂੰ ਆਪਣਾ ਪੇਸ਼ਾਵਰ ਫ਼ਰਜ਼ ਨਿਭਾਉਣ ਵਾਲੀ ਪੱਤਰਕਾਰ ਦੀ ਥਾਂ ਸਮਾਜਵਾਦੀ ਪਾਰਟੀ ਜਾਂ ਕਾਂਗਰਸ ਦੀ ਏਜੰਟ ਵਜੋਂ ਭੰਡਣ ਦੀ ਮੁਹਿੰਮ ਵਿੱਢ ਦਿੱਤੀ ਗਈ। ਉਸਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਹ ਆਪਣੇ ਘਰੋਂ ਬਾਹਰ ਨਿਕਲਣ ਤੋਂ ਵੀ ਡਰਦੀ ਹੈ।

ਇਸੇ ਤਰ੍ਹਾਂ ਦੀ ਕਹਾਣੀ ਪੂਜਾ ਮਾਥੁਰ ਦੀ ਹੈ। ਉਸਨੂੰ 6 ਸਤੰਬਰ ਨੂੰ ਸਹਾਰਨਪੁਰ ਵਿਚ ਇਕ ਮਸਜਿਦ ਨੂੰ ਬੁਲਡੋਜ਼ਰ ਨਾਲ ਤੋੜੇ ਜਾਣ ਦੀ ਰਿਪੋਰਟ ਕਰਨ ਬਦਲੇ ਨਿਸ਼ਾਨਾ ਬਣਾਇਆ ਗਿਆ। ਉਸਨੇ ਮਸਜਿਦ ਦੇ ਇਮਾਮ ਦਾ ਇੰਟਰਵਿਊ ਲਿਆ ਅਤੇ ਮਲਬੇ ਦਾ ਵੀਡੀਓ ਬਣਾਇਆ ਸੀ। ਉਸਨੂੰ ਵੀਡੀਓ ਡਿਲੀਟ ਕਰਨ ਦੀਆਂ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਉਸ ਵਿਰੁੱਧ ਐੱਫ.ਆਈ.ਆਰ.ਦਰਜ ਕਰ ਲਈ ਗਈ ਹੈ।

ਇਸੇ ਤਰ੍ਹਾਂ, ਦਿੱਲੀ ਤੋਂ ਸੁਤੰਤਰ ਪੱਤਰਕਾਰ ਬਿੰਦੂ ਰੋਮੀ ਗੁੱਜਰ ਅਤੇ ਮੋਨਿਕਾ ਸਿੰਘ ਨੇ ਅਗਸਤ 2026 'ਚ ਬਾਲਾਘਾਟ (ਮੱਧ ਪ੍ਰਦੇਸ਼) ਵਿਚ 30 ਬੈਗਾ ਆਦਿਵਾਸੀ ਬੱਚਿਆਂ ਦੀਆਂ ਮਲੇਰੀਆ ਨਾਲ ਮੌਤਾਂ ਅਤੇ ਸਿਹਤ ਸੇਵਾਵਾਂ ਦੇ ਅਤਿ ਭੈੜੇ ਹਾਲਾਤਾਂ ਦੀ ਰਿਪੋਰਟ ਕੀਤੀ ਸੀ। ਉਨ੍ਹਾਂ ਉੱਪਰ ਨਜ਼ਰ ਰੱਖੀ ਜਾਣ ਲੱਗੀ ਅਤੇ ਧਮਕੀਆਂ ਦਿੱਤੀਆਂ ਗਈਆਂ। ਆਪਣੀ ਜਾਨ ਨੂੰ ਖ਼ਤਰਾ ਦੇਖ ਕੇ ਉਹ ਰਾਤ ਨੂੰ ਹੀ ਹੋਟਲ ਛੱਡ ਕੇ ਦਿੱਲੀ ਵਾਪਸ ਆ ਗਈਆਂ। ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ ਵੀ ਮੁਅੱਤਲ ਕਰਵਾ ਦਿੱਤੇ ਗਏ।

ਇਹ ਘਟਨਾਵਾਂ ਦੱਸਦੀਆਂ ਹਨ ਕਿ ਭਗਵਾ ਹਕੂਮਤ ਦੇ ਤਹਿਤ ਕਿਸ ਤਰ੍ਹਾਂ ਦਾ ਦਹਿਸ਼ਤਵਾਦੀ ਰਾਜਨੀਤਕ ਸੱਭਿਆਚਾਰ ਸਿਰਜਿਆ ਗਿਆ ਹੈ। ਹਕੂਮਤੀ ਖ਼ੌਫ਼ ਦਾ ਬੋਲਬਾਲਾ ਹੈ ਜਿੱਥੇ ਕੋਈ ਮੁੱਖ ਮੰਤਰੀ ਜਾਇਜ਼ ਸਵਾਲ ਦਾ ਜਵਾਬ ਨਹੀਂ ਦਿੰਦਾ ਸਗੋਂ ਉਸਦੇ ਹਮਾਇਤੀ ਅਤੇ ਪੁਲਿਸ ਅਧਿਕਾਰੀ ਸਵਾਲ ਪੁੱਛਣ ਵਾਲਿਆਂ ਨੂੰ, ਚਾਹੇ ਉਹ ਪੱਤਰਕਾਰ ਹੋਣ ਜਾਂ ਆਮ ਨਾਗਰਿਕ, ਦੁਸ਼ਮਣ ਮੰਨ ਕੇ ਦਬਾਉਂਦੇ ਹਨ। ਉਨ੍ਹਾਂ ਮੁਤਾਬਿਕ, ਸੱਤਾ ਤੋਂ ਜਵਾਬਦੇਹੀ ਜਾਂ ਸਪਸ਼ਟੀਕਰਨ ਮੰਗਣਾ ਦੁਸ਼ਮਣੀ ਹੈ ਅਤੇ ਚੁੱਪ ਰਹਿਣਾ ਵਫ਼ਾਦਾਰੀ।

ਸਵਾਲ ਪੁੱਛਣ ਵਾਲੇ ਪੱਤਰਕਾਰ ਜਾਂ ਆਮ ਨਾਗਰਿਕ ਨੂੰ ਸਿਆਸੀ ਸਾਜ਼ਿਸ਼ਕਰਤਾ ਬਣਾ ਦੇਣਾ ਜਾਣੀ-ਪਛਾਣੀ ਤਕਨੀਕ ਬਣ ਚੁੱਕੀ ਹੈ। ਸਵਾਲ ਦਾ ਜਵਾਬ ਦੇਣ ਦੀ ਬਜਾਏ ਸੱਤਾ ਦਾ ਹਮਾਇਤੀ ਪ੍ਰਚਾਰਤੰਤਰ ਸਵਾਲ ਕਰਤਾ ਦੀ ਨੀਅਤ, ਸਿਆਸੀ ਸਬੰਧਾਂ, ਕਿਰਦਾਰ ਅਤੇ ਦੇਸ਼ਭਗਤੀ ਉੱਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੰਦਾ ਹੈ। ਟੁੱਟੀਆਂ ਸੜਕਾਂ ਬਾਰੇ ਪੁੱਛਿਆ ਸਵਾਲ ਵਿਰੋਧੀ ਧਿਰ ਦੀ ਸਾਜ਼ਿਸ਼ ਦਾ ਸਬੂਤ ਬਣਾ ਦਿੱਤਾ ਜਾਂਦਾ ਹੈ; ਆਲੋਚਨਾ ਨੂੰ ਦੁਰਵਿਹਾਰ ਅਤੇ ਸਵਾਲ ਉੱਤੇ ਕਾਇਮ ਰਹਿਣ ਨੂੰ ਹਮਲਾਵਰ ਹੋਣਾ ਕਿਹਾ ਜਾਂਦਾ ਹੈ। ਇਸ ਗਿਣੇ-ਮਿੱਥੇ ਪ੍ਰਚਾਰ ਹੇਠ ਅਸਲ ਸਵਾਲ ਦਬਾ ਦਿੱਤਾ ਜਾਂਦਾ ਹੈ। ਇਹ ਤਰੀਕਾ ਖ਼ਾਸ ਤੌਰ ਉੱਤੇ ਕਾਰਗਰ ਹੈ, ਕਿਉਂਕਿ ਇਸਦੇ ਲਈ ਸਰਕਾਰ ਵੱਲੋਂ ਰਿਪੋਰਟਿੰਗ ਉੱਤੇ ਰਸਮੀ ਪਾਬੰਦੀ ਲਾਉਣ ਦੀ ਲੋੜ ਨਹੀਂ ਪੈਂਦੀ। ਸਿਰਫ਼ ਸਵਾਲ ਪੁੱਛਣ ਦੀ ਵਿਅਕਤੀਗਤ ਕੀਮਤ ਨੂੰ ਅਸਹਿ ਬਣਾ ਦੇਣਾ ਹੀ ਕਾਫ਼ੀ ਹੁੰਦਾ ਹੈ।

ਧਮਕੀਆਂ ਅਤੇ ਝੂਠੇ ਕੇਸਾਂ ਦਾ ਸਾਹਮਣਾ ਤਾਂ ਮਰਦ ਪੱਤਰਕਾਰਾਂ ਨੂੰ ਵੀ ਕਰਨਾ ਪੈਂਦਾ ਹੈ, ਪਰ ਔਰਤ ਪੱਤਰਕਾਰਾਂ ਵਿਰੁੱਧ ਇਸ ਦਬਾਅ ਦੇ ਖ਼ਾਸ ਕਰਕੇ ਵਹਿਸ਼ੀ ਰੂਪ ਵਰਤੇ ਜਾਂਦੇ ਹਨ। ਇਹ ਹਮਲੇ ਆਮ ਹੀ ਜਿਨਸੀ ਅਤੇ ਨਿੱਜੀ ਕਿਰਦਾਰਕੁਸ਼ੀ ਦੇ ਰੂਪ 'ਚ ਕੀਤੇ ਜਾਂਦੇ ਹਨ। ਉਨ੍ਹਾਂ ਦੇ ਸਰੀਰਾਂ, ਕੱਪੜਿਆਂ, ਰਿਸ਼ਤਿਆਂ ਅਤੇ ਨੈਤਿਕਤਾ ਬਾਰੇ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਜਨਤਕ ਖੇਤਰ ਤੋਂ ਬਾਹਰ ਕੱਢਣ ਲਈ ਜਬਰ-ਜਨਾਹ ਅਤੇ ਸਰੀਰਕ ਹਿੰਸਾ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਇਹ ਦੋਸ਼ ਲਾ ਕੇ ਉਨ੍ਹਾਂ ਦੀ ਯੋਗਤਾ ਉੱਤੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ ਕਿ ਉਹ ਕਿਸੇ ਸਿਆਸੀ ਪਾਰਟੀ ਲਈ, ਕਿਸੇ ਦੇ ਇਸ਼ਾਰੇ ਉੱਤੇ ਕਾਰਵਾਈ ਕਰਦੀਆਂ ਹਨ ਜਾਂ ਨਿੱਜੀ ਸਬੰਧਾਂ ਦੇ ਸਹਾਰੇ ਅੱਗੇ ਵਧੀਆਂ ਹਨ। ਜਦੋਂ ਪੱਤਰਕਾਰ ਕਿਸੇ ਧਾਰਮਿਕ ਘੱਟਗਿਣਤੀ ਜਾਂ ਹਾਸ਼ੀਏ ਉੱਤੇ ਧੱਕੇ ਗਏ ਭਾਈਚਾਰੇ ਨਾਲ ਸਬੰਧਤ ਹੋਵੇ ਤਾਂ ਔਰਤ ਦੀ ਕਿਰਦਾਰਕੁਸ਼ੀ ਵਿਚ ਧਾਰਮਿਕ ਜਾਂ ਜਾਤੀ ਤੁਅੱਸਬ ਵੀ ਸ਼ਾਮਲ ਹੋ ਜਾਂਦਾ ਹੈ। ਆਨਲਾਈਨ ਬਦਤਮੀਜ਼ੀ ਸਿਆਸੀ ਆਗਿਆਕਾਰੀ ਦੇ ਨਾਲ-ਨਾਲ ਸਮਾਜਿਕ ਦਰਜਾਬੰਦੀ ਲਾਗੂ ਕਰਨ ਦਾ ਸਾਧਨ ਵੀ ਹੈ।

ਲਿਹਾਜ਼ਾ ਟ੍ਰੋਲਿੰਗ ਆਪ-ਮੁਹਾਰਾ ਗੁੱਸਾ ਜਾਂ ਸੋਸ਼ਲ ਮੀਡੀਆ ਦਾ ਅਟੱਲ ਹੋ-ਹੱਲਾ ਨਹੀਂ ਹੈ। ਅਪਮਾਨਜਨਕ ਪੋਸਟਾਂ ਦਾ ਹੜ੍ਹ ਸੈਂਸਰਸ਼ਿਪ ਦੀ ਇਕ ਵਿਕੇਂਦਰੀਕ੍ਰਿਤ ਪ੍ਰਣਾਲੀ ਵਾਂਗ ਕੰਮ ਕਰਦਾ ਹੈ। ਇਹ ਪੱਤਰਕਾਰ ਨੂੰ ਮਾਨਸਿਕ ਤੌਰ 'ਤੇ ਤੋੜਦਾ, ਉਸਦੇ ਪਰਿਵਾਰ ਨੂੰ ਖ਼ੌਫ਼ਜ਼ਦਾ ਕਰਦਾ ਅਤੇ ਉਸਦੀ ਪੇਸ਼ਾਵਰ ਸਾਖ਼ ਨੂੰ ਢਾਹ ਲਾਉਂਦਾ ਹੈ। ਨਾਲ ਹੀ ਇਹ ਹੋਰ ਔਰਤਾਂ ਲਈ ਸੰਦੇਸ਼ ਵੀ ਹੁੰਦਾ ਹੈ ਕਿ ਜਨਤਕ ਤੌਰ 'ਤੇ ਸਵਾਲ ਪੁੱਛਣ 'ਤੇ ਕਿਸ ਤਰ੍ਹਾਂ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ। ਮਨੋਰਥ ਬਿਲਕੁਲ ਸਪਸ਼ਟ ਹੈ- ਪੱਤਰਕਾਰ ਸਵਾਲ ਕਰਨ ਤੋਂ ਗੁਰੇਜ਼ ਕਰਨਾ ਸ਼ੁਰੂ ਕਰ ਦੇਵੇ, ਆਪਣੀ ਰਿਪੋਰਟਿੰਗ ਦੀ ਸੁਰ ਨਰਮ ਕਰ ਲਵੇ ਜਾਂ ਪੇਸ਼ਾ ਹੀ ਨਾ ਛੱਡ ਦੇਵੇ। ਕੌਮਾਂਤਰੀ ਅਧਿਐਨ ਵੀ ਦੱਸਦੇ ਹਨ ਕਿ ਔਰਤ ਪੱਤਰਕਾਰਾਂ ਵਿਰੁੱਧ ਡਿਜੀਟਲ ਹਿੰਸਾ ਅਕਸਰ ਆਫਲਾਈਨ ਪਿੱਛਾ ਕਰਨ, ਡਰਾਉਣ-ਧਮਕਾਉਣ ਅਤੇ ਸਰੀਰਕ ਨੁਕਸਾਨ ਤੱਕ ਪਹੁੰਚ ਜਾਂਦੀ ਹੈ। ਐਸੋਸੀਏਟਿਡ ਪ੍ਰੈੱਸ ਵੱਲੋਂ ਹਵਾਲਾ ਦਿੱਤੇ ਇਕ ਵੱਡੇ ਕੌਮਾਂਤਰੀ ਸਰਵੇਖਣ ਵਿਚ ਸ਼ਾਮਲ ਦੋ-ਤਿਹਾਈ ਤੋਂ ਵੱਧ ਔਰਤ ਪੱਤਰਕਾਰਾਂ, ਕਾਰਕੁਨਾਂ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਡਿਜੀਟਲ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ।

ਭਾਰਤ ਦੀਆਂ ਉਪਰੋਕਤ ਘਟਨਾਵਾਂ ਨੂੰ ਲਗਾਤਾਰ ਵਿਗੜ ਰਹੇ ਵਿਆਪਕ ਮਾਹੌਲ ਦੇ ਪ੍ਰਸੰਗ 'ਚ ਦੇਖਿਆਂ ਆਜ਼ਾਦ ਪੱਤਰਕਾਰੀ ਲਈ ਵਧ ਰਹੀ ਚੁਣੌਤੀ ਸਾਫ਼ ਸਮਝੀ ਜਾ ਸਕਦੀ ਹੈ। ਪੱਤਰਕਾਰਾਂ ਨੂੰ ਅਪਰਾਧਿਕ ਮਾਮਲਿਆਂ, ਪੁਲਿਸ ਸੰਮਨਾਂ, ਛਾਪਿਆਂ, ਲੰਮੀ ਹਿਰਾਸਤ, ਸਰੀਰਕ ਹਮਲਿਆਂ, ਮਾਣਹਾਨੀ ਦੇ ਮੁਕੱਦਮਿਆਂ ਅਤੇ ਡਿਜੀਟਲ ਸੰਚਾਰ ਉੱਤੇ ਸਰਕਾਰ ਦੀਆਂ ਵਧਦੀਆਂ ਸ਼ਕਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਜ਼ਾਦ ਅਤੇ ਖੇਤਰੀ ਪੱਤਰਕਾਰ ਖ਼ਾਸ ਤੌਰ ਉੱਤੇ ਅਸੁਰੱਖਿਅਤ ਹਨ, ਕਿਉਂਕਿ ਉਨ੍ਹਾਂ ਕੋਲ ਵੱਡੇ ਮੀਡੀਆ ਅਦਾਰਿਆਂ ਨੂੰ ਉਪਲਬਧ ਕਾਨੂੰਨੀ, ਵਿੱਤੀ ਅਤੇ ਸੰਸਥਾਗਤ ਸੁਰੱਖਿਆ ਨਹੀਂ ਹੁੰਦੀ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਨੇ ਆਲੋਚਨਾਤਮਕ ਸਵਾਲ ਪੁੱਛਣ ਤੋਂ ਬਾਅਦ ਭਾਰਤ ਵਿਚ ਪੱਤਰਕਾਰਾਂ ਉੱਤੇ ਹੋਏ ਹਮਲਿਆਂ, ਆਮ ਰਿਪੋਰਟਿੰਗ ਵਿਰੁੱਧ ਪੁਲਿਸ ਕਾਰਵਾਈਆਂ ਅਤੇ ਪੱਤਰਕਾਰਾਂ ਤੇ ਸਮਾਚਾਰ ਮੰਚਾਂ ਵਿਰੁੱਧ ਸਖ਼ਤ ਕਾਨੂੰਨਾਂ ਦੀ ਵਰਤੋਂ ਦਾ ਦਸਤਾਵੇਜ਼ੀਕਰਨ ਕੀਤਾ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਡਰਾਉਣਾ-ਧਮਕਾਉਣਾ ਕਿਸੇ ਇਕ ਰਾਜ ਜਾਂ ਇੱਕੋ ਤਰੀਕੇ ਤੱਕ ਸੀਮਤ ਨਹੀਂ ਹੈ। ਇਹ ਸੱਤਾ ਅਤੇ ਪ੍ਰੈੱਸ ਦੇ ਰਿਸ਼ਤੇ ਦੀ ਇਕ ਲਗਾਤਾਰ ਦੁਹਰਾਈ ਜਾਣ ਵਾਲੀ ਖ਼ਾਸੀਅਤ ਬਣ ਚੁੱਕੀ ਹੈ।

ਸਰਕਾਰੀ ਰਸੂਖ਼ ਗੁੱਝੇ ਸਾਧਨਾਂ ਰਾਹੀਂ ਵੀ ਕੰਮ ਕਰਦਾ ਹੈ। ਸਰਕਾਰੀ ਇਸ਼ਤਿਹਾਰਾਂ ਜਾਂ ਕਾਰਪੋਰੇਟ ਸਰਪ੍ਰਸਤੀ ਉੱਤੇ ਨਿਰਭਰ ਮੀਡੀਆ ਅਦਾਰੇ ਆਪਣੀ ਵਿੱਤੀ ਹੋਂਦ ਨੂੰ ਕੰਟਰੋਲ ਕਰਨ ਵਾਲਿਆਂ ਦੀ ਜਾਂਚ ਕਰਨ ਤੋਂ ਝਿਜਕਦੇ ਹਨ। ਮੀਡੀਆ ਮਾਲਕੀ ਦਾ ਕੁਝ ਹੱਥਾਂ ਵਿਚ ਕੇਂਦਰੀਕਰਨ ਪ੍ਰਵਾਨਿਤ ਬਹਿਸ ਦੀ ਹੱਦ ਨੂੰ ਵੀ ਸੁੰਗੇੜ ਦਿੰਦਾ ਹੈ। ਟੀ.ਵੀ. ਸਟੂਡੀਓ ਅਕਸਰ ਛਾਣਬੀਣ ਆਧਾਰਤ ਤੱਥਾਂ ਦੀ ਬਜਾਏ ਟੀ.ਆਰ.ਪੀ. ਜਾਂ ਸੱਤਾ ਦੇ ਏਜੰਡੇ 'ਤੇ ਆਧਾਰਤ ਤਮਾਸ਼ੇ ਨੂੰ ਤਰਜੀਹ ਦਿੰਦੇ ਹਨ। ਸਰਕਾਰੀ ਐਲਾਨਾਂ ਨੂੰ ਲਗਾਤਾਰ ਬਿਨਾਂ ਸਵਾਲ ਪੁੱਛੇ ਪ੍ਰਸਾਰਿਤ ਕੀਤਾ ਜਾਂਦਾ ਹੈ। ਸਿਆਸੀ ਆਗੂਆਂ ਤੱਕ ਪਹੁੰਚ ਨੂੰ ਅਜਿਹਾ ਵਿਸ਼ੇਸ਼ ਅਧਿਕਾਰ ਬਣਾ ਦਿੱਤਾ ਗਿਆ ਹੈ, ਜੋ ਆਲੋਚਨਾਤਮਕ ਪੱਤਰਕਾਰਾਂ ਤੋਂ ਜਦੋਂ ਮਰਜ਼ੀ ਖੋਹਿਆ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰੈੱਸ ਕਾਨਫਰੰਸ ਹੌਲੀ-ਹੌਲੀ ਪ੍ਰਚਾਰ ਸਮਾਗਮ ਵਿਚ ਬਦਲ ਦਿੱਤੀ ਗਈ ਹੈ। ਪੱਤਰਕਾਰਾਂ ਤੋਂ ਪਹਿਲਾਂ ਹੀ ਤਿਆਰ ਕੀਤੇ ਬਿਆਨ ਪ੍ਰਸਾਰਤ ਕਰਨ ਅਤੇ ਬਿਨਾਂ ਕਿਸੇ ਸਵਾਲ ਦੇ ਰਾਜਨੀਤਕਾਂ ਦਾ ਸੰਦੇਸ਼ ਪ੍ਰਚਾਰਨ ਦੀ ਉਮੀਦ ਕੀਤੀ ਜਾਂਦੀ ਹੈ।

ਇਹ ਤਬਦੀਲੀ ਸਿਰਫ਼ ਪੇਸ਼ਾਵਰ ਸ਼ਿਸ਼ਟਾਚਾਰ ਦਾ ਮਾਮਲਾ ਨਹੀਂ ਹੈ। ਸਵਾਲਾਂ ਤੋਂ ਰਹਿਤ ਪ੍ਰੈੱਸ ਕਾਨਫਰੰਸ ਪੱਤਰਕਾਰੀ ਨੂੰ ਉਸਦੇ ਮੂਲ ਉਦੇਸ਼ ਤੋਂ ਵਿਰਵਾ ਕਰ ਦਿੰਦੀ ਹੈ। ਪੱਤਰਕਾਰ ਉੱਥੇ ਕਿਸੇ ਲੇਖਕ ਜਾਂ ਸਿਆਸੀ ਸੱਤਾ ਦੇ ਸੰਦੇਸ਼ ਨੂੰ ਹੋਰ ਉੱਚੀ ਆਵਾਜ਼ ਵਿਚ ਦੁਹਰਾਉਣ ਵਾਲੇ ਵਿਅਕਤੀ ਵਜੋਂ ਮੌਜੂਦ ਨਹੀਂ ਹੁੰਦਾ। ਉਹ ਲੋਕਾਂ ਦੇ ਨੁਮਾਇੰਦੇ ਵਜੋਂ ਉੱਥੇ ਹੁੰਦਾ ਹੈ—ਉਨ੍ਹਾਂ ਲੋਕਾਂ ਸਮੇਤ ਜਿਹੜੇ ਖ਼ੁਦ ਮੰਤਰੀਆਂ, ਪੁਲਿਸ ਕਮਿਸ਼ਨਰਾਂ ਅਤੇ ਉੱਚ ਅਧਿਕਾਰੀਆਂ ਨੂੰ ਸਿੱਧਾ ਸਵਾਲ ਨਹੀਂ ਕਰ ਸਕਦੇ। ਜਦੋਂ ਦਿਵਿਆ ਸ੍ਰੀਵਾਸਤਵ ਨੇ ਮੁੱਖ ਮੰਤਰੀ ਨੂੰ ਸੜਕਾਂ ਅਤੇ ਪਾਣੀ ਭਰਨ ਬਾਰੇ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਹ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਸੱਚੇ ਸਵਾਲ ਉਠਾ ਰਹੀ ਸੀ। ਉਸਨੂੰ ਚੁੱਪ ਕਰਵਾਉਣਾ ਸਿਰਫ਼ ਪੱਤਰਕਾਰ ਦਾ ਅਪਮਾਨ ਨਹੀਂ ਹੈ; ਇਹ ਨਾਗਰਿਕਾਂ ਤੋਂ ਸਰਕਾਰ ਤੋਂ ਜਵਾਬ ਮੰਗਣ ਦਾ ਮੌਕਾ ਖੋਹਣ ਲਈ ਹਮਲਾ ਹੈ।

ਚੇਤੇ ਰਹੇ ਕਿ ਪ੍ਰੈੱਸ ਦੀ ਜ਼ਬਾਨਬੰਦੀ ਕਿਸੇ ਇਕ ਪਾਰਟੀ ਤੱਕ ਸੀਮਤ ਨਹੀਂ ਹੈ। ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ ਆਲੋਚਨਾਤਮਕ ਪੱਤਰਕਾਰੀ ਵਿਰੁੱਧ ਪੁਲਿਸ, ਅਪਰਾਧਿਕ ਸ਼ਿਕਾਇਤਾਂ, ਇਸ਼ਤਿਹਾਰੀ ਦਬਾਅ, ਜਾਂ ਪ੍ਰਸ਼ਾਸਕੀ ਤਾਕਤ ਦੀ ਵਰਤੋਂ ਕਰਦੀਆਂ ਆ ਰਹੀਆਂ ਹਨ। ਨਿਰਸੰਦੇਹ, ਫਾਸ਼ੀਵਾਦੀ ਭਾਜਪਾ ਇਸ ਪੱਖੋਂ ਸਭ ਤੋਂ ਵੱਧ ਕਰੂਰ ਹੈ।

ਸੰਵਿਧਾਨਕ ਤੌਰ ਉੱਤੇ ਭਾਰਤ ਵਿਚ ਪ੍ਰੈੱਸ ਦੀ ਆਜ਼ਾਦੀ ਸੰਵਿਧਾਨ ਦੀ ਧਾਰਾ 19 (1)(ਏ) ਹੇਠ ਪ੍ਰਾਪਤ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਤੋਂ ਪੈਦਾ ਹੁੰਦੀ ਹੈ। ਪਰ ਸੰਵਿਧਾਨਕ ਗਾਰੰਟੀਆਂ ਸੰਸਥਾਵਾਂ, ਪੇਸ਼ਾਵਰ ਇਕਜੁੱਟਤਾ ਅਤੇ ਨਾਗਰਿਕਾਂ ਵੱਲੋਂ ਉਨ੍ਹਾਂ ਦੀ ਰੱਖਿਆ ਕਰਨ ਦੇ ਹੌਸਲੇ ਰਾਹੀਂ ਹੀ ਜਿਊਂਦੀਆਂ ਰਹਿੰਦੀਆਂ ਹਨ। ਜਦੋਂ ਕਾਨੂੰਨੀ ਪ੍ਰਕਿਰਿਆ ਖ਼ੁਦ ਪੱਤਰਕਾਰ ਉੱਤੇ ਮੁਕੱਦਮਿਆਂ ਨਾਲ ਸਾਲਾਂ ਦੀ ਚਿੰਤਾ, ਖ਼ਰਚ ਅਤੇ ਪੇਸ਼ਾਵਰ ਰੁਕਾਵਟ ਥੋਪਣ ਦੇ ਸਮਰੱਥ ਹੈ ਤਾਂ ਕਿਸੇ ਪੱਤਰਕਾਰ ਦਾ ਆਖ਼ਿਰਕਾਰ ਝੂਠੇ ਦੋਸ਼ਾਂ ਤੋਂ ਬਰੀ ਹੋ ਜਾਣਾ ਸੁਰੱਖਿਆ ਨਹੀਂ ਹੈ। ਅਜਿਹੇ ਹਾਲਾਤ ਵਿਚ ਸਜ਼ਾ ਮੀਡੀਆ ਟ੍ਰਾਇਲ ਸਮੇਤ ਦੋਸ਼ ਸਾਬਤ ਹੋਣ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਜਾਂਦੀ ਹੈ।

ਉਪਰੋਕਤ ਪੱਤਰਕਾਰ ਕੁੜੀਆਂ ਦੀ ਹਿੰਮਤ ਕਿਸੇ ਅਸਾਧਾਰਨ ਆਕੀ ਕਾਰਵਾਈ ਵਿਚ ਨਹੀਂ, ਸਗੋਂ ਪੱਤਰਕਾਰੀ ਦਾ ਧਰਮ ਨਿਭਾਉਣ ਲਈ ਡਟੇ ਰਹਿਣ ਵਿਚ ਹੈ। ਇਹ ਸਧਾਰਨ ਡਿਊਟੀ ਕਰਨ ਲਈ ਵੀ ਹੁਣ ਅਸਾਧਾਰਨ ਹਿੰਮਤ ਦਰਕਾਰ ਹੈ। ਕੋਈ ਸਰਕਾਰ ਸਵਾਲ ਤੋਂ ਬਚ ਸਕਦੀ ਹੈ, ਉਸਦੇ ਹਮਾਇਤੀ ਸਵਾਲ ਪੁੱਛਣ ਨੂੰ ਦਬਾ ਸਕਦੇ ਹਨ ਅਤੇ ਪੁਲਿਸ ਕਿਸੇ ਕੈਮਰੇ ਨੂੰ ਅਸਹਿਜ ਦ੍ਰਿਸ਼ ਰਿਕਾਰਡ ਕਰਨ ਤੋਂ ਰੋਕ ਸਕਦੀ ਹੈ। ਪਰ ਅਜਿਹੀ ਹਰ ਕਾਰਵਾਈ ਜਵਾਬ ਨਾ ਦਿੱਤੇ ਗਏ ਸਵਾਲ ਦੀ ਜਮਹੂਰੀ ਮਹੱਤਤਾ ਨੂੰ ਹੋਰ ਵਧਾਉਂਦੀ ਹੈ।

ਮੀਡੀਆ ਦੀ ਆਜ਼ਾਦੀ ਹਕੂਮਤੀ ਸੈਂਸਰਸ਼ਿੱਪ ਅਤੇ ਹੋਰ ਜਬਰ ਨਾਲ ਨਹੀਂ ਦਬਦੀ। ਇਹ ਓਦੋਂ ਦਬਦੀ ਹੈ ਜਦੋਂ ਪੱਤਰਕਾਰ ਡਰ ਕੇ ਜ਼ਬਾਨਬੰਦੀ ਨੂੰ ਕਬੂਲ ਕਰ ਲੈਣ, ਸੰਪਾਦਕ ਸੰਵੇਦਨਸ਼ੀਲ ਖ਼ਬਰਾਂ ਤੋਂ ਗੁਰੇਜ਼ ਕਰਨਾ ਸ਼ੁਰੂ ਕਰ ਦੇਣ, ਦਬਾਅ ਹੇਠ ਮੀਡੀਆ ਕੈਮਰੇ ਬੰਦ ਹੋ ਜਾਣ ਅਤੇ ਧਮਕੀਆਂ ਨੂੰ ਅਸਹਿਣ ਮੰਨ ਲਿਆ ਜਾਵੇ। ਅੱਜ ਇਸ ਚੁਣੌਤੀ ਦਾ ਮੁਕਾਬਲਾ ਕਰਨ ਦੀ ਜ਼ਰੂਰਤ ਹੋਰ ਵੀ ਜ਼ਿਆਦਾ ਹੈ। ਪੱਤਰਕਾਰ ਕੁੜੀਆਂ ਵੱਲੋਂ ਖ਼ੌਫ਼ਜ਼ਦਾ ਹੋ ਕੇ ਸਵੈ-ਸੈਂਸਰਸ਼ਿੱਪ ਅਪਣਾ ਲੈਣ ਦੀ ਬਜਾਏ ਪੱਤਰਕਾਰੀ ਲਈ ਡੱਟੇ ਰਹਿਣ ਦਾ ਹੌਸਲਾ ਦਿਖਾਉਣਾ ਬਹੁਤ ਆਸ ਬੰਨ੍ਹਾਊ ਹੈ।

# ਪਬਲਿਕ ਯੂਨੀਵਰਸਿਟੀ ਦੀ 'ਰਾਜਧ੍ਰੋਹੀ' ਜ਼ਿੰਦਗੀ

***ਨਾਰੀਵਾਦੀ ਕਾਰਕੁਨ ਅਤੇ ਖੋਜਾਰਥੀ ਝੇਲਮ ਰਾਏ ਆਪਣੇ ਇਸ ਲੇਖ ਵਿਚ ਇਸ ਮਹੱਤਵਪੂਰਨ ਸਵਾਲ ਨੂੰ ਮੁਖ਼ਾਤਬ ਹੁੰਦੀ ਹੈ ਕਿ ਫਾਸ਼ੀਵਾਦੀ ਹਕੂਮਤਾਂ ਪਬਲਿਕ ਯੂਨੀਵਰਸਿਟੀ ਉੱਪਰ ਕੰਟਰੋਲ ਸਥਾਪਤ ਕਰਨ ਲਈ ਐਨਾ ਤਾਹੂ ਕਿਉਂ ਹੁੰਦੀਆਂ ਹਨ। ਜੇ.ਐੱਨ.ਯੂ. ਅਤੇ ਹੋਰ ਕੇਂਦਰੀ ਯੂਨੀਵਰਸਿਟੀਆਂ ਦੀ ਕੈਂਪਸ ਜ਼ਿੰਦਗੀ ਉੱਪਰ ਮੋਦੀ ਸਰਕਾਰ ਵੱਲੋਂ ਕੱਸਿਆ ਜਾ ਰਿਹਾ ਸ਼ਿਕੰਜਾ ਅਤੇ ਫਾਸ਼ੀਵਾਦੀ ਰੋਕਾਂ ਇਸ ਦੀਆਂ ਗਵਾਹ ਹਨ। ਅੱਜ ਜਦੋਂ ਭਾਰਤ ਦੇ ਲੋਕ ਆਪਣੀਆਂ ਪਬਲਿਕ ਯੂਨੀਵਰਸਿਟੀਆਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ ਤਾਂ ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਦਾਅ ਉੱਤੇ ਸਿਰਫ਼ ਲੋਕਤੰਤਰੀ ਅਮਲ, ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਜਾਂ ਅਕਾਦਮਿਕ ਆਜ਼ਾਦੀ ਹੀ ਨਹੀਂ ਲੱਗੀ ਹੋਈ। ਸਗੋਂ ਖ਼ੁਦ ਪਬਲਿਕ ਯੂਨੀਵਰਸਿਟੀ ਦਾ ਮੂਲ ਵਿਚਾਰ ਹੀ ਦਾਅ 'ਤੇ ਲੱਗਿਆ ਹੋਇਆ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।- ਸੰਪਾਦਕ॥***

**ਝੇਲਮ ਰਾਏ**
**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

'ਮੈਂ ਰਾਜੇ, ਉਸਦੇ ਸ਼ਾਹੀ ਜਾਨਸ਼ੀਨਾਂ ਅਤੇ ਫਾਸ਼ੀਵਾਦੀ ਰਾਜ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਦਾ ਹਾਂ। ਮੈਂ ਨੈਸ਼ਨਲ ਫਾਸ਼ਿਸਟ ਪਾਰਟੀ ਦੇ ਵਿਧਾਨ ਅਤੇ ਰਾਜ ਦੇ ਹੋਰ ਕਾਨੂੰਨਾਂ ਦਾ ਸਤਿਕਾਰ ਕਰਨ ਅਤੇ ਮਿਹਨਤੀ, ਨੇਕ, ਦੇਸ਼ਭਗਤ ਅਤੇ ਫਾਸ਼ੀਵਾਦੀ ਰਾਜ ਪ੍ਰਤੀ ਸਮਰਪਿਤ ਨਾਗਰਿਕ ਤਿਆਰ ਕਰਨ ਦੇ ਉਦੇਸ਼ ਨਾਲ ਇਕ ਅਧਿਆਪਕ ਅਤੇ ਵਿਦਵਾਨ ਵਜੋਂ ਆਪਣੇ ਸਾਰੇ ਫ਼ਰਜ਼ ਨਿਭਾਉਣ ਦੀ ਸਹੁੰ ਚੁੱਕਦਾ ਹਾਂ। ਮੈਂ ਸਹੁੰ ਚੁੱਕਦਾ ਹਾਂ ਕਿ ਮੈਂ ਉਨ੍ਹਾਂ ਸੰਗਠਨਾਂ ਜਾਂ ਪਾਰਟੀਆਂ ਦਾ ਮੈਂਬਰ ਨਹੀਂ ਹਾਂ ਅਤੇ ਨਾ ਹੀ ਕਦੇ ਬਣਾਂਗਾ, ਜਿਨ੍ਹਾਂ ਦੀਆਂ ਸਰਗਰਮੀਆਂ ਮੇਰੇ ਸਰਕਾਰੀ ਫ਼ਰਜ਼ਾਂ ਨਾਲ ਬੇਮੇਲ ਹਨ।'

ਸਾਲ 1931, ਮੁਸੋਲਿਨੀ ਦਾ ਇਟਲੀ। ਰਾਜ ਨੇ ਯੂਨੀਵਰਸਿਟੀਆਂ ਦੇ ਸਾਰੇ ਪ੍ਰੋਫ਼ੈਸਰਾਂ ਲਈ ਰਾਜੇ ਅਤੇ ਫਾਸ਼ੀਵਾਦੀ ਹਕੂਮਤ ਦੇ ਨਾਂ 'ਤੇ ਜਨਤਕ ਤੌਰ 'ਤੇ ਵਫ਼ਾਦਾਰੀ ਦੀ ਸਹੁੰ ਚੁੱਕਣੀ ਲਾਜ਼ਮੀ ਕਰ ਦਿੱਤੀ ਸੀ। ਬਾਰਾਂ ਪ੍ਰੋਫ਼ੈਸਰਾਂ ਨੇ ਇਹ ਐਲਾਨ ਕਰਦਿਆਂ ਸਹੁੰ ਚੁੱਕਣ ਤੋਂ ਨਾਂਹ ਕਰ ਦਿੱਤੀ ਕਿ ਇਹ ਉਨ੍ਹਾਂ ਦੀ ਅਕਾਦਮਿਕ ਅਤੇ ਸਿਆਸੀ ਇਮਾਨਦਾਰੀ ਨਾਲ ਬੇਮੇਲ ਹੈ। ਇਸ ਅਵੱਗਿਆ ਕਾਰਨ ਉਨ੍ਹਾਂ ਨੂੰ ਆਪਣੀਆਂ ਨੌਕਰੀਆਂ ਅਤੇ ਸਮਾਜਿਕ ਰੁਤਬਾ ਗੁਆਉਣਾ ਪਿਆ ਅਤੇ ਕੁਝ ਦੀ ਆਰਥਕ ਸੁਰੱਖਿਆ ਵੀ ਖੁੱਸ ਗਈ।

ਫਿਰ ਵੀ ਲਗਭਗ ਇਕ ਸਦੀ ਬਾਅਦ ਇਤਿਹਾਸ ਉਨ੍ਹਾਂ ਬਾਰਾਂ ਪ੍ਰੋਫ਼ੈਸਰਾਂ ਦੀ ਨਾਂਹ ਨੂੰ ਹੀ ਸ਼ਾਨਦਾਰ ਢੰਗ ਨਾਲ ਯਾਦ ਕਰਦਾ ਹੈ। ਪਰ ਅੱਜ ਜਦੋਂ ਅਸੀਂ ਆਪਣੇ ਵਰਤਮਾਨ ਨੂੰ ਸਮਝਣ ਲਈ ਇਸ ਘਟਨਾ ਵੱਲ ਮੁੜਦੇ ਹਾਂ ਤਾਂ ਦੋ ਅਸਹਿਜ ਸਵਾਲ ਸਾਡੇ ਸਾਹਮਣੇ ਖੜ੍ਹੇ ਹੋ ਜਾਂਦੇ ਹਨ ਅਤੇ ਉਹ ਸਾਡਾ ਖਹਿੜਾ ਛੱਡਣ ਤੋਂ ਇਨਕਾਰੀ ਹਨ।

ਪਹਿਲਾ ਸਵਾਲ ਹੈ: ਲਗਭਗ 1,250 ਅਕਾਦਮਿਕਾਂ ਨੇ—ਜਿਨ੍ਹਾਂ ਵਿੱਚੋਂ ਬਹੁਤ ਸਾਰੇ ਫਾਸ਼ੀਵਾਦੀ ਵਜੋਂ ਨਹੀਂ ਜਾਣੇ ਜਾਂਦੇ ਸਨ—ਇਸ ਹੁਕਮ ਦੀ ਪਾਲਣਾ ਕਿਉਂ ਕੀਤੀ?

ਦੂਜਾ ਸਵਾਲ ਸ਼ਾਇਦ ਹੋਰ ਵੀ ਜ਼ਿੱਦੀ ਹੈ: ਮੁਸੋਲਿਨੀ ਨੂੰ ਉਨ੍ਹਾਂ ਕੋਲੋਂ ਜਨਤਕ ਤੌਰ 'ਤੇ ਆਪਣੀ ਵਫ਼ਾਦਾਰੀ ਦਾ ਪ੍ਰਦਰਸ਼ਨ ਕਰਵਾਉਣ ਦੀ ਲੋੜ ਹੀ ਕਿਉਂ ਪਈ?

ਸਾਲ 1931 ਤੱਕ ਹਕੂਮਤ ਪਹਿਲਾਂ ਹੀ ਵਧੇਰੇ ਖ਼ਾਮੋਸ਼ ਤਰੀਕਿਆਂ ਨਾਲ ਯੂਨੀਵਰਸਿਟੀ ਉੱਤੇ ਆਪਣੀ ਪਕੜ ਬਣਾ ਰਹੀ ਸੀ—ਅਸੁਵਿਧਾਜਨਕ ਸਮਝੇ ਜਾਂਦੇ ਅਕਾਦਮਿਕਾਂ ਨੂੰ ਹਟਾਉਣਾ, ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਸੀਮਤ ਕਰਨਾ, ਨਿਯੁਕਤੀਆਂ ਉੱਪਰ ਕੰਟਰੋਲ ਕਰਨਾ, ਸਿਆਸੀ ਵਫ਼ਾਦਾਰੀ ਨੂੰ ਇਨਾਮ ਦੇਣਾ ਅਤੇ ਅਸਹਿਮਤੀ ਨੂੰ ਜ਼ਾਬਤਾਬੱਧ ਕਰਨਾ। ਪ੍ਰੋਫ਼ੈਸਰਾਂ ਨੂੰ ਜਨਤਕ ਤੌਰ 'ਤੇ ਸਹੁੰ ਚੁੱਕਣ ਲਈ ਕਹੇ ਜਾਣ ਤੋਂ ਬਹੁਤ ਪਹਿਲਾਂ ਹੀ ਯੂਨੀਵਰਸਿਟੀ ਨੂੰ ਅੰਦਰੋਂ ਖੋਖਲਾ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਸੀ।

ਤਾਂ ਫਿਰ ਇਸ ਸਹੁੰ ਨੇ ਹੋਰ ਕੀ ਜੋੜਿਆ?

ਸਹੁੰ ਦੀ ਆਪਣੀ ਭਾਸ਼ਾ ਹੀ ਇਸ ਸਵਾਲ ਦਾ ਕੁਝ ਜਵਾਬ ਦਿੰਦੀ ਹੈ। ਇਸ ਵਿਚ ਸਿਰਫ਼ ਆਗਿਆਕਾਰੀ ਦੀ ਮੰਗ ਹੀ ਨਹੀਂ ਕੀਤੀ ਗਈ ਸੀ। ਪ੍ਰੋਫ਼ੈਸਰਾਂ ਨੂੰ ਮਹਿਜ਼ ਹਕੂਮਤ ਦਾ ਵਿਰੋਧ ਨਾ ਕਰਨ ਲਈ ਨਹੀਂ ਕਿਹਾ ਗਿਆ ਸੀ। ਉਨ੍ਹਾਂ ਕੋਲੋਂ ਅਜਿਹੇ 'ਮਿਹਨਤੀ ਅਤੇ ਨੇਕ ਨਾਗਰਿਕ ਤਿਆਰ ਕਰਨ' ਦੀ ਮੰਗ ਕੀਤੀ ਗਈ ਸੀ, ਜੋ 'ਦੇਸ਼ਭਗਤ ਅਤੇ ਫਾਸ਼ੀਵਾਦੀ ਹਕੂਮਤ ਪ੍ਰਤੀ ਸਮਰਪਿਤ' ਹੋਣ।

ਇਸ ਸਹੁੰ ਰਾਹੀਂ ਯੂਨੀਵਰਸਿਟੀ ਦੇ ਉਦੇਸ਼ ਉੱਤੇ ਜਨਤਕ ਦਾਅਵਾ ਪੇਸ਼ ਕੀਤਾ ਗਿਆ ਸੀ। ਇਹ ਸਿਰਫ਼ ਨਿੱਜੀ ਵਿਸ਼ਵਾਸ ਦੀ ਪਰਖ ਨਹੀਂ ਸੀ, ਸਗੋਂ ਯੂਨੀਵਰਸਿਟੀ ਉੱਤੇ ਥੋਪੀ ਗਈ ਇਕ ਰਾਇਸ਼ੁਮਾਰੀ ਸੀ। ਸੰਸਥਾਵਾਂ ਉੱਤੇ ਅਥਾਹ ਤਾਕਤ ਰੱਖਣ ਦੇ ਬਾਵਜੂਦ ਫਾਸ਼ੀਵਾਦੀ ਪ੍ਰੋਜੈਕਟ ਨੂੰ ਅਜੇ ਵੀ ਜਨਤਕ ਵਾਜਬੀਅਤ ਦੀ ਲੋੜ ਸੀ। ਜਨਤਕ ਸਹਿਮਤੀ ਦਾ ਤਮਾਸ਼ਾ ਉਹ ਕੰਮ ਕਰ ਸਕਦਾ ਸੀ, ਜੋ ਅਨੁਸ਼ਾਸਨਾਤਮਕ ਕਾਰਵਾਈ ਦੇ ਦਸ ਲੱਖ ਨੋਟਿਸ ਵੀ ਨਹੀਂ ਕਰ ਸਕਦੇ ਸਨ।

ਇਸ ਨਾਲ ਫਾਸ਼ੀਵਾਦ ਨੂੰ ਸਿਰਫ਼ ਇਹ ਦਾਅਵਾ ਕਰਨ ਦਾ ਮੌਕਾ ਨਹੀਂ ਮਿਲਿਆ ਕਿ ਯੂਨੀਵਰਸਿਟੀ ਉਸਦੇ ਕੰਟਰੋਲ ਹੇਠ ਹੈ, ਸਗੋਂ ਇਹ ਦਾਅਵਾ ਕਰਨ ਦਾ ਮੌਕਾ ਵੀ ਮਿਲਿਆ ਕਿ ਯੂਨੀਵਰਸਿਟੀ ਨੇ ਫਾਸ਼ੀਵਾਦੀ ਪ੍ਰਬੰਧ ਦੇ ਅੰਦਰ ਆਪਣੀ ਥਾਂ ਖ਼ੁਦ ਚੁਣੀ ਹੈ।






ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਸੀ ਕਿ ਸਹੁੰ ਨੇ ਸਪੱਸ਼ਟ ਕਰ ਦਿੱਤਾ ਕਿ ਲੜਾਈ ਕਦੇ ਵੀ ਮਹਿਜ਼ ਇਸ ਗੱਲ ਨੂੰ ਲੈ ਕੇ ਨਹੀਂ ਸੀ ਕਿ ਯੂਨੀਵਰਸਿਟੀ ਵਿਚ ਕੌਣ ਪੜ੍ਹਾਏਗਾ, ਕੀ ਪੜ੍ਹਾਇਆ ਜਾ ਸਕੇਗਾ ਅਤੇ ਕਿਵੇਂ ਪੜ੍ਹਾਇਆ ਜਾਵੇਗਾ। ਲੜਾਈ ਇਸ ਗੱਲ ਦੀ ਸੀ ਕਿ ਯੂਨੀਵਰਸਿਟੀ ਕਿਸ ਤਰ੍ਹਾਂ ਦੇ ਲੋਕ ਤਿਆਰ ਕਰੇਗੀ, ਉਹ ਕਿਸ ਤਰ੍ਹਾਂ ਦੀਆਂ ਸਮੂਹਿਕ ਸਾਂਝਾਂ ਨੂੰ ਪ੍ਰਵਾਨਗੀ ਦੇਵੇਗੀ ਅਤੇ ਅੰਤ ਵਿੱਚ ਉਹ ਕਿਸ ਕਿਸਮ ਦੇ ਭਵਿੱਖ ਨੂੰ ਮੁੜ ਸਿਰਜਣ ਵਿੱਚ ਮੱਦਦ ਕਰੇਗੀ।

ਤਾਂ ਫਿਰ ਪਬਲਿਕ ਯੂਨੀਵਰਸਿਟੀ ਦੇ ਸੁਭਾਅ ਅਤੇ ਖ਼ਾਸੇ ਵਿਚ ਅਜਿਹੀ ਕਿਹੜੀ ਗੱਲ ਹੈ, ਜੋ ਉਸਦੇ ਉਦੇਸ਼ ਉੱਤੇ ਇੰਨੇ ਜਨਤਕ ਢੰਗ ਨਾਲ ਦਾਅਵਾ ਕਰਨ ਨੂੰ ਮਹੱਤਵਪੂਰਨ ਬਣਾਉਂਦੀ ਹੈ?

ਆਪਣੇ ਬੁਨਿਆਦੀ ਰੂਪ ਵਿੱਚ ਪਬਲਿਕ ਯੂਨੀਵਰਸਿਟੀ ਦਾ ਵਿਚਾਰ ਇਸ ਸਿਧਾਂਤ ਉੱਤੇ ਅਧਾਰਤ ਹੈ ਕਿ ਸਿੱਖਿਆ ਕੋਈ ਵਸਤੂ ਨਹੀਂ, ਸਗੋਂ ਇਕ ਸਮਾਜਿਕ ਭਲਾਈ ਹੈ, ਜਿਸ ਉੱਤੇ ਹਰ ਵਿਅਕਤੀ ਦਾ ਅਧਿਕਾਰ ਹੈ। ਇਹੀ ਸਿਧਾਂਤ ਪਬਲਿਕ ਯੂਨੀਵਰਸਿਟੀ ਨੂੰ ਕੁਝ ਲੋਕਤੰਤਰੀ ਕਦਰਾਂ-ਕੀਮਤਾਂ, ਸਮੂਹਿਕ ਜ਼ਿੰਦਗੀ ਦੀ ਸਿਰਜਣਾ ਕਰਨ ਵਾਲੇ ਅਮਲਾਂ ਅਤੇ ਉਸਨੂੰ ਕਾਇਮ ਰੱਖਣ ਵਾਲੇ ਸਮਾਜ ਪ੍ਰਤੀ ਵਚਨਬੱਧਤਾ ਦੇ ਸਾਹਮਣੇ ਜਵਾਬਦੇਹ ਬਣਾਉਂਦਾ ਹੈ।

ਯੂਨੀਵਰਸਿਟੀ ਇਨ੍ਹਾਂ ਸੰਭਾਵਨਾਵਾਂ ਨੂੰ ਖੁੱਲ੍ਹਾ ਰੱਖ ਸਕਦੀ ਹੈ ਅਤੇ ਇਸੇ ਕਰਕੇ ਇਤਿਹਾਸਕ ਤੌਰ 'ਤੇ ਇਹ ਹਮੇਸ਼ਾ ਸੰਘਰਸ਼ ਦਾ ਮੈਦਾਨ ਰਹੀ ਹੈ। ਪਬਲਿਕ ਯੂਨੀਵਰਸਿਟੀ ਸਮੂਹਿਕ ਵਸੀਲਿਆਂ ਨਾਲ ਬਣਦੀ ਹੈ। ਉਸਦੀਆਂ ਜਮਾਤਾਂ, ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ, ਹੋਸਟਲ, ਕੰਟੀਨਾਂ, ਵਜ਼ੀਫੇ, ਤਨਖ਼ਾਹਾਂ ਅਤੇ ਬੁਨਿਆਦੀ ਢਾਂਚਾ ਮਿਹਨਤਕਸ਼ ਲੋਕਾਂ ਦੀ ਕਿਰਤ ਨਾਲ ਕਾਇਮ ਰੱਖੇ ਜਾਂਦੇ ਹਨ। ਇਹ ਤੱਥ ਉਸ ਮਿਹਨਤਕਸ਼ ਸਮਾਜ ਨੂੰ ਯੂਨੀਵਰਸਿਟੀ ਵਿਚ ਹਿੱਸੇਦਾਰ ਬਣਾਉਂਦਾ ਹੈ, ਭਾਵੇਂ ਉਸਦੇ ਬਹੁਤ ਸਾਰੇ ਲੋਕ ਕਦੇ ਯੂਨੀਵਰਸਿਟੀ ਦੇ ਅੰਦਰ ਕਦਮ ਵੀ ਨਾ ਰੱਖਣ।

ਇਹੀ ਗੱਲ ਆਖ਼ਿਰਕਾਰ ਯੂਨੀਵਰਸਿਟੀ ਨੂੰ ਇਸ ਸਮਾਜ ਪ੍ਰਤੀ ਜਵਾਬਦੇਹ ਬਣਾਉਂਦੀ ਹੈ। ਇਹ ਜ਼ਿੰਮੇਵਾਰੀ ਯੂਨੀਵਰਸਿਟੀ ਉੱਤੇ ਲੋਕਤੰਤਰੀ ਅਮਲ ਵਿਕਸਤ ਕਰਨ, ਜ਼ਿੰਦਗੀ ਨੂੰ ਵੱਖਰੇ ਢੰਗ ਨਾਲ ਜਥੇਬੰਦ ਕਰਨ ਅਤੇ ਸਭ ਤੋਂ ਵੱਧ ਇਹ ਕਲਪਨਾ ਕਰਨ ਦਾ ਫ਼ਰਜ਼ ਆਇਦ ਕਰਦੀ ਹੈ ਕਿ ਇਕ ਹੋਰ ਦੁਨੀਆ ਸੰਭਵ ਹੈ।

ਇਸ ਲਈ ਇਤਿਹਾਸ ਵਿਚ ਸਾਹਮਣੇ ਆਉਂਦਾ ਇਹ ਟਕਰਾਅ ਜ਼ਿੰਦਗੀ ਨੂੰ ਜਥੇਬੰਦ ਕਰਨ ਦੀਆਂ ਇਨ੍ਹਾਂ ਸੰਭਾਵਨਾਵਾਂ, ਸਮਾਜ ਦੀ ਕਲਪਨਾ ਕਰਨ ਦੇ ਵੱਖ-ਵੱਖ ਢੰਗਾਂ ਅਤੇ ਅਜਿਹੇ ਸਮਾਜ ਵਿਚ ਲੋਕਤੰਤਰੀ ਅਮਲਾਂ ਨੂੰ ਮੁੜ ਪੈਦਾ ਕਰਨ ਨੂੰ ਲੈ ਕੇ ਹੋਣ ਵਾਲਾ ਟਕਰਾਅ ਹੈ, ਜੋ ਖ਼ੁਦ ਜਮਾਤ, ਜਾਤ, ਲਿੰਗ, ਨਸਲੀ, ਭਾਸ਼ਾਈ ਅਤੇ ਖੇਤਰੀ ਦਰਜਾਬੰਦੀਆਂ ਰਾਹੀਂ ਡੂੰਘੇ ਰੂਪ 'ਚ ਬੱਝਵੀਂ ਵਿਵਸਥਾ ਹੈ।

ਇਹੀ ਗੱਲ ਲਾਇਬ੍ਰੇਰੀਆਂ, ਕਲਾਸਾਂ, ਗਲਿਆਰਿਆਂ, ਹੋਸਟਲਾਂ, ਖੇਡ ਮੈਦਾਨਾਂ ਅਤੇ ਕੰਟੀਨਾਂ ਨੂੰ ਇੰਨਾ ਖ਼ਤਰਨਾਕ ਬਣਾਉਂਦੀ ਹੈ, ਕਿਉਂਕਿ ਉਹ ਮੰਡੀ ਦੀਆਂ ਫ਼ੌਰੀ ਮਜਬੂਰੀਆਂ ਅੱਗੇ ਸਮਰਪਣ ਨਹੀਂ ਕਰਦੀਆਂ। ਇਹ ਥਾਵਾਂ ਹੁਣ ਨਿੱਜੀ ਲਾਭ ਦੇ ਆਲੇ-ਦੁਆਲੇ ਸੰਗਠਿਤ ਨਹੀਂ ਰਹਿੰਦੀਆਂ, ਸਗੋਂ ਅਜਿਹੀਆਂ ਥਾਵਾਂ ਬਣ ਜਾਂਦੀਆਂ ਹਨ ਜਿੱਥੇ ਲੋਕ ਠਹਿਰਦੇ ਹਨ, ਬਿਨਾਂ ਕਿਸੇ ਤੈਅਸ਼ੁਦਾ ਮਕਸਦ ਦੇ ਸਮਾਂ ਗੁਜ਼ਾਰਦੇ ਹਨ ਅਤੇ ਜਮਾਤਾਂ ਤੋਂ ਬਾਹਰ ਗੁਜ਼ਾਰੇ ਘੰਟਿਆਂ ਰਾਹੀਂ ਸਮਾਜਿਕ ਜ਼ਿੰਦਗੀ ਦੀ ਸਿਰਜਣਾ ਕਰਦੇ ਹਨ।

ਉੱਥੇ ਬਹਿਸਾਂ, ਅਧਿਐਨ-ਮੰਡਲੀਆਂ, ਵਿਦਿਆਰਥੀ ਜਥੇਬੰਦੀਆਂ, ਰਿਹਰਸਲਾਂ, ਹੜਤਾਲਾਂ ਜਾਂ ਹੋਸਟਲਾਂ ਦੇ ਗਲਿਆਰਿਆਂ, ਚਾਹ ਦੀਆਂ ਦੁਕਾਨਾਂ, ਕੰਟੀਨਾਂ ਅਤੇ ਲਾਇਬ੍ਰੇਰੀਆਂ ਵਿੱਚ ਹੋਣ ਵਾਲੀਆਂ ਸਧਾਰਨ ਗੱਲਬਾਤਾਂ ਰਾਹੀਂ ਦੋਸਤੀਆਂ ਅਤੇ ਸਾਥ ਦੇ ਰਿਸ਼ਤੇ ਬਣਦੇ ਹਨ।

ਇਹ ਗੱਲ ਨੋਟ ਕਰਨੀ ਮਹੱਤਵਪੂਰਨ ਹੈ ਕਿ ਇਹ ਥਾਵਾਂ ਬਾਹਰਲੇ ਸਮਾਜ ਨੂੰ ਬਣਤਰ ਦੇਣ ਵਾਲੀਆਂ ਦਰਜਾਬੰਦੀਆਂ ਨੂੰ ਕਿਸੇ ਜਾਦੂ ਨਾਲ ਖ਼ਤਮ ਨਹੀਂ ਕਰ ਦਿੰਦੀਆਂ। ਜਾਤ ਵਿਦਿਆਰਥੀਆਂ ਦਾ ਪਿੱਛਾ ਕਰਦੀ ਹੋਈ ਕਲਾਸਾਂ, ਕੰਟੀਨਾਂ ਅਤੇ ਗਲਿਆਰਿਆਂ ਤੱਕ ਪਹੁੰਚ ਜਾਂਦੀ ਹੈ। ਜਮਾਤ ਇਹ ਤੈਅ ਕਰਦੀ ਹੈ ਕਿ ਕੌਣ ਉੱਥੇ ਆਰਾਮ ਨਾਲ ਸਮਾਂ ਗੁਜ਼ਾਰ ਸਕਦਾ ਹੈ, ਕਿਸਨੂੰ ਪੜ੍ਹਾਈ ਦੇ ਨਾਲ ਕੰਮ ਵੀ ਕਰਨਾ ਪੈਂਦਾ ਹੈ, ਕੌਣ ਸੌਖ ਨਾਲ ਹੀ ਕਿਸੇ ਥਾਂ ਉੱਤੇ ਆਪਣਾ ਹੱਕ ਜਤਾ ਸਕਦਾ ਹੈ ਅਤੇ ਕਿਸਨੂੰ ਦੂਜਿਆਂ ਦੇ ਬਰਾਬਰ ਪਹੁੰਚਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ।

ਲਿੰਗ ਇਹ ਤੈਅ ਕਰਦਾ ਹੈ ਕਿ ਕੌਣ ਦੇਰ ਨਾਲ ਹੋਸਟਲ ਵਾਪਸ ਆ ਸਕਦਾ ਹੈ, ਕੌਣ ਜਿਨਸੀ ਪ੍ਰੇਸ਼ਾਨੀ ਵਿਰੁੱਧ ਆਵਾਜ਼ ਉਠਾਉਣ ਲਈ ਜਨਰਲ ਬਾਡੀ ਦੀ ਮੀਟਿੰਗ ਵਿੱਚ ਦਖ਼ਲ ਦੇ ਸਕਦਾ ਹੈ ਅਤੇ ਕਿਸ ਦੀਆਂ ਦੋਸਤੀਆਂ ਉੱਤੇ ਨਿਗਰਾਨੀ ਰੱਖੀ ਜਾਂਦੀ ਹੈ। ਯੂਨੀਵਰਸਿਟੀਆਂ ਨੇ ਇਤਿਹਾਸਕ ਤੌਰ 'ਤੇ ਇਨ੍ਹਾਂ ਨਬਰਾਬਰੀਆਂ ਨੂੰ ਓਨੀ ਹੀ ਕੁਸ਼ਲਤਾ ਨਾਲ ਮੁੜ ਪੈਦਾ ਕੀਤਾ ਹੈ, ਜਿੰਨੀ ਕੁਸ਼ਲਤਾ ਨਾਲ ਉਨ੍ਹਾਂ ਨੂੰ ਚੁਣੌਤੀ ਦਿੱਤੀ ਹੈ।

ਪਰ ਪਬਲਿਕ ਯੂਨੀਵਰਸਿਟੀ ਲਈ ਹਾਸ਼ੀਏਕਰਨ ਅਤੇ ਅਸਮਾਨਤਾ ਦੇ ਇਨ੍ਹਾਂ ਤਜਰਬਿਆਂ ਨੂੰ ਅਮੂਰਤ ਬਣਾਈ ਰੱਖਣਾ ਅਤੇ ਉਨ੍ਹਾਂ ਨੂੰ ਸਾਫ਼-ਸੁਥਰੇ, ਵੱਖਰੇ ਅਤੇ ਹਵਾ-ਬੰਦ ਖ਼ਾਨਿਆਂ ਵਿਚ ਕੈਦ ਕਰ ਦੇਣਾ ਏਨਾ ਸੌਖਾ ਨਹੀਂ ਹੁੰਦਾ।

ਕਿਸੇ ਦੋਸਤ ਵੱਲੋਂ ਸੁਣਾਇਆ ਗਿਆ ਜਾਤੀ ਅਪਮਾਨ ਸਿਰਫ਼ ਸਮਾਜ-ਵਿਗਿਆਨ ਦੀ ਕਿਤਾਬ ਵਿਚ ਦਰਜ ਇਕ ਇੰਦਰਾਜ ਨਹੀਂ ਰਹਿੰਦਾ। ਕਿਸੇ ਸਾਥਣ ਨੂੰ ਦੇਰ ਨਾਲ ਵਾਪਸ ਆਉਣ ਕਾਰਨ ਹੋਸਟਲ ਦੇ ਦਰਵਾਜ਼ੇ ਉੱਤੇ ਰੋਕ ਦਿੱਤੇ ਜਾਣ ਦੀ ਘਟਨਾ ਆਉਣ-ਜਾਣ ਉੱਤੇ ਲਿੰਗ-ਅਧਾਰਤ ਕੰਟਰੋਲ ਨੂੰ ਕਿਸੇ ਹੋਰ ਵਿਅਕਤੀ ਦੀ ਸਮੱਸਿਆ ਸਮਝਣਾ ਮੁਸ਼ਕਲ ਬਣਾ ਦਿੰਦੀ ਹੈ।

ਫ਼ੀਸ ਵਾਧੇ ਦਾ ਖ਼ਰਚਾ ਚੁਕਾਉਣ ਲਈ ਕੰਮ ਦੀ ਸ਼ਿਫ਼ਟ ਕਰਨ ਵਾਸਤੇ ਕੈਂਪਸ ਤੋਂ ਗ਼ਾਇਬ ਹੋਣ ਲਈ ਮਜਬੂਰ ਕਿਸੇ ਦੋਸਤ ਦੀ ਅਸੁਰੱਖਿਆ; ਭੋਜਨ, ਭਾਸ਼ਾ, ਧਰਮ ਜਾਂ ਉਪਨਾਮ ਕਾਰਨ ਕਿਸੇ ਹੋਰ ਨਾਲ ਹੋਣ ਵਾਲਾ ਵਿਤਕਰਾ; ਜਾਂ ਦਹਾਕਿਆਂ ਤੋਂ ਯੂਨੀਵਰਸਿਟੀ ਲਈ ਕੰਮ ਕਰਨ ਦੇ ਬਾਵਜੂਦ ਕਿਰਤ ਅਧਿਕਾਰਾਂ ਵਾਲੇ ਹਿੱਸੇਦਾਰ ਵਜੋਂ ਮਾਨਤਾ ਨਾ ਪ੍ਰਾਪਤ ਉਸ ਠੇਕਾ ਮਜ਼ਦੂਰ ਦੀ ਅਸੁਰੱਖਿਆ, ਜਿਸਨੂੰ ਅਸੀਂ ਹਰ ਰੋਜ਼ ਦੇਖਦੇ ਹਾਂ—ਇਨ੍ਹਾਂ ਸਾਰਿਆਂ ਨੂੰ ਹੌਲੀ-ਹੌਲੀ ਨਾਂ, ਚਿਹਰੇ ਅਤੇ ਇਤਿਹਾਸ ਮਿਲਣ ਲੱਗਦੇ ਹਨ।

ਦੋਸਤੀ ਆਪਣੇ ਆਪ ਲੋਕਾਂ ਦਾ ਸਿਆਸੀਕਰਨ ਨਹੀਂ ਕਰ ਦਿੰਦੀ, ਪਰ ਇਹ ਉਦਾਸੀਨ ਰਹਿਣਾ ਮੁਸ਼ਕਲ ਬਣਾ ਦਿੰਦੀ ਹੈ। ਉਹ ਸਿਆਸੀ ਮਹੱਤਤਾ ਹਾਸਲ ਕਰਨ ਲੱਗਦੀ ਹੈ। ਉਹ ਸਵਾਲ ਪੁੱਛਣ, ਅਸਹਿਮਤੀ ਪ੍ਰਗਟ ਕਰਨ, ਸਿੱਖੀਆਂ ਗੱਲਾਂ ਨੂੰ ਮੁੜ ਪਰਖਣ ਅਤੇ ਨਵੀਆਂ ਗੱਲਾਂ ਸਿੱਖਣ, ਵਖਰੇਵਿਆਂ ਦੇ ਆਰ-ਪਾਰ ਇਕਜੁੱਟਤਾਵਾਂ ਬਣਾਉਣ, ਸਿਆਸੀ ਤੌਰ 'ਤੇ ਜਥੇਬੰਦ ਹੋਣ ਅਤੇ ਲੋਕਤੰਤਰੀ ਅਮਲ ਵਿਕਸਤ ਕਰਨ ਲਈ ਸਪੇਸ ਪੈਦਾ ਕਰਦੀ ਹੈ।

ਅਜਿਹੇ ਸਮਾਜ ਵਿਚ ਜਿੱਥੇ ਲੋਕਤੰਤਰ ਦਾ ਅਨੁਭਵ ਬਹੁਤ ਅਸਾਵੇਂ ਢੰਗ ਨਾਲ ਹੁੰਦਾ ਹੈ, ਨੇੜਤਾ ਅਤੇ ਦੋਸਤੀਆਂ ਰਾਹੀਂ ਪੈਦਾ ਹੋਣ ਵਾਲੇ ਰੋਜ਼ਮਰ੍ਹਾ ਦੇ ਇਹ ਮਨੁੱਖੀ ਮੇਲ-ਜੋਲ—ਭਾਵੇਂ ਉਹ ਥੋੜ੍ਹੇ ਸਮੇਂ ਲਈ ਅਤੇ ਅਧੂਰੇ ਹੀ ਕਿਉਂ ਨਾ ਹੋਣ—ਜੀਵਨ-ਸਿਰਜਣਾ ਨੂੰ ਵੱਖਰੇ ਢੰਗ ਨਾਲ ਜਥੇਬੰਦ ਕਰਨ ਲੱਗਦੇ ਹਨ।

ਵਿਦਿਆਰਥੀ ਸੰਸਥਾਗਤ ਤੌਰ 'ਤੇ ਆਪਣੇ ਤੋਂ ਉੱਪਰ ਬਿਠਾਏ ਗਏ ਲੋਕਾਂ ਨੂੰ ਸਵਾਲ ਕਰਨਾ ਸਿੱਖਦੇ ਹਨ। ਜਾਤ ਜਾਂ ਧਰਮ ਦੇ ਆਧਾਰ 'ਤੇ ਵੱਖ ਕੀਤੇ ਲੋਕ ਇਕੱਠੇ ਖਾਂਦੇ, ਜਥੇਬੰਦ ਹੁੰਦੇ ਅਤੇ ਬਹਿਸ ਕਰਦੇ ਹਨ। ਮਜ਼ਦੂਰ ਅਤੇ ਵਿਦਿਆਰਥੀ ਆਪਣੇ ਆਪ ਨੂੰ ਕਿਸੇ ਸੰਘਰਸ਼ ਵਿਚ ਇਕੋ ਪਾਸੇ ਖੜ੍ਹਾ ਪਾਉਂਦੇ ਹਨ। ਯੂਨੀਵਰਸਿਟੀ ਦੇ ਦਰਵਾਜ਼ੇ ਦੇ ਬਾਹਰ ਚਾਹ ਵੇਚਣ ਵਾਲਿਆਂ, ਯੂਨੀਵਰਸਿਟੀ ਨੂੰ ਚੱਲਦਾ ਰੱਖਣ ਵਾਲੇ ਸਫ਼ਾਈ ਕਾਮਿਆਂ, ਰਿਕਸ਼ਾ ਚਾਲਕ ਅਤੇ ਬੱਸ ਡਰਾਈਵਰ ਦੀ ਜ਼ਿੰਦਗੀ ਇਸ ਸਮੂਹਿਕ ਜੀਵਨ-ਸਿਰਜਣਾ ਦਾ ਹਿੱਸਾ ਬਣ ਜਾਂਦੀ ਹੈ। ਇਸ ਨਾਲ ਯੂਨੀਵਰਸਿਟੀ ਕੋਈ ਮੁਕਤ ਖੇਤਰ ਨਹੀਂ ਬਣ ਜਾਂਦੀ। ਨਾ ਹੀ ਇਸਦਾ ਮਤਲਬ ਇਹ ਹੈ ਕਿ ਸਾਰੀਆਂ ਪਬਲਿਕ ਯੂਨੀਵਰਸਿਟੀਆਂ ਅਸਹਿਮਤੀ ਲਈ ਸਪੇਸ ਬਣ ਜਾਂਦੀਆਂ ਹਨ। ਪਰ ਇਹ ਯੂਨੀਵਰਸਿਟੀ ਨੂੰ ਅੰਤਰ-ਵਿਰੋਧਾਂ ਨਾਲ ਭਰਪੂਰ ਜ਼ਰੂਰ ਬਣਾ ਦਿੰਦਾ ਹੈ।

ਜਿਹੜੀ ਯੂਨੀਵਰਸਿਟੀ ਜਾਤੀ ਵਿਵਸਥਾ ਨੂੰ ਮੁੜ ਪੈਦਾ ਕਰਦੀ ਹੈ, ਉਸੇ ਵਿਚ ਜਾਤ-ਵਿਰੋਧੀ ਸਿਆਸਤ ਦਾ ਕੇਂਦਰ ਬਣਨ ਦੀ ਸੰਭਾਵਨਾ ਵੀ ਮੌਜੂਦ ਹੁੰਦੀ ਹੈ। ਜਿਹੜਾ ਕੈਂਪਸ ਔਰਤਾਂ ਨੂੰ ਅਨੁਸ਼ਾਸਿਤ ਕਰਦਾ ਹੈ, ਉਹੀ ਅਜਿਹੀ ਥਾਂ ਬਣ ਸਕਦਾ ਹੈ ਜਿੱਥੇ ਔਰਤਾਂ ਕਰਫ਼ਿਊ ਦੀ ਉਲੰਘਣਾ ਕਰਨ ਲਈ ਇਕੱਠੀਆਂ ਹੁੰਦੀਆਂ ਹਨ। ਜਿਹੜੀ ਸੰਸਥਾ ਵਿਦਿਆਰਥੀਆਂ ਨੂੰ ਕਿਰਤ ਮੰਡੀ ਲਈ ਤਿਆਰ ਕਰਦੀ ਹੈ, ਉਹੀ ਉਨ੍ਹਾਂ ਨੂੰ ਅਜਿਹੇ ਰਿਸ਼ਤੇ, ਆਦਤਾਂ ਅਤੇ ਸਿਆਸੀ ਸਮਰੱਥਾਵਾਂ ਵੀ ਦੇ ਸਕਦੀ ਹੈ, ਜੋ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਮੁਕਾਬਲੇ ਅਤੇ ਨਿੱਜੀ ਤਰੱਕੀ ਦੇ ਪੈਮਾਨੇ ਰਾਹੀਂ ਸਮਝਣ ਤੋਂ ਇਨਕਾਰ ਕਰਦੀਆਂ ਹਨ। ਸ਼ਾਇਦ ਖ਼ਤਰਾ ਇੱਥੇ ਹੀ ਮੌਜੂਦ ਹੈ।

ਦਰਜਾਬੰਦੀਆਂ ਰਾਹੀਂ ਵਿਵਸਥਿਤ ਸਮਾਜ ਕੁਝ ਹੱਦ ਤੱਕ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਇਹ ਦਰਜਾਬੰਦੀਆਂ ਅਟੱਲ ਅਤੇ ਨਾ ਟਾਲੀਆਂ ਜਾ ਸਕਣ ਵਾਲੀਆਂ ਦਿਸਣ। ਪਬਲਿਕ ਯੂਨੀਵਰਸਿਟੀ ਨਾ ਸਿਰਫ਼ ਆਲੋਚਨਾਤਮਕ ਸਿਧਾਂਤ ਰਾਹੀਂ, ਸਗੋਂ ਰੋਜ਼ਾਨਾ ਦੇ ਲੋਕਤੰਤਰੀ ਅਮਲਾਂ ਰਾਹੀਂ ਵੀ ਇਸ ਅਟੱਲਤਾ ਨੂੰ ਭੰਗ ਕਰ ਸਕਦੀ ਹੈ। ਇਹ ਅਮਲ ਭਾਵੇਂ ਥੋੜ੍ਹੇ ਚਿਰ ਲਈ ਹੀ ਸਹੀ, ਸਮਾਜਿਕ ਰਿਸ਼ਤਿਆਂ ਨੂੰ ਮੁੜ ਜਥੇਬੰਦ ਕਰ ਸਕਦੇ ਹਨ।

ਪਬਲਿਕ ਯੂਨੀਵਰਸਿਟੀ ਅਜਿਹੀ ਸਪੇਸ ਮੁਹੱਈਆ ਕਰਦੀ ਹੈ ਜਿੱਥੇ ਸੱਤਾ ਨੂੰ ਸਵਾਲ ਕੀਤੇ ਜਾਂਦੇ ਹਨ; ਜਿੱਥੇ ਇਕਜੁੱਟਤਾ ਵਿਰਾਸਤ ਵਿਚ ਨਹੀਂ ਮਿਲਦੀ, ਸਗੋਂ ਉਸਦੀ ਉਸਾਰੀ ਕੀਤੀ ਜਾਂਦੀ ਹੈ; ਅਤੇ ਜਿੱਥੇ 'ਜਨਤਾ' ਦੀ ਪਰਿਭਾਸ਼ਾ ਪਹਿਲਾਂ ਤੋਂ ਰਾਜ ਜਾਂ ਮੰਡੀ ਵੱਲੋਂ ਤੈਅ ਹੋਣੀ ਲਾਜ਼ਮੀ ਨਹੀਂ ਹੁੰਦੀ। ਇਸਦੀ ਥਾਂ ਅਸਹਿਮਤੀ, ਸਾਂਝ ਅਤੇ ਸਮੂਹਿਕ ਭਾਗੀਦਾਰੀ ਰਾਹੀਂ ਪਬਲਿਕ ਨੂੰ ਸਿਆਸੀ ਤੌਰ 'ਤੇ ਸਿਰਜਿਆ ਜਾ ਸਕਦਾ ਹੈ। ਇਸ ਮਾਇਨੇ 'ਚ ਯੂਨੀਵਰਸਿਟੀ ਲੋਕਾਂ ਨੂੰ ਸਿਰਫ਼ ਇਕ ਹੋਰ ਦੁਨੀਆ ਦੀ ਸੰਭਾਵਨਾ ਦੀ ਕਲਪਨਾ ਕਰਨਾ ਹੀ ਨਹੀਂ ਸਿਖਾਉਂਦੀ। ਆਪਣੇ ਸਭ ਤੋਂ ਵੱਧ ਲੋਕਤੰਤਰੀ ਰੂਪ ਵਿਚ ਉਹ ਇਕ ਹੋਰ ਦੁਨੀਆ ਦੇ ਕੁਝ ਟੁਕੜਿਆਂ ਨੂੰ ਵਰਤਮਾਨ ਵਿੱਚ ਅਮਲ ਵਿਚ ਲਿਆਉਣ ਦਾ ਮੌਕਾ ਵੀ ਦਿੰਦੀ ਹੈ।

ਇਹੀ ਸੰਭਾਵਨਾ ਪਬਲਿਕ ਯੂਨੀਵਰਸਿਟੀ ਨੂੰ ਕਿਸੇ ਵੀ ਅਜਿਹੇ ਸਿਆਸੀ ਪ੍ਰੋਜੈਕਟ ਲਈ ਸੰਭਾਵੀ ਤੌਰ 'ਤੇ ਰਾਜਧ੍ਰੋਹੀ ਬਣਾ ਦਿੰਦੀ ਹੈ, ਜੋ ਪਹਿਲਾਂ ਹੀ ਇਹ ਤੈਅ ਕਰਨਾ ਚਾਹੁੰਦਾ ਹੋਵੇ ਕਿ ਕਿਸ ਕਿਸਮ ਦੀ ਜਨਤਾ ਦੀ ਹੋਂਦ ਪ੍ਰਵਾਨ ਕੀਤੀ ਜਾ ਸਕਦੀ ਹੈ।

ਇਸੇ ਲਈ ਹਕੂਮਤ ਇਸ ਥਾਂ ਨੂੰ ਕਾਬੂ ਕਰਨ ਲਈ ਲੜਦੀ ਹੈ। ਇਸੇ ਲਈ ਇਤਿਹਾਸ ਵਿਚ ਫਾਸ਼ੀਵਾਦੀਆਂ ਨੇ ਇਹ ਨਿਯਮਤ ਕਰਨ ਦੀ ਕੋਸ਼ਿਸ਼ ਕੀਤੀ ਕਿ ਯੂਨੀਵਰਸਿਟੀ ਕਿਸ ਕਿਸਮ ਦੀ ਜਨਤਾ ਤਿਆਰ ਕਰੇਗੀ, ਸਾਂਝ ਅਤੇ ਜਥੇਬੰਦੀ ਦੇ ਕਿਹੜੇ ਰੂਪ ਜਾਇਜ਼ ਰਹਿਣਗੇ ਅਤੇ ਸਿੱਖਿਆ ਕਿਸ ਸਿਆਸੀ ਦਿਸਹੱਦੇ ਦੀ ਸੇਵਾ ਕਰੇਗੀ।

ਅਸੀਂ ਹਿਟਲਰ ਦੇ ਜਰਮਨੀ ਵਿਚ ਯੂਨੀਵਰਸਿਟੀਆਂ ਦਾ ਨਾਜ਼ੀਕਰਨ ਦੇਖਿਆ ਹੈ। ਅਸੀਂ ਮੁਸੋਲਿਨੀ ਦਾ ਇਟਲੀ ਵਿਚ ਵਰਤਾਰਾ ਦੇਖਿਆ ਹੈ। ਅਸੀਂ ਫ਼ਰਾਂਕੋਵਾਦੀ ਸਪੇਨ ਵਿਚ ਯੂਨੀਵਰਸਿਟੀ ਨੂੰ ਜੰਗ ਦਾ ਮੈਦਾਨ ਬਣਦਿਆਂ ਦੇਖਿਆ ਹੈ। ਅੱਜ ਅਸੀਂ ਇਸੇ ਤਰ੍ਹਾਂ ਦੇ ਸੰਘਰਸ਼ ਆਪਣੇ ਘਰ ਦੇ ਨੇੜੇ ਵੀ ਦੇਖ ਸਕਦੇ ਹਾਂ—ਸਿੱਖਿਆ ਦੇ ਭਗਵਾਕਰਨ ਅਤੇ ਨਿੱਜੀਕਰਨ, ਸੰਸਥਾਗਤ ਖ਼ੁਦਮੁਖ਼ਤਿਆਰੀ ਨੂੰ ਖੋਰੇ, ਵਿਦਿਆਰਥੀ ਵਿਰੋਧ ਨੂੰ ਅਨੁਸ਼ਾਸਿਤ ਕਰਨ ਅਤੇ ਉਨ੍ਹਾਂ ਥਾਵਾਂ ਨੂੰ ਸੁੰਗੇੜਨ ਦੇ ਰੂਪ ਵਿਚ, ਜਿੱਥੇ ਲੋਕਤੰਤਰੀ ਸਾਂਝ ਕੋਈ ਰੂਪ ਧਾਰ ਸਕਦੀ ਹੈ।

ਦਾਅ ਉੱਤੇ ਸਿਰਫ਼ ਇਹ ਗੱਲ ਨਹੀਂ ਲੱਗੀ ਕਿ ਕੀ ਪੜ੍ਹਾਇਆ ਜਾ ਸਕਦਾ ਹੈ ਜਾਂ ਕੌਣ ਬੋਲ ਸਕਦਾ ਹੈ। ਸਵਾਲ ਇਹ ਹੈ ਕਿ ਯੂਨੀਵਰਸਿਟੀ ਕਿਸ ਕਿਸਮ ਦੀ ਜਨਤਾ ਪੈਦਾ ਕਰਨ ਵਿਚ ਸਹਾਇਤਾ ਕਰੇਗੀ ਅਤੇ ਕੀ ਉਹ ਅਜਿਹੀ ਜਗ੍ਹਾ ਬਣੀ ਰਹੇਗੀ, ਜਿੱਥੇ ਲੋਕ ਰਾਜ ਅਤੇ ਮੰਡੀ ਵੱਲੋਂ ਤੈਅ ਕੀਤੀਆਂ ਸ਼ਰਤਾਂ ਤੋਂ ਪਰੇ ਜਾ ਕੇ ਇਕੱਠੇ ਜੀਉਣਾ, ਸੋਚਣਾ ਅਤੇ ਕਾਰਵਾਈ ਕਰਨਾ ਸਿੱਖ ਸਕਣਗੇ। ਇਸੇ ਕਾਰਨ ਪਬਲਿਕ ਯੂਨੀਵਰਸਿਟੀਆਂ ਬਾਰੇ ਲੜਾਈਆਂ ਅਕਸਰ ਦੇਖਣ ਨੂੰ ਬਹੁਤ ਸਧਾਰਨ ਜਾਪਦੇ ਰੂਪ ਧਾਰ ਲੈਂਦੀਆਂ ਹਨ।

*(ਬਾਕੀ ਅਗਲੇ ਸਫੇ 'ਤੇ)*

# ਕੁੱਕੜ ਤੇ ਫੁੱਫੜ..!



ਚਰਨਜੀਤ ਭੁੱਲਰ

ਪ੍ਰਧਾਨ ਸੇਵਕ ਨੂੰ ਸੱਤ ਸਲਾਮਾਂ ਜਿਨ੍ਹਾਂ ਅੱਖ ਦੇ ਫੋਰੇ ਸਿਆਸਤ ਦਾ ਫੁੱਫੜੀਕਰਨ ਕਰ ਦਿੱਤਾ। ਜ਼ੈਨ-ਜੀ ਦੇ ਜ਼ਮਾਨੇ 'ਚ ਫੁੱਫੜ ਪ੍ਰਜਾਤੀ ਲੋਪ ਹੋ ਰਹੀ ਸੀ। ਰਾਹੁਲ ਗਾਂਧੀ ਜੰਞ ਤਾਂ ਨੀ ਚੜ੍ਹੇ ਪਰ ਉਨ੍ਹਾਂ ਚੜ੍ਹਦੇ ਤਾਂ ਦੇਖੇ ਨੇ। ਹਾਲੇ ਨਾ ਪ੍ਰਧਾਨ ਮੰਤਰੀ ਬਣਿਐ, ਨਾ ਹੀ ਪ੍ਰਾਹੁਣਾ। ਜਨਾਬ ਨਰਿੰਦਰ ਮੋਦੀ ਨੇ ਕਾਕਾ ਰਾਹੁਲ ਨੂੰ 'ਨਾਰਾਜ਼ ਫੁੱਫੜ' ਦਾ ਖ਼ਿਤਾਬ ਦੇ ਧਰਿਆ। ਅਖੇ ਸਾਡਾ ਕੀਤਾ ਕੋਈ ਕੰਮ ਰਾਹੁਲ ਦੇ ਨੱਕ ਹੇਠ ਨੀ ਆਉਂਦਾ। ਵੈਸੇ ਰਾਹੁਲ ਗਾਂਧੀ ਦੇ ਮਨ 'ਚ ਜ਼ਰੂਰ ਵਿਆਹ ਆਲੇ ਲੱਡੂਆਂ ਦਾ ਖਿਆਲ ਆਇਆ ਹੋਊ, ਆਹ ਗਾਣੇ ਵਾਂਗੂ 'ਓਹ ਵੀ ਚੁੰਨੀਆਂ ਨੂੰ ਗੋਟੇ ਲਗਵਾਉਂਦੀ ਹੋਣੀ ਐ, ਤਲੀਆਂ 'ਤੇ ਮਹਿੰਦੀ ਨਾਲ ਮੋਰ ਪਾਉਂਦੀ ਹੋਣੀ ਐ..।'

ਚਲੋ ਮਹੂਰਤ ਚੰਗਾ ਹੋਇਆ ਕਿ ਪ੍ਰਧਾਨ ਸੇਵਕ ਨੇ ਭਾਰਤੀ ਕਲਚਰ ਦੇ ਅਹਿਮ ਕਿਰਦਾਰ 'ਫੁੱਫੜ' ਦਾ ਵਿਸ਼ਵੀਕਰਨ ਕਰ ਦਿੱਤਾ। ਉਂਜ ਫੁੱਫੜ ਦਾ ਅਸਲੀ ਪੇਟੈਂਟ ਰਹੂ ਤਾਂ ਪੰਜਾਬ ਕੋਲ ਹੀ। ਪਰਿਵਾਰਾਂ ਦੇ ਕਲੇਸ਼ੀਅਰ ਯੁੱਗ 'ਚ ਫੁੱਫੜਵਾਦੀ ਪਰੰਪਰਾ ਗਲੇਸ਼ੀਅਰਾਂ ਵਾਂਗੂ ਖੁਰ ਰਹੀ ਸੀ। ਭਲਾ ਹੋਵੇ ਪ੍ਰਧਾਨ ਮੰਤਰੀ ਦਾ, ਜਿਨ੍ਹਾਂ ਫੁੱਫੜ ਵੰਸ਼ ਨੂੰ ਬ੍ਰਹਿਮੰਡੀ ਪਛਾਣ ਦਿੱਤੀ। ਇੱਕ ਪੰਜਾਬੀ ਫ਼ਿਲਮ 'ਚ ਐਕਟਰ ਆਖਦੈ, ਬਾਈ ਜੀ! ਥੋਨੂੰ ਪਛਾਣਿਆ ਨੀ, ਅੱਗਿਓਂ ਗੱਗੂ ਗਿੱਲ ਆਖਦੈ, 'ਅਸੀਂ ਫੁੱਫੜ ਲੱਗਦੇ ਹਾਂ ਥੋਡੇ ਸਾਰਿਆਂ ਦੇ।' ਜਿਵੇਂ ਯੁੱਗਾਂ-ਯੁਗਾਂਤਰਾਂ 'ਤੋਂ ਫੁੱਫੜ ਤੇ ਕੁੱਕੜ ਦਾ ਇੱਕ ਨਾਤੈ, ਉਵੇਂ ਵੋਟਾਂ ਆਲਾ ਸਾਕ ਨੇਤਾ ਤੇ ਜਨਤਾ ਦਾ ਵੀ ਹੈ।

ਜ਼ੈਨ-ਜੀਓ, ਫੂਫਾ ਨੀ ਕਹਿਣਾ, ਮੂੰਹ ਪੂਰਾ ਭਰ ਕੇ ਕਹੋ 'ਫੁੱਫੜ'। ਅਸਾਂ ਨੇ ਤਾਂ ਫੁੱਫੜ ਇਤਿਹਾਸ ਦਾ ਸੁਨਹਿਰੀ ਯੁੱਗ ਦੇਖਿਐ। ਮੌਰੀਆ ਕਾਲ 'ਚ ਫੁੱਫੜ ਦੀ ਮੌਜੂਦਗੀ ਹੁੰਦੀ ਤਾਂ ਅਸ਼ੋਕ ਮਹਾਨ ਨੂੰ ਵੀ ਹੁਕਮ ਚਾੜ ਦੇਣਾ ਸੀ, 'ਕਾਕਾ! ਹਰ ਸ਼ਿਲਾਲੇਖ 'ਤੇ ਮੋਟੇ ਅੱਖਰਾਂ 'ਚ ਲਿਖੋ 'ਦਰਸ਼ਨ ਅਭਿਲਾਸ਼ੀ, ਕਾਕੇ ਦਾ ਮਹਾਨ ਫੁੱਫੜ'। ਗੁਰਨਾਮ ਭੁੱਲਰ ਵੀ ਹੁਕਮ ਵਜਾ ਰਿਹੈ, 'ਬਣਦਾ ਨੀ ਖੋਆ ਕਦੇ ਜਾਅਲੀ ਦੁੱਧ ਤੋਂ, ਫੁੱਫੜਾਂ ਦੀ ਟੌਹਰ ਹੈ ਮਿਸਾਲ ਮੁੱਢ ਤੋਂ।' ਕੋਈ ਵੇਲਾ ਸੀ, ਜਦੋਂ ਫੁੱਫੜ ਯੂ.ਐਨ.ਓ. ਦੇ ਵੀ ਹੱਥ ਖੜ੍ਹੇ ਕਰਾ ਦਿੰਦੇ ਸਨ। ਵਿਆਹਾਂ 'ਚ ਫੁੱਫੜ ਨੂੰ ਮਨਾਉਣ ਲਈ ਸਪੈਸ਼ਲ ਟਾਸਕ ਫੋਰਸ ਬਣਾਉਣੀ ਪੈਂਦੀ ਸੀ।

ਫੁੱਫੜ ਮਨਾਉਣਾ ਵੀ ਇੱਕ ਅਲੌਕਿਕ ਕਲਾ ਹੈ, ਐਰੇ-ਗੈਰੇ ਦਾ ਕੰਮ ਨੀ। ਪੰਜਾਬੀ ਫ਼ਿਲਮ 'ਚ ਬਿੰਨੂ ਢਿੱਲੋਂ ਬਤੌਰ ਫੁੱਫੜ, ਨਾਲੇ ਕੁੱਕੜ ਚੱਬੀ ਜਾ ਰਿਹੈ, ਨਾਲੇ ਨੁਕਸ ਗਿਣਾ ਰਿਹੈ, 'ਕਾਹਦਾ ਕੁੱਕੜ! ਨਾ ਲੂਣ, ਨਾ ਮਿਰਚ, ਨਾ ਮਸਾਲਾ।' ਟੋਕਾ-ਟਾਕੀ ਤੇ ਰੁੱਸਣ ਦਾ ਕਾਪੀਰਾਈਟ ਫੁੱਫੜ ਦੇ ਹਿੱਸੇ ਆਇਐ। ਭਲਾ ਸਮਾਂ ਸੀ, ਜਦੋਂ ਕੋਈ ਵਿਆਹ ਵੀ ਫੁੱਫੜ ਦੀ ਚਰਨ ਛੋਹ ਬਿਨਾਂ ਸੰਪੂਰਨ ਨੀ ਹੁੰਦਾ ਸੀ। ਵਿਆਹ-ਸਾਹੇ ਮੌਕੇ ਸਾਰਾ ਟੱਬਰ ਫੁੱਫੜ ਦੇ ਮੰਜੇ ਦੀ ਪੈਂਦ 'ਤੇ ਬਹਿੰਦਾ। ਫਿਰ ਸਭ ਗੁਣਗੁਣਾਉਂਦੇ, 'ਜੋ ਤੁਮ ਕੋ ਹੋ ਪਸੰਦ ਵੋਹੀ ਬਾਤ ਕਰੇਂਗੇ..।' ਜ਼ੈਨ-ਜੀ ਭਾਈਓ, ਕਿਤੇ ਵੇਲਾ ਵਹਾ ਨਾ ਲੈਣਾ। ਐਵੇਂ ਵਾਸਕੋ ਡੀਗਾਮੇ ਦੀ ਰੂਹ 'ਫੁੱਫੜ' ਨੂੰ ਲੱਭਦੀ ਫਿਰੇ।

ਆਓ ਹੁਣ ਫੁੱਫੜ ਨੂੰ ਫ਼ਤਿਹ ਬੁਲਾਈਏ, ਭਾਰਤੀ ਸਿਆਸਤ ਦੇ ਵਿਹੜੇ ਪੈਰ ਪਾਈਏ, ਜਿੱਥੇ ਕਿਸੇ ਮੰਜੇ 'ਤੇ ਮਾਮਾ ਬੈਠਾ, ਕਿਤੇ ਭੂਆ ਤੇ ਕਿਤੇ ਚਾਚਾ। ਪਹਿਲੇ ਪ੍ਰਧਾਨ ਮੰਤਰੀ ਨਹਿਰੂ, ਸਰਵ ਪ੍ਰਵਾਨਿਤ 'ਨਹਿਰੂ ਚਾਚਾ' ਬਣੇ। ਪ੍ਰਣਬ ਮੁਖਰਜੀ ਦਾਦਾ, ਚੌਧਰੀ ਦੇਵੀ ਲਾਲ ਤਾਊ, ਜਗਜੀਵਨ ਰਾਮ ਬਾਬੂ ਤੇ ਗਡਕਰੀ ਭਾਊ ਅਖਵਾਏ। ਜੈਲਲਿਤਾ ਨੂੰ ਅੰਮਾ, ਮਮਤਾ ਨੂੰ ਦੀਦੀ ਤੇ ਸੁਮਿੱਤਰਾ ਮਹਾਜਨ ਨੂੰ ਤਾਈ ਦਾ ਲਕਬ ਮਿਲਿਆ। ਅਮਿਤਾਭ ਬੱਚਨ ਦਾ ਡਾਇਲਾਗ ਹੈ, 'ਰਿਸ਼ਤੇ ਮੇ ਤੋ ਹਮ ਤੁਮਹਾਰੇ ਬਾਪ ਲਗਤੇ ਹੈਂ, ਨਾਮ ਹੈ ਸ਼ਹਿਨਸ਼ਾਹ।' ਜਦੋਂ ਚੋਣ ਮੇਲਾ ਸਜਦਾ ਹੈ, ਉਦੋਂ ਵੋਟਰ ਦੀ ਸ਼ਹਿਨਸ਼ਾਹੀ ਡੁੱਲ੍ਹ-ਡੁੱਲ੍ਹ ਪੈਂਦੀ ਹੈ।

ਅਪਣੱਤ ਬਣਾਉਣ ਲਈ ਨੇਤਾ ਲੋਕ ਰਿਸ਼ਤੇ-ਨਾਤੇ ਘੜਦੇ ਨੇ। ਚੋਣਾਂ ਮੌਕੇ ਗਧੇ ਨੂੰ ਬਾਪ ਤੇ ਬਾਪ ਨੂੰ ਗਧਾ ਕਹਿਣ ਤੋਂ ਵੀ ਗੁਰੇਜ਼ ਨੀ ਕਰਦੇ। ਨਾਨਕੇ-ਦਾਦਕੇ ਸਭ ਚੋਣਾਂ 'ਚ ਪ੍ਰਗਟ ਹੁੰਦੇ ਨੇ। ਵੋਟ ਖ਼ਾਤਰ ਭਾਵੁਕ ਸਾਂਝ ਘੜਦੇ ਨੇ। ਨਾਤਾਗਿਰੀ ਤੇ ਨੇਤਾਗਿਰੀ ਇਕੱਠੇ ਚੱਲਦੇ ਨੇ। ਤਾਮਿਲਨਾਡੂ ਆਲੇ ਮੁੱਖ ਮੰਤਰੀ ਵਿਜੇ ਨੇ 'ਮੁੰਦਰੀ ਯੋਜਨਾ' ਸ਼ੁਰੂ ਕੀਤੀ ਹੈ। ਤਾਮਿਲ ਪਰੰਪਰਾ ਹੈ ਕਿ ਨਵ ਜੰਮੇ ਬੱਚੇ ਨੂੰ ਮਾਮਾ ਮੁੰਦਰੀ ਪਹਿਨਾਉਂਦੈ। ਅੱਜ ਕੱਲ੍ਹ ਮੁੱਖ ਮੰਤਰੀ ਵਿਜੇ ਬੱਚਿਆਂ ਦਾ ਮਾਮੂ ਬਣਿਆ ਫਿਰਦੈ।



ਤਾਮਿਲ ਆਲੇ ਮਾਮੂ ਦੀ 'ਮੁੰਦਰੀ ਯੋਜਨਾ' ਵਾਂਗ ਪੰਜਾਬ ਦੀ ਚੋਣ ਮੁਹਿੰਮ 'ਚ ਰਾਜਾ ਵੜਿੰਗ ਦੀ 'ਤੜਾਗੀ ਯੋਜਨਾ' ਵੀ ਛਾਈ ਸੀ। ਵੜਿੰਗ 'ਦੀ ਗਰੇਟ' ਇੰਜ ਫ਼ਰਮਾਏ ਸਨ, 'ਅਸ਼ਵਨੀ ਸੇਖੜੀ ਥੋਡੇ ਮੁੰਡੇ ਦੇ ਤੜਾਗੀ ਬੰਨ੍ਹਿਆ ਕਰੂ, ਬਰਾਤ ਵਾਸਤੇ ਕਾਰਾਂ 'ਤੇ ਫੁੱਲ ਲਾ'ਕੇ ਭੇਜੂ।' ਮੱਧ ਪ੍ਰਦੇਸ਼ 'ਚ ਸ਼ਿਵਰਾਜ ਚੌਹਾਨ ਸਭ ਦਾ ਮਾਮੈ। ਮਾਇਆਵਤੀ ਨੂੰ ਭੂਆ ਅਖਿਲੇਸ਼ ਯਾਦਵ ਆਖਦੈ। ਜਦ ਵੋਟਾਂ ਦੀ ਛਿੰਝ ਸਜਦੀ ਹੈ। ਨੇਤਾ ਆਉਂਦੇ ਨੇ, ਗੋਡੀਂ ਹੱਥ ਲਾਉਂਦੇ ਨੇ, ਜਨਤਾ ਦੇ ਗੋਡੇ ਘਸਾ ਔਹ ਜਾਂਦੇ ਨੇ। ਨੂਰਾ ਭੈਣਾਂ ਨੇ ਸਹੀ ਤੰਦ ਫੜ੍ਹੀ ਹੈ, 'ਮਤਲਬ ਦੇ ਰਿਸ਼ਤੇ ਨੇ, ਮਤਲਬ ਦੀ ਯਾਰੀ ਏ..।

ਪੰਜਾਬ 'ਚ ਚੋਣਾਂ ਦਾ ਤੰਦੂਰ ਭਖਿਐ। ਹਰ ਕੋਈ ਰੋਟੀਆਂ ਸੇਕਣ ਲਈ ਕਾਹਲੈ। ਭਗਵੰਤ ਮਾਨ ਟੂੰ-ਟੂੰ ਕਰਾਉਂਦਾ ਫਿਰਦੈ। ਕਾਂਗਰਸੀ ਆਪੋ-ਆਪਣੇ ਹੈਲੀਪੈਡ 'ਤੇ ਖੜ੍ਹੇ ਨੇ, ਦਿੱਲੀਓਂ ਸਚਿਨ ਪਾਇਲਟ ਭੇਜਿਆ, ਅਖੇ ਜਿਵੇਂ ਮਰਜ਼ੀ ਕਰ, ਕਾਂਗਰਸੀ ਜਹਾਜ਼ ਟੇਕ ਆਫ਼ ਕਰਾ। ਹਾਥੀ ਨੂੰ ਕੀੜੀ, ਉਵੇਂ ਝਾੜੂ ਆਲਿਆਂ ਨੂੰ ਈ ਡੀ, ਅੱਜ ਕੱਲ੍ਹ ਬੜਾ ਸਤਾ ਰਹੀ ਐ। ਮੀਸ਼ਾ ਜੀ ਨੇ ਕਿਆ ਖ਼ੂਬ ਲਿਖਿਐ, 'ਪਾਜ ਖੁੱਲ੍ਹ ਜੇ ਘਾਲੇ-ਮਾਲਿਆਂ ਦਾ, ਬਹਿ ਕੇ ਲੋਕੀਂ ਜੇ ਕਰਨ ਹਿਸਾਬ ਦੀ ਗੱਲ।' ਰਵਨੀਤ ਬਿੱਟੂ ਨੈਪੋਲੀਅਨ ਬਣਿਆ ਫਿਰਦੈ, ਚੀਚੀ 'ਤੇ ਖ਼ੂਨ ਲਾਇਐ, ਪੰਜਾਬ ਨੂੰ ਵਾਟਰਲੂ ਬਣਾਇਐ।

ਜਥੇਦਾਰ ਸੁਖਬੀਰ ਸਿੰਘ ਬਾਦਲ ਦੇ ਚੇਤਿਆਂ 'ਚ ਪੁਰਾਣੇ ਦਿਨ ਘੁੰਮੇ ਨੇ, 'ਓਹ ਮੌਜਾਂ ਭੁੱਲਦੀਆਂ ਨੀ, ਜੋ ਬਾਪੂ ਦੇ ਸਿਰ 'ਤੇ ਕਰੀਆਂ।' ਮੁੱਕਦੀ ਗੱਲ ਇਹ ਕਿ ਹੁਣ ਕੀੜੀ ਦੇ ਘਰ ਸਿਆਸੀ ਨਰੈਣ ਆਉਣਗੇ। ਪੈਰੀਂ ਹੱਥ ਲਾਉਣਗੇ, ਨਾਲੇ ਗਾਉਣਗੇ, 'ਸੱਜਣਾ ਵੇ ਸੱਜਣਾ, ਸਾਨੂੰ ਤੇਰੀ ਸ਼ਹਿਰ ਵਾਲੀ ਕਿੰਨੀ ਚੰਗੀ ਲੱਗਦੀ ਦੁਪਹਿਰ।' ਜਦ ਗੱਦੀ 'ਤੇ ਸਜ ਜਾਣਗੇ, ਫਿਰ ਜਨਤਾ ਜਨਾਰਧਨ ਕੂਕੇਗੀ, 'ਕੀ ਖੱਟਿਆ ਮੈਂ ਤੇਰੀ ਹੀਰ ਬਣ ਕੇ.।' ਇਹ ਤਾਂ ਚੁਫੇਰਗੜੀਏ ਨੇ, ਮਜਾਲ ਐ ਚੋਣਾਂ ਵੇਲੇ ਟਿਕ ਜਾਣ। ਚੋਣਾਂ ਮੌਕੇ ਨੇਤਾ ਜਣ ਏਨੇ ਸਾਊ ਲੱਗਦੇ ਨੇ, ਜਿਵੇਂ ਬੋਧੀ ਬ੍ਰਿਛ ਹੇਠੋਂ ਉੱਠ ਕੇ ਆਏ ਹੋਣ। ਆਖ਼ਰੀ ਸਵਾਸਾਂ ਤੱਕ ਨਿਭਣ ਦੇ ਵਾਅਦੇ ਕਰਦੇ ਨੇ।

ਕਿਸੇ ਸੱਜਣ ਨੇ ਸਵਾਲ ਕੀਤਾ, ਰਾਜਨੀਤੀ 'ਚ ਜ਼ੁਬਾਨ ਹੁੰਦੀ ਐ? ਅੱਗਿਓ ਰਾਣਾ ਗੁਰਜੀਤ ਨੇ ਜੁਆਬ ਦਿੱਤਾ, 'ਜਿਹੜੇ ਬੰਦੇ ਹੁੰਦੇ ਨੇ, ਉਨ੍ਹਾਂ ਦੀ ਹਰ ਕਿੱਤੇ 'ਚ ਜ਼ੁਬਾਨ ਹੁੰਦੀ ਹੈ।' ਛੱਜੂ ਰਾਮ ਮੁੜ ਪਧਾਰੇ ਨੇ, ਭਾਈ! ਇਹ ਤਾਂ ਗ਼ਰਜ਼ਾਂ ਨੇ। 'ਐਡਾ ਤੇਰਾ ਕਿਹੜਾ ਦਰਦੀ, ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ।' ਅਮਰਿੰਦਰ ਗਿੱਲ ਵੀ ਸੱਚ ਫਰਮਾ ਰਿਹੈ, 'ਜੇ ਸਰਕਾਰਾਂ ਚੰਗੀਆਂ ਹੁੰਦੀਆਂ, ਕਿਸੇ ਦੇ ਘਰ ਨਾ ਤੰਗੀਆਂ ਹੁੰਦੀਆਂ।' ਪਰ ਦਿਲ ਨੀ ਹਾਰਨਾ, ਜ਼ਿੰਦਗੀ ਇਕੱਲੀ ਚੰਦ ਭਾਨ ਦਾ 'ਟੇਸ਼ਨ ਨੀ ਹੁੰਦੀ, ਕਦੇ ਕਦੇ ਲੀਲ੍ਹਾ ਭਵਨ ਵੀ ਬਣਦੀ ਹੈ। ਜ਼ਰਾ ਸੰਭਲ ਕੇ! ਚੋਣਾਂ ਐਨ ਸਿਰ 'ਤੇ ਨੇ, ਹੇਠਾਂ ਖੱਡੇ ਨੇ, ਕਿਤੇ ਡਿੱਗ ਨਾ ਪਇਓ। ਅਮਿਤਾਭ ਬੱਚਨ ਨੂੰ ਧਿਆ ਲੈਣਾ, 'ਕੋਈ ਮਾਈ ਕਾ ਲਾਲ ਕਿਸੀ ਕੋ ਦੋ ਵਕਤ ਕੀ ਰੋਟੀ ਨਹੀਂ ਦਿਲਾ ਸਕਤਾ ਕਿਉਂਕਿ ਰੋਟੀ ਦਿਲਾਨੇ ਵਾਲਾ ਵੋਹ ਮਾਲਕ ਹੈ।'

---

*(ਪਿਛਲੇ ਸਫੇ ਦਾ ਬਾਕੀ)*

ਕੈਂਪਸ ਦੀਆਂ ਕੰਧਾਂ ਉੱਤੇ ਕਿਸਦੇ ਸੰਦੇਸ਼ ਰਹਿ ਸਕਦੇ ਹਨ? ਟੈਕਸ ਦੇਣ ਵਾਲਿਆਂ ਦਾ ਪੈਸਾ ਅਜਿਹੇ ਵਿਭਾਗਾਂ ਨੂੰ ਕਾਇਮ ਰੱਖਣ ਲਈ ਕਿਉਂ ਵਰਤਿਆ ਜਾਵੇ, ਜੋ ਸੱਤਾਧਾਰੀਆਂ ਨੂੰ ਬੇਚੈਨ ਕਰਨ ਦੇ ਸਮਰੱਥ ਆਲੋਚਨਾਤਮਕ ਚਿੰਤਨ ਪੈਦਾ ਕਰਦੇ ਹਨ? ਯੂਨੀਅਨਾਂ ਯੂਨੀਵਰਸਿਟੀ ਜ਼ਿੰਦਗੀ ਦਾ ਹਿੱਸਾ ਕਿਉਂ ਬਣੀਆਂ ਰਹਿਣ? ਯੂਨੀਵਰਸਿਟੀ ਦੇ ਦਰਵਾਜ਼ੇ ਉਨ੍ਹਾਂ ਲੋਕਾਂ ਲਈ ਕਿਉਂ ਖੁੱਲ੍ਹੇ ਰਹਿਣ, ਜਿਨ੍ਹਾਂ ਕੋਲ ਪਛਾਣ-ਪੱਤਰ ਨਹੀਂ ਹੈ? ਵਿਦਿਆਰਥੀਆਂ, ਅਧਿਆਪਕਾਂ ਅਤੇ ਕਾਮਿਆਂ ਨੂੰ ਜਾਤੀ ਹਿੰਸਾ, ਕਿਰਤ ਅਧਿਕਾਰਾਂ, ਲਿੰਗ ਨਿਆਂ, ਨਾਗਰਿਕਤਾ ਜਾਂ ਲੋਕਤੰਤਰ ਵਰਗੇ ਸਵਾਲਾਂ ਨਾਲ ਸਰੋਕਾਰ ਕਿਉਂ ਰੱਖਣਾ ਚਾਹੀਦਾ ਹੈ, ਜਿਹੜੇ ਡਿਗਰੀਆਂ ਹਾਸਲ ਕਰਨ ਅਤੇ ਵੰਡਣ ਦੇ ਫ਼ੌਰੀ ਕੰਮ ਤੋਂ ਬਾਹਰਲੇ ਜਾਪਦੇ ਹਨ?

ਅਸਲ ਵਿਚ ਇਨ੍ਹਾਂ ਵਿਚੋਂ ਹਰ ਸਵਾਲ ਇਹ ਪੁੱਛਦਾ ਹੈ ਕਿ ਪਬਲਿਕ ਯੂਨੀਵਰਸਿਟੀ ਦਾ ਉਦੇਸ਼ ਕੀ ਹੈ।

ਜੇ ਯੂਨੀਵਰਸਿਟੀ ਸਿਰਫ਼ ਰੁਜ਼ਗਾਰ-ਯੋਗ ਵਿਅਕਤੀ ਪੈਦਾ ਕਰਨ ਵਾਲੀ ਸੰਸਥਾ ਹੈ ਤਾਂ ਇਸ ਸਮੂਹਿਕ ਜ਼ਿੰਦਗੀ ਦਾ ਬਹੁਤਾ ਹਿੱਸਾ ਬੇਲੋੜਾ, ਇੱਥੋਂ ਤੱਕ ਕਿ ਅੜਿੱਕਾ ਪਾਊ ਵੀ ਜਾਪਦਾ ਹੈ। ਪਰ ਜੇ ਪਬਲਿਕ ਯੂਨੀਵਰਸਿਟੀ ਉਸਨੂੰ ਕਾਇਮ ਰੱਖਣ ਵਾਲੇ ਸਮਾਜ ਪ੍ਰਤੀ ਕੋਈ ਫ਼ਰਜ਼ ਰੱਖਦੀ ਹੈ ਤਾਂ ਇਨ੍ਹਾਂ ਥਾਵਾਂ ਦਾ ਮਾਇਨਾ ਬਦਲ ਜਾਂਦਾ ਹੈ।

ਕੰਧਾਂ 'ਗ਼ਰੀਬਾਂ ਦੀਆਂ ਪ੍ਰਕਾਸ਼ਕ' ਬਣ ਜਾਂਦੀਆਂ ਹਨ। ਯੂਨੀਅਨ ਉਨ੍ਹਾਂ ਸੰਸਥਾਗਤ ਰੂਪਾਂ ਵਿਚੋਂ ਇਕ ਬਣ ਜਾਂਦੀ ਹੈ, ਜਿਨ੍ਹਾਂ ਰਾਹੀਂ ਯੂਨੀਵਰਸਿਟੀ ਦੀ ਜ਼ਿੰਦਗੀ ਨੂੰ ਸਮੂਹਿਕ ਤੌਰ 'ਤੇ ਜਥੇਬੰਦ ਕੀਤਾ ਜਾ ਸਕਦਾ ਹੈ। ਖੁੱਲ੍ਹਾ ਗੇਟ ਗਿਆਨ ਅਤੇ ਸਿਆਸੀ ਜ਼ਿੰਦਗੀ ਦੀ ਆਵਾਜਾਈ ਨੂੰ ਯੂਨੀਵਰਸਿਟੀ ਤੋਂ ਸਮਾਜ ਅਤੇ ਸਮਾਜ ਤੋਂ ਯੂਨੀਵਰਸਿਟੀ ਵੱਲ ਜਾਰੀ ਰੱਖਦਾ ਹੈ ਅਤੇ ਦੋਵੇਂ ਇਕ-ਦੂਜੇ ਨੂੰ ਰੂਪ ਦਿੰਦੇ ਹਨ। ਵਿਰੋਧ-ਪ੍ਰਦਰਸ਼ਨ ਉਸ ਮਿਹਨਤਕਸ਼ ਸਮਾਜ ਪ੍ਰਤੀ ਇਕ ਜ਼ਿੰਮੇਵਾਰੀ ਬਣ ਜਾਂਦਾ ਹੈ, ਜਿਸਦੀ ਬਦੌਲਤ ਯੂਨੀਵਰਸਿਟੀ ਹੋਂਦ ਵਿਚ ਹੈ।

ਇਸੇ ਕਾਰਨ ਪਬਲਿਕ ਯੂਨੀਵਰਸਿਟੀਆਂ ਉੱਤੇ ਹਮਲੇ ਕੈਂਪਸ ਦੇ ਅੰਦਰੂਨੀ ਮਾਮਲੇ ਬਣੇ ਰਹਿਣ ਤੱਕ ਸੀਮਤ ਨਹੀਂ ਰਹਿੰਦੇ। ਜਦੋਂ ਵਿਦਿਆਰਥੀਆਂ ਨੂੰ ਕੁੱਟਿਆ ਜਾਂਦਾ ਹੈ, ਯੂਨੀਅਨਾਂ ਉੱਤੇ ਪਾਬੰਦੀ ਲਾਈ ਜਾਂਦੀ ਹੈ, ਵਿਭਾਗਾਂ ਦੀ ਵਿੱਤੀ ਸਹਾਇਤਾ ਰੋਕੀ ਜਾਂਦੀ ਹੈ, ਅਧਿਆਪਕਾਂ ਨੂੰ ਖ਼ਾਮੋਸ਼ ਕੀਤਾ ਜਾਂਦਾ ਹੈ, ਯੂਨੀਵਰਸਿਟੀ ਦੇ ਦਰਵਾਜ਼ੇ ਜਨਤਾ ਲਈ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਰਾਜ ਬਿਨਾਂ ਸਵਾਲ ਕੀਤੇ ਵਫ਼ਾਦਾਰੀ ਦੀ ਮੰਗ ਕਰਦਾ ਹੈ ਤਾਂ ਇਹ 'ਪਬਲਿਕ' ਨੂੰ ਮੁੜ ਪਰਿਭਾਸ਼ਤ ਕਰਨ ਅਤੇ ਸਮਾਜਿਕ ਰਿਸ਼ਤਿਆਂ ਤੇ ਲੋਕਤੰਤਰੀ ਅਮਲਾਂ ਨੂੰ ਮੁੜ ਜਥੇਬੰਦ ਕਰਨ ਦੀ ਕੋਸ਼ਿਸ਼ ਹੁੰਦੀ ਹੈ।

ਇਸ ਨਾਲ ਅਜਿਹੀਆਂ ਥਾਵਾਂ ਨੂੰ ਕਾਇਮ ਰੱਖਣ ਦੀ ਮਹੱਤਤਾ ਬਾਰੇ ਇਕ ਬਹੁਤ ਵੱਡਾ ਸਿਆਸੀ ਸਵਾਲ ਖੜ੍ਹਾ ਹੁੰਦਾ ਹੈ—ਉਹ ਥਾਵਾਂ ਜਿੱਥੇ ਲੋਕ ਮੰਡੀ ਅਤੇ ਰਾਜ ਵੱਲੋਂ ਉਨ੍ਹਾਂ ਲਈ ਤੈਅ ਕੀਤੇ ਰਿਸ਼ਤਿਆਂ ਤੋਂ ਬਾਹਰ ਇਕ-ਦੂਜੇ ਨੂੰ ਮਿਲ ਸਕਦੇ ਹਨ ਅਤੇ ਜਿੱਥੇ 'ਪਬਲਿਕ' ਦੇ ਮਾਇਨੇ ਨੂੰ ਲੈ ਕੇ ਟਕਰਾਅ ਦੀ ਸੰਭਾਵਨਾ ਖੁੱਲ੍ਹੀ ਰਹਿ ਸਕਦੀ ਹੈ।

ਪਰ ਜੇ ਇਹ ਸੰਭਾਵਨਾਵਾਂ ਯੂਨੀਵਰਸਿਟੀ ਨੂੰ ਸਿਆਸੀ ਤੌਰ 'ਤੇ ਇੰਨੀ ਮਹੱਤਵਪੂਰਨ ਬਣਾਉਂਦੀਆਂ ਹਨ ਤਾਂ ਦੂਜੇ ਸਵਾਲ ਨੂੰ ਨਜ਼ਰਅੰਦਾਜ਼ ਕਰਨਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ: ਲਗਭਗ 1,250 ਪ੍ਰੋਫ਼ੈਸਰਾਂ ਨੇ ਹੁਕਮ ਦੀ ਪਾਲਣਾ ਕਿਉਂ ਕੀਤੀ?

ਸਭ ਤੋਂ ਸੌਖਾ ਜਵਾਬ ਹੈ—ਕਾਇਰਤਾ। ਪਰ ਸਿਆਸੀ ਹਿੰਮਤ ਦਾ ਵੀ ਇਕ ਭੌਤਿਕ ਬੁਨਿਆਦੀ ਢਾਂਚਾ ਹੁੰਦਾ ਹੈ।

ਇਹ ਸਾਨੂੰ ਉਸ ਅਸਹਿਜ ਸੱਚਾਈ ਦਾ ਸਾਹਮਣਾ ਕਰਨ ਲਈ ਮਜਬੂਰ ਕਰਦਾ ਹੈ। 1931 ਵਿਚ ਜਦੋਂ ਸਹੁੰ ਦਾ ਹੁਕਮ ਆਇਆ ਤਾਂ ਉਸਦਾ ਸਾਹਮਣਾ ਕਰਨ ਵਾਲੇ ਪ੍ਰੋਫ਼ੈਸਰ ਉਸੇ ਯੂਨੀਵਰਸਿਟੀ ਵਿਚ ਨਹੀਂ ਖੜ੍ਹੇ ਸਨ, ਜਿਹੜੀ ਯੂਨੀਵਰਸਿਟੀ ਫਾਸ਼ੀਵਾਦ ਨੂੰ ਲਗਭਗ ਇਕ ਦਹਾਕਾ ਪਹਿਲਾਂ ਵਿਰਾਸਤ ਵਿਚ ਮਿਲੀ ਸੀ। ਸਹੁੰ ਤੋਂ ਪਹਿਲਾਂ ਦੇ ਸਾਲ ਆਪਣਾ ਕੰਮ ਕਰ ਚੁੱਕੇ ਸਨ।

'ਮੁਸੀਬਤ ਖੜ੍ਹੀ ਕਰਨ ਵਾਲੇ' ਸਮਝੇ ਜਾਂਦੇ ਅਕਾਦਮਿਕਾਂ ਨੂੰ ਪਹਿਲਾਂ ਹੀ ਹਟਾਇਆ ਜਾ ਚੁੱਕਾ ਸੀ, ਹਾਸ਼ੀਏ ਉੱਤੇ ਧੱਕ ਦਿੱਤਾ ਗਿਆ ਸੀ ਜਾਂ ਸੇਵਾਮੁਕਤੀ ਲੈਣ ਲਈ ਮਨਾ ਲਿਆ ਗਿਆ ਸੀ। ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਨੂੰ ਚੁੱਪ-ਚੁਪੀਤੇ ਖੋਰਿਆ ਜਾ ਚੁੱਕਾ ਸੀ। ਨਿਯੁਕਤੀਆਂ ਅਤੇ ਤਰੱਕੀਆਂ ਵਧਦੀ ਹੱਦ ਤੱਕ ਸਿਆਸੀ ਵਫ਼ਾਦਾਰੀ ਦੀਆਂ ਕਸੌਟੀਆਂ ਵਿਚੋਂ ਲੰਘਣ ਲੱਗੀਆਂ ਸਨ। ਵਿਦਿਆਰਥੀ ਜਥੇਬੰਦੀ ਨੂੰ ਅਪਰਾਧੀ ਕਰਾਰ ਦੇ ਕੇ ਫਾਸ਼ੀਵਾਦੀ ਕੰਟਰੋਲ ਹੇਠ ਲਿਆਂਦਾ ਜਾ ਚੁੱਕਾ ਸੀ।

ਅਸਹਿਮਤੀ ਕਿਸੇ ਇਕ ਨਾਟਕੀ ਸਫ਼ਾਏ ਨਾਲ ਗ਼ਾਇਬ ਨਹੀਂ ਹੋਈ ਸੀ। ਉਸਨੂੰ ਛੋਟੇ-ਛੋਟੇ ਸਮਝੌਤਿਆਂ, ਅਨੁਸ਼ਾਸਨਾਤਮਕ ਕਾਰਵਾਈਆਂ ਅਤੇ ਖ਼ਾਮੋਸ਼ੀਆਂ ਦੀ ਲੜੀ ਰਾਹੀਂ ਹੌਲੀ-ਹੌਲੀ ਕਮਜ਼ੋਰ ਕੀਤਾ ਗਿਆ ਸੀ।

ਜਦੋਂ ਇਕ ਸਹਿਕਰਮੀ ਨੂੰ ਬਾਹਰ ਕੱਢ ਦਿੱਤਾ ਗਿਆ ਅਤੇ ਬਾਕੀ ਪੜ੍ਹਾਉਂਦੇ ਰਹੇ; ਜਦੋਂ ਕਿਸੇ ਨਿਯੁਕਤੀ ਵਿਚ ਸਿਆਸੀ ਹੇਰਾ-ਫੇਰੀ ਹੋਈ ਅਤੇ ਅਕਾਦਮਿਕ ਜ਼ਿੰਦਗੀ ਪਹਿਲਾਂ ਵਾਂਗ ਚੱਲਦੀ ਰਹੀ; ਜਦੋਂ ਕਿਸੇ ਸਮੂਹਿਕ ਟਕਰਾਅ ਤੋਂ ਬਿਨਾਂ ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਨੂੰ ਟੁਕੜੇ-ਟੁਕੜੇ ਕਰਕੇ ਸਮਰਪਿਤ ਕਰ ਦਿੱਤਾ ਗਿਆ—ਤਾਂ ਯੂਨੀਵਰਸਿਟੀ ਨੇ ਇਸਦੀ ਕੀਮਤ ਆਪਣੀ ਸਮੂਹਿਕ ਜ਼ਿੰਦਗੀ ਨਾਲ ਤਾਰੀ।

ਜਦੋਂ ਆਖ਼ਿਰਕਾਰ ਪ੍ਰੋਫ਼ੈਸਰਾਂ ਨੂੰ ਸਹੁੰ ਚੁੱਕਣ ਲਈ ਕਿਹਾ ਗਿਆ, ਉਦੋਂ ਤੱਕ ਸਾਂਝ ਅਤੇ ਸੰਸਥਾਗਤ ਜ਼ਿੰਦਗੀ ਦੀ ਉਹ ਬਹੁਤੀ ਜ਼ਮੀਨ ਪਹਿਲਾਂ ਹੀ ਖੋਰ ਦਿੱਤੀ ਗਈ ਸੀ, ਜਿਸ ਉੱਤੇ ਖੜ੍ਹ ਕੇ ਉਹ ਸਾਰੇ ਇਕੱਠੇ ਇਨਕਾਰ ਕਰ ਸਕਦੇ ਸਨ। ਇਸ ਲਈ ਜਦੋਂ ਮੰਗ ਦੇ ਅਸਲ ਮਾਇਨੇ ਨੂੰ ਗ਼ਲਤ ਸਮਝਣਾ ਅਸੰਭਵ ਹੋ ਗਿਆ, ਉਸ ਸਮੇਂ ਪ੍ਰੋਫ਼ੈਸਰ ਵੱਡੀ ਹੱਦ ਤੱਕ ਵਿਅਕਤੀਆਂ ਵਜੋਂ ਉਸਦਾ ਸਾਹਮਣਾ ਕਰ ਰਹੇ ਸਨ।

ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਪ੍ਰੋਫ਼ੈਸਰੀ ਦਾ ਅਰਥ ਤਨਖ਼ਾਹ, ਸਮਾਜਿਕ ਰੁਤਬਾ, ਸਾਲਾਂ ਦੀ ਮਿਹਨਤ, ਕਿਤਾਬਾਂ ਅਤੇ ਪ੍ਰਯੋਗਸ਼ਾਲਾਵਾਂ ਤੱਕ ਪਹੁੰਚ, ਪੇਸ਼ਾਵਰ ਰਿਸ਼ਤੇ ਅਤੇ ਅਕਸਰ ਪੂਰੇ ਪਰਿਵਾਰ ਦੀ ਆਰਥਕ ਸੁਰੱਖਿਆ ਸੀ।

ਪ੍ਰੋਫ਼ੈਸਰ ਵਰਗ ਇਕ ਵਿਸ਼ੇਸ਼ ਅਧਿਕਾਰ ਪ੍ਰਾਪਤ ਸਮਾਜਿਕ ਸਥਿਤੀ ਉੱਤੇ ਕਾਬਜ਼ ਸੀ, ਜਿਸ ਨਾਲ ਫਾਸ਼ੀਵਾਦ ਸੌਦੇਬਾਜ਼ੀ ਕਰ ਸਕਦਾ ਸੀ। ਬਹੁਤ ਸਾਰੇ ਲੋਕਾਂ ਲਈ ਸਮਝੌਤਾ ਕਰਨਾ ਇਸ ਸਥਿਤੀ ਨੂੰ ਬਚਾਈ ਰੱਖਣ ਦਾ ਜ਼ਰੀਆ ਬਣਿਆ। ਅਹੁਦੇ ਕਾਇਮ ਰਹੇ, ਪੇਸ਼ਾਵਰ ਜ਼ਿੰਦਗੀ ਚੱਲਦੇ ਰਹੇ ਅਤੇ ਅਧਿਕਾਰ ਬਚੇ ਰਹੇ; ਕੁਝ ਲੋਕਾਂ ਲਈ ਨਵੇਂ ਮੌਕੇ ਵੀ ਖੁੱਲ੍ਹੇ।

ਹਕੂਮਤ ਅਕਾਦਮਿਕ ਕੁਲੀਨ ਵਰਗ ਨੂੰ ਪੂਰੀ ਤਰ੍ਹਾਂ ਵਸੀਲਿਆਂ ਤੋਂ ਵਾਂਝਾ ਕੀਤੇ ਬਿਨਾਂ ਉਸਦਾ ਸਹਿਯੋਗ ਪ੍ਰਾਪਤ ਕਰ ਸਕਦੀ ਸੀ। ਇਸ ਲਈ ਸਹੁੰ ਵਿਚ ਵਰਗ ਦੇ ਹਿੱਤ ਲਾਜ਼ਮੀ ਤੌਰ 'ਤੇ ਫਾਸ਼ੀਵਾਦੀ ਵਿਚਾਰਧਾਰਾ ਵਿਚ ਸੁਚੇਤ ਵਿਸ਼ਵਾਸ ਵਜੋਂ ਦਾਖ਼ਲ ਨਹੀਂ ਹੋਇਆ। ਉਹ ਇਸ ਤੋਂ ਕਿਤੇ ਵੱਧ ਖ਼ਾਮੋਸ਼ ਸਵਾਲ ਰਾਹੀਂ ਦਾਖ਼ਲ ਹੋਇਆ: ਸਮਝੌਤਾ ਕਰਕੇ ਵਿਅਕਤੀ ਆਪਣੇ ਕੋਲ ਕੀ ਕੁਝ ਬਚਾਈ ਰੱਖ ਸਕਦਾ ਹੈ?

ਫਿਰ ਵੀ ਇੱਥੇ ਇਕ ਨੈਤਿਕ ਚੋਣ ਨਾਲ ਸਬੰਧਤ ਵੱਡਾ ਸਵਾਲ ਕਾਇਮ ਰਹਿੰਦਾ ਹੈ। ਸਹੁੰ ਨੇ ਅਸਾਧਾਰਨ ਸਪੱਸ਼ਟਤਾ ਨਾਲ ਦੱਸਿਆ ਸੀ ਕਿ ਪ੍ਰੋਫ਼ੈਸਰਾਂ ਨੂੰ ਕੀ ਕਬੂਲ ਕਰਨ ਲਈ ਕਿਹਾ ਜਾ ਰਿਹਾ ਸੀ—ਉਨ੍ਹਾਂ ਦਾ ਅਧਿਆਪਨ ਹਕੂਮਤ ਪ੍ਰਤੀ ਸਮਰਪਿਤ ਨਾਗਰਿਕ ਤਿਆਰ ਕਰਨ ਵਿਚ ਸਹਾਇਤਾ ਕਰੇਗਾ।

ਕੋਈ ਵਿਅਕਤੀ ਆਪਣੇ ਆਪ ਨੂੰ ਇਹ ਕਹਿ ਸਕਦਾ ਸੀ ਕਿ ਸੰਸਥਾ ਦੇ ਅੰਦਰ ਬਣੇ ਰਹਿਣ ਨਾਲ ਵਿਦਿਆਰਥੀਆਂ ਦੀ ਰੱਖਿਆ ਹੋਵੇਗੀ, ਵਿਦਵਤਾ ਬਚੀ ਰਹੇਗੀ, ਪ੍ਰਯੋਗਸ਼ਾਲਾ ਖੁੱਲ੍ਹੀ ਰਹੇਗੀ ਜਾਂ ਆਜ਼ਾਦ ਚਿੰਤਨ ਲਈ ਕੋਈ ਛੋਟੀ ਜਿਹੀ ਸਪੇਸ ਬਚੀ ਰਹੇਗੀ। ਕੋਈ ਵਿਅਕਤੀ ਜਨਤਕ ਦਸਖ਼ਤ ਅਤੇ ਨਿੱਜੀ ਵਿਸ਼ਵਾਸ ਦਰਮਿਆਨ ਫ਼ਰਕ ਕਰ ਸਕਦਾ ਸੀ।

ਪਰ ਸਹੁੰ ਨੇ ਇਸ ਫ਼ਰਕ ਨੂੰ ਕਾਇਮ ਰੱਖਣਾ ਲਗਾਤਾਰ ਮੁਸ਼ਕਲ ਬਣਾ ਦਿੱਤਾ। ਉਸਨੇ ਅਕਾਦਮਿਕਾਂ ਸਾਹਮਣੇ ਇਹ ਸਵਾਲ ਰੱਖਿਆ ਕਿ ਕੀ ਉਨ੍ਹਾਂ ਦੀ ਆਪਣੀ ਪੇਸ਼ਾਵਰ ਜ਼ਿੰਦਗੀ ਦੀ ਨਿਰੰਤਰਤਾ ਨੂੰ ਉਸ ਜ਼ਿੰਮੇਵਾਰੀ ਤੋਂ ਵੱਖ ਕੀਤਾ ਜਾ ਸਕਦਾ ਹੈ, ਜਿਹੜੀ ਸੰਸਥਾ ਦੇ ਬਣਦੇ ਜਾ ਰਹੇ ਨਵੇਂ ਰੂਪ ਪ੍ਰਤੀ ਉਨ੍ਹਾਂ ਦੀ ਸੀ। ਸਹੁੰ ਨੇ ਉਨ੍ਹਾਂ ਨੂੰ ਪਬਲਿਕ ਯੂਨੀਵਰਸਿਟੀ ਦੀ ਇਕ ਵੱਖਰੀ ਕਲਪਨਾ ਨੂੰ ਜਿਊਂਦਾ ਰੱਖਣ ਦੀ ਜ਼ਿੰਮੇਵਾਰੀ ਤਿਆਗਣ ਲਈ ਵੀ ਕਿਹਾ।

ਫਾਸ਼ੀਵਾਦ ਨੂੰ 1,250 ਵਚਨਬੱਧ ਫਾਸ਼ੀਵਾਦੀਆਂ ਦੀ ਲੋੜ ਨਹੀਂ ਸੀ। ਸੰਸਥਾ ਉੱਤੇ ਖ਼ਾਮੋਸ਼ ਕਬਜ਼ੇ ਦੇ ਸਾਲਾਂ ਨੇ ਪਹਿਲਾਂ ਹੀ ਇਸ ਸੰਭਾਵਨਾ ਨੂੰ ਕਮਜ਼ੋਰ ਕਰ ਦਿੱਤਾ ਸੀ ਕਿ ਉਹ 1,250 ਲੋਕ ਇਕੱਠੇ ਇਸ ਸਵਾਲ ਦਾ ਸਾਹਮਣਾ ਕਰਨਗੇ।

ਹਕੂਮਤ ਨੂੰ ਇਸ ਗੱਲ ਦੀ ਲੋੜ ਸੀ ਕਿ ਉਨ੍ਹਾਂ ਵਿੱਚੋਂ ਹਰ ਵਿਅਕਤੀ ਇਕੱਲਾ ਸਹੁੰ ਦਾ ਸਾਹਮਣਾ ਕਰੇ—ਹਰ ਕੋਈ ਆਪਣੀ ਜ਼ਮੀਰ ਦੇ ਮੁਕਾਬਲੇ ਰੋਜ਼ੀ-ਰੋਟੀ, ਨੈਤਿਕਤਾ ਦੇ ਮੁਕਾਬਲੇ ਨਿੱਜੀ ਹਿੱਤ ਅਤੇ ਵਿਰੋਧ ਦੇ ਮੁਕਾਬਲੇ ਉਸ ਸਥਿਤੀ ਨੂੰ ਤੋਲੇ, ਜੋ ਪਹਿਲਾਂ ਹੀ ਆਮ ਜਾਪਣ ਲੱਗ ਪਈ ਸੀ। ਸਹਿਮਤੀ ਦੇ ਤਮਾਸ਼ੇ ਨੂੰ ਸਮੂਹਿਕ ਰੂਪ ਦਿੱਤੇ ਜਾਣ ਤੋਂ ਬਹੁਤ ਪਹਿਲਾਂ ਅਸਹਿਮਤੀ ਦੀ ਕੀਮਤ ਨੂੰ ਵਿਅਕਤੀਗਤ ਬਣਾ ਦਿੱਤਾ ਗਿਆ ਸੀ।

ਇਸ ਲਈ ਸ਼ਾਇਦ ਇਹ ਕੋਈ ਇਤਫ਼ਾਕ ਨਹੀਂ ਕਿ ਪਬਲਿਕ ਯੂਨੀਵਰਸਿਟੀ ਦਾ ਨਵ-ਉਦਾਰਵਾਦੀ ਪੁਨਰਗਠਨ ਅੱਜ ਸਾਡੇ ਆਲੇ-ਦੁਆਲੇ ਦਿਖਾਈ ਦੇ ਰਹੇ ਹਮਲਿਆਂ ਦੇ ਨਾਲ-ਨਾਲ ਚੱਲਿਆ ਹੈ ਅਤੇ ਇਸਨੇ ਯੂਨੀਵਰਸਿਟੀ ਨੂੰ ਇਨ੍ਹਾਂ ਹਮਲਿਆਂ ਪ੍ਰਤੀ ਹੋਰ ਕਮਜ਼ੋਰ ਬਣਾਇਆ ਹੈ।

ਨਾਜ਼ੀ ਜਰਮਨੀ ਵਿੱਚ 'ਵ੍ਹਾਈਟ ਰੋਜ਼' ਲਹਿਰ ਉਸ ਸਮੂਹਿਕ ਜ਼ਿੰਦਗੀ ਉੱਤੇ ਖੜ੍ਹੀ ਸੀ, ਜਿਸਨੂੰ ਦੋਸਤੀਆਂ ਅਤੇ ਸਮਾਜਿਕ-ਸੱਭਿਆਚਾਰਕ ਅਮਲਾਂ ਰਾਹੀਂ ਸਿਰਜਿਆ ਗਿਆ ਸੀ ਅਤੇ ਜਿਸਨੇ ਹਿੰਮਤ ਨੂੰ ਸੰਭਵ ਬਣਾਇਆ। ਫ਼ਰਾਂਕੋਵਾਦੀ ਸਪੇਨ ਵਿੱਚ ਵਿਦਿਆਰਥੀ ਨੈੱਟਵਰਕਾਂ, ਸੱਭਿਆਚਾਰਕ ਸੰਗਠਨਾਂ ਅਤੇ ਕੈਂਪਸ ਤੋਂ ਬਾਹਰ ਤੱਕ ਲਗਾਤਾਰ ਫੈਲ ਰਹੀਆਂ ਇਕਜੁੱਟਤਾਵਾਂ ਨੇ ਖਿੰਡੇ ਹੋਏ ਅਸੰਤੋਸ਼ ਨੂੰ ਜਥੇਬੰਦ ਵਿਰੋਧ ਵਿੱਚ ਬਦਲ ਦਿੱਤਾ।

ਭਾਰਤ ਵਿਚ ਐਨ.ਆਰ.ਸੀ. ਅਤੇ ਸੀ.ਏ.ਏ. ਵਿਰੋਧੀ ਅੰਦੋਲਨਾਂ ਦੌਰਾਨ ਅਸੀਂ ਯੂਨੀਵਰਸਿਟੀਆਂ ਨੂੰ ਵਿਰੋਧ ਦੀਆਂ ਲਾਇਬ੍ਰੇਰੀਆਂ, ਲੰਗਰਾਂ, ਮੁਹੱਲਾ-ਪੱਧਰੀ ਇਕਜੁੱਟਤਾਵਾਂ ਅਤੇ ਸਾਂਝੀ ਸਿਆਸੀ ਜ਼ਿੰਦਗੀ ਦੇ ਰੂਪ ਵਿਚ ਸੜਕਾਂ ਉੱਤੇ ਫੈਲਦਿਆਂ ਦੇਖਿਆ ਹੈ।

ਸਪੇਸਾਂ ਦਾ ਇਹ ਫੈਲਾਅ, ਦੋਸਤੀ ਦਾ ਸਿਆਸੀਕਰਨ ਅਤੇ ਸਮਾਜਿਕਤਾ ਤੇ ਸਮੂਹਿਕ ਜ਼ਿੰਦਗੀ ਦਾ ਪੁਨਰਗਠਨ ਸਾਨੂੰ ਇਸ ਗੱਲ ਦੀ ਝਲਕ ਦਿੰਦੇ ਹਨ ਕਿ ਪਬਲਿਕ ਯੂਨੀਵਰਸਿਟੀ ਕੀ ਹੋ ਸਕਦੀ ਹੈ ਅਤੇ ਕਿਸੇ ਯੂਨੀਵਰਸਿਟੀ ਦੇ ਸੱਚਮੁੱਚ ਪਬਲਿਕ ਹੋਣ ਦਾ ਕੀ ਮਾਇਨਾ ਹੈ।

ਇਹੀ ਸੰਭਾਵਨਾ ਅਤੇ ਸਮਰੱਥਾ ਇਸ ਥਾਂ ਅਤੇ ਇਨ੍ਹਾਂ ਸਾਂਝਾਂ ਨੂੰ ਰਾਜਧ੍ਰੋਹੀ ਬਣਾਉਂਦੀ ਹੈ। ਪਬਲਿਕ ਯੂਨੀਵਰਸਿਟੀ ਇਕ ਸਿਆਸੀ ਜੰਗ ਦਾ ਮੈਦਾਨ ਇਸ ਲਈ ਬਣਦੀ ਹੈ, ਕਿਉਂਕਿ ਉਹ ਸਮੂਹਿਕ ਜ਼ਿੰਦਗੀ ਦੇ ਅਜਿਹੇ ਰੂਪਾਂ ਦੀ ਸਿਰਜਣਾ ਕਰ ਸਕਦੀ ਹੈ, ਜਿਨ੍ਹਾਂ ਨੂੰ ਨਾ ਤਾਂ ਪੂਰੀ ਤਰ੍ਹਾਂ ਪਹਿਲਾਂ ਤੋਂ ਤੈਅ ਕਰ ਸਕਦੀ ਹੈ ਅਤੇ ਨਾ ਹੀ ਤਾਨਾਸ਼ਾਹ ਸੱਤਾ।

ਡੂੰਘੀ ਨਬਰਾਬਰੀ ਰਾਹੀਂ ਜਥੇਬੰਦ ਕੀਤੇ ਸਮਾਜ ਵਿਚ ਅਜਿਹੀਆਂ ਸਪੇਸ ਸਾਵਧਾਨੀ ਨਾਲ ਕਾਇਮ ਰੱਖੀ ਗਈ ਵਿਵਸਥਾ ਨੂੰ ਅਸਥਿਰ ਕਰਨ ਦੀ ਤਾਕਤ ਰੱਖਦੀਆਂ ਹਨ।

ਅੱਜ ਜਦੋਂ ਅਸੀਂ ਆਪਣੀਆਂ ਪਬਲਿਕ ਯੂਨੀਵਰਸਿਟੀਆਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਾਂ, ਤਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਦਾਅ ਉੱਤੇ ਸਿਰਫ਼ ਲੋਕਤੰਤਰੀ ਅਮਲ, ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਜਾਂ ਅਕਾਦਮਿਕ ਆਜ਼ਾਦੀ ਹੀ ਨਹੀਂ ਲੱਗੀ ਹੋਈ। ਦਾਅ ਉੱਤੇ ਇਹ ਕਲਪਨਾ, ਇਹ ਸੰਭਾਵਨਾ ਅਤੇ ਖ਼ੁਦ ਪਬਲਿਕ ਯੂਨੀਵਰਸਿਟੀ ਦਾ ਇਹ ਵਿਚਾਰ ਲੱਗਿਆ ਹੋਇਆ ਹੈ। ਇਸ ਲਈ ਪਬਲਿਕ ਯੂਨੀਵਰਸਿਟੀ ਲਈ ਸੰਘਰਸ਼ ਇਸ ਗੱਲ ਲਈ ਵੀ ਸੰਘਰਸ਼ ਹੈ ਕਿ ਕੀ ਸਾਡੇ ਕੋਲ ਅਜਿਹੀਆਂ ਥਾਵਾਂ ਕਾਇਮ ਰਹਿਣਗੀਆਂ, ਜਿੱਥੇ ਇਕੱਠੇ ਜੀਉਣ ਦੇ ਹੋਰ ਢੰਗਾਂ ਨੂੰ ਇੰਨਾ ਹਕੀਕੀ ਰੂਪ ਦਿੱਤਾ ਜਾ ਸਕੇ ਕਿ ਕਿਸੇ ਹੋਰ ਥਾਂ ਵੀ ਉਨ੍ਹਾਂ ਦੀ ਕਲਪਨਾ ਕਰਨਾ ਸੰਭਵ ਹੋ ਜਾਵੇ।

# ਮੇਰੀ ਕਾਲਮ ਨਵੀਸੀ ਦੇ ਮਾਖਿਉਂ ਮਿੱਠੇ ਪਲ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

1970 ਦੇ ਹੋਲਾ ਮਹੱਲਾ ਸਮੇਂ ਮੈਂ ਆਪਣੀ ਪਤਨੀ ਸਮੇਤ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਹਿਲਪੁਰ ਨੇੜੇ ਪੈਂਦੇ ਆਪਣੇ ਜੱਦੀ ਪੁਸ਼ਤੀ ਪਿੰਡ ਸੂਨੀ ਗਿਆ ਹੋਇਆ ਸਾਂ ਕਿ ਸਵੇਰ ਦੀ ਅਖ਼ਬਾਰ ਤੋਂ ਪਤਾ ਲਗਿਆ ਕਿ ਭਾਸ਼ਾ ਵਿਭਾਗ ਪੰਜਾਬ ਨੇ ਆਪਣਾ ਸਾਲਾਨਾ ਇਨਾਮ ਵੰਡ ਸਮਾਗਮ ਆਨੰਦਪੁਰ ਸਾਹਿਬ ਰੱਖਿਆ ਹੋਇਆ ਹੈ। ਸਨਮਾਨੇ ਜਾਣ ਵਾਲੇ ਸੱਜਣਾਂ ਵਿਚ ਮੇਰੇ ਜਾਣੂੰ ਹਰਿਭਜਨ ਸਿੰਘ ਤੇ ਸੂਬਾ ਸਿੰਘ ਵੀ ਸਨ। ਅਸੀਂ ਵੀ ਉਥੇ ਪਹੁੰਚ ਗਏ ਜਿਸਨੂੰ ਆਮ ਲੋਕ ਆਨੰਦਪੁਰ ਦੀ ਥਾਂ ਕੇਵਲ ਨੰਦਪੁਰ ਕਹਿੰਦੇ ਸਨ। ਓਥੇ ਸਿੱਖੀ ਠਾਠ ਦਾ ਹੜ੍ਹ ਆਇਆ ਪਿਆ ਸੀ। ਨਿਹੰਗਾਂ ਦੇ ਘੋੜੇ, ਤਲਵਾਰਾਂ ਤੇ ਨੇਜ਼ੇ। ਤੰਬੂਆਂ ਥੱਲੇ ਥੰਮ੍ਹੀਆਂ ਨਾਲੋਂ ਵੱਡੇ ਭੰਗ ਘੋਟਣੇ ਜਿਨ੍ਹਾਂ ਨੂੰ ਕਈ-ਕਈ ਸਿੰਘ ਤੇ ਸਿੰਘਣੀਆਂ ਵਰਤ ਰਹੇ ਸਨ। ਮੁੱਖ ਮਹਿਮਾਨ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਸਨ। ਉਨ੍ਹਾਂ ਨੇ ਸੂਬਾ ਸਿੰਘ ਬਾਰੇ ਕੀ ਕਿਹਾ ਹੋਵੇਗਾ ਤੇ ਉੱਤਰ ਵਿਚ ਸੂਬਾ ਸਿੰਘ ਨੇ ਜ਼ੈਲ ਤੇ ਸੂਬੇ ਬਾਰੇ ਕੀ ਵਿਅੰਗ ਕੱਸਿਆ ਹੋਵੇਗਾ ਜਾਨਣਾ ਔਖਾ ਨਹੀਂ।

ਉਨ੍ਹਾਂ ਦਿਨਾਂ ਵਿਚ ਮੇਰਾ ਸੀਨੀਅਰ ਮਿੱਤਰ ਖੁਸ਼ਵੰਤ ਨੌਕਰੀਆਂ ਤੋਂ ਸੇਵਾ ਮੁਕਤ ਹੋ ਕੇ ਲਗਾਤਾਰ ਕਾਲਮ ਲਿਖ ਰਿਹਾ ਸੀ। ਮੈਂ ਪੰਜਾਬੀ ਵਿਚ ਉਹਦੇ ਵਰਗਾ ਬਣਨਾ ਚਾਹੁੰਦਾ ਸਾਂ ਪਰ ਮੈਨੂੰ ਕਾਲਮ ਨਵੀਸ ਬਣਨ ਲਈ ਕਿਸੇ ਨੂੰ ਬੇਨਤੀ ਕਰਨੀ ਠੀਕ ਨਹੀਂ ਸੀ ਲੱਗਦੀ।

ਮੈਂ ਨਮੂਨੇ ਦਾ ਕਾਲਮ ਆਪਣੇ ਹੱਥੀਂ ਲਿਖ ਕੇ ਚਾਰ ਅਖ਼ਬਾਰਾਂ ਨੂੰ ਭੇਜਣ ਦਾ ਫੈਸਲਾ ਕੀਤਾ। 'ਪੰਜਾਬੀ ਟ੍ਰਿਬਿਊਨ', 'ਅਜੀਤ', 'ਜੱਗ ਬਾਣੀ' ਤੇ 'ਨਵਾਂ ਜ਼ਮਾਨਾਂ' ਨੂੰ। ਹਰ ਫੋਟੋ ਕਾਪੀ 'ਤੇ ਲਿਖ ਦਿੱਤਾ ਕਿ ਫਲਾਂ ਮਿਤੀ ਨੂੰ ਜਾਂ ਉਸ ਤੋਂ ਪਿੱਛੋਂ ਛਪਣ ਲਈ ਹੈ। ਕਾਲਮ ਦਾ ਨਾਂ 'ਨਿੱਕ ਸੁੱਕ' ਰੱਖਿਆ। ਤੇ ਚਾਰੇ ਅਖ਼ਬਾਰਾਂ ਨੂੰ ਭੇਜ ਦਿੱਤਾ।

ਅਖ਼ਬਾਰਾਂ ਫਰੋਲੀਆਂ ਤਾਂ ਕਿਸੇ ਵਿਚ ਵੀ ਨਹੀਂ ਸੀ ਛਪਿਆ। ਮੈਂ ਆਪਣੇ ਮਨ ਨੂੰ ਸਮਝਾ ਕੇ ਸੁੱਖ ਦੀ ਨੀਂਦਰ ਸੌਂ ਗਿਆ।

ਅਗਲੇ ਦਿਨ ਤਿੰਨ ਟੈਲੀਫ਼ੋਨ ਆਏ। ਸਭ ਤੋਂ ਪਹਿਲਾਂ 'ਦੈਨਿਕ ਭਾਸਕਰ' ਵਾਲੇ ਸਰਵਮੀਤ ਦਾ। ਸਵਾਲੀਆ ਫੋਨ। 'ਅਜੀਤ ਲਈ ਕਾਲਮ ਲਿਖਣ ਲੱਗ ਪਏ ਹੋ?' ਉਸ ਤੋਂ ਪਿੱਛੋਂ 'ਨਵਾਂ ਜ਼ਮਾਨਾ' ਦੇ ਜਤਿੰਦਰ ਪੰਨੂੰ ਦਾ ਨਿਹੋਰੇ ਵਾਲਾ। ਉਨ੍ਹਾਂ ਲਈ ਕਿਉਂ ਨਹੀਂ ਲਿਖਦਾ? ਫੇਰ 'ਅਕਸ' ਵਾਲੇ ਅਮਰਜੀਤ ਸਿੰਘ ਦਾ, ਦਿੱਲੀ ਤੋਂ। ਇਹ ਦੱਸਣ ਲਈ ਕਿ ਉਸ ਨੂੰ ਮੇਰਾ ਲਿਖਿਆ ਪਸੰਦ ਆਇਆ ਹੈ।

ਦੁਪਹਿਰ ਤੋਂ ਪਿੱਛੋਂ 'ਅਜੀਤ' ਤੋਂ ਫੋਨ ਕਾਲ ਸੀ। ਉਨ੍ਹਾਂ ਦੇ 'ਭਾਅ ਜੀ' ਦੀ। ਇਹ ਦੱਸਣ ਲਈ ਕਿ ਕਾਲਮ ਛਾਪਣ ਵਿਚ ਇੱਕ ਦਿਨ ਦੀ ਦੇਰੀ ਏਸ ਲਈ ਹੋ ਗਈ ਕਿ ਉਨ੍ਹਾਂ ਨੂੰ ਮੇਰੀ ਫੋਟੋ ਨਹੀਂ ਸੀ ਲੱਭ ਰਹੀ। ਬਰਜਿੰਦਰ ਸਿੰਘ ਦੇ ਬੋਲਾਂ ਵਿਚ ਨਿੱਘ ਸੀ। ਇੱਕ ਐਲਾਨ ਵੀ ਕਿ ਜੇ ਮੈਂ ਲਗਾਤਾਰ ਲਿਖ ਸਕਾਂ ਤਾਂ ਉਹ ਮੇਰਾ ਲਿਖਿਆ ਹਰ ਹਫਤੇ ਛਾਪਣਾ ਚਾਹੁਣਗੇ। ਉਨ੍ਹਾਂ ਨੂੰ ਮੇਰਾ ਦਿੱਤਾ ਨਾਂ ਵੀ ਪਸੰਦ ਸੀ - 'ਨਿੱਕ ਸੁੱਕ'।

ਦਿੱਲੀ ਪਰਤਿਆ ਤਾਂ 'ਕੌਮੀ ਏਕਤਾ' ਦੇ ਸੰਪਾਦਕ ਦਾ ਫੋਨ ਆ ਗਿਆ ਕਿ ਮੈਂ ਹੋਲਾ-ਮਹੱਲਾ ਦੇ ਸਮਾਗਮ ਬਾਰੇ ਉਨ੍ਹਾਂ ਦੇ ਪਰਚੇ ਲਈ ਕੁੱਝ ਲਿਖ ਦਿਆਂ। ਕੌਮੀ ਏਕਤਾ ਵਿਕਣ ਵਾਲਾ ਪਰਚਾ ਸੀ। ਪੜ੍ਹਿਆ ਵੀ ਜਾਂਦਾ ਸੀ। ਉਸਦਾ ਸੰਪਾਦਕ ਮੈਨੂੰ ਖ਼ੁਦ ਬੇਨਤੀ ਕਰ ਰਿਹਾ ਸੀ। ਅੰਨ੍ਹਾ ਕੀ ਮੰਗੇ ਦੋ ਅੱਖਾਂ। ਮੈਂ ਕਾਗ਼ਜ਼ ਕਲਮ ਚੁੱਕੀ ਤੇ ਉੱਪਰ ਲਿਖੀਆਂ ਗੱਲਾਂ ਨੂੰ ਮਿਰਚ ਮਸਾਲਾ ਲਾ ਕੇ ਰਿਪੋਰਟ ਲਿਖ ਦਿੱਤੀ।



ਸਨਮਾਨ ਸਰੋਪਾਓ ਲੈਂਦਿਆ

ਇਸ ਵਾਰੀ ਦੀ 'ਨੰਦਪੁਰ ਫੇਰੀ ਦਾ ਬਚਪਨ ਦੀ ਨੰਦਪੁਰ ਫੇਰੀ ਨਾਲ ਟਾਕਰਾ ਵੀ ਕੀਤਾ। ਕਿਵੇਂ ਮੈਂ ਆਪਣੇ ਬਾਪ ਨਾਲ ਸਾਈਕਲ 'ਤੇ ਅੱਗੇ-ਪਿੱਛੇ ਬਹਿੰਦਾ ਤੇ ਕੋਹਾਂ ਦੇ ਕੋਹ ਤੁਰਦਾ ਨੂਰਪੁਰ ਬੇਦੀ ਬਿਸਰਾਮ ਕਰਕੇ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਨੇਰ੍ਹ ਚਾਨਣ ਮਾਣਦਾ ਨੰਦਪੁਰ ਪਹੁੰਚ ਕੇ ਕਿਸੇ ਨਾ ਕਿਸੇ ਦੀਵਾਨ ਵਾਲੇ ਤੰਬੂਆਂ ਥੱਲੇ ਵਿਛੀ ਪਰਾਲੀ ਦਾ ਬਿਸਤਰਾ ਬਣਾ ਕੇ ਸੌਂਦਾ ਹੁੰਦਾ ਸਾਂ। ਮੇਰਾ ਬਾਪ ਕੋਲ ਬੈਠਾ ਸਾਰੀ ਰਾਤ ਕਵੀਆਂ ਦੀ ਕਵੀਸ਼ਰੀ ਸੁਣਦਾ ਰਹਿੰਦਾ।

ਰਿਪੋਰਟ ਪੜ੍ਹ ਕੇ ਸੰਪਾਦਕ ਨੇ ਆਪਣਾ ਚਪੜਾਸੀ ਮੇਰੇ ਘਰ ਭੇਜਿਆ। ਮੇਰੀ ਫੋਟੋ ਚਾਹੀਦੀ ਸੀ। ਰਿਪੋਰਟ ਦੇ ਨਾਲ ਛਾਪਣੀ ਸੀ। ਮੇਰੀ ਅੱਡੀ ਜ਼ਮੀਨ 'ਤੇ ਨਾ ਲੱਗੇ। ਮੈਂ ਜਵਾਨੀ ਦੇ ਦਿਨਾਂ ਵਾਲੀ ਫੋਟੋ ਲੱਭੀ ਤੇ ਲਿਫਾਫੇ ਵਿਚ ਬੰਦ ਕਰਕੇ ਚਪੜਾਸੀ ਨੂੰ ਦੇ ਦਿੱਤੀ। ਰਿਪੋਰਟ ਛਪ ਗਈ। ਉੱਚੀਆਂ-ਨੀਵੀਆਂ ਗੱਲਾਂ ਦਾ ਬੜਾ ਮੁੱਲ ਪਿਆ। ਪ੍ਰਸ਼ੰਸਾ ਦੀਆਂ ਚਿੱਠੀਆਂ ਤੇ ਟੈਲੀਫੋਨ।

ਮਹੀਨੇ ਕੁ ਪਿੱਛੋਂ ਪਤਾ ਲੱਗਿਆ ਕਿ ਮੈਨੂੰ ਮਨੀ ਆਰਡਰ ਵਾਲਾ ਲੱਭਦਾ ਫਿਰਦਾ ਹੈ। ਮੈਂ ਡਾਕਖਾਨੇ ਗਿਆ ਤਾਂ ਮੇਰੇ ਲਈ ਕੌਮੀ ਏਕਤਾ ਵਾਲਿਆਂ ਨੇ ਪੈਸੇ ਭੇਜੇ ਸਨ। ਪੈਂਤੀ ਰੁਪਏ। ਪੰਜਾਬੀ ਅਖ਼ਬਾਰ ਤੇ ਲੇਖਕ ਨੂੰ ਪੈਸੇ। ਚਰਚਾ ਵਾਧੂ। ਪਰਚੇ ਵਿਚ ਛਪੀ ਫੋਟੋ ਉਸ ਤੋਂ ਵੀ ਉੱਤੇ।

ਮੇਰੀ ਰਿਪੋਰਟ ਤੋਂ ਖ਼ੁਸ਼ ਹੋ ਕੇ ਮੈਨੂੰ ਸੰਪਾਦਕ ਨੇ ਲਗਾਤਾਰ ਕਾਲਮ ਲਿਖਣ ਲਈ ਵੀ ਕਿਹਾ। ਮੈਨੂੰ ਪੱਤਰਕਾਰੀ ਚੂੰਢੀਆਂ ਵੱਢਣ ਲੱਗੀ ਪਰ ਮੇਰੇ ਹੱਥ ਕਹਾਣੀਆਂ ਦੀਆਂ ਹੱਥਕੜੀਆਂ ਵਿਚ ਜਕੜੇ ਹੋਏ ਸਨ। ਕੀ ਕਰਦਾ?

ਅੱਜ ਦੇ ਦਿਨ ਮੇਰਾ ਕਾਲਮ (ਨਿੱਕ ਸੁੱਕ) ਖ਼ੂਬ ਪੜ੍ਹਿਆ ਜਾਂਦਾ ਹੈ। ਫ਼ਿਕਰ ਤੌਂਸਵੀ ਦੇ 'ਪਿਆਜ਼ ਕੇ ਛਿਲਕੇ' ਤੇ ਖੁਸ਼ਵੰਤ ਸਿੰਘ ਦੇ 'ਨਾ ਕਾਹੂ ਸੇ ਦੋਸਤੀ ਨਾ ਕਾਹੂ ਸੇ ਵੈਰ' ਵਾਂਗ। ਪਰ ਪੰਜਾਬੀ ਕਿਸਾਨੀ ਦੀ ਹਰੀ ਕ੍ਰਾਂਤੀ ਪੂਰੇ ਸੰਸਾਰ ਵਿਚ ਘਟਾਈ ਅਤੇ ਅਮਰੀਕਾ ਦੇ ਇੱਕ ਮਹਿਲ ਤੇ ਉਸ ਵਿਚਲੇ ਸਮਾਨ ਦੀ ਨੀਲਾਮੀ ਦਾ ਤਾਣਾ ਪੇਟਾ ਦੁਨੀਆਂ ਭਰ ਦੇ ਪੰਜਾਬੀ ਪਾਠਕਾਂ ਤੱਕ ਪਹੁੰਚਾਇਆ। ਓਥੋਂ ਦੇ ਇੱਕ ਪੋਲਟਰੀ ਫਾਰਮ ਦੀ ਵਿਉਂਤਬੰਦੀ ਤੇ ਉੱਥੋਂ ਦੇ ਪਰਬਤ ਰੂਪੀ ਸਿੰਜਾਈ ਸਾਧਨਾਂ ਸਮੇਤ।

ਮੈਨੂੰ ਇਹ ਦੱਸਣ ਵਿਚ ਵੀ ਕੋਈ ਝਿਜਕ ਨਹੀਂ ਕਿ ਮੇਰੇ ਕਾਲਮ ਨੇ ਮੇਰੇ ਘਰ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਉੱਤੇ ਸਥਾਪਤ ਅੰਤਰ-ਰਾਸ਼ਟਰੀ ਫਾਊਂਡੇਸ਼ਨ ਲੁਧਿਆਣਾ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਤੇ ਉਨ੍ਹਾਂ ਦੇ ਸਹਿਯੋਗੀ ਕਾਂਗਰਸੀ ਆਗੂ ਤੇ ਉੱਘੇ ਕਾਰੋਬਰੀ ਗੁਰਦੇਵ ਸਿੰਘ ਲਾਪਰਾਂ ਤੇ ਜਾਣੇ-ਪਛਾਣੇ ਸਮਾਜ ਸੇਵਕ ਤੇ ਰਾਮਗੜ੍ਹੀਆ ਭਾਈਚਾਰੇ ਵਾਲੇ ਗੁਰਨਾਮ ਸਿੰਘ ਕਲੇਰ ਨੂੰ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਦੀ ਸੰਗਤ ਵਿਚ ਮੇਰੇ ਲਈ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਪੁਸਤਕਾਂ ਦਾ ਸੈਟ, ਸਿਰੋਪਾਉ, ਹਜ਼ੂਰ ਸਾਹਿਬ (ਨਾਂਦੇੜ) ਦਾ ਪ੍ਰਸ਼ਾਦ ਪਹੁੰਚਾ ਦਿੱਤਾ, ਜਿਸਨੂੰ ਪ੍ਰਾਪਤ ਕਰਦੇ ਸਮੇਂ ਮੈਂ ਬੰਦਾ ਸਿੰਘ ਬਹਾਦਰ ਦੀ ਦ੍ਰਿੜ੍ਹਤਾ ਦੇ ਕਈ ਕਿੱਸੇ ਸਾਂਝੇ ਕੀਤੇ। ਐਨ ਕੁਦਰਤੀ ਸੀ ਕਿ ਉਨ੍ਹਾਂ ਦੀ ਸੰਗਤ ਨੇ ਮੈਨੂੰ ਪੰਜਾਬ ਖੇਤੀ ਯੂਨੀਵਰਸਟੀ ਵਿਚ ਗੁਜ਼ਾਰੇ ਦੋ ਸਾਲ ਵੀ ਚੇਤੇ ਕਰਵਾ ਦਿੱਤੇ ਅਤੇ ਉਨ੍ਹਾਂ ਦਿਨਾਂ ਵਿਚ ਕਵੀ ਗੁਰਭਜਨ ਸਿੰਘ ਗਿੱਲ ਤੇ ਦੋਸਤਾਂ ਦੇ ਦੋਸਤ ਸਵਰਗਵਾਸੀ ਜਗਦੇਵ ਸਿੰਘ ਜੱਸੋਵਾਲ ਦੀ ਸੰਗਤ ਵੀ। ਮੇਰੀ ਕਾਲਮ ਨਵੀਸੀ ਲਈ ਇਸ ਤੋਂ ਵੱਡੀ ਉਡਾਣ ਹੋਰ ਕੀ ਹੋ ਸਕਦੀ ਸੀ। ਮੈਂ ਟਰਸਟ ਦਾ ਧੰਨਵਾਦ ਕੀਤਾ ਤੇ ਉੱਥੋਂ ਦੇ ਸਾਰੇ ਪਤਵੰਤਿਆਂ ਨੂੰ ਇੱਕ ਇੱਕ ਕਰਕੇ ਕਾਫੀ ਪਿਲਾਈ।

ਮੇਰੇ ਲਈ ਇਹ ਪਲ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਬੰਦਾ ਸਿੰਘ ਬਹਾਦਰ ਯਾਦ ਦਾ ਥਾਪੜਾ ਹੀ ਨਹੀਂ ਸਗੋਂ ਆਨੰਦਪੁਰ ਸਾਹਿਬ ਤੇ ਹਜ਼ੂਰ ਸਾਹਿਬ ਦੀ ਮਹਿਮਾ ਮਾਣਨ ਦੇ ਵੀ ਸਨ। ਆਮੀਨ!

# ਜਦੋਂ ਦਸਮ ਪਿਤਾ ਵੱਲੋਂ ਬਖ਼ਸ਼ੇ ਸਿੱਖੀ-ਸਿਧਾਂਤ ਵਾਲੇ ਨਿਹੰਗੀ ਬਾਣੇ ਦੇ ਹੋਏ ਦਰਸ਼ਨ...

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

*ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ।*

ਪਿੰਡ ਪੈਲੀ ਦਾ ਠੇਕਾ ਵਧਾ ਦਿੱਤਾ ਤਾਂ ਅੰਮ੍ਰਿਤਸਰ ਆ ਕੇ ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ...।

ਕਈਆਂ ਆਖਣਾ ਦਿਨ ਢਲੇ ਜਹਾਜਗੜ੍ਹ ਵੱਲ ਦੀ ਸਵਾਰੀ ਕਦੀ ਨਾ ਚੱਕੀਂ...ਉਜਾੜ ਜਿਹੀ ਥਾਂ ਦੇਖ ਸਭ ਕੁਝ ਖੋਹ ਲੈਂਦੇ ਨੇ...ਜੇ ਕੋਈ ਨਿਹੰਗ ਬਾਣੇ ਵਿਚ ਦਿਸ ਪਵੇ ਫੇਰ ਤਾਂ ਬਿਲਕੁਲ ਵੀ ਨਹੀਂ...ਲੁੱਟ ਵੀ ਲੈਂਦੇ ਤੇ ਮਗਰੋਂ ਜਿਉਂਦਾ ਵੀ ਨਹੀਂ ਛੱਡਦੇ...!

ਉਸ ਦਿਨ ਸਾਰੀ ਦਿਹਾੜੀ ਮੀਂਹ ਵਰ੍ਹਦਾ ਰਿਹਾ...ਉੱਤੋਂ ਰਿਕਸ਼ੇ ਦੀ ਛਤਰੀ ਵੀ ਖਰਾਬ ਸੀ...ਕੋਈ ਸਵਾਰੀ ਨਾ ਚੜ੍ਹੀ...ਆਥਣੇ ਖਾਲੀ ਰਿਕਸ਼ਾ ਬੇਰੰਗ ਲਫਾਫੇ ਵਾਂਙ ਸੋ ਫੁੱਟੀ ਰੋਡ 'ਤੇ ਪਾ ਲਿਆ...ਓਹਨਾਂ ਦਿਨਾਂ ਵਾਲੇ ਮਾਹੌਲ...ਸੜਕ 'ਤੇ ਕੋਈ ਬੰਦਾ-ਪਰਿੰਦਾ ਨੀ...ਪੈਡਲ ਮਾਰਦਾ ਅਜੇ ਫਰਲਾਂਘ ਕੁ ਅੱਗੇ ਹੀ ਗਿਆ ਹੋਵਾਂਗਾ ਕਿ ਬਰਛਿਆਂ ਵਾਲੇ ਦੋ ਨਿਹੰਗ ਪਤਾ ਨੀ ਕਿਧਰੋਂ ਨਿੱਕਲ ਆਏ ਤੇ ਛੇਤੀ ਨਾਲ ਸੀਟ 'ਤੇ ਬੈਠ ਆਖਣ ਲਗੇ ਜੀ ਟੀ ਰੋਡ 'ਤੇ ਲਾਹ ਦੇਵੀਂ...ਅੱਜ ਖਾਲਸਾ ਚੜ੍ਹਾਈ 'ਤੇ ਹੈ...।

ਥੋੜੀ ਬਹੁਤ ਨਾਂਹ-ਨੁੱਕਰ ਕੀਤੀ...ਬਹਾਨਾ ਲਾਇਆ...ਬੁਖਾਰ ਚੜ੍ਹਿਆ ਏ...ਪਰ ਆਖਣ ਲੱਗੇ ਰਈਏ ਨੂੰ ਜਾਂਦੀ ਆਖਰੀ ਬੱਸ ਫੜਨੀ ਏ...ਪੈਡਲ ਤੇ ਮਾਰਨੇ ਹੀ ਪੈਣੇ...ਨਹੀਂ ਤਾਂ...।"

ਖੈਰ ਅਗਲੀ ਗੱਲ ਸੁਣਨ ਤੋਂ ਪਹਿਲਾਂ ਹੀ ਸੱਜੀ ਲੱਤ ਵੱਲ ਦਾ ਪਜਾਮਾ ਉਤਾਂਹ ਨੂੰ ਟੁੰਗ ਲਿਆ ਤੇ ਪੈਡਲ ਮਾਰਨੇ ਸ਼ੁਰੂ ਕਰ ਦਿੱਤੇ...ਪਰ ਧਿਆਨ ਅੱਗੇ ਘੱਟ ਤੇ ਮਗਰ ਜ਼ਿਆਦਾ ਸੀ...ਪਤਾ ਨਹੀਂ ਕਦੋਂ ਪਿੱਛੋਂ ਆਈ ਬਰਛੀ ਆਂਦਰਾਂ ਪਾੜ ਦੇਵੇ ਤੇ ਇਹ ਸਭ ਕੁਝ ਲੁੱਟ ਆਪਣੇ ਰਾਹੇ ਪੈ ਜਾਣ... ਸ਼ਹੀਦਾਂ ਵਾਲੇ ਪ੍ਰਸ਼ਾਦ ਵੀ ਸੁਖ ਲਿਆ ਜੇ ਅੱਜ ਜਿਉਂਦਾ ਬਚ ਗਿਆ ਤਾਂ...!

ਅੱਗੇ ਸੁੰਨਸਾਨ ਫੈਕਟਰੀ ਦੇ ਨਾਲ ਵਾਲੇ ਖਾਲੀ ਪਲਾਟ ਕੋਲ ਹੁੱਝ ਮਾਰ ਰਿਕਸ਼ਾ ਰੁਕਵਾ ਲਿਆ...ਮੇਰੀ ਧੜਕਣ ਤੇਜ਼ ਹੋ ਗਈ...ਇੱਕ ਕਹਿੰਦਾ ਹੇਠਾਂ ਉੱਤਰ ਸਿੰਘਾ...ਮੈਨੂੰ ਸੁੱਝ ਗਈ ਕਿ ਮਿੱਤਰਾ ਕਾਲ ਆਣ ਪਹੁੰਚਿਆ...ਘਰ ਵਾਲੀ ਤੇ ਨਿਆਣਿਆਂ ਦੀਆਂ ਸ਼ਕਲਾਂ ਅੱਖਾਂ ਅੱਗੇ ਘੁੰਮ ਗਈਆਂ...ਇੱਕ ਨੇ ਮੈਥੋਂ ਰਿਖਸ਼ੇ ਦਾ ਹੈਂਡਲ ਫੜ ਲਿਆ ਤੇ ਆਪ ਉੱਤੇ ਚੜ੍ਹ ਗਿਆ...



ਪੱਕਾ ਯਕੀਨ ਹੋ ਗਿਆ ਕਿ ਮੁਕਾ ਕੇ ਇਥੇ ਖਾਲੀ ਪਲਾਟ ਵਿਚ ਸਿੱਟ ਦੇਣਾ ਤੇ ਰਿਕਸ਼ਾ ਵੀ ਲੈ ਜਾਣਾ...। ਅਜੇ ਸੋਚ ਹੀ ਰਿਹਾ ਸਾਂ ਕਿ ਉਸ ਨੇ ਫੁਰਮਾਨ ਜਾਰੀ ਕੀਤਾ...ਏਦਾਂ ਕਰ ਪਿੱਛੇ ਬੈਠ ਜਾ ਅੱਗੋਂ ਮੈਂ ਚਲਾਉਂਦਾ ਹਾਂ...ਤੇਰੀ ਸਪੀਡ ਨਾਲ ਤੇ ਬੱਸ ਪੱਕਾ ਨਿੱਕਲ ਜਾਊ...।

ਮੈਂ ਬੀਬੇ ਬੱਚੇ ਵਾਂਙ ਪਿੱਛੇ ਬੈਠਾ ਅਗਲੇ ਹੁਕਮਾਂ ਦੀ ਉਡੀਕ ਕਰਨ ਲੱਗਾ ਤੇ ਹਵਾ ਨਾਲ ਗੱਲਾਂ ਕਰਦੇ ਰਿਕਸ਼ੇ ਅੱਗੋਂ ਆਉਂਦੀ ਹਵਾ ਮੁੜਕੇ 'ਤੇ ਪੈ ਕੇ ਹੋਰ ਵੀ ਠੰਡੀ ਹੋ ਗਈ...।

ਜੀ.ਟੀ. ਰੋਡ ਕੋਲ ਅੱਪੜ ਦੋਵੇਂ ਹੇਠਾਂ ਉਤਰ ਗਏ...ਇੱਕ ਨੇ ਕਮਰਕੱਸੇ ਵਿਚ ਹੱਥ ਪਾ ਲਿਆ...ਜਾਨ ਇੱਕ ਵਾਰ ਫੇਰ ਸੂਲੀ 'ਤੇ ਟੰਗੀ ਗਈ...ਸੋਚਣ ਲੱਗਾ ਟਿਕਾਣੇ ਸਰ ਵੱਜਾ ਇੱਕ ਫਾਇਰ ਹੀ ਬਹੁਤ ਏ ਮੇਰੇ ਜੋਗਾ...।

ਅਗਲੇ ਹੀ ਪਲ ਇੱਕ ਸੌ ਦਾ ਨੋਟ ਮੇਰੇ ਹੱਥ ਵਿਚ ਦਿੰਦਾ ਹੋਇਆ ਆਖਣ ਲੱਗਾ ਸਿੰਘਾ ਝੜੀ ਵਿਚ ਲੱਗਦਾ ਅੱਜ ਕੋਈ ਖਾਸ ਸਵਾਰੀ ਨਹੀਂ ਮਿਲੀ...ਤਾਪ ਵੀ ਲੋਹੜੇ ਦਾ ਚੜ੍ਹਿਆ ਲੱਗਦਾ...ਨਿੱਕੇ-ਨਿੱਕੇ ਜਵਾਕ ਉਡੀਕਦੇ ਹੋਣੇ...ਰੱਖ ਲੈ ਕੰਮ ਆਉਣਗੇ!

ਜ਼ਿਕਰਯੋਗ ਏ ਕੇ ਓਹਨੀਂ ਦਿਨੀਂ ਸੌ ਦਾ ਨੋਟ ਮਸੀਂ ਹਫਤੇ ਪਿੱਛੋਂ ਜਾ ਕੇ ਵੇਖਣਾ ਨਸੀਬ ਹੋਇਆ ਕਰਦਾ ਸੀ...ਮੁੜਕੋ ਮੁੜਕੀ ਹੋਏ ਬੁੱਤ ਬਣ ਖਲੋਤੇ ਨੂੰ ਕਿੰਨਾ ਚਿਰ ਸਮਝ ਹੀ ਨਾ ਆਈ ਕੇ ਹੋ ਕੀ ਗਿਆ ਤੇ ਹੁਣ ਕੀਤਾ ਕੀ ਜਾਵੇ?...ਬੱਸ ਕਮਲਿਆਂ ਵਾਂਙ ਸੌ ਦੇ ਨੋਟ ਨੂੰ ਹੀ ਦੇਖੀ ਜਾ ਰਿਹਾ ਸਾਂ...

ਜਦੋਂ ਸੁਰਤ ਵਰਤਮਾਨ ਵੱਲ ਪਰਤੀ ਤਾਂ ਦੂਰ ਤੁਰੇ ਜਾਂਦੇ ਦੋ ਪਰਛਾਵੇਂ ਹੋਰ ਧੁੰਦਲੇ ਜਿਹੇ ਹੋ ਗਏ...ਪੌਣੇ ਤਿੰਨ ਸਦੀਆਂ ਪਹਿਲਾਂ ਦਸਮ ਪਿਤਾ ਵੱਲੋਂ ਬਕਸ਼ੇ ਸਿੱਖੀ-ਸਿਧਾਂਤ ਵਾਲੇ ਨਿਹੰਗੀ ਬਾਣੇ ਦੇ ਦਰਸ਼ਨ ਕਰ ਮੂੰਹੋਂ ਆਪ ਮੁਹਾਰੇ ਹੀ ਨਿੱਕਲ ਗਿਆ "ਬੋਲੇ ਸੋ ਨਿਹਾਲ"...ਦੂਰ ਘੁੱਪ ਹਨੇਰੇ ਦੀ ਬੁੱਕਲ ਵਿਚੋਂ ਉਚੀ ਸਾਰੀ ਅਵਾਜ਼ ਆਈ..."ਸਤਿ ਸ੍ਰੀ ਅਕਾਲ।

## ਕਾਵਿ-ਕਿਆਰੀ

### ਕਲਯੁੱਗ ਦੇ ਰੰਗ

ਕਲਯੁੱਗ ਦੇਖੋ ਨਵਾਂ ਚੰਨ ਚੜ੍ਹਾਇਆ ਹੈ,
ਸੱਚ ਭੁੱਲ ਕੇ ਝੂਠ ਬੋਲਣ ਲਾਇਆ ਹੈ।

ਸਤਯੁੱਗ ਵਿਚ ਲੋਕੀਂ ਭੋਲ਼ੇ-ਭਾਲੇ ਸਨ,
ਸੱਚ ਠੀਕ 'ਤੇ ਦੇਂਦੇ ਪਹਿਰਾ ਬਾਹਲ਼ੇ ਸਨ,
ਤ੍ਰੇਤੇ ਦਵਾਪਰ ਅਧੋ-ਅੱਧ ਕਰਾਇਆ ਹੈ,
ਕਲਯੁੱਗ ਦੇਖੋ ਨਵਾਂ ਚੰਨ ਚੜ੍ਹਾਇਆ ਹੈ,
ਸੱਚ ਭੁੱਲ ਕੇ ਝੂਠ ਬੋਲਣ ਲਾਇਆ ਹੈ।

ਕਲਯੁੱਗ ਵਿਚ ਕਲਾ ਚੁਫ਼ੇਰੇ ਭਾਰੀ ਹੈ
ਝੂਠ ਪਾਪ ਤੇ ਬੰਦਾ ਮਾਇਆਧਾਰੀ ਹੈ,
ਖ਼ੁਦਗਰਜ਼ੀ ਨੇ ਵਿਚ ਚੱਕਰਾਂ ਦੇ ਪਾਇਆ ਹੈ।
ਕਲਯੁੱਗ ਦੇਖੋ ਨਵਾਂ ਚੰਨ ਚੜ੍ਹਾਇਆ ਹੈ,
ਸੱਚ ਭੁੱਲ ਕੇ ਝੂਠ ਬੋਲਣ ਲਾਇਆ ਹੈ।

ਰਿਸ਼ਤੇ ਨਾਤੇ ਹੁਣ ਬੱਸ ਮਤਲਬ ਯੋਗੇ ਨੇ,
ਸੋਹਣੇ ਲੱਗਦੇ ਜੋ ਵਕਤ ਪੁਰਾਣੇ ਭੋਗੇ ਨੇ,
ਦੋਸਤਾਂ ਮਿੱਤਰਾਂ ਸਦਾ ਸਾਥ ਨਿਭਾਇਆ ਹੈ।
ਕਲਯੁੱਗ ਦੇਖੋ ਨਵਾਂ ਚੰਨ ਚੜ੍ਹਾਇਆ ਹੈ,
ਸੱਚ ਭੁੱਲ ਕੇ ਝੂਠ ਬੋਲਣ ਲਾਇਆ ਹੈ।

ਯੁੱਗ ਕਲਾ ਦੇ ਕਹਿੰਦੇ ਇਹਨੂੰ ਸਾਰੇ ਨੇ,
ਸੋਸ਼ਲ ਮੀਡੀਏ ਫ਼ੋਨਾਂ ਵਾਲੇ ਨਜ਼ਾਰੇ ਨੇ,
ਮੀਡੀਏ ਟਵਿੱਟਰਾਂ ਯੁੱਗ ਪਲਟਾਇਆ ਹੈ।
ਕਲਯੁੱਗ ਦੇਖੋ ਨਵਾਂ ਚੰਨ ਚੜ੍ਹਾਇਆ ਹੈ,
ਸੱਚ ਭੁੱਲ ਕੇ ਝੂਠ ਬੋਲਣ ਲਾਇਆ ਹੈ।

*-ਸੇਵਾ ਸਿੰਘ 'ਨੂਰਪੁਰੀ'*

### ਬਹਿਰੀਨੋਂ ਆਈ ਬੀਬੀ

ਉਂਗਲ ਦੇਖੋ ਉੱਠੀ ਪਹਿਰੇਦਾਰਾਂ 'ਤੇ
ਪੰਥ ਦੇ ਵੱਡੇ-ਵੱਡੇ ਠੇਕੇਦਾਰਾਂ 'ਤੇ

ਬਹਿਰੀਨੋ ਆਈ ਬੀਬੀ ਦੇ ਨਾਲ ਬੀਤੀ ਜੋ
ਰਾਤੋ-ਰਾਤ ਖਬਰ ਛਾਈ ਅਖਬਾਰਾਂ 'ਤੇ।
ਅਗਵਾ, ਜਬਰ ਜਨਾਹ ਤੇ ਖ਼ੂਨ ਖਰਾਬੇ ਦੇ
ਦੋਸ਼ ਸੰਗੀਨ ਨੇ ਚਵਲ਼ਾਂ ਅਤੇ ਗੱਦਾਰਾਂ 'ਤੇ।

ਕਥਿਤ ਦੋਸ਼ੀਆਂ ਦੇ ਹੌਸਲੇ ਦੇਖੋ ਸਹੀ
ਕਤਲ ਕਰਨ ਦੇ ਫਤਵੇ ਲਊਣ ਪੁਕਾਰਾਂ 'ਤੇ।
ਜਥੇਦਾਰ, ਗ੍ਰੰਥੀ ਤੇ ਪ੍ਰਧਾਨ ਸਾਰੇ
ਪਰਦਾ ਪਾ ਰਹੇ ਸਾਰੇ ਹੀ ਮੱਕਾਰਾਂ 'ਤੇ।

ਕਿਸੇ ਅਦਾਲਤ ਕੋਈ ਨਿਆਂ ਵੀ ਹੁੰਦਾ ਨਾ
ਜ਼ੁਰਮ ਜਿਹੜੇ ਨੇ ਲੱਗਦੇ ਡੇਰੇਦਾਰਾਂ 'ਤੇ
ਗੁਰੂ ਘਰਾਂ 'ਚੋਂ ਚੋਖੇ ਭੱਤੇ ਲੈਂਦੇ ਜੋ
ਨਜ਼ਰਸਾਨੀ ਕਿਓਂ ਹੁੰਦੀ ਨਾ ਕਿਰਦਾਰਾਂ 'ਤੇ

ਦੋਸ਼ੀਆਂ ਨਾਲੋਂ ਵੀ ਉਹ ਵੱਡੇ ਦੋਸ਼ੀ ਨੇ
ਵੋਟਰ ਮਿਹਰਬਾਨ ਜੋ ਚੋਰਾਂ-ਯਾਰਾਂ 'ਤੇ
ਫਲੀਭੂਤ ਪ੍ਰਚਾਰ ਸਿੱਖੀ ਦਾ ਤਾਂ 'ਢੇਸੀ'
ਲੱਗ ਜਾਵੇ ਜੇ ਰੋਕ ਮਨੋ ਵਿਕਾਰਾਂ 'ਤੇ

*-ਕੁਲਵੰਤ ਸਿੰਘ 'ਢੇਸੀ' ਯੂ ਕੇ*

# ਰੂਸੀ ਪ੍ਰੋਫੈਸਰ ਲੁਡਮੀਲਾ ਖੋਖਲੋਵਾ ਦੀ ਪੰਜਾਬੀ ਭਾਸ਼ਾ ਅਤੇ ਸਿੱਖ ਸਾਹਿਤ ਨੂੰ ਦੇਣ

*ਇਸ ਸਾਲ ਆਜ਼ਾਦੀ ਦਿਵਸ ਉੱਪਰ ਜਦੋਂ ਰਾਸ਼ਟਰਪਤੀ ਭਵਨ ਵਿਚ ਪ੍ਰੈਜ਼ੀਡੈਂਟ ਦਰੋਪਦੀ ਮੁਰਮੂ ਨੇ ਕੌਮੀ ਇਨਾਮ ਦੇ ਕੇ ਭਾਰਤ ਦੇ ਪਤਵੰਤੇ ਕਲਾਕਾਰਾਂ ਨੂੰ ਸਨਮਾਨਿਆ। ਉਸ ਮੌਕੇ ਪ੍ਰੋਫੈਸਰ ਲੁਡਮੀਲਾ ਨੂੰ ਪਦਮ ਸ਼੍ਰੀ ਦੇ ਸਨਮਾਨ ਨਾਲ ਨਿਵਾਜਿਆ ਗਿਆ। ਮੈਂ ਅੱਜ ਤੋਂ 10 ਸਾਲ ਪਹਿਲਾਂ ਲੁਡਮੀਲਾ ਦੇ ਸੰਪਰਕ ਵਿਚ ਆਇਆ ਸੀ, ਜਦੋਂ ਉਸ ਨੇ ਮੇਰੀ ਪੰਜਾਬੀ ਸਹਿਤ ਦੇ ਸ਼ੌਂਕ ਬਾਰੇ ਗੁਫਤਗੂ ਕੀਤੀ ਸੀ। ਪ੍ਰੋ. ਲੁਡਮੀਲਾ ਨੇ ਮਾਸਕੋ ਸਟੇਟ ਯੂਨੀਵਰਸਿਟੀ ਤੋਂ ਐਮ.ਏ. ਹਿੰਦੀ ਦੀ ਡਿਗਰੀ ਪ੍ਰਾਪਤ ਕੀਤੀ ਹੈ। ਉਸ ਦਾ ਪਤੀ ਯੂਨੀਵਰਸਿਟੀ ਵਿਚ ਸੰਸਕ੍ਰਿਤ ਅਤੇ ਪਾਲੀ ਭਾਸ਼ਾ ਦਾ ਪ੍ਰੋਫੈਸਰ ਹੈ। ਉਹ ਲੁਡਮੀਲਾ ਦਾ ਰਾਹ-ਦਸੇਰਾ ਬਣਿਆ ਅਤੇ ਦੋਵੇਂ ਪਤੀ-ਪਤਨੀ ਮਾਸਕੋ ਸਟੇਟ ਯੂਨੀਵਰਸਿਟੀ ਵਿਚ ਭਾਰਤੀ ਭਾਸ਼ਾਵਾਂ ਦੇ ਪ੍ਰਸਿੱਧ ਸਾਹਿਤਕਾਰ ਹਨ।*



**ਪ੍ਰੋਫੈਸਰ ਹਰਦੇਵ ਸਿੰਘ ਵਿਰਕ**

ਮੈਂ ਪ੍ਰੋਫੈਸਰ ਲੁਡਮੀਲਾ ਨੂੰ ਢੇਰ ਸਾਰੀਆਂ ਵਧਾਈਆਂ ਭੇਜੀਆਂ ਅਤੇ ਉਸ ਦੀ ਸਿੱਖ ਸਾਹਿਤ ਬਾਰੇ ਦੇਣ ਬਾਰੇ ਪੁੱਛਿਆ। ਉਸਨੇ ਵਾਪਸੀ ਈ-ਮੇਲ ਰਾਹੀਂ ਆਪਣੇ ਸਨਮਾਨ ਸਮੇਂ ਦੀਆਂ ਫੋਟੋਆਂ ਭੇਜੀਆਂ ਅਤੇ ਖੋਜ ਪਰਚਿਆਂ ਦੀ ਸੂਚੀ ਭੇਜ ਦਿੱਤੀ। ਲੁਡਮੀਲਾ ਨੇ ਜੈਪੁਰ ਯੂਨੀਵਰਸਿਟੀ ਤੋਂ ਹਿੰਦੀ ਸਾਹਿਤ ਅਤੇ ਮਾਰਵਾੜੀ ਸਹਿਤ ਦੇ ਅੰਤਰ -ਸੰਬੰਧਾਂ ਦੇ ਵਿਸ਼ੇ ਉੱਪਰ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ। ਮਾਸਕੋ ਸਟੇਟ ਯੂਨੀਵਰਸਿਟੀ ਵਿਚ ਉਸ ਨੂੰ ਭਾਸ਼ਾ ਵਿਗਿਆਨੀ ਦੇ ਪ੍ਰੋਫੈਸਰ ਦੀ ਉਪਾਧੀ ਉੱਪਰ ਰੱਖਿਆ ਗਿਆ। ਉਸ ਦੀ ਖੋਜ ਦਾ ਘੇਰਾ ਬਹੁਤ ਵਿਸ਼ਾਲ ਹੈ ਕਿਉਂਕਿ ਉਹ ਦੱਖਣੀ ਏਸ਼ੀਆ ਦੇ ਖੇਤਰ ਦੀਆਂ ਸਾਰੀਆਂ ਭਾਸ਼ਾਵਾਂ ਨੂੰ ਆਪਣੇ ਕਲਾਵੇ ਵਿਚ ਲਈ ਬੈਠੀ ਹੈ। ਮਾਸਕੋ ਸਟੇਟ ਯੂਨੀਵਰਸਿਟੀ ਦੇ ਦੱਖਣੀ ਏਸ਼ੀਆ ਕੇਂਦਰ ਵਿਭਾਗਾਂ ਵਿਚ ਉਹ ਹਿੰਦੀ ਤੋਂ ਇਲਾਵਾ ਪੰਜਾਬੀ ਅਤੇ ਉਰਦੂ ਦੇ ਵਿਸ਼ੇ ਵੀ ਪੜ੍ਹਾ ਰਹੀ ਹੈ।

ਲੁਡਮੀਲਾ ਖੋਖਲੋਵਾ ਦੇ ਖੋਜ ਪੱਤਰਾਂ ਦੀ ਗਿਣਤੀ 50 ਦੇ ਕਰੀਬ ਹੈ। ਇਥੇ ਅਸੀਂ ਉਸਦੇ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਬਾਰੇ ਛਪੇ ਹੋਏ ਖੋਜ ਪਰਚਿਆਂ ਦੀ ਚਰਚਾ ਕਰਾਂਗੇ। ਭਾਰਤ ਦੀ ਭਾਸ਼ਾ ਪੌਲਿਸੀ ਉਪਰ ਲੁਡਮੀਲਾ ਨੇ ਆਲੋਚਨਾਤਮਕ ਲੇਖ ਲਿਖਿਆ ਹੈ। ਉਹ ਹੈਰਾਨ ਹੈ ਕਿ ਭਾਰਤ ਹਰ ਸੂਬੇ ਵਿਚ ਦੋ ਭਾਸ਼ਾਈ ਨੀਤੀ ਲਾਗੂ ਕਰ ਰਹੀ ਹੈ: ਮਾਤ ਭਾਸ਼ਾ ਅਤੇ ਅੰਗਰੇਜ਼ੀ। ਉਸ ਨੇ ਉਦਾਹਰਣਾਂ ਦੇ ਕੇ ਦੱਸਿਆ ਹੈ ਕਿ ਦਿੱਲੀ ਵਿਚ ਬਹੁਤੇ ਪਰਿਵਾਰ ਹੋਰ ਸੂਬਿਆਂ ਤੋਂ ਆ ਕੇ ਵਸ ਗਏ ਹਨ। ਬਾਪ ਕੰਨੜ ਭਾਸ਼ਾ ਬੋਲਦਾ ਹੈ ਤੇ ਮਾਂ ਤਮਿਲ ਬੋਲਦੀ ਹੈ ਅਤੇ ਬੱਚੇ ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਨ। 1961 ਦੀ ਮਰਦਮ ਸ਼ੁਮਾਰੀ ਦਾ ਹਵਾਲਾ ਦੇ ਕੇ ਦੱਸਦੀ ਹੈ ਕਿ ਪੰਜਾਬ ਦੇ ਹਿੰਦੂਆਂ ਨੇ ਫਿਰਕੂ ਭਾਵਨਾ ਤਹਿਤ ਪੰਜਾਬੀ ਦੀ ਜਗ੍ਹਾ ਹਿੰਦੀ ਨੂੰ ਮਾਤ ਭਾਸ਼ਾ ਦਰਜ ਕਰਵਾਇਆ, ਜਦਕਿ ਸਿੱਖਾਂ ਨੇ ਪੰਜਾਬੀ ਨੂੰ ਮਾਤ ਭਾਸ਼ਾ ਦਰਜ ਕੀਤਾ। ਲੁਡਮੀਲਾ ਪੰਜਾਬੀ ਭਾਸ਼ਾ ਨਾਲ ਹੋ ਰਹੇ ਵਿਤਕਰੇ ਬਾਰੇ ਚੰਗੀ ਤਰ੍ਹਾਂ ਜਾਣੂ ਅਤੇ ਫਿਕਰਮੰਦ ਹੈ। ਉਸ ਨੇ ਪਾਕਿਸਤਾਨ ਦੇ ਪੰਜਾਬ ਵਿਚ ਪੰਜਾਬੀ ਦੀ ਜਗ੍ਹਾ ਉਰਦੂ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਦੀ ਨਿਖੇਧੀ ਕੀਤੀ ਹੈ। ਉਸ ਦੇ ਖੋਜ ਪੱਤਰ ਦਾ ਵਿਸ਼ਾ 'ਪੰਜਾਬੀ ਭਾਸ਼ਾ ਦੀ ਮੌਤ' ਬਹੁਤ ਹੀ ਰੌਚਕ ਹੈ। ਪਾਕਿਸਤਾਨ ਵਿਚ 15 ਪ੍ਰਤੀਸ਼ਤ ਪਖਤੂਨ, ਪਸ਼ਤੋ ਮਾਤ ਭਾਸ਼ਾ ਦੇ ਹਾਮੀ ਹਨ, 13 ਪ੍ਰਤੀਸ਼ਤ ਸਿੰਧੀ ਆਪਣੇ ਸੂਬੇ ਵਿਚ ਸਿੰਧੀ ਮਾਤ ਭਾਸ਼ਾ ਨੂੰ ਲਾਗੂ ਕਰੀ ਬੈਠੇ ਹਨ, ਪ੍ਰੰਤੂ ਪਾਕਿਸਤਾਨ ਦੇ 45 ਪ੍ਰਤੀਸ਼ਤ ਪੰਜਾਬੀ ਆਪਣੀ ਮਾਤ ਭਾਸ਼ਾ ਨੂੰ ਤਿਲਾਂਜਲੀ ਦੇ ਕੇ ਉਰਦੂ ਨੂੰ ਜੱਫਾ ਮਾਰੀ ਬੈਠੇ ਹਨ। ਉਹ ਪੰਜਾਬੀਆਂ ਦੀ ਮੂਰਖਤਾ ਉੱਪਰ ਕੀਰਨੇ ਪਾ ਰਹੀ ਹੈ।

ਪ੍ਰੋ. ਲੁਡਮੀਲਾ ਦੀ ਸਿੱਖ ਧਰਮ ਅਤੇ ਸਿੱਖ ਸਾਹਿਤ ਨੂੰ ਕੀ ਦੇਣ ਹੈ? ਇਸ ਬਾਰੇ ਉਸ ਦੇ ਖੋਜ ਪੱਤਰਾਂ ਅਤੇ ਅਨੁਵਾਦ ਕੀਤੀਆਂ ਪੁਸਤਕਾਂ ਤੋਂ ਜਾਣਕਾਰੀ ਉਪਲਬਧ ਹੋ ਜਾਂਦੀ ਹੈ। ਲੁਡਮੀਲਾ ਨੇ ਲੰਗਰ ਦੀ ਪਰੰਪਰਾ ਉੱਪਰ ਖੋਜ ਭਰਪੂਰ ਲੇਖ



*ਰਾਸ਼ਟਰਪਤੀ ਦਰੋਪਦੀ ਮੁਰਮੂ ਪ੍ਰੋ. ਲੁਡਮੀਲਾ ਨੂੰ ਪਦਮ ਸ਼੍ਰੀ ਦਾ ਸਨਮਾਨ ਦਿੰਦੇ ਹੋਏ।*

ਲਿਖਿਆ ਹੈ। ਉਸ ਦੀ ਧਾਰਨਾ ਹੈ ਕਿ ਲੰਗਰ ਸਮਾਜਕ ਬਰਾਬਰੀ ਦਾ ਪ੍ਰਤੀਕ ਹੈ। ਇਹ ਹਿੰਦੂ ਧਰਮ ਦੀ ਨਾ ਬਰਾਬਰੀ ਉੱਪਰ ਉਸਾਰੇ ਸਮਾਜ ਦੇ ਢਾਂਚੇ ਨੂੰ ਰੱਦ ਕਰਦਾ ਹੈ। ਗੁਰੂ ਨਾਨਕ ਅਤੇ ਬਾਬਰ ਬਾਦਸ਼ਾਹ ਦਰਮਿਆਨ ਹੋਈਆਂ ਮੀਟਿੰਗਾਂ ਨੂੰ ਲੁਡਮੀਲਾ ਨੇ ਇਤਿਹਾਸਕ ਨੁਕਤਾ-ਨਿਗਾਹ ਤੋਂ ਵਿਚਾਰਿਆ ਹੈ। ਇਸ ਵਿਸ਼ੇ ਉਪਰ ਉਸ ਨੇ ਦੋ ਲੇਖ ਲਿਖੇ ਹਨ। ਸਿੱਖ ਧਰਮ ਦੀਆਂ ਰਸਮਾਂ ਰੀਤਾਂ ਉੱਪਰ ਲੁਡਮੀਲਾ ਨੇ ਖੋਜ ਭਰਪੂਰ ਲੇਖ ਲਿਖੇ ਹਨ। ਉਸ ਦਾ ਵਿਚਾਰ ਹੈ ਕਿ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਚ ਬਾਉਲੀ ਕਾਇਮ ਕਰਕੇ ਸਿੱਖਾਂ ਲਈ ਨਵਾਂ ਤੀਰਥ ਅਸਥਾਨ ਬਣਾਇਆ ਹੈ ਤਾਂ ਕਿ ਉਹ ਹਿੰਦੂ ਤੀਰਥ ਅਸਥਾਨਾਂ ਦਾ ਭ੍ਰਮਣ ਨਾ ਕਰਨ। ਸਿੱਖ ਵਿਆਹ ਪਰੰਪਰਾ ਨੂੰ ਨਿਵੇਕਲਾ ਰੂਪ ਦੇਣ ਖਾਤਰ ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਵਿਚ 'ਘੋੜੀਆਂ' ਅਤੇ 'ਲਾਵਾਂ' ਦੀ ਰਚਨਾ ਕੀਤੀ। ਭਾਵੇਂ ਸਿੱਖ ਸਮਾਜ ਵਿਚ ਹਿੰਦੂ ਰਸਮਾਂ ਦੀ ਭਰਮਾਰ ਰਹੀ ਹੈ। ਪ੍ਰੰਤੂ ਲਾਵਾਂ ਦੀ ਪਰੰਪਰਾ ਸਿੰਘ ਸਭਾ ਲਹਿਰ ਤੋਂ ਉਪਰੰਤ ਹਰ ਗੁਰਦੁਆਰੇ ਵਿਚ ਪ੍ਰਵਾਨ ਚੜੀ ਹੈ।

ਪੰਜਾਬੀ ਯੂਨੀਵਰਸਿਟੀ ਦੀ ਸੇਵਾ ਦੌਰਾਨ ਮੈਂ ਰੂਸੀ ਅਤੇ ਫਰਾਂਸੀਸੀ ਭਾਸ਼ਾਵਾਂ ਵਿਚ ਮੁਹਾਰਤ ਹਾਸਲ ਕੀਤੀ। 60 ਸਾਲ ਬਾਅਦ ਰੂਸੀ ਭਾਸ਼ਾ ਲਗਭਗ ਭੁੱਲ ਚੁੱਕੀ ਹੈ। ਜਦੋਂ ਲੁਡਮੀਲਾ ਨੇ ਜਨਮ ਸਾਖੀ, ਜੁਪਜੀ ਸਾਹਿਬ ਅਤੇ ਜਾਪ ਸਾਹਿਬ ਦੀਆਂ ਰੂਸੀ ਭਾਸ਼ਾਵਾਂ ਵਿਚ ਅਨੁਵਾਦਿਤ ਪੁਸਤਕਾਂ ਦੇ ਕੁਝ ਪੰਨੇ ਪੜਨ ਲਈ ਭੇਜੇ, ਤਾਂ ਮੈਂ ਇਨ੍ਹਾਂ ਦੇ ਸਿਰਲੇਖ ਹੀ ਪੜ੍ਹ ਸਕਿਆ। ਉਦਾਹਰਣ ਲਈ ਜਾਪ ਸਾਹਿਬ ਦੇ ਟਾਈਟਲ ਪੰਨੇ ਦੀ ਫੋਟੋ, ਇਸ ਲੇਖ ਵਿਚ ਸ਼ਾਮਿਲ ਕਰ ਰਿਹਾ ਹਾਂ। ਜਨਮ ਸਾਖੀਆਂ ਦੀ ਗਿਣਤੀ ਅੱਧੀ ਦਰਜਨ ਦੇ ਕਰੀਬ ਹੈ। ਮੇਰਾ ਅੰਦਾਜ਼ਾ ਹੈ ਕਿ



**ਪ੍ਰੋਫੈਸਰ ਲੁਡਮੀਲਾ ਖੋਖਲੋਵਾ**

ਲੁਡਮੀਲਾ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਰੂਸੀ ਅਨੁਵਾਦ ਕੀਤਾ ਹੈ। ਜਪੁਜੀ ਸਾਹਿਬ ਦੀਆਂ 38 ਪੌੜੀਆਂ ਅਤੇ ਸਲੋਕ ਦਾ ਰੂਸੀ ਅਨੁਵਾਦ ਵਾਰਤਕ ਦੀ ਬਜਾਏ ਕਾਵ ਸਾਹਿਤ ਵਿਚ ਕੀਤਾ ਹੈ। ਜਿਸ ਦਾ ਸਿਹਰਾ ਉਸ ਦੇ ਪਤੀ ਦੇ ਸਿਰ ਬਜਦਾ ਹੈ।

**ਜਾਪ ਸਾਹਿਬ ਦਾ ਰੂਸੀ ਅਨੁਵਾਦ**

ਜਾਪ ਸਾਹਿਬ ਗੁਰੂ ਗੋਬਿੰਦ ਸਿੰਘ ਦੀ ਰਚਨਾ ਹੈ, ਜੋ ਸਿੱਖਾਂ ਦੀ ਨਿਤਨੇਮ ਦੀਆਂ ਬਾਣੀਆਂ ਵਿਚ ਸ਼ਾਮਿਲ ਹੈ। ਇਸ ਰਚਨਾ ਦਾ ਰੂਸੀ ਅਨੁਵਾਦ ਕਾਫੀ ਦਿਲਚਸਪ ਪ੍ਰਤੀਤ ਹੁੰਦਾ ਹੈ। ਸਟੈਨਫੋਰਡ ਯੂਨੀਵਰਸਿਟੀ ਦੀ 'ਅਲੀਨਾ' ਬੀਬੀ ਦੀ ਮਦਦ ਨਾਲ ਮੈਂ ਲੁਡਮੀਲਾ ਦੇ ਰੂਸੀ ਅਨੁਵਾਦ ਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਉਸਦੀ ਸਿੱਖੀ ਸੇਵਾ ਦੀ ਪ੍ਰਸ਼ੰਸਾ ਕਰਨੋ ਨਹੀਂ ਰਹਿ ਸਕਦਾ। ਪ੍ਰੋ. ਲੁਡਮੀਲਾ ਰੂਸ ਵਿਚ ਪੰਜਾਬੀ ਪੜ੍ਹਾ ਰਹੀ ਹੈ। ਅੱਜ ਕੱਲ ਸਿੱਖ ਦੁਨੀਆਂ ਦੇ ਹਰ ਕੋਨੇ ਵਿਚ ਪਹੁੰਚ ਚੁੱਕੇ ਹਨ। ਮਾਸਕੋ ਵਿਚ ਗੁਰਦੁਆਰਾ ਕਾਇਮ ਹੋ ਚੁੱਕਾ ਹੈ। ਮੇਰੀ ਉਮੀਦ ਹੈ ਕਿ ਪ੍ਰੋ. ਲੁਡਮੀਲਾ ਖੋਖਲੋਵਾ ਗੁਰੂ ਗ੍ਰੰਥ ਸਾਹਿਬ ਦਾ ਰੂਸੀ ਅਨੁਵਾਦ ਕਰਕੇ ਸਿੱਖ ਧਰਮ ਦੀ ਮਹਾਨ ਸੇਵਾ ਕਰ ਸਕਦੀ ਹੈ। ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਪ੍ਰੋਫੈਸਰ ਲੁਡਮੀਲਾ ਦਾ ਸਨਮਾਨ ਕਰਨਾ ਬਣਦਾ ਹੈ।

# ਮਿੱਟੀ ਦੇ ਰੰਗਾਂ ਵਾਲਾ - ਮੱਟੀ ਘੁਮਿਆਰ

## ਮੇਰੇ ਆਪਣੇ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਪਿੰਡ ਵਿਚ ਸਾਰੇ ਉਸਨੂੰ ਮੱਟੀ ਘੁਮਿਆਰ ਹੀ ਕਹਿੰਦੇ ਪਰ ਉਸਦਾ ਨਾਮ ਅਸਲੀ ਨਾਮ ਸ. ਸੋਹਣ ਸਿੰਘ ਸੀ। ਪਤਾ ਨਹੀਂ ਇਹ ਨਾਂ ਕਿਵੇਂ ਪਿਆ? ਵਿਰਲੇ ਹੀ ਜਾਣਦੇ ਸਨ ਉਸਦਾ ਅਸਲੀ ਨਾਮ ਅਤੇ ਇਹੀ ਨਾਮ ਹੀ ਉਸਦੀ ਪਛਾਣ ਸੀ। ਉਹ ਹਰ ਦੀਵਾਲੀ, ਲੋਹੜੀ ਅਤੇ ਵਿਸਾਖੀ 'ਤੇ ਕਪੂਰਥਲੇ ਮੇਰੇ ਘਰ ਵਿਚ ਸੁਵੱਖਤੇ ਹੀ ਬੂਹਾ ਖੜਕਾਉਂਦਾ ਅਤੇ ਬੜੀ ਅਪਣੱਤ ਨਾਲ ਬੂਹਾ ਲੰਘ ਆਉਂਦਾ। ਉਸਦਾ ਆਉਣਾ ਪਿੰਡ ਦੀ ਉਸ ਆਬੋ-ਹਵਾ ਦਾ ਬੁੱਲ੍ਹਾ ਹੁੰਦਾ ਜਿਸ ਵਿਚ ਕੋਈ ਉਚੇਚ ਨਹੀਂ, ਸਭ ਕੁਝ ਸਹਿਜ ਤੇ ਸੁਭਾਵਕ। ਉਹ ਬਿਨਾਂ ਕਿਸੇ ਓਪਰੇਪਣ ਦੇ ਆਪਣੇਪਣ ਦਾ ਇਜ਼ਹਾਰ ਕਰਦਾ। ਉਸਦੇ ਭੋਲੇ-ਭਾਲੇ ਅਤੇ ਸਿੱਧੇ-ਸਾਦੇ ਬੋਲਾਂ ਵਿਚ ਮੋਹ ਹੁੰਦਾ। ਉਹ ਆਉਂਦਿਆਂ ਹੀ ਮੋਢੇ 'ਤੇ ਲਮਕਾਈ ਬੋਰੀ ਵਿਚੋਂ ਦੀਵੇ ਕੱਢਦਾ ਅਤੇ ਕਹਿੰਦਾ, 'ਮੈਂ ਕਿਹਾ ਅੱਜ ਦੀਵਾਲੀ ਆ। ਸਾਡੇ ਬਖ਼ਸ਼ੀ ਦੇ ਘਰ ਤਾਂ ਪਿੰਡ ਵਾਲਿਆਂ ਦੇ ਦੀਵੇ ਜ਼ਰੂਰ ਜਗਣੇ ਚਾਹੀਦੇ। ਇਸ ਲਈ ਸਭ ਤੋਂ ਪਹਿਲਾਂ ਮੈਂ ਤੇਰੇ ਘਰ ਆਇਆਂ ਕਿਉਂਕਿ ਤੇਰਾ ਘਰ ਬੱਸ ਅੱਡੇ ਦੇ ਕੋਲ ਤਾਂ ਹੈ। ਪਿੰਡ ਦੇ ਸ਼ਹਿਰ ਵਿਚ ਰਹਿੰਦੇ ਬਾਕੀ ਘਰਾਂ ਵਿਚ ਮੈਂ ਬਾਅਦ ਵਿਚ ਜਾਵਾਂਗਾ।' ਸਾਨੂੰ ਪਤਾ ਹੁੰਦਾ ਸੀ ਕਿ ਉਹ ਪਿੰਡੋਂ ਸੁਵੱਖਤੇ ਬੱਸ ਵਿਚ ਚੜ੍ਹ ਕੇ ਸ਼ਹਿਰ ਆਇਆ ਹੈ। ਇਸ ਲਈ ਪਹਿਲਾਂ ਉਹ ਰੋਟੀ ਖਾਂਦਾ ਅਤੇ ਫਿਰ ਚਾਹ ਪੀਂਦਾ ਅਤੇ ਨਾਲ-ਨਾਲ ਪਿੰਡ ਦੀਆਂ ਸਾਰੀਆਂ ਹੋਈਆਂ ਬੀਤੀਆਂ ਸਾਂਝੀਆਂ ਕਰਦਾ। ਪਹਿਲੇ ਸਮਿਆਂ ਨੂੰ ਯਾਦ ਕਰਦਿਆਂ ਕੁਝ ਉਦਾਸ ਵੀ ਹੋ ਜਾਂਦਾ ਕਿ ਉਹ ਵੀ ਕੇਹੇ ਸਮੇਂ ਸਨ ਕਿ ਹਰ ਘਰ ਹੀ ਆਪਣਾ ਹੁੰਦਾ ਸੀ। ਇਹ ਪਿੰਡ ਵਾਲੀਆਂ ਸਾਂਝਾਂ ਹੀ ਸਨ ਕਿ ਸਮਾਂ ਬਦਲਣ 'ਤੇ ਵੀ ਇਨ੍ਹਾਂ ਦਾ ਰੰਗ ਫਿਕਾ ਨਹੀਂ ਪਿਆ।

ਉਸਦੀਆਂ ਗੱਲਾਂ ਵਿਚਲਾ ਭੋਲਾਪਣ ਅਤੇ ਮਾਸੂਮੀਅਤ ਪਿੰਡ ਦੀ ਸਾਦ-ਮੁਰਾਦੀ ਜ਼ਿੰਦਗੀ ਦਾ ਪਰਤੱਖ ਰੂਪ। ਉਹ ਅਗਲੀ ਵਾਰ ਲੋਹੜੀ 'ਤੇ ਆਉਣ ਦਾ ਵਾਅਦਾ ਕਰਦਾ, ਮੇਰੇ ਗਰਾਂ ਦੇ ਸ਼ਹਿਰ ਵਿਚਲੇ ਹੋਰ ਘਰਾਂ ਨੂੰ ਤੁਰ ਪੈਂਦਾ।

ਸੋਹਣ ਸਿੰਘ ਮੱਧਰੇ ਕੱਧ ਵਾਲਾ, ਪਤਲਾ ਜੇਹਾ, ਇਕ ਅੱਖ ਜ਼ਿਆਦਾ ਮੀਟਦਾ, ਗੋਰਾ ਰੰਗ, ਨਿੱਕੀ-ਨਿੱਕੀ ਖਿਲਰੀ ਹੋਈ ਦਾਹੜੀ, ਢਿਲਕੀ ਜਹੀ ਪੱਗ। ਪਿੰਡ ਦੀ ਹਰ ਔਰਤ ਉਸਦੀ ਚਾਚੀ, ਤਾਈ, ਦਾਦੀ, ਮਾਂ, ਭੈਣ, ਧੀ ਜਾਂ ਭਾਬੀ ਹੁੰਦੀ। ਉਹ ਹਰ ਇਕ ਨੂੰ ਆਪਣੇ ਖਾਸ ਲਹਿਜ਼ੇ ਵਿਚ ਬੁਲਾਉਂਦਾ ਅਤੇ ਅਪਣੱਤ ਜਤਾਉਂਦਾ। ਉਸਦੇ ਮੋਢੇ 'ਤੇ ਹਮੇਸ਼ਾ ਇਕ ਬੋਰੀ ਲਮਕਦੀ ਹੁੰਦੀ। ਉਹ ਘਰਾਂ ਵਾਲਿਆਂ ਵਲੋਂ ਵੇਚਣ ਵਾਲੇ ਕਿਸੇ ਅਨਾਜ ਬਾਰੇ ਪੁੱਛਦਾ। ਫਿਰ ਰੇਟ ਬਾਰੇ ਬਹਿਸ ਕਰਦਿਆਂ ਕਰਦਿਆਂ, ਆਖਰ ਨੂੰ ਅਨਾਜ ਖਰੀਦ ਹੀ ਲੈਂਦਾ। ਉਹ ਅਨਾਜ ਨੂੰ ਬੋਰੀ ਵਿਚ ਭਰ ਕੇ ਤੇ ਸਿਉਂ ਕੇ ਰੱਖ ਦਿੰਦਾ ਅਤੇ ਫਿਰ ਕਿਰਾਏ ਦਾ ਗੱਡਾ ਮਿਲਣ 'ਤੇ ਸ਼ਹਿਰ ਵੇਚਣ ਜਾਂਦਾ। ਮੇਰਾ ਬਾਪ ਕਿਉਂਕਿ ਗੱਡਾ ਵਾਹੁੰਦਾ ਸੀ ਜਦ ਉਸਨੇ ਬੋਰੀਆਂ ਆਦਿ ਲੈ ਕੇ ਸ਼ਹਿਰ ਜਾਣਾ ਹੁੰਦਾ ਤਾਂ ਮੱਟੀ ਨੇ ਆ ਟੱਪਕਣਾ ਅਤੇ ਕਹਿਣਾ ਕਿ ਭਾਊ ਮੇਰੀਆਂ ਵੀ ਦੋ-ਤਿੰਨ ਬੋਰੀਆਂ ਲੈ ਜਾਈਂ ਤਾਂ ਕਿ ਮੈਂ ਵੀ ਵੇਚ-ਵੱਟ ਕੇ ਕੁਝ ਕਮਾਈ ਕਰਾਂ ਅਤੇ ਪਰਿਵਾਰ ਦਾ ਖ਼ਰਚਾ ਤੋਰਾਂ।

ਪਿੰਡਾਂ ਵਿਚ ਗੁਜ਼ਾਰਾ ਕਰਨ ਅਤੇ ਆਪਣੀਆਂ ਪਰਿਵਾਰਕ ਲੋੜਾਂ ਪੂਰੀਆਂ ਕਰਨ ਲਈ ਇਕ ਤੋਂ ਜ਼ਿਆਦਾ ਕੰਮ ਕਰਨੇ ਮਜਬੂਰੀ ਸੀ। ਦਰਅਸਲ ਮੱਟੀ ਕਿੱਤੇ ਵਜੋਂ ਘੁਮਿਆਰ ਸੀ। ਉਸਨੇ ਮਿੱਟੀ ਦੇ ਭਾਂਡਿਆਂ ਲਈ ਖਾਸ ਮਿੱਟੀ ਖੋਤਿਆਂ 'ਤੇ ਲੱਦ ਕੇ ਲਿਆਉਣੀ। ਕਈ ਦਿਨਾਂ ਤੱਕ ਭਿੱਜੀ ਰੱਖਣੀ। ਫਿਰ ਚੱਕ 'ਤੇ ਮਿੱਟੀ ਦੇ ਭਾਂਡੇ ਬਣਾਉਣੇ ਜਿਨ੍ਹਾਂ ਵਿਚ ਮੱਘੇ, ਘੜੇ, ਤੌੜੀ, ਚਾਟੀ, ਚੱਠੂ, ਦੀਵੇ, ਸੁਰਾਹੀਆਂ, ਛੱਕਲੇ, ਭੜੋਲੀਆਂ, ਭੜੋਲੇ, ਖਿਡੌਣੇ ਆਦਿ ਹੁੰਦੇ ਸਨ। ਆਵੇ ਵਿਚ ਪਕਾਉਣੇ ਅਤੇ ਫਿਰ ਪਿੰਡ ਦੇ ਹਰ ਘਰ ਵਿਚ ਲੋੜ ਅਨੁਸਾਰ ਵੇਚਣੇ। ਕਈ ਵਾਰ ਲੋਕ ਖ਼ੁਦ ਵੀ ਇਨ੍ਹਾਂ ਨੂੰ ਖਰੀਦਣ ਆ ਜਾਂਦੇ ਸਨ। ਵਾਢੀਆਂ ਦੇ ਮੌਕੇ 'ਤੇ ਲਾਵਿਆਂ ਲਈ ਪਾਣੀ ਠੰਢਾ ਰੱਖਣ ਅਤੇ ਵਾਢੀ ਕਰਦਿਆਂ ਸਾਰਾ ਦਿਨ ਪਾਣੀ ਪੀਣ ਲਈ ਵੱਡੇ ਘੜੇ ਉਹ ਖੇਤਾਂ ਵਿਚ ਹੀ ਪਹੁੰਚਾਂਦਾ। ਇਸਦੇ ਇਵਜ਼ ਵਿਚ ਕਣਕ ਦੀ ਭਰੀ ਆਦਿ ਲੈ ਲੈਂਦਾ। ਦੀਵਾਲੀ ਮੌਕੇ 'ਤੇ ਤਾਂ ਹਰ ਘਰ ਹੀ ਮਿੱਟੀ ਦੇ ਦੀਵੇ ਜਗਾਉਂਦਾ ਸੀ। ਇਸ ਲਈ ਦੀਵਾਲੀ ਅਤੇ ਵਾਢੀ ਦੇ ਮੌਕਿਆਂ 'ਤੇ ਮਿੱਟੀ ਦੀਆਂ ਬਣਾਈਆਂ ਵਸਤਾਂ ਦੀ ਖਾਸੀ ਵਿਕਰੀ ਹੋ ਜਾਂਦੀ ਜਿਸ ਨਾਲ ਉਸਦੇ ਪਰਿਵਾਰ ਦਾ ਗੁਜ਼ਾਰਾ ਵਧੀਆ ਚੱਲਦਾ ਰਹਿੰਦਾ।

ਦਰਅਸਲ ਸਾਡੇ ਸਮਿਆਂ ਵਿਚ ਘਰ ਦੀਆਂ ਸਾਰੀਆਂ ਲੋੜਾਂ ਹੀ ਪਿੰਡ ਵਿਚ ਵੱਸਦੇ ਵੱਖ-ਵੱਖ ਕਿੱਤਿਆਂ ਦੇ ਲੋਕਾਂ ਵਲੋਂ ਪੂਰੀਆਂ ਕੀਤੀਆਂ ਜਾਂਦੀਆਂ ਸਨ। ਇਨ੍ਹਾਂ ਕਿੱਤਾਮੁਖੀ ਲੋਕਾਂ ਨੂੰ ਜੱਟਾਂ ਦਾ ਭਰਪੂਰ ਸਾਥ ਅਤੇ ਆਰਥਿਕ ਸਹਿਯੋਗ ਮਿਲਦਾ ਸੀ ਕਿਉਂਕਿ ਪਿੰਡਾਂ ਵਿਚਲੀ ਭਾਈਵਾਲਤਾ, ਭਾਈਚਾਰਕ ਸਾਂਝ ਅਤੇ ਆਪਸੀ ਮਿਲਵਰਤਨ ਨਾਲ ਹਰ ਪਰਿਵਾਰ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ।

ਮੱਟੀ ਬਹੁਤ ਬੋਲਦਾ ਸੀ, ਜਿਸ ਕਰਕੇ ਉਹ ਘਰ ਦੀ ਸਵਾਣੀ ਨੂੰ ਆਪਣੀਆਂ ਗੱਲਾਂ ਵਿਚ ਅਜੇਹਾ ਉਲਝਾਉਂਦਾ ਕਿ ਉਹ ਆਪਣੇ ਹਿੱਤਾਂ ਨੂੰ ਪੂਰਾ ਕਰਨ ਦੇ ਸਮਰੱਥ ਹੋ ਜਾਂਦਾ। ਸ਼ਾਮ-ਸਵੇਰੇ ਉਸਨੂੰ ਗਲੀ ਦੇ ਕਿਸੇ ਮੋੜ, ਚੌਂਕ ਜਾਂ ਥੜ੍ਹੇ ਦੇ ਕੋਲ ਮੋਢੇ 'ਤੇ ਬੋਰੀ ਧਰੀ ਦੇਖਿਆ ਜਾ ਸਕਦਾ ਸੀ।

ਮੱਟੀ ਨੂੰ ਇਸ ਗੱਲ ਦਾ ਹੇਰਵਾ ਸੀ ਕਿ ਉਸਦਾ ਵਿਆਹ ਨਹੀਂ ਸੀ ਹੋ ਰਿਹਾ। ਉਸਦੇ ਚਿਹਰੇ ਦੇ ਹਾਵ-ਭਾਵ ਬਹੁਤ ਕੁਝ ਕਹਿੰਦੇ ਸਨ ਪਰ ਚੰਗੀ



ਗੱਲ ਇਹ ਹੋਈ ਕਿ ਥੋੜ੍ਹੀ ਪਕੇਰੀ ਉਮਰ ਵਿਚ ਉਸਦਾ ਵਿਆਹ ਹੋ ਗਿਆ ਅਤੇ ਉਹ ਟੱਬਰਦਾਰ ਹੋ ਕੇ ਆਪਣੀ ਕਬੀਲਦਾਰੀ ਨੂੰ ਨਜਿੱਠਣ ਲਈ ਹੋਰ ਜ਼ਿਆਦਾ ਆਪਣੇ ਕੰਮ ਵਿਚ ਰੁੱਝ ਗਿਆ ਭਾਵੇਂ ਕਿ ਉਹ ਪਹਿਲਾਂ ਕਈ ਵਾਰ ਆਪਣੇ ਕੰਮ ਵਲੋਂ ਲਾਪ੍ਰਵਾਹ ਹੋ ਜਾਂਦਾ।

ਕੁਝ ਸਮੇਂ ਬਾਅਦ ਸੋਹਣ ਸਿੰਘ ਨੇ ਘਰ ਵਿਚ ਮਿੱਟੀ ਦੇ ਭਾਂਡੇ ਬਣਾਉਣੇ ਛੱਡ ਦਿੱਤੇ ਕਿਉਂਕਿ ਸਮਾਂ ਬਦਲਣ ਨਾਲ ਪਿੰਡ ਦੇ ਲੋਕਾਂ ਦੀ ਮਿੱਟੀ ਦੇ ਭਾਂਡਿਆਂ 'ਤੇ ਨਿਰਭਰਤਾ ਘਟ ਗਈ। ਮਿੱਟੀ ਦੇ ਭਾਂਡੇ ਤਾਂ ਜ਼ਿਆਦਾਤਰ ਨਕਾਰ ਹੀ ਦਿੱਤੇ ਸਿਰਫ਼ ਦੀਵਾਲੀ 'ਤੇ ਮਿੱਟੀ ਦੇ ਦੀਵੇ ਵੀ ਧਾਰਮਿਕ ਆਸਥਾ ਕਰਕੇ ਹੀ ਖਰੀਦਦੇ ਵਰਨਾ ਲੋਕਾਂ ਨੇ ਘਰਾਂ ਵਿਚ ਮੋਮਬੱਤੀਆਂ ਵਗੈਰਾ ਜਗਾਉਣੀਆਂ ਸ਼ੁਰੂ ਕਰ ਦਿੱਤੀਆਂ।

ਪਾਣੀ ਠੰਢਾ ਰੱਖਣ ਵਾਲੇ ਮਿੱਟੀ ਦੇ ਘੜਿਆਂ ਦੀ ਥਾਂ ਫਰਿਜਾਂ ਨੇ ਲੈ ਲਈ। ਪਰ ਸਮਾਂ ਹੁਣ ਫੇਰ ਬਦਲ ਰਿਹਾ ਹੈ ਅਤੇ ਹੁਣ ਲੋਕਾਂ ਵਿਚ ਮਿੱਟੀ ਦੇ ਘੜਿਆਂ ਪ੍ਰਤੀ ਮੋਹ ਪੈਦਾ ਹੋਣਾ ਸ਼ੁਰੂ ਹੋ ਗਿਆ। ਉਹ ਗਰਮੀਆਂ ਵਿਚ ਠੰਢਾ ਪਾਣੀ ਪੀਣ ਲਈ ਮਿੱਟੀ ਦੇ ਘੜਿਆਂ ਦੀ ਵਰਤੋਂ ਪ੍ਰਤੀ ਜਾਗਰੂਕ ਹੋ ਗਏ ਹਨ। ਉਨ੍ਹਾਂ ਨੇ ਪਰਖ ਲਿਆ ਹੈ ਕਿ ਕੁਦਰਤ ਤੋਂ ਬਣਾਈ ਦੂਰੀ ਬਹੁਤ ਨੁਕਸਾਨਦੇਹ ਹੁੰਦੀ। ਕੁਦਰਤ ਸੰਗ ਜੁੜ ਕੇ ਇਸ ਦੀਆਂ ਨਿਆਮਤਾਂ ਵਿਚੋਂ ਹੀ ਜੀਵਨ ਨੂੰ ਸ਼ੁਕਰ ਸਾਬਰੀ ਦਿੱਤੀ ਜਾਵੇ ਤਾਂ ਜ਼ਿੰਦਗੀ ਸੁਖਨਮਈ ਹੋ ਸਕਦੀ ਕਿਉਂਕਿ ਮਿੱਟੀ ਦਾ ਪੁਤਲਾ ਜਦੋਂ ਮਿੱਟੀ ਦੇ ਘੜੇ ਵਿਚੋਂ ਸ਼ੀਤਲ ਜਲ ਪੀਂਦਾ ਤਾਂ ਇਹੀ ਜਲ ਉਸ ਲਈ ਦੁਆਵਾਂ ਮੰਗਦਾ। ਕੁਦਰਤੀ ਤਰੀਕੇ ਨਾਲ ਸਾਫ਼ ਹੋਇਆ ਅਤੇ ਮੁਸਾਮਾਂ ਰਾਹੀਂ ਵਾਸ਼ਪ ਹੋ ਕੇ ਘੜੀ ਵਿਚ ਪੈਦਾ ਹੋਈ ਠੰਢਕ ਨਾਲ ਠੰਢਾ ਪਾਣੀ ਜਿਥੇ ਗਰਮੀ ਤੋਂ ਰਾਹਤ ਦਿਵਾਉਂਦਾ ਅਤੇ ਉਥੇ ਬੰਦੇ ਦੇ ਅੰਤਰੀਵ ਨੂੰ ਵੀ ਤ੍ਰਿਪਤ ਕਰਦਾ।

ਮੱਟੀ ਘੁਮਿਆਰ ਦਾ ਮਿੱਟੀ ਦੇ ਭਾਂਡੇ ਬਣਾਉਣਾ ਅਤੇ ਇਸ ਰਾਹੀਂ ਆਪਣੀ ਕਲਾ ਬਿਰਤੀ ਨੂੰ ਉਜਾਗਰ ਕਰਨ ਦਾ ਸਬੱਬ ਕਾਰਪੋਰੇਟ ਸੈਕਟਰ ਨੇ ਖਾ ਲਿਆ। ਪਿੰਡਾਂ ਵਿਚ ਰਹਿੰਦੇ ਵੱਖ-ਵੱਖ ਕਿੱਤਿਆਂ ਨਾਲ ਜੁੜੇ ਲੋਕ ਦਰਅਸਲ ਆਪੋ-ਆਪਣੇ ਕਸਬ ਵਿਚ ਬਹੁਤ ਵੱਡੇ ਕਲਾਕਾਰ ਸਨ। ਉਨ੍ਹਾਂ ਦੀਆਂ ਕਲਾ-ਕਿਰਤੀਆਂ ਵਿਚ ਸੁਹਜ, ਸੰਵੇਦਨਾ ਅਤੇ ਕੁਦਰਤੀ ਸਮਰੂਪਤਾ ਰਾਹੀਂ ਮਨ ਦੀ ਪਾਕੀਜ਼ਗੀ ਅਤੇ ਸੋਚ ਦਾ ਉਜਿਆਰਾ ਨਜ਼ਰ ਆਉਂਦਾ ਸੀ। ਉਹ ਆਪਣੇ ਕਿੱਤਿਆਂ ਵਿਚ ਸੰਤੁਸ਼ਟ ਸਨ ਪਰ ਜਦ ਉਨ੍ਹਾਂ ਦੀਆਂ ਵਸਤਾਂ ਦਾ ਕੋਈ ਗਾਹਕ ਹੀ ਨਾ ਰਹੇ ਅਤੇ ਬਜ਼ਾਰੂ ਪ੍ਰਵਿਰਤੀ ਅਜੇਹੀਆਂ ਕਲਾਵਾਂ ਨੂੰ ਹਜ਼ਮ ਕਰ ਜਾਣ ਤਾਂ ਇਨ੍ਹਾਂ ਲੋਕਾਂ ਦਾ ਆਪਣੀ ਉਪਜੀਵਕਾ ਲਈ ਹੋਰ ਸਾਧਨ ਲੱਭਣਾ ਮਜਬੂਰੀ ਹੁੰਦੀ ਅਤੇ ਇਸੇ ਮਜਬੂਰੀ ਨੇ ਮੱਟੀ ਵਰਗਿਆਂ ਨੂੰ ਆਪਣਾ ਪਿਤਾ-ਪੁਰਖੀ ਕਿੱਤਾ ਤਿਆਗਣ ਲਈ ਮਜਬੂਰ ਕੀਤਾ।

ਵੀਹ ਕੁ ਸਾਲ ਪਹਿਲਾਂ ਪੈਰਾਂ ਵਿਚ ਬਾਹਰ ਦੇ ਚੱਕਰ ਕਾਰਨ ਮੈਂ ਵਿਦੇਸ਼ ਵਿਚ ਰਹਿੰਦਾ ਹਾਂ ਅਤੇ ਕਦੇ-ਕਦਾਈਂ ਹੀ ਘਰ ਗੇੜਾ ਮਾਰਦਾਂ। ਪਰ ਮੈਨੂੰ ਪਤਾ ਹੈ ਕਿ ਉਹ ਹਰ ਦੀਵਾਲੀ 'ਤੇ ਸ਼ਹਿਰ ਦੇ ਬਾਹਰਵਾਰ ਰਹਿੰਦੇ ਘੁਮਿਆਰਾਂ ਕੋਲੋਂ ਦੀਵੇ ਖਰੀਦ ਕੇ ਮੇਰੇ ਘਰ ਅਤੇ ਪਿੰਡ ਦੇ ਹੋਰ ਘਰਾਂ ਦਾ ਗੇੜਾ ਆਖਰੀ ਦਮ ਤੱਕ ਜ਼ਰੂਰ ਲਾਉਂਦਾ ਰਿਹਾ ਹੋਵੇਗਾ। ਉਹ ਜਾਣਦਾ ਸੀ ਕਿ ਉਸ ਵੱਲੋਂ ਲਿਆਂਦੇ ਦੀਵਿਆਂ ਦੇ ਚਾਨਣ ਵਿਚ ਮੇਰੇ ਆਪਣਿਆਂ ਦਾ ਘਰ ਜਗਮਗਾਏਗਾ ਅਤੇ ਇਸ ਚਾਨਣ ਵਿਚ ਘਰ ਦੇ ਬਾਸ਼ਿੰਦਿਆਂ ਦੀਆਂ ਮੰਜ਼ਲਾਂ ਦੇ ਰਾਹ ਰੌਸ਼ਨ ਹੋਣਗੇ।

ਸੱਚੀਂ! ਮੱਟੀ ਘੁਮਿਆਰ ਵਰਗੇ ਦਰਵੇਸ਼ ਲੋਕ ਸੀਮਤ ਸਾਧਨਾਂ ਵਿਚੋਂ ਮੁੱਖ 'ਤੇ ਸੰਤੁਸ਼ਟੀ ਅਤੇ ਖੇੜਾ ਸਜਾਈ ਰੱਖਣ ਵਾਲੇ ਹੁਣ ਕਿਥੇ ਮਿਲਦੇ? ਅਸੀਂ ਜੀਵਨ ਦੀ ਉਸ ਭੱਜ-ਦੌੜ ਦਾ ਹਿੱਸਾ ਬਣ ਚੁੱਕੇ ਹਾਂ ਜਿਥੇ ਅਸੀਂ ਖ਼ੁਦ ਨੂੰ ਭੁੱਲ ਕੇ ਭਾਈਚਾਰਕ ਸਾਂਝਾਂ ਨੂੰ ਵੀ ਭੁੱਲ ਗਏ ਹਾਂ। ਪੇਂਡੂ ਸਮਾਜ ਦੀਆਂ ਮਾਹੀਨ ਪਰ ਮਜ਼ਬੂਤ ਤੰਦਾਂ ਦੇ ਸਿਰਜਣਹਾਰੇ ਇਹ ਲੋਕ ਭਾਵੇਂ ਹੁਣ ਬੀਤੇ ਦੀ ਕਹਾਣੀ ਹਨ ਪਰ ਇਨ੍ਹਾਂ ਦੀਆਂ ਕੀਰਤੀਆਂ ਵਿਚੋਂ ਹੀ ਅਸੀਂ ਬੀਤੇ ਦੇ ਇਤਿਹਾਸ ਅਤੇ ਪੁਰਾਤਨ ਵਿਰਸੇ ਦੀਆਂ ਪਰਤਾਂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ।

ਮੱਟੀ ਘੁਮਿਆਰ ਦਾ ਪਰਿਵਾਰ ਆਪਣੇ ਰੰਗ ਵਿਚ ਦੁਨੀਆਂਦਾਰੀ ਨੂੰ ਬਾਖ਼ੂਬੀ ਨਿਭਾ ਰਿਹਾ ਹੋਵੇਗਾ ਪਰ ਮੱਟੀ ਘੁਮਿਆਰ ਦੀ ਦੁਨੀਆਂ ਤਾਂ ਪਿੰਡ ਵਿਚ ਵੱਸਦੇ ਸਭ ਪਰਿਵਾਰ ਸਨ ਜਿਨ੍ਹਾਂ ਦਾ ਹਿੱਸਾ ਬਣ ਕੇ ਉਸਨੇ ਆਪਣੇ ਜੀਵਨ ਨੂੰ ਆਪਣੇ ਰੰਗ-ਢੰਗ ਨਾਲ ਮਾਣਿਆ।

ਸੋਹਣ ਸਿੰਘ ਉਰਫ਼ ਮੱਟੀ ਜੀ ਤੁਸੀਂ ਅੱਜ ਬਹੁਤ ਯਾਦ ਆਏ ਜਦ ਮੈਂ ਆਪਣੇ ਬਾਪ ਦੀ ਬੋਰੀ ਨੂੰ ਗੱਡੇ ਉਪਰ ਟਿਕਾਉਣ ਵਿਚ ਮਦਦ ਕਰਦਿਆਂ ਯਾਦ ਕਰ ਰਿਹਾ ਸਾਂ, ਅਨਾਜ ਦੀਆਂ ਭਰੀਆਂ ਬੋਰੀਆਂ ਜਿਹੜੀਆਂ ਮੇਰਾ ਬਾਪ ਪਿੱਠ 'ਤੇ ਧਰ ਕੇ ਘਰੋਂ ਲਿਆਉਂਦਾ ਸੀ। ਅਜੇਹੇ ਸਮੇਂ ਵਿਚ ਸਿਰਫ਼ ਉਹੀ ਲੋਕ ਚੇਤੇ ਆਉਂਦੇ ਜੋ ਤੁਹਾਡੇ ਆਪਣੇ ਹੁੰਦੇ।

# ਕੀ ਨਸ਼ਾ ਹੀ ਪੰਜਾਬ ਦੀ ਇੱਕੋ ਇੱਕ ਸਮੱਸਿਆ ਹੈ?

ਅੱਜ-ਕੱਲ੍ਹ ਨਸ਼ੇ ਦੇ ਮੁੱਦੇ 'ਤੇ ਪੂਰੇ ਪੰਜਾਬ ਵਿਚ ਤਰਥੱਲੀ ਮਚੀ ਹੋਈ ਹੈ। ਸਿਆਸੀ ਗਲਿਆਰਿਆਂ ਤੋਂ ਲੈ ਕੇ ਆਮ ਚਰਚਾਵਾਂ ਤੱਕ, ਕੁਝ ਇਸ ਕਿਸਮ ਦਾ ਮਾਹੌਲ ਉਸਾਰਿਆ ਜਾ ਰਿਹਾ ਹੈ, ਜਿਵੇਂ ਪੂਰਾ ਪੰਜਾਬ ਹੀ ਨਸ਼ੇ ਵਿਚ ਡੁੱਬਿਆ ਹੋਵੇ ਅਤੇ ਇਸ ਦਾ ਕੋਈ ਹੋਰ ਵਜੂਦ ਬਾਕੀ ਨਾ ਰਿਹਾ ਹੋਵੇ। ਜਿਸ ਢੰਗ ਨਾਲ ਕੇਂਦਰੀ ਹਕੂਮਤ ਵਿਚ ਬੈਠੀ ਭਾਰਤੀ ਜਨਤਾ ਪਾਰਟੀ (ਭਾਜਪਾ) ਨਸ਼ਿਆਂ ਦੇ ਵਿਰੋਧ ਵਿਚ ਸੜਕਾਂ 'ਤੇ ਉੱਤਰ ਰਹੀ ਹੈ, ਉਸ ਨੂੰ ਕੁਝ ਪਾਸਿਆਂ ਤੋਂ ਹਮਾਇਤ ਤਾਂ ਮਿਲ ਰਹੀ ਹੈ, ਪਰ ਬਹੁਤ ਸਾਰੀਆਂ ਥਾਵਾਂ 'ਤੇ ਉਸ ਦਾ ਤਿੱਖਾ ਵਿਰੋਧ ਵੀ ਦੇਖਣ ਨੂੰ ਮਿਲ ਰਿਹਾ ਹੈ। ਅਜਿਹਾ ਪ੍ਰਭਾਵ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪੰਜਾਬ ਦੀ ਸਭ ਤੋਂ




**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**


ਵੱਡੀ, ਅਤੇ ਸ਼ਾਇਦ ਇੱਕੋ-ਇੱਕ ਸਮੱਸਿਆ, ਨਸ਼ਾ ਹੀ ਹੈ। ਪਰ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਕੀ ਪੰਜਾਬ ਦੀਆਂ ਬਾਕੀ ਬੁਨਿਆਦੀ ਸਮੱਸਿਆਵਾਂ, ਕੇਂਦਰ ਵੱਲੋਂ ਕੀਤੇ ਜਾ ਰਹੇ ਧੱਕੇ ਅਤੇ ਸੂਬੇ ਦੇ ਇਤਿਹਾਸਕ ਮੁੱਦੇ ਹੁਣ ਕੋਈ ਮਾਇਨੇ ਨਹੀਂ ਰੱਖਦੇ?

ਇਹ ਗੱਲ ਕਿਸੇ ਤੋਂ ਛੁਪੀ ਨਹੀਂ ਹੈ ਕਿ ਪੰਜਾਬ ਵਿਚ ਸਿੰਥੈਟਿਕ ਨਸ਼ਿਆਂ ਦੀ ਆਮਦ ਦਾ ਇਲਜ਼ਾਮ ਅਕਾਲੀ-ਭਾਜਪਾ ਗਠਜੋੜ ਸਰਕਾਰ ਦੇ ਰਾਜਕਾਲ 'ਤੇ ਲੱਗਦਾ ਰਿਹਾ ਹੈ, ਜਿਸ ਵੇਲੇ ਜਵਾਨੀ ਨੂੰ ਤਬਾਹ ਕਰਨ ਵਾਲੇ 'ਚਿੱਟੇ' ਦਾ ਬੋਲਬਾਲਾ ਸ਼ੁਰੂ ਹੋਇਆ ਸੀ। ਉਸ ਤੋਂ ਬਾਅਦ ਕਾਂਗਰਸ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੇਲੇ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਨਸ਼ੇ ਨੂੰ ਚਾਰ ਹਫ਼ਤਿਆਂ ਵਿਚ ਖ਼ਤਮ ਕਰਨ ਦੇ ਦਾਅਵੇ ਕੀਤੇ ਗਏ, ਪਰ ਨਤੀਜਾ ਜ਼ੀਰੋ ਰਿਹਾ। ਹੁਣ 'ਆਮ ਆਦਮੀ ਪਾਰਟੀ' ਦੀ ਸਰਕਾਰ ਨੇ ਵੀ ਆਪਣੇ ਲਗਭਗ ਸਾਢੇ ਚਾਰ ਸਾਲ 'ਨਸ਼ਾ ਮੁਕਤ ਪੰਜਾਬ' ਦਾ ਨਾਅਰਾ ਦਿੰਦਿਆਂ ਇਸੇ ਮੁੱਦੇ 'ਤੇ ਲਗਾ ਦਿੱਤੇ ਹਨ।

ਪਰ ਅੱਜ ਇਸ ਮੁੱਦੇ 'ਤੇ ਸਿਆਸਤ ਜਿਸ ਨਿਘਾਰ ਵੱਲ ਜਾ ਰਹੀ ਹੈ, ਉਹ ਬਹੁਤ ਚਿੰਤਾਜਨਕ ਹੈ। ਪਿਛਲੇ ਦਿਨੀਂ ਰਵਨੀਤ ਬਿੱਟੂ ਦੇ ਮਾਮਲੇ 'ਚ ਜੋ ਘਟਨਾਕ੍ਰਮ ਵਾਪਰਿਆ, ਜਿੱਥੇ ਸੜਕਾਂ 'ਤੇ ਟਮਾਟਰ, ਆਂਡੇ ਅਤੇ ਸ਼ਰਾਬ ਲਿਆ ਕੇ ਪ੍ਰਦਰਸ਼ਨ ਕਰਨ ਅਤੇ ਮੁੱਖ ਮੰਤਰੀ ਦੇ ਕਾਫ਼ਲੇ ਦਾ ਘੇਰਾਓ ਕਰਨ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ, ਉਸ ਨਾਲ ਸਿਆਸੀ ਮਾਹੌਲ ਹੋਰ ਵੀ ਖ਼ਰਾਬ ਹੋਇਆ ਹੈ।

ਦੂਜੇ ਪਾਸੇ ਕਥਿਤ ਤੌਰ 'ਤੇ 'ਆਮ ਆਦਮੀ ਪਾਰਟੀ' ਦੇ ਵਰਕਰਾਂ ਵੱਲੋਂ ਵੀ ਤਿੱਖਾ ਵਿਰੋਧ ਕੀਤਾ ਗਿਆ। ਅਸਲ ਵਿਚ ਇਸ ਵਿਰੋਧ ਦਾ ਇੱਕ ਵੱਡਾ ਕਾਰਨ ਰਾਘਵ ਚੱਢਾ ਅਤੇ ਹੋਰ ਬਾਹਰੋਂ ਲਿਆ ਕੇ ਨਿਯੁਕਤ ਕੀਤੇ ਗਏ ਰਾਜ ਸਭਾ ਮੈਂਬਰਾਂ ਪ੍ਰਤੀ ਲੋਕਾਂ ਅਤੇ ਰਾਜਨੀਤਿਕ ਧਿਰਾਂ ਵਿਚ ਪਾਇਆ ਜਾ ਰਿਹਾ ਅੰਦਰੂਨੀ ਗੁੱਸਾ ਹੈ, ਜਿਸ ਨੂੰ ਪੰਜਾਬ ਦੇ ਹੱਕਾਂ ਨਾਲ ਗੱਦਾਰੀ ਵਜੋਂ ਦੇਖਿਆ ਜਾ ਰਿਹਾ ਹੈ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਇਸ ਸਾਰੇ ਮਾਮਲੇ ਨੂੰ ਪੰਜਾਬ ਵਿਚ ਇੱਕ 'ਖਾਨਾਜੰਗੀ' ਦਾ ਰੂਪ ਦਿੱਤਾ ਜਾ ਰਿਹਾ ਹੈ। ਵੱਡੀ ਪੱਧਰ 'ਤੇ ਇੱਕ-ਦੂਜੇ ਖਿਲਾਫ਼ ਨਾਅਰੇਬਾਜ਼ੀ, ਐੱਫ.ਆਈ.ਆਰ. ਦਰਜ ਕਰਵਾਉਣ ਦੀ ਰਾਜਨੀਤੀ ਅਤੇ ਪੁਲਿਸ ਪ੍ਰਸ਼ਾਸਨ ਦੀ ਦੁਰਵਰਤੋਂ ਕਰਕੇ ਪੰਜਾਬ ਨੂੰ ਜੰਗ ਦਾ ਮੈਦਾਨ ਬਣਾਇਆ ਜਾ ਰਿਹਾ ਹੈ। ਕੀ ਇਹ ਸਹੀ ਹੈ?

ਕੁਝ ਸਿਆਸੀ ਧਿਰਾਂ ਅਤੇ ਕੇਂਦਰੀ ਮੀਡੀਆ ਵੱਲੋਂ ਅਜਿਹਾ ਚਿੱਤਰਣ ਕੀਤਾ ਜਾਂਦਾ ਹੈ ਜਿਵੇਂ ਪੰਜਾਬ ਹੀ ਦੇਸ਼ ਦਾ ਇੱਕੋ-ਇੱਕ ਅਜਿਹਾ ਸੂਬਾ ਹੈ ਜੋ ਨਸ਼ੇ ਵਿਚ ਡੁੱਬਿਆ ਹੋਇਆ ਹੈ। ਪਰ ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਅਤੇ ਏਮਸ ਦੀ ਰਾਸ਼ਟਰੀ ਸਰਵੇਖਣ ਰਿਪੋਰਟ ਦੇ ਅੰਕੜੇ ਇੱਕ ਵੱਖਰੀ ਹੀ ਹਕੀਕਤ ਬਿਆਨ ਕਰਦੇ ਹਨ। ਰਾਸ਼ਟਰੀ ਅੰਕੜਿਆਂ ਮੁਤਾਬਕ ਪੂਰੇ ਭਾਰਤ ਵਿਚ 16 ਕਰੋੜ ਤੋਂ ਵੱਧ ਲੋਕ ਸ਼ਰਾਬ, 3.1 ਕਰੋੜ ਲੋਕ ਭੰਗ/ਗਾਂਜਾ ਅਤੇ 2.26 ਕਰੋੜ ਤੋਂ ਵੱਧ ਲੋਕ ਓਪੀਓਇਡਜ਼ (ਜਿਵੇਂ ਹੈਰੋਇਨ, ਚਿੱਟਾ ਆਦਿ) ਦੀ ਵਰਤੋਂ ਕਰਦੇ ਹਨ। ਓਪੀਓਇਡਜ਼ ਅਤੇ ਨਸ਼ੀਲੀਆਂ ਦਵਾਈਆਂ ਦੀ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਦੇਸ਼ ਵਿਚ ਸਭ ਤੋਂ ਵੱਧ ਪ੍ਰਭਾਵਿਤ ਰਾਜ ਮਿਜ਼ੋਰਮ, ਨਾਗਾਲੈਂਡ, ਅਰੁਣਾਚਲ ਪ੍ਰਦੇਸ਼, ਸਿੱਕਮ ਅਤੇ ਮਣੀਪੁਰ ਵਰਗੇ ਉੱਤਰ-ਪੂਰਬੀ ਰਾਜ ਹਨ। ਸ਼ਰਾਬ ਦੀ ਵਰਤੋਂ ਵਿਚ ਛੱਤੀਸਗੜ੍ਹ (35%) ਅਤੇ ਤ੍ਰਿਪੁਰਾ (34%) ਵਰਗੇ ਸੂਬੇ ਪੰਜਾਬ ਨਾਲੋਂ ਕਿਤੇ ਅੱਗੇ ਹਨ, ਜਦਕਿ ਗੁਆਂਢੀ ਰਾਜ ਹਰਿਆਣਾ ਵਿਚ ਵੀ ਨਸ਼ੇੜੀਆਂ ਦੀ ਦਰ ਪੰਜਾਬ ਦੇ ਬਰਾਬਰ ਹੀ ਹੈ। ਫਿਰ ਇਕੱਲੇ ਪੰਜਾਬ ਨੂੰ ਹੀ ਨਿਸ਼ਾਨੇ 'ਤੇ ਕਿਉਂ ਰੱਖਿਆ ਜਾ ਰਿਹਾ ਹੈ?

ਜੇਕਰ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੇ ਅੰਕੜਿਆਂ ਦੀ ਗੱਲ ਕਰੀਏ, ਤਾਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਸਰਕਾਰੀ ਅੰਕੜਿਆਂ ਮੁਤਾਬਕ ਭਾਰਤ ਵਿਚ ਹਰ ਸਾਲ ਨਸ਼ਿਆਂ ਦੀ ਓਵਰਡੋਜ਼ ਨਾਲ 2,000 ਤੋਂ 2,500 ਦੇ ਕਰੀਬ ਮੌਤਾਂ ਦਰਜ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵਿਚੋਂ ਪੰਜਾਬ ਵਿਚ ਸਰਕਾਰੀ ਰਿਕਾਰਡ ਅਨੁਸਾਰ ਸਾਲਾਨਾ 80 ਤੋਂ 100 ਦੇ ਕਰੀਬ ਮੌਤਾਂ ਦਰਜ ਹੁੰਦੀਆਂ ਹਨ, ਜਦਕਿ ਰਾਜਸਥਾਨ, ਕਰਨਾਟਕ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਰਗੇ ਵੱਡੇ ਸੂਬਿਆਂ ਵਿਚ ਵੀ ਇਹ ਅੰਕੜੇ ਪੰਜਾਬ ਦੇ ਆਸ-ਪਾਸ ਜਾਂ ਇਸ ਤੋਂ ਵੱਧ ਰਹਿੰਦੇ ਹਨ।

ਪਰ ਇਹ ਅੰਕੜੇ ਅੱਧੇ-ਅਧੂਰੇ ਅਤੇ ਹਕੀਕਤ ਤੋਂ ਕੋਹਾਂ ਦੂਰ ਹਨ। ਜਿਵੇਂ ਕਿਸਾਨੀ ਖ਼ੁਦਕੁਸ਼ੀਆਂ ਦੇ ਮਾਮਲੇ ਵਿਚ ਸਰਕਾਰਾਂ ਆਪਣੀ ਇੱਜ਼ਤ ਬਚਾਉਣ ਲਈ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਨੂੰ ਸਰਕਾਰੀ ਲਿਸਟਾਂ ਵਿਚ ਸ਼ਾਮਲ ਨਹੀਂ ਕਰਦੀਆਂ, ਉਹੀ ਖੇਡ ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਦੇ ਮਾਮਲੇ ਵਿਚ ਵੀ ਖੇਡੀ ਜਾਂਦੀ ਹੈ।

ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਨਾਲ ਮਰਨ ਵਾਲੇ ਬਹੁਤੇ ਨੌਜਵਾਨਾਂ ਦੀ ਮੌਤ ਨੂੰ ਪੁਲਿਸ ਅਤੇ ਪ੍ਰਸ਼ਾਸਨਿਕ ਰਿਕਾਰਡ ਵਿਚ 'ਹਾਰਟ ਅਟੈਕ', 'ਬੀਮਾਰੀ' ਜਾਂ 'ਕੁਦਰਤੀ ਮੌਤ' ਦਿਖਾ ਦਿੱਤਾ ਜਾਂਦਾ ਹੈ, ਤਾਂ ਜੋ ਸਰਕਾਰ ਦੀ ਨਾਕਾਮੀ 'ਤੇ ਪਰਦਾ ਪਾਇਆ ਜਾ ਸਕੇ ਅਤੇ ਪਰਿਵਾਰ ਵੀ ਸਮਾਜਿਕ ਬਦਨਾਮੀ ਦੇ ਡਰੋਂ ਪੋਸਟਮਾਰਟਮ ਕਰਵਾਉਣ ਤੋਂ ਕਤਰਾਉਂਦੇ ਹਨ। ਇਸ ਲਈ ਅਸਲ ਵਿਚ ਨਸ਼ਿਆਂ ਦੀ ਬਲੀ ਚੜ੍ਹਨ ਵਾਲੇ ਨੌਜਵਾਨਾਂ ਦੀ ਗਿਣਤੀ ਸਰਕਾਰੀ ਕਾਗਜ਼ਾਂ ਨਾਲੋਂ ਕਿਤੇ ਵੱਧ ਹੈ। ਇਹ ਚਿੱਟੇ ਦਿਨ ਵਾਂਗਰ ਸੱਚ ਹੈ।

ਇਸ ਦੇ ਬਾਵਜੂਦ, ਸਿਰਫ਼ ਪੰਜਾਬ ਨੂੰ ਹੀ 'ਨਸ਼ੇੜੀ' ਅਤੇ ਨਸ਼ਿਆਂ ਦੇ ਕੇਂਦਰ ਵਜੋਂ ਪੇਸ਼ ਕਰਨਾ ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬ ਨੂੰ ਇੱਕ ਖ਼ਾਸ ਸਿਆਸੀ ਏਜੰਡੇ ਤਹਿਤ ਬਦਨਾਮ ਕੀਤਾ ਜਾ ਰਿਹਾ ਹੈ। ਸਾਰਿਆਂ ਨੂੰ ਪਤਾ ਹੈ ਕਿ ਨਸ਼ਾ ਗੁਜਰਾਤ ਦੀਆਂ ਅਡਾਨੀ ਬੰਦਰਗਾਹਾਂ ਅਤੇ ਅੰਤਰਰਾਸ਼ਟਰੀ ਸਰਹੱਦਾਂ (ਜਿੱਥੇ ਬੀਐੱਸਐੱਫ ਤਾਇਨਾਤ ਹੈ) ਤੋਂ ਤਸਕਰ ਹੋ ਕੇ ਪੰਜਾਬ ਵਿਚ ਪਹੁੰਚਦਾ ਹੈ, ਪਰ ਬਦਨਾਮੀ ਦਾ ਸਾਰਾ ਦਾਗ਼ ਕੇਵਲ ਪੰਜਾਬੀ ਜਵਾਨੀ ਦੇ ਸਿਰ ਮੜ੍ਹ ਦਿੱਤਾ ਜਾਂਦਾ ਹੈ।

ਦਰਅਸਲ, ਇਹ ਪੂਰੇ ਦੇਸ਼ ਵਿਚ ਦੇਖਣ ਨੂੰ ਮਿਲ ਰਿਹਾ ਹੈ ਕਿ ਭਾਜਪਾ ਕੇਂਦਰੀ ਤਾਕਤਾਂ, ਏਜੰਸੀਆਂ ਅਤੇ ਰਾਜਪਾਲਾਂ ਦੀ ਵਰਤੋਂ ਕਰਕੇ ਗੈਰ-ਭਾਜਪਾ ਸ਼ਾਸਿਤ ਰਾਜਾਂ ਵਿਚ ਅਜਿਹੀ ਹਲਚਲ ਅਤੇ ਦਖ਼ਲਅੰਦਾਜ਼ੀ ਪੈਦਾ ਕਰਦੀ ਹੈ ਤਾਂ ਜੋ ਕਿਸੇ ਨਾ ਕਿਸੇ ਹੀਲੇ ਆਪਣਾ ਰਾਜ ਸਥਾਪਿਤ ਕੀਤਾ ਜਾ ਸਕੇ। ਪਿਛਲੇ ਦਿਨੀਂ ਇਹੋ ਕੁਝ ਪੱਛਮੀ ਬੰਗਾਲ ਵਿਚ ਵਾਪਰਿਆ। ਹੁਣ ਭਾਜਪਾ ਨੇ ਪੂਰੇ ਜ਼ੋਰ-ਸ਼ੋਰ ਨਾਲ ਪੰਜਾਬ ਨੂੰ ਹਥਿਆਉਣ ਦਾ ਫ਼ੈਸਲਾ ਕਰ ਲਿਆ ਹੈ। ਉਹ ਪੰਜਾਬ ਦੀ ਸਭ ਤੋਂ ਦੁਖਦੀ ਰਗ-ਨਸ਼ੇ-ਉੱਤੇ ਟਾਰਗੇਟ ਕਰਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਲਾਉਣਾ ਚਾਹੁੰਦੇ ਹਨ। ਪਰ ਉਹ ਇਹ ਭੁੱਲ ਗਏ ਹਨ ਕਿ ਪੰਜਾਬੀ ਇੰਨੇ ਭੋਲੇ ਨਹੀਂ ਹਨ। ਪੰਜਾਬ ਦੇ ਲੋਕ ਇਹ ਕਦੇ ਨਹੀਂ ਭੁੱਲ ਸਕਦੇ ਕਿ ਤਿੰਨ ਖੇਤੀ ਕਾਨੂੰਨਾਂ ਵੇਲੇ ਦਿੱਲੀ ਦੀਆਂ ਸਰਹੱਦਾਂ 'ਤੇ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨਾਲ ਕੇਹਾ ਜ਼ਾਲਮਾਨਾ ਵਿਵਹਾਰ ਕੀਤਾ ਸੀ, ਜਿੱਥੇ 700 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਸਨ। ਭਾਜਪਾ ਇਸ ਗੱਲ ਨੂੰ ਵੀ ਅੱਖੋਂ-ਓਹਲੇ ਕਰ ਰਹੀ ਹੈ ਕਿ ਉਹ ਅੱਜ ਵੀ ਪੰਜਾਬ ਨੂੰ ਉਸ ਦੀ ਰਾਜਧਾਨੀ ਚੰਡੀਗੜ੍ਹ ਦੇਣ ਤੋਂ ਸਾਫ਼ ਮੁਕਰ ਰਹੀ ਹੈ। ਪੰਜਾਬ ਦੇ ਪਾਣੀਆਂ ਦੀ ਜਿਹੜੀ ਰਿਪੇਰੀਅਨ ਕਾਨੂੰਨ ਮੁਤਾਬਕ ਸਹੀ ਵੰਡ ਕੀਤੇ ਜਾਣ ਦੀ ਲੋੜ ਹੈ, ਉਸ ਦੀ ਗੱਲ ਕਰਨ ਦੀ ਬਜਾਏ ਕੇਂਦਰ ਹਮੇਸ਼ਾ ਪੰਜਾਬ ਦੇ ਪਾਣੀ ਖੋਹਣ ਦੇ ਹੱਕ ਵਿਚ ਭੁਗਤਦਾ ਹੈ। ਇਸ ਤੋਂ ਇਲਾਵਾ, ਪੰਜਾਬ ਦੇ ਹੋਰ ਲਟਕਦੇ ਮੁੱਦੇ ਹੋਣ ਜਾਂ ਸੂਬਿਆਂ ਨੂੰ ਖ਼ੁਦਮੁਖ਼ਤਿਆਰੀ ਅਤੇ ਵੱਧ ਅਧਿਕਾਰ ਦੇਣ ਦੇ ਮਸਲੇ ਹੋਣ-ਭਾਜਪਾ ਹਮੇਸ਼ਾ ਇਨ੍ਹਾਂ ਦਾ ਵਿਰੋਧ ਕਰਦੀ ਆਈ ਹੈ। ਪੰਜਾਬੀ ਕੇਂਦਰ ਦੀ ਇਸ ਸੂਬਾ-ਵਿਰੋਧੀ ਨੀਤੀ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਦੇ।

ਨਸ਼ਿਆਂ ਦੇ ਮੁੱਦੇ ਤੋਂ ਇਲਾਵਾ, ਪੰਜਾਬ ਦੀ ਰਾਜਨੀਤੀ ਵਿਚ 'ਆਇਆ ਰਾਮ, ਗਿਆ ਰਾਮ' ਦਾ ਰੁਝਾਨ ਵੱਡੀ ਪੱਧਰ 'ਤੇ ਹਾਵੀ ਹੋ ਚੁੱਕਾ ਹੈ। ਪਹਿਲਾਂ ਇਹ ਰਾਜਨੀਤੀ 'ਆਮ ਆਦਮੀ' ਅਤੇ ਹੋਰਨਾਂ ਧਿਰਾਂ ਵੱਲੋਂ ਚਲਾਈ ਗਈ ਸੀ, ਪਰ ਹੁਣ ਭਾਜਪਾ ਵੀ ਇਸ ਖੇਡ ਵਿਚ ਪੂਰੀ ਤਰ੍ਹਾਂ ਕੁੱਦ ਪਈ ਹੈ। ਦੂਜੀਆਂ ਪਾਰਟੀਆਂ ਦੇ ਭ੍ਰਿਸ਼ਟ ਜਾਂ ਅਸੰਤੁਸ਼ਟ ਆਗੂਆਂ ਨੂੰ ਤੋੜ ਕੇ ਆਪਣੇ ਨਾਲ ਰਲਾਉਣ ਅਤੇ ਵੋਟ ਬੈਂਕ ਹਥਿਆਉਣ ਦੀ ਇਸ ਨੰਗੀ-ਚਿੱਟੀ ਕੋਸ਼ਿਸ਼ ਨੇ ਅਸੂਲਾਂ, ਇਖ਼ਲਾਕ ਅਤੇ ਵਿਚਾਰਧਾਰਾ ਦੀ ਸਿਆਸਤ ਦਾ ਪੂਰੀ ਤਰ੍ਹਾਂ ਭੋਗ ਪਾ ਦਿੱਤਾ ਹੈ। ਇਸ ਦਾ ਸਭ ਤੋਂ ਮਾੜਾ ਅਸਰ ਪੰਜਾਬ ਦੇ ਨੌਜਵਾਨਾਂ ਦੀ ਮਾਨਸਿਕਤਾ 'ਤੇ ਪੈ ਰਿਹਾ ਹੈ। ਮਨੋਵਿਗਿਆਨਕ ਤੌਰ 'ਤੇ ਪੰਜਾਬ ਦਾ ਨੌਜਵਾਨ ਅੱਜ ਆਪਣੇ ਸਿਆਸਤਦਾਨਾਂ ਪ੍ਰਤੀ ਘੋਰ ਬੇਯਕੀਨੀ, ਨਿਰਾਸ਼ਾ ਅਤੇ ਬੇਗਾਨਗੀ ਨਾਲ ਭਰਿਆ ਹੋਇਆ ਹੈ। ਉਹ ਦੇਖ ਰਿਹਾ ਹੈ ਕਿ ਜਿਨ੍ਹਾਂ ਨੇਤਾਵਾਂ ਨੂੰ ਉਹ ਕਿਸੇ ਵਿਚਾਰਧਾਰਾ ਜਾਂ ਬਦਲਾਅ ਦੀ ਆਸ ਨਾਲ ਚੁਣਦੇ ਹਨ, ਉਹ ਰਾਤੋ-ਰਾਤ ਸੱਤਾ, ਕੁਰਸੀ ਅਤੇ ਨਿੱਜੀ ਹਿੱਤਾਂ ਲਈ ਆਪਣੀ ਵਫ਼ਾਦਾਰੀ ਬਦਲ ਲੈਂਦੇ ਹਨ।

ਪੰਜਾਬੀ ਹਮੇਸ਼ਾ ਹੀ ਉੱਚੇ-ਸੁੱਚੇ ਅਖ਼ਲਾਕ, ਸਿਧਾਂਤਾਂ ਦੀ ਗੱਲ ਕਰਨ ਵਾਲੇ, ਅਣਖੀ ਅਤੇ ਮਿਲਾਪੜੇ ਸੁਭਾਅ ਵਾਲੇ ਗਿਣੇ ਜਾਂਦੇ ਰਹੇ ਹਨ। ਪਰ ਅੱਜ ਸਿਆਸਤਦਾਨਾਂ ਵੱਲੋਂ ਇੱਕ-ਦੂਜੇ ਦੀ ਕੀਤੀ ਜਾ ਰਹੀ ਘਟੀਆ ਪੱਧਰ ਦੀ ਕਿਰਦਾਰਕੁਸ਼ੀ, ਗਾਲੀ-ਗਲੋਚ ਅਤੇ ਜ਼ਹਿਰੀਲੀ ਬਿਆਨਬਾਜ਼ੀ ਨੇ ਪੰਜਾਬ ਦੇ ਸੁਖਾਵੇਂ ਸਮਾਜਿਕ ਮਾਹੌਲ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਅਸਲ ਵਿਚ ਅੱਜ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਜਾਂ ਗਰਮਾਉਣ ਲਈ ਸਿਰਫ਼ ਸਿਆਸਤਦਾਨ ਅਤੇ ਉਨ੍ਹਾਂ ਦੇ ਕੁਝ ਪਿਛਲੱਗੂ ਹੀ ਯਤਨਸ਼ੀਲ ਹਨ, ਜੋ ਆਪਣੇ ਸਿਆਸੀ ਰੋਟੀਆਂ ਸੇਕਣਾ ਚਾਹੁੰਦੇ ਹਨ। ਆਮ ਪੰਜਾਬੀ ਅਜੇ ਵੀ ਗੰਭੀਰਤਾ ਨਾਲ ਚੁੱਪ ਕਰਕੇ ਇਹ ਸਭ ਕੁਝ ਦੇਖ ਰਿਹਾ ਹੈ। ਉਨ੍ਹਾਂ ਦੇ ਮਨ ਵਿਚ ਨੇਤਾਵਾਂ ਪ੍ਰਤੀ ਭਾਰੀ ਰੋਸ, ਗੁੱਸਾ ਅਤੇ ਦੁੱਖ ਹੈ ਕਿ ਉਨ੍ਹਾਂ ਦੇ ਰੰਗਲੇ ਸੂਬੇ ਨਾਲ ਕਿਸ ਕਿਸਮ ਦਾ ਘਿਨੌਣਾ ਮਜ਼ਾਕ ਕੀਤਾ ਜਾ ਰਿਹਾ ਹੈ। ਹਾਲਾਂਕਿ, ਕਿਤੇ-ਕਿਤੇ ਇਹ ਜ਼ਰੂਰ ਦੇਖਣ ਨੂੰ ਮਿਲਦਾ ਹੈ ਕਿ ਜਦੋਂ 1000-1500 ਰੁਪਏ ਮਹੀਨਾ ਦੇਣ ਜਾਂ ਬਿਜਲੀ ਬਿੱਲ ਮਾਫ਼ ਕਰਨ ਵਰਗੀਆਂ ਮੁਫ਼ਤਖ਼ੋਰੀ ਦੀਆਂ ਯੋਜਨਾਵਾਂ ਦੀ ਗੱਲ ਹੁੰਦੀ ਹੈ, ਤਾਂ ਆਰਥਿਕ ਤੰਗੀ ਝੱਲ ਰਹੇ ਲੋਕ ਜਾਂ ਔਰਤਾਂ ਇਸ 'ਤੇ ਥੋੜ੍ਹਾ ਬਹੁਤ ਹੁੰਗਾਰਾ ਭਰਦੇ ਹਨ, ਪਰ ਇਹ ਕੋਈ ਸਥਾਈ ਹੱਲ ਨਹੀਂ ਹੈ। ਬਹੁਤੀਆਂ ਹਾਲਤਾਂ ਵਿਚ ਆਮ ਪੰਜਾਬੀ ਅੰਦਰੋਂ ਬਹੁਤ ਪਰੇਸ਼ਾਨ ਹੈ ਕਿ ਸਿਆਸੀ ਧਿਰਾਂ ਅਸਲ ਮੁੱਦਿਆਂ 'ਤੇ ਗੱਲ ਕਰਨ ਦੀ ਬਜਾਏ ਪੰਜਾਬ ਨੂੰ ਭੀਖ ਅਤੇ ਬਦਨਾਮੀ ਦੇ ਚੌਰਾਹੇ 'ਤੇ ਖੜ੍ਹਾ ਕਰ ਰਹੀਆਂ ਹਨ।

ਸਿਆਸੀ ਪਾਰਟੀਆਂ ਨਸ਼ੇ ਦੇ ਰੌਲੇ ਅਤੇ ਮੁਫ਼ਤ ਦੀਆਂ ਗਾਰੰਟੀਆਂ ਦੀ ਆੜ ਹੇਠ ਪੰਜਾਬ ਦੀਆਂ ਅਸਲ ਬੁਨਿਆਦੀ ਸਮੱਸਿਆਵਾਂ 'ਤੇ ਸਾਜ਼ਿਸ਼ੀ ਚੁੱਪੀ ਧਾਰੀ ਬੈਠੀਆਂ ਹਨ। ਪੰਜਾਬ ਦੀ ਆਰਥਿਕਤਾ ਲਗਾਤਾਰ ਡਾਵਾਂਡੋਲ ਹੋ ਰਹੀ ਹੈ, ਰਾਜ 'ਤੇ 3.5 ਲੱਖ ਕਰੋੜ ਰੁਪਏ ਤੋਂ ਵੱਧ ਦਾ ਭਾਰੀ ਕਰਜ਼ਾ ਚੜ੍ਹਿਆ ਹੋਇਆ ਹੈ ਅਤੇ ਪੜ੍ਹੇ-ਲਿਖੇ ਨੌਜਵਾਨਾਂ ਲਈ ਸਨਮਾਨਜਨਕ ਰੋਜ਼ਗਾਰ ਦੀ ਘਾਟ ਹੈ। ਇਸੇ ਨਿਰਾਸ਼ਾ ਦੇ ਚਲਦਿਆਂ ਪੰਜਾਬ ਦਾ ਅਰਬਾਂ ਰੁਪਿਆ ਅਤੇ ਲੱਖਾਂ ਨੌਜਵਾਨ ਹਰ ਸਾਲ ਆਇਲੇਟਸ ਕਰਕੇ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ, ਜਿਸ ਨਾਲ ਪੰਜਾਬ ਦਾ 'ਬਰੇਨ ਡਰੇਨ' ਅਤੇ 'ਕੈਪੀਟਲ ਡਰੇਨ' ਹੋ ਰਿਹਾ ਹੈ। ਦੂਜੇ ਪਾਸੇ ਧਰਤੀ ਹੇਠਲਾ ਡਿੱਗਦਾ ਭੂ-ਜਲ ਪੱਧਰ, ਕਿਸਾਨੀ ਸਿਰ ਚੜ੍ਹਿਆ ਕਰਜ਼ਾ, ਫ਼ਸਲੀ ਚੱਕਰ ਦਾ ਸੰਕਟ ਅਤੇ ਪ੍ਰਦੂਸ਼ਿਤ ਹੁੰਦਾ ਪਾਣੀ-ਹਵਾ ਪੰਜਾਬ ਦੀ ਖੇਤੀਬਾੜੀ ਅਤੇ ਵਾਤਾਵਰਣ ਲਈ ਵਜੂਦੀ ਖ਼ਤਰਾ ਬਣ ਚੁੱਕੇ ਹਨ। ਸਰਕਾਰੀ ਸਿੱਖਿਆ ਅਤੇ ਸਿਹਤ ਢਾਂਚੇ ਦੀ ਲਗਾਤਾਰ ਹੋ ਰਹੀ ਕਮਜ਼ੋਰੀ ਕਾਰਨ ਆਮ ਲੋਕ ਪ੍ਰਾਈਵੇਟ ਹਸਪਤਾਲਾਂ ਅਤੇ ਸਕੂਲਾਂ ਵਿਚ ਲੁੱਟੇ ਜਾ ਰਹੇ ਹਨ। ਪਰ ਇਨ੍ਹਾਂ ਅਸਲ ਅਤੇ ਸੰਜੀਦਾ ਮੁੱਦਿਆਂ 'ਤੇ ਕਿਸੇ ਵੀ ਪਾਰਟੀ ਕੋਲ ਕੋਈ ਠੋਸ ਨੀਤੀ ਜਾਂ ਭਵਿੱਖੀ ਰੋਡਮੈਪ ਨਹੀਂ ਹੈ।

ਆਉਣ ਵਾਲੀਆਂ ਚੋਣਾਂ ਪੰਜਾਬ ਦੇ ਭਵਿੱਖ ਅਤੇ ਇਸ ਦੀ ਹੋਂਦ ਲਈ ਬਹੁਤ ਅਹਿਮ ਹਨ। ਪੰਜਾਬ ਦੇ ਲੋਕਾਂ, ਬੁੱਧੀਜੀਵੀਆਂ ਅਤੇ ਵੋਟਰਾਂ ਨੂੰ ਹੁਣ ਇਹ ਗੰਭੀਰਤਾ ਨਾਲ ਸਮਝਣ ਦੀ ਲੋੜ ਹੈ ਕਿ ਉਹ ਕਿਸ ਕਿਸਮ ਦੇ ਲੋਕਾਂ ਨੂੰ ਆਪਣੀ ਸਰਕਾਰ ਬਣਾਉਣ ਲਈ ਚੁਣਨਾ ਚਾਹੁੰਦੇ ਹਨ।

ਕੀ ਪੰਜਾਬੀ ਅਜਿਹੇ ਨੇਤਾਵਾਂ ਨੂੰ ਚੁਣਨਗੇ ਜੋ ਰੋਜ਼ਾਨਾ ਪਾਰਟੀਆਂ ਬਦਲਦੇ ਹਨ, ਇੱਕ-ਦੂਜੇ 'ਤੇ ਬਦਲੋਖੋਰੀ ਤਹਿਤ ਐੱਫ.ਆਈ.ਆਰ. ਦਰਜ ਕਰਵਾਉਂਦੇ ਹਨ, ਅਤੇ ਪੰਜਾਬ ਨੂੰ ਵਿਸ਼ਵ ਪੱਧਰ 'ਤੇ 'ਨਸ਼ੇੜੀ' ਕਹਿ ਕੇ ਬਦਨਾਮ ਕਰਦੇ ਹਨ? ਜਾਂ ਫਿਰ ਉਹ ਅਜਿਹੇ ਸੂਝਵਾਨ, ਅਣਖੀ ਅਤੇ ਇਮਾਨਦਾਰ ਨੇਤਾਵਾਂ ਦਾ ਸਾਥ ਦੇਣਗੇ ਜੋ ਪੰਜਾਬ ਦੀ ਆਰਥਿਕਤਾ ਨੂੰ ਪੈਰਾਂ 'ਤੇ ਖੜ੍ਹਾ ਕਰਨ, ਕਿਸਾਨੀ ਨੂੰ ਬਚਾਉਣ, ਚੰਗੀ ਸਿੱਖਿਆ-ਸਿਹਤ ਦੇਣ, ਰੋਜ਼ਗਾਰ ਦੇਣ, ਪਾਣੀਆਂ ਦੇ ਹੱਕਾਂ, ਚੰਡੀਗੜ੍ਹ ਦੀ ਵਾਪਸੀ, ਰਾਜਾਂ ਦੀ ਖ਼ੁਦਮੁਖ਼ਤਿਆਰੀ ਅਤੇ ਭਾਈਚਾਰਕ ਸਾਂਝ ਨੂੰ ਬਚਾਉਣ ਲਈ ਠੋਸ ਅਤੇ ਸਥਾਈ ਨੀਤੀਆਂ ਸਾਹਮਣੇ ਲਿਆਉਂਦੇ ਹਨ?

ਸਿਆਸੀ ਪਾਰਟੀਆਂ ਨੂੰ ਕਿਰਦਾਰਕੁਸ਼ੀ, ਇਲਜ਼ਾਮਬਾਜ਼ੀ ਅਤੇ ਬਦਨਾਮੀ ਦੀ ਰਾਜਨੀਤੀ ਛੱਡ ਕੇ ਲੋਕ-ਹਿੱਤਾਂ ਪ੍ਰਤੀ ਜਵਾਬਦੇਹੀ ਦੀ ਰਾਜਨੀਤੀ ਕਰਨੀ ਪਵੇਗੀ। ਇਸ ਵਾਰ ਆਮ ਪੰਜਾਬੀ ਦੀ ਇਹ ਗੰਭੀਰ 'ਖਾਮੋਸ਼ੀ' ਚੋਣਾਂ ਵਿਚ ਇੱਕ ਵੱਡਾ ਧਮਾਕਾ ਕਰਕੇ ਆਪਣਾ ਇਤਿਹਾਸਕ ਫ਼ੈਸਲਾ ਸੁਣਾਏਗੀ।

# ਐੱਸ.ਆਈ.ਆਰ. ਅਤੇ ਨਾਗਰਿਕ ਦਾ ਅਧਿਕਾਰ

ਪੱਛਮੀ ਬੰਗਾਲ ਦੀਆਂ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੋਧ (ਐੱਸ.ਆਈ.ਆਰ.) ਵਿਚੋਂ ਸਾਹਮਣੇ ਆ ਰਹੇ ਖੁਲਾਸੇ ਚਿੰਤਾਜਨਕ ਹਨ। ਐੱਸ.ਆਈ.ਆਰ. ਟ੍ਰਿਬਿਊਨਲਾਂ ਵੱਲੋਂ ਨਿਪਟਾਈਆਂ ਗਈਆਂ 82,782 ਅਪੀਲਾਂ ਵਿਚੋਂ 91 ਫ਼ੀਸਦੀ ਤੋਂ ਵੱਧ ਮਾਮਲਿਆਂ ਵਿਚ ਵੋਟਰ ਸੂਚੀਆਂ ਵਿਚੋਂ ਕੱਢੇ ਗਏ ਨਾਂ ਮੁੜ ਬਹਾਲ ਕੀਤੇ ਗਏ ਹਨ।

ਕਈ ਸੂਬਿਆਂ ਵਿਚ ਐੱਸ.ਆਈ.ਆਰ. ਰਾਹੀਂ ਵੋਟਰ ਸੂਚੀਆਂ ਵਿਚੋਂ




**ਮਨੋਜ ਕੁਮਾਰ ਝਾਅ**
**ਪੇਸ਼ਕਸ਼:ਬੂਟਾ ਸਿੰਘ ਮਹਿਮੂਦਪੁਰ**


ਕੱਢੇ ਗਏ ਲੱਖਾਂ ਵੋਟਰ ਆਖ਼ਰਕਾਰ ਸੂਚੀਆਂ ਵਿਚ ਬਣੇ ਰਹਿਣ ਦੇ ਹੱਕਦਾਰ ਪਾਏ ਜਾ ਸਕਦੇ ਹਨ। ਫਿਰ ਵੀ, ਸਾਰੀਆਂ ਰਿਪੋਰਟਾਂ ਤੋਂ ਇਹੀ ਲੱਗਦਾ ਹੈ ਕਿ ਉਨ੍ਹਾਂ ਦੇ ਨਾਂ ਮੁੜ ਬਹਾਲ ਹੋਣ ਵਿਚ ਲੰਮਾ ਸਮਾਂ ਲੱਗ ਸਕਦਾ ਹੈ। ਇਸ ਗੱਲ ਨੂੰ ਲੈ ਕੇ ਚਿੰਤਾ ਤਾਂ ਪ੍ਰਗਟ ਕੀਤੀ ਹੀ ਜਾ ਰਹੀ ਹੈ ਕਿ ਕੀ ਚੋਣ ਨਤੀਜੇ ਇਸ ਨਾਲ ਪ੍ਰਭਾਵਿਤ ਹੋਏ ਹੋ ਸਕਦੇ ਹਨ, ਪਰ ਮੇਰਾ ਮੰਨਣਾ ਹੈ ਕਿ ਯੋਗ ਨਾਗਰਿਕਾਂ ਨੂੰ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨ ਤੋਂ ਰੋਕੇ ਜਾਣ ਵਿਰੁੱਧ ਜਿੰਨਾ ਰੋਹ ਹੋਣਾ ਚਾਹੀਦਾ ਸੀ, ਓਨਾ ਨਹੀਂ ਹੈ।

ਜਿੱਥੇ ਕਈ ਪੱਛਮੀ ਲੋਕਤੰਤਰਾਂ ਨੇ ਔਰਤਾਂ ਅਤੇ ਕਾਲੇ ਲੋਕਾਂ ਨੂੰ ਬਹੁਤ ਦੇਰੀ ਨਾਲ ਵੋਟ ਦਾ ਅਧਿਕਾਰ ਦਿੱਤਾ, ਉੱਥੇ ਭਾਰਤ ਵਿਚ ਸਰਬਵਿਆਪਕ ਨਾਗਰਿਕਤਾ, ਲੋਕਤੰਤਰੀ ਸਰਕਾਰ ਅਤੇ ਸਰਬਵਿਆਪੀ ਬਾਲਗ ਮਤਾਧਿਕਾਰ—ਤਿੰਨੇ ਇਕੱਠੇ ਆਏ। ਇਹ ਅੰਗਰੇਜ਼ ਬਸਤੀਵਾਦੀ ਤਰਕ ਦਾ ਖੰਡਨ ਸੀ, ਜਿਸ ਅਨੁਸਾਰ ਜਾਇਦਾਦ, ਟੈਕਸ ਅਦਾਇਗੀ, ਸਿੱਖਿਆ ਅਤੇ ਸਮਾਜਿਕ ਰੁਤਬਾ ਤੈਅ ਕਰਦੇ ਸਨ ਕਿ ਕੌਣ ਵੋਟ ਪਾ ਸਕਦਾ ਹੈ।

ਸ਼ੁਰੂ ਤੋਂ ਹੀ ਆਜ਼ਾਦ ਭਾਰਤੀ ਰਾਜ ਦੀ ਸੱਤਾ ਇਸ ਵਿਚਾਰ ਨਾਲ ਜੁੜੀ ਹੋਈ ਸੀ ਕਿ ਆਮ ਭਾਰਤੀ ਹੀ ਪ੍ਰਭੂਸੱਤਾ-ਸੰਪੰਨ ਲੋਕ ਹਨ। ਇਤਿਹਾਸਕ ਤੌਰ 'ਤੇ ਭਾਰਤੀ ਵੋਟਰ-ਨਾਗਰਿਕ ਨੂੰ ਸਰਕਾਰਾਂ ਬਦਲਣ ਦੀ ਸਮਰੱਥਾ ਰੱਖਣ ਵਾਲੀ ਸ਼ਕਤੀ ਵਜੋਂ ਪੇਸ਼ ਕੀਤਾ ਗਿਆ।

ਪਹਿਲੀ ਬੁਨਿਆਦੀ ਧਾਰਨਾ ਇਹ ਸੀ ਕਿ ਸਾਰੇ ਭਾਰਤੀ ਨਾਗਰਿਕਾਂ ਨੂੰ ਰਾਜਨੀਤਕ ਹੈਸੀਅਤ ਪ੍ਰਾਪਤ ਹੈ। ਇਸ ਤੋਂ ਬਾਅਦ ਬੇਮਿਸਾਲ ਪੱਧਰ 'ਤੇ ਵੋਟਰ ਸੂਚੀਆਂ ਤਿਆਰ ਕੀਤੀਆਂ ਗਈਆਂ। ਰਾਜ ਨੇ ਦੂਰ-ਦੁਰਾਡੇ ਦੀਆਂ ਬਸਤੀਆਂ ਵਿਚ ਪੋਲਿੰਗ ਸਟੇਸ਼ਨ ਕਾਇਮ ਕਰਕੇ ਅਨਪੜ੍ਹ ਅਤੇ ਗ਼ਰੀਬ ਲੋਕਾਂ ਤੱਕ ਪਹੁੰਚ ਬਣਾਈ। ਵੋਟ ਦੇ ਮਾਧਿਅਮ ਰਾਹੀਂ ਗਣਰਾਜ ਨੇ ਹੋਰ ਪੱਖਾਂ ਤੋਂ ਬੁਨਿਆਦੀ ਤੌਰ 'ਤੇ ਨਬਰਾਬਰ ਆਬਾਦੀ ਨੂੰ ਬਰਾਬਰ ਬਣਾਇਆ।

ਭਾਰਤੀ ਨਾਗਰਿਕ ਆਪਣੀ ਰਾਜਨੀਤਕ ਹੋਂਦ ਇਸ ਲਈ ਪ੍ਰਾਪਤ ਨਹੀਂ ਕਰਦਾ ਕਿ ਕੋਈ ਅਧਿਕਾਰੀ ਉਸ ਨੂੰ ਦਸਤਾਵੇਜ਼ਾਂ ਦੀ ਕਿਸੇ ਲੜੀ ਵਿਚ ਲੱਭ ਸਕਦਾ ਹੈ। ਇਸ ਦੇ ਉਲਟ, ਚੋਣ ਪ੍ਰਸ਼ਾਸਨ ਨੂੰ ਆਪਣਾ ਉਦੇਸ਼ ਉਸ ਸੰਵਿਧਾਨਕ ਫ਼ਰਜ਼ ਤੋਂ ਮਿਲਦਾ ਹੈ, ਜਿਸ ਤਹਿਤ ਯੋਗ ਨਾਗਰਿਕਾਂ ਨੂੰ ਆਪਣੀ ਰਾਜਨੀਤਕ ਪ੍ਰਭੂਸੱਤਾ ਦੀ ਵਰਤੋਂ ਕਰਨ ਦੇ ਯੋਗ ਬਣਾਇਆ ਜਾਣਾ ਚਾਹੀਦਾ ਹੈ। ਭਾਰਤੀ ਰਾਜਨੀਤਕ ਜ਼ਿੰਦਗੀ ਵਿਚ ਚੋਣਾਂ ਨੇ ਜੋ ਅਸਾਧਾਰਨ ਮਹੱਤਤਾ ਹਾਸਲ ਕੀਤੀ, ਉਹ ਬਿਲਕੁਲ ਇਸ ਲਈ ਹੈ ਕਿਉਂਕਿ ਉਹ ਰਸਮੀ ਬਰਾਬਰੀ ਅਤੇ ਪ੍ਰਭੂਸੱਤਾ ਦਾ ਪ੍ਰਗਟਾਵਾ ਕਰਦੀਆਂ ਹਨ।

ਆਮ ਬਾਲਗ ਭਾਰਤੀ ਨੂੰ ਰਾਜਨੀਤਕ ਤੌਰ 'ਤੇ ਬਰਾਬਰ ਇਸ ਲਈ ਨਹੀਂ ਬਣਾਇਆ ਗਿਆ ਸੀ ਕਿ ਰਾਜ ਨੇ ਉਸ ਦੀ ਸਮਾਜਿਕ ਯੋਗਤਾ, ਸਿੱਖਿਆ, ਦੌਲਤ, ਧਰਮ ਜਾਂ ਦਸਤਾਵੇਜ਼ੀ ਸੰਪੂਰਨਤਾ ਨੂੰ ਪ੍ਰਮਾਣਿਤ ਕੀਤਾ ਸੀ, ਸਗੋਂ ਇਸ ਲਈ ਕਿ ਅੰਤਿਮ ਤੌਰ 'ਤੇ ਪ੍ਰਭੂਸੱਤਾ ਲੋਕਾਂ ਵਿਚ ਨਿਹਿਤ ਮੰਨੀ ਗਈ ਸੀ। ਸੱਤਾ ਦੀ ਵਰਤੋਂ ਕਰਨ ਵਾਲੀਆਂ ਕਈ ਸੰਸਥਾਵਾਂ ਹੋ ਸਕਦੀਆਂ ਹਨ, ਪਰ ਪ੍ਰਭੂਸੱਤਾ-ਸੰਪੰਨ ਉਹ ਅਧਿਕਾਰ ਹੁੰਦਾ ਹੈ ਜਿਸ ਦੇ ਫ਼ੈਸਲਿਆਂ ਨੂੰ ਰਾਜਨੀਤਕ ਵਿਵਸਥਾ ਦੇ ਅੰਦਰ ਕੋਈ ਹੋਰ ਸ਼ਕਤੀ ਉਲਟ ਨਹੀਂ ਸਕਦੀ। ਭਾਰਤੀ ਰਾਜ ਨੂੰ ਅਧਿਕਾਰਤਾ ਭਾਰਤੀ ਨਾਗਰਿਕ ਨੇ ਦਿੱਤੀ ਸੀ; ਇਹ ਫ਼ੈਸਲਾ ਕਰਨ ਦਾ ਹੱਕ ਰਾਜ ਨੂੰ ਨਹੀਂ ਦਿੱਤਾ ਗਿਆ ਸੀ ਕਿ ਕਿਹੜੇ ਨਾਗਰਿਕ ਉਸ ਨੂੰ ਅਧਿਕਾਰਤਾ ਦੇਣ ਦੇ ਯੋਗ ਹਨ।

ਐੱਸ.ਆਈ.ਆਰ. ਬਾਰੇ ਚਿੰਤਾਵਾਂ ਕਿਸੇ ਸੰਸਥਾਗਤ ਖ਼ਲਾਅ ਵਿਚੋਂ ਪੈਦਾ ਨਹੀਂ ਹੋਈਆਂ। ਵੀ-ਡੈਮ ਦੀ 2026 ਦੀ ਰਿਪੋਰਟ ਭਾਰਤ ਦੇ ਸਫ਼ਰ ਨੂੰ ਲੋਕਤੰਤਰਿਕ ਸੰਸਥਾਵਾਂ ਦੀ ਯੋਜਨਾਬੱਧ ਢੰਗ ਨਾਲ ਕੀਤੀ ਜਾ ਰਹੀ ਤਬਾਹੀ ਵਜੋਂ ਬਿਆਨ ਕਰਦੀ ਹੈ। ਫਰੀਡਮ ਹਾਊਸ ਦਾ 2026 ਦਾ ਮੁਲਾਂਕਣ ਕਹਿੰਦਾ ਹੈ ਕਿ ਭਾਜਪਾ ਸਰਕਾਰ ਨੇ ਰਾਜਨੀਤਕ ਵਿਰੋਧੀਆਂ ਵਿਰੁੱਧ ਸੰਸਥਾਵਾਂ ਦੀ ਵਰਤੋਂ ਲਗਾਤਾਰ ਵਧਾਈ ਹੈ। ਇਹ ਮੁਲਾਂਕਣ ਖ਼ਾਸ ਤੌਰ 'ਤੇ ਚੋਣ ਕਮਿਸ਼ਨ ਦੀ ਨਿਰਪੱਖਤਾ ਬਾਰੇ ਵਧ ਰਹੇ ਸਵਾਲਾਂ ਦਾ ਵੀ ਜ਼ਿਕਰ ਕਰਦਾ ਹੈ। ਭਾਰਤੀ ਚੋਣਾਂ ਦੀ ਨਿਰਪੱਖਤਾ ਸੰਬੰਧੀ ਦਾਅਵਿਆਂ ਦੀ ਭਰੋਸੇਯੋਗਤਾ ਸ਼ਾਇਦ ਹੀ ਪਹਿਲਾਂ ਕਦੇ ਇੰਨੀ ਤਿੱਖੀ ਜਾਂਚ ਦੇ ਘੇਰੇ ਵਿਚ ਰਹੀ ਹੋਵੇ।

ਹੋਰ ਰਾਜਨੀਤਕ ਪਾਰਟੀਆਂ ਤੋਂ ਉਲਟ, ਭਾਜਪਾ ਦਾ ਵਿਚਾਰਧਾਰਕ ਪ੍ਰੋਜੈਕਟ ਲਗਾਤਾਰ ਭਾਰਤ ਨੂੰ ਬਹੁਗਿਣਤੀਵਾਦੀ ਰਾਸ਼ਟਰ ਦੀ ਧਾਰਨਾ ਅਨੁਸਾਰ ਮੁੜ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਘੱਟ-ਗਿਣਤੀਆਂ ਨੂੰ ਬਾਹਰ ਰੱਖਣਾ ਇਸ ਦ੍ਰਿਸ਼ਟੀਕੋਣ ਦਾ ਕੇਂਦਰੀ ਹਿੱਸਾ ਹੈ, ਨਾ ਕਿ ਸਿਰਫ਼ ਰਾਜਨੀਤਕ ਮੌਕਾਪ੍ਰਸਤੀ ਦਾ ਮਾਮਲਾ। ਡਰ ਅਤੇ ਸ਼ੱਕ ਦੀ ਵਰਤੋਂ ਨੇ ਸਮੇਂ ਦੇ ਨਾਲ ਮੌਜੂਦਾ ਵੋਟਰਾਂ ਉੱਤੇ ਇਹ ਸਾਬਤ ਕਰਨ ਦਾ ਬੋਝ ਪਾ ਦਿੱਤਾ ਹੈ ਕਿ ਉਹ ਵੋਟਰ ਸੂਚੀਆਂ ਵਿਚ ਬਣੇ ਰਹਿਣ ਦੇ ਹੱਕਦਾਰ ਹਨ। ਇਹ ਭਾਰਤੀ ਲੋਕਤੰਤਰ ਦੀ ਬੁਨਿਆਦੀ ਧਾਰਨਾ ਨੂੰ ਉਲਟਾ ਦਿੰਦਾ ਹੈ। ਪ੍ਰਸ਼ਾਸਕੀ ਪ੍ਰਕਿਰਿਆਵਾਂ ਵਧਦੀਆਂ ਗਈਆਂ ਹਨ, ਚੋਣਾਂ ਜਾਰੀ ਹਨ ਅਤੇ ਅਦਾਲਤਾਂ ਸੁਣਵਾਈਆਂ ਕਰਦੀਆਂ ਹਨ, ਪਰ ਵੋਟਰ-ਨਾਗਰਿਕ ਉਸ ਪ੍ਰਭੂਸੱਤਾ-ਸੰਪੰਨ ਸ਼ਕਤੀ ਦੀ ਵਰਤੋਂ ਕਰਨ ਦੇ ਘੱਟ ਸਮਰੱਥ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ, ਜਿਸ ਰਾਹੀਂ ਲੋਕ ਕਾਰਜਪਾਲਿਕਾ ਉੱਤੇ ਕਾਬਜ਼ ਵਿਅਕਤੀਆਂ ਦੇ ਅਧਿਕਾਰਾਂ ਨੂੰ ਸੀਮਤ ਕਰ ਸਕਦੇ ਹਨ।

ਇਸ ਲਈ ਐੱਸ.ਆਈ.ਆਰ. ਦਾ ਸਵਾਲ ਮਹਿਜ਼ ਇਹ ਨਹੀਂ ਹੈ ਕਿ ਕੋਈ ਚੋਣ ਪ੍ਰਕਿਰਿਆ ਕਿਸੇ ਇੱਕ ਰਾਜਨੀਤਕ ਪਾਰਟੀ ਨੂੰ ਅਣਉਚਿਤ ਲਾਭ ਦਿੰਦੀ ਹੈ ਜਾਂ ਨਹੀਂ। ਭਾਰਤੀ ਵੋਟਰ-ਨਾਗਰਿਕ ਦੀ ਪ੍ਰਭੂਸੱਤਾ-ਸੰਪੰਨ ਸ਼ਕਤੀ ਖੋਹ ਕੇ ਇਹ ਉਸ ਬੁਨਿਆਦ ਨਾਲ ਛੇੜਛਾੜ ਕਰ ਰਹੀ ਹੈ, ਜਿਸ ਉਪਰ ਲੋਕਤੰਤਰੀ ਭਾਰਤੀ ਰਾਜ ਦੀ ਅਧਿਕਾਰਤਾ ਟਿਕੀ ਹੋਈ ਹੈ।

***ਲੇਖਕ ਰਾਸ਼ਟਰੀ ਜਨਤਾ ਦਲ ਵੱਲੋਂ ਰਾਜ ਸਭਾ ਦੇ ਮੈਂਬਰ ਹਨ।**

ਇੱਕ ਸੱਚੀ ਘਟਨਾ

# ਕਾਟੋ-ਕਲੇਸ਼

ਦੋ ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ। ਅੱਜ ਜਦੋਂ ਮੀਂਹ ਕੁਝ ਹਲਕਾ ਹੋਇਆ ਤਾਂ ਮੈਂ ਹਰੀਆਂ ਮਿਰਚਾਂ ਤੋੜਨ ਲਈ ਆਪਣੇ ਬੈਕਯਾਰਡ ਵਿਚ ਚਲਾ ਗਿਆ। ਘਾਹ ਭਿੱਜਿਆ ਹੋਇਆ ਸੀ, ਰੁੱਖਾਂ ਦੇ ਪੱਤਿਆਂ ਤੋਂ ਹਾਲੇ ਵੀ ਪਾਣੀ ਦੀਆਂ ਬੂੰਦਾਂ ਟਪਕ ਰਹੀਆਂ ਸਨ। ਮੈਂ ਸਬਜ਼ੀਆਂ ਵੱਲ ਵਧਿਆ ਹੀ ਸੀ ਕਿ ਅਚਾਨਕ ਦੋ ਕਾਟੋਆਂ ਦਾ ਜੋੜਾ ਮੇਰੇ ਵੱਲ ਦੌੜਦਾ ਆਇਆ।

ਮੈਂ ਉਨ੍ਹਾਂ ਨੂੰ ਦਬਕਾ ਦਿੱਤਾ। ਇੱਕ ਤਾਂ ਝੱਟ ਦੌੜ ਕੇ ਨਿਕਲ ਗਈ, ਪਰ ਦੂਜੀ ਕੁਝ ਦੂਰ ਜਾ ਕੇ ਸਬਜ਼ੀਆਂ ਵਿਚ ਵੜ ਕੇ ਬੈਠ ਗਈ। ਮੈਂ ਫਿਰ ਛਢਕਾਰਿਆ, ਪਰ ਉਹ ਟੱਸ ਤੋਂ ਮੱਸ ਨਾ ਹੋਈ।



ਮੈਨੂੰ ਹੈਰਾਨੀ ਹੋਈ। ਇਹ ਉਹੀ ਕਾਟੋ ਸੀ ਜਿਸ ਵਰਗੀਆਂ ਕਾਟੋਆਂ ਨਾਲ ਮੇਰਾ ਨਿੱਤ ਦਾ 'ਕਲੇਸ਼' ਚੱਲਦਾ ਰਹਿੰਦਾ ਸੀ। ਮੇਰੇ ਬੈਕਯਾਰਡ ਵਿਚ ਸੇਬ ਅਤੇ ਨਾਸ਼ਪਾਤੀ ਦੇ ਬੂਟੇ ਹਨ। ਫਲ ਅਜੇ ਪੂਰਾ ਪੱਕਦਾ ਵੀ ਨਹੀਂ ਸੀ ਕਿ ਇਹ ਜਨਾਬ ਪਹਿਲਾਂ ਹੀ ਹਾਜ਼ਰ ਹੋ ਜਾਂਦੀਆਂ। ਇੱਕ ਸੇਬ ਨੂੰ ਦੰਦ ਮਾਰਿਆ, ਛੱਡ ਦਿੱਤਾ; ਦੂਜੇ ਨੂੰ ਚੱਖਿਆ, ਉਹ ਵੀ ਛੱਡ ਦਿੱਤਾ। ਨਾਸ਼ਪਾਤੀਆਂ ਦਾ ਵੀ ਇਹੀ ਹਾਲ। ਮੈਂ ਬੂਟਿਆਂ ਵੱਲ ਦੇਖਦਾ ਤੇ ਖਿਝ ਜਾਂਦਾ—

'ਇੱਕ ਤਾਂ ਪੂਰਾ ਖਾ ਲਿਆ ਕਰੋ! ਹਰ ਇੱਕ ਨੂੰ ਦੰਦ ਮਾਰ ਕੇ ਮੇਰੇ ਲਈ ਕਿਹੜਾ ਛੱਡਦੀਆਂ ਹੋ?' ਮੇਰੀ ਨਜ਼ਰ ਵਿਚ ਉਹ ਮੇਰੇ ਫਲਾਂ ਦਾ ਨੁਕਸਾਨ ਕਰ ਰਹੀਆਂ ਸਨ। ਇਸ ਲਈ ਉਨ੍ਹਾਂ ਨੂੰ ਦੇਖਦਿਆਂ ਹੀ ਦਬਕਾ ਦੇਣਾ ਮੇਰੀ ਆਦਤ ਜਿਹੀ ਬਣ ਗਈ ਸੀ। ਪਰ ਅੱਜ ਕੁਝ ਵੱਖਰਾ ਸੀ।



ਮੈਂ ਉਸ ਕਾਟੋ ਨੂੰ ਫਿਰ ਭਜਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਉੱਠ ਕੇ ਦੌੜ ਨਹੀਂ ਸਕੀ। ਮੀਂਹ ਨਾਲ ਉਸਦਾ ਸਰੀਰ ਭਿੱਜਿਆ ਹੋਇਆ ਸੀ। ਉਹ ਉੱਥੇ ਹੀ ਬੇਵੱਸ ਜਿਹੀ ਬੈਠੀ ਮੇਰੇ ਵੱਲ ਤੱਕਦੀ ਰਹੀ। ਉਸਦੀਆਂ ਅੱਖਾਂ ਵੱਲ ਦੇਖਿਆ ਤਾਂ ਮੇਰਾ ਹੱਥ ਉੱਥੇ ਹੀ ਰੁਕ ਗਿਆ।

ਮਨ ਵਿਚ ਖ਼ਿਆਲ ਆਇਆ—ਇਹ ਭੱਜ ਕਿਉਂ ਨਹੀਂ ਰਹੀ? ਫਿਰ ਉਸਦੀ ਹਾਲਤ ਨੇ ਜਿਵੇਂ ਆਪ ਹੀ ਜਵਾਬ ਦੇ ਦਿੱਤਾ। ਸ਼ਾਇਦ ਭੁੱਖ ਨੇ ਉਸਦੇ ਸਰੀਰ ਵਿਚੋਂ ਦੌੜਨ ਦੀ ਤਾਕਤ ਵੀ ਖੋਹ ਲਈ ਸੀ।

ਜਿਸ ਜੀਵ ਨੂੰ ਮੈਂ ਹੁਣ ਤੱਕ ਆਪਣੇ ਸੇਬਾਂ ਤੇ ਨਾਸ਼ਪਾਤੀਆਂ ਦਾ ਦੁਸ਼ਮਣ ਸਮਝਦਾ ਰਿਹਾ, ਅੱਜ ਪਹਿਲੀ ਵਾਰ ਉਸਦਾ ਦੂਜਾ ਪਾਸਾ ਮੇਰੇ ਸਾਹਮਣੇ ਸੀ। ਮੈਨੂੰ ਹੁਣ ਤੱਕ ਆਪਣਾ ਨੁਕਸਾਨ ਦਿਸਦਾ ਰਿਹਾ ਸੀ—ਉਸਦੀ ਭੁੱਖ ਨਹੀਂ। ਪਤਾ ਨਹੀਂ ਕਿਉਂ, ਉਸ ਵੇਲੇ ਉਸ ਉੱਤੇ ਗੁੱਸਾ ਨਹੀਂ ਆਇਆ। ਤਰਸ ਆ ਗਿਆ। ਮੈਂ ਉਸਨੂੰ ਉੱਥੇ ਛੱਡ ਕੇ ਅੰਦਰ ਗਿਆ ਕਿ ਇਸ ਲਈ ਕੁਝ ਖਾਣ ਨੂੰ ਲਿਆਵਾਂ। ਜਦੋਂ ਵਾਪਸ ਆਇਆ ਤਾਂ ਉਹ ਥੋੜ੍ਹਾ ਜਿਹਾ ਥਾਂ ਬਦਲ ਚੁੱਕੀ ਸੀ। ਮੈਂ ਖਾਣਾ ਉਸਦੇ ਨੇੜੇ ਪਾ ਦਿੱਤਾ ਅਤੇ ਕੁਝ ਦੂਰੀ 'ਤੇ ਹੋ ਗਿਆ। ਉਸਨੇ ਖਾਣਾ ਸ਼ੁਰੂ ਕਰ ਦਿੱਤਾ। ਮੈਂ ਖੜ੍ਹਾ ਦੇਖਦਾ ਰਿਹਾ।

ਜਿਸ ਕਾਟੋ ਨੂੰ ਕੁਝ ਸਮਾਂ ਪਹਿਲਾਂ ਮੈਂ ਆਪਣੇ ਬਾਗ਼ ਵਿਚੋਂ ਭਜਾ ਰਿਹਾ ਸੀ, ਹੁਣ ਉਸੇ ਦੇ ਮੂੰਹ ਵਿਚ ਜਾਂਦੀ ਹਰ ਬੁਰਕੀ ਨਾਲ ਮੈਨੂੰ ਅੰਦਰੋਂ ਅਜੀਬ ਜਿਹੀ ਤਸੱਲੀ ਹੋ ਰਹੀ ਸੀ। ਕੁਝ ਖਾ ਕੇ ਜਿਵੇਂ ਉਸ ਵਿਚ ਮੁੜ ਜਾਨ ਆ ਗਈ। ਥੋੜ੍ਹੀ ਦੇਰ ਬਾਅਦ ਉਹ ਦਰੱਖ਼ਤ ਉੱਤੇ ਚੜ੍ਹ ਗਈ। ਉੱਪਰ ਬੈਠ ਕੇ ਪੂਛ ਹਿਲਾਉਂਦੀ ਮੇਰੇ ਵੱਲ ਤੱਕਣ ਲੱਗੀ। ਮੈਂ ਵੀ ਉਸ ਵੱਲ ਤੱਕਦਾ ਰਿਹਾ। ਉਹ ਬੋਲ ਨਹੀਂ ਸਕਦੀ ਸੀ, ਪਰ ਉਸ ਵੇਲੇ ਮੈਨੂੰ ਉਸਦੀਆਂ ਅੱਖਾਂ ਬੋਲਦੀਆਂ ਜਾਪੀਆਂ—

'ਤੇਰੇ ਸੇਬ ਤੇ ਨਾਸ਼ਪਾਤੀਆਂ ਖਾਣ ਦਾ ਦੋਸ਼ ਤਾਂ ਮੇਰਾ ਹੈ...

ਪਰ ਮੈਂ ਆਪਣੀ ਭੁੱਖ ਦਾ ਕੀ ਕਰਾਂ?' ਮੈਂ ਚੁੱਪ ਹੋ ਗਿਆ। ਅਚਾਨਕ ਮੇਰੇ ਆਪਣੇ ਹੀ 'ਕਾਟੋ-ਕਲੇਸ਼' ਦਾ ਅਰਥ ਬਦਲ ਗਿਆ ਸੀ।

ਕਲੇਸ਼ ਸ਼ਾਇਦ ਸੇਬਾਂ ਦਾ ਨਹੀਂ ਸੀ। ਨਾਸ਼ਪਾਤੀਆਂ ਦਾ ਵੀ ਨਹੀਂ ਸੀ। ਕਲੇਸ਼ ਤਾਂ ਦੋ ਲੋੜਾਂ ਦਾ ਸੀ— ਮੈਂ ਆਪਣੀ ਮਿਹਨਤ ਦਾ ਫਲ ਬਚਾਉਣਾ ਚਾਹੁੰਦਾ ਸੀ, ਤੇ ਉਹ ਆਪਣਾ ਪੇਟ। ਮੈਂ ਆਪਣੀ ਥਾਂ ਸਹੀ ਸੀ ਅਤੇ ਉਹ ਆਪਣੀ ਥਾਂ ਮਜਬੂਰ। ਫ਼ਰਕ ਸਿਰਫ਼ ਇੰਨਾ ਸੀ ਕਿ ਮੈਂ ਆਪਣੀ ਗੱਲ ਕਹਿ ਸਕਦਾ ਸੀ, ਉਹ ਨਹੀਂ। ਉਸ ਦਿਨ ਇੱਕ ਭੁੱਖੀ ਕਾਟੋ ਮੈਨੂੰ ਬਿਨਾਂ ਕੁਝ ਬੋਲੇ ਇੱਕ ਗੱਲ ਸਮਝਾ ਗਈ—

ਜ਼ਿੰਦਗੀ ਦੇ ਕਿੰਨੇ ਹੀ 'ਕਾਟੋ-ਕਲੇਸ਼' ਸ਼ਾਇਦ ਇਸੇ ਤਰ੍ਹਾਂ ਪੈਦਾ ਹੁੰਦੇ ਹਨ। ਅਸੀਂ ਸਾਹਮਣੇ ਵਾਲੇ ਦਾ ਕੀਤਾ ਤਾਂ ਦੇਖ ਲੈਂਦੇ ਹਾਂ, ਪਰ ਉਹ ਕਿਉਂ ਕਰ ਰਿਹਾ ਹੈ—ਇਹ ਜਾਣਨ ਦੀ ਕੋਸ਼ਿਸ਼ ਨਹੀਂ ਕਰਦੇ।

ਕਿਸੇ ਦੇ ਹਿੱਸੇ ਦਾ ਸੇਬ ਹੁੰਦਾ ਹੈ, ਕਿਸੇ ਦੇ ਹਿੱਸੇ ਦੀ ਭੁੱਖ।

ਅਤੇ ਜਿਸ ਦਿਨ ਸਾਨੂੰ ਦੂਜੇ ਦੀ ਭੁੱਖ ਦਿਸ ਪਵੇ, ਉਸ ਦਿਨ ਸ਼ਾਇਦ ਕਲੇਸ਼, ਕਲੇਸ਼ ਨਹੀਂ ਰਹਿੰਦਾ—ਹਮਦਰਦੀ ਬਣ ਜਾਂਦਾ ਹੈ। ਉੱਪਰ ਦਰੱਖ਼ਤ 'ਤੇ ਬੈਠੀ ਉਹ ਹਾਲੇ ਵੀ ਪੂਛ ਹਿਲਾ ਰਹੀ ਸੀ। ਮੈਂ ਆਪਣੇ ਸੇਬਾਂ ਤੇ ਨਾਸ਼ਪਾਤੀਆਂ ਵੱਲ ਦੇਖਿਆ। ਅਜ ਪਹਿਲੀ ਵਾਰ ਉਨ੍ਹਾਂ ਵਿਚ ਹੋਏ ਨੁਕਸਾਨ ਨੂੰ ਦੇਖ ਕੇ ਮੈਨੂੰ ਗੁੱਸਾ ਨਹੀਂ ਆਇਆ। ਚਿਹਰੇ 'ਤੇ ਹਲਕੀ ਜਿਹੀ ਮੁਸਕਰਾਹਟ ਆ ਗਈ।

ਮਨ ਹੀ ਮਨ ਕਿਹਾ—'ਚੱਲ ਕਾਟੋ...ਅੱਜ ਤੇਰਾ ਕਲੇਸ਼ ਤਾਂ ਸਮਝ ਆ ਗਿਆ।'

**ਅਮਰੀਕ ਸਿੰਘ 'ਅਮਰ'**
**ਸ਼ਿਕਾਗੋ, (ਯੂ.ਐਸ.ਏ.)**
**ਫੋਨ: 773-507-8043**

# ਅਟਪਟੀਆਂ

ਸਾਨੂੰ ਅੱਠਵੀਂ ਵਿਚ ਇਕ ਲੇਖ ਲਿਖਣ ਲਈ ਕਿਹਾ ਜਾਂਦਾ ਸੀ, ਜਿਸਦਾ ਸਿਰਲੇਖ ਹੁੰਦਾ ਸੀ: ਜੇ ਮੈਂ ਪ੍ਰਧਾਨ ਮੰਤਰੀ ਹੋਵਾਂ। ਪਤਾ ਨਹੀਂ ਕਿਉਂ ਸਾਨੂੰ ਕਿਸੇ ਨੇ ਇਹ ਲੇਖ ਲਿਖਣ ਲਈ ਕਦੇ ਨਹੀਂ ਕਿਹਾ: ਜੇ ਮੈਂ ਮੁੱਖ ਮੰਤਰੀ ਹੋਵਾਂ। ਇਸਦਾ ਕਾਰਨ ਇਹ ਹੋ ਸਕਦਾ ਹੈ ਕਿ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਰਿਜ਼ਰਵ ਨਹੀਂ ਹੈ, ਜਿਸ ਕਰਕੇ ਕੋਈ ਵੀ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਲੈ ਸਕਦਾ ਹੈ। ਪਰ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਰਿਜ਼ਰਵ ਸਮਝਿਆ ਜਾਂਦਾ ਹੈ, ਜਿਸ ਕਰਕੇ ਜਿਹੜੇ ਲੋਕ ਆਪਣੀ ਜਾਤ ਕਰਕੇ ਪੰਜਾਬ ਦੇ ਮੁੱਖ ਮੰਤਰੀ ਨਹੀਂ ਬਣਾਏ ਜਾ ਸਕਦੇ, ਇਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਮਨਾਂ ਵਿਚ ਅਜਿਹਾ ਸੁਪਨਾ ਹੀ ਨਾ ਲੈਣ ਦਿਤਾ ਜਾਵੇ।



ਇਸ ਲਈ ਜਦ ਵੀ ਕਿਤੇ ਦੋ-ਚਾਰ ਲੋਕ ਮਿਲਦੇ ਹਨ ਤਾਂ ਉਨ੍ਹਾਂ ਦੀ ਗੱਲਬਾਤ ਵਿਚ ਉਹੀ ਲੋਕ ਆਉਂਦੇ ਹਨ, ਜਿਹੜੇ ਮੁੱਖ ਮੰਤਰੀ ਬਣਨ ਦੀ ਕਾਬਲੀਅਤ ਧੁਰੋਂ ਲਿਖਾ ਕੇ ਆਏ ਹੋਏ ਹਨ। ਬੇਸ਼ਕ ਉਹ ਧੁਰ ਰੱਬ ਦਾ ਨਹੀਂ, ਬਲਕਿ ਆਪਣਾ ਹੀ ਬਣਾਇਆ ਹੋਇਆ ਹੈ।

**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮਾਜ ਦੀ ਰਾਜਸੀ ਚੇਤਨਾ ਦਾ ਇਹ ਚਿਰੋਕਣਾ ਦੋਸ਼ ਦੂਰ ਕਰਨ ਲਈ ਇਸ ਅੰਦੋਲਨ ਦਾ ਐਲਾਨ ਕੀਤਾ ਕਿ 'ਜਿਨਕੀ ਜਾਤ ਗੋਤ ਕੁਲ ਮਾਹੀਂ, ਸਰਦਾਰੀ ਨਾ ਭਈ ਕਦਾਹੀਂ। ਤਿਨਹੀ ਕੋ ਸਰਦਾਰ ਬਨਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ।'

ਦੇਸ਼ ਅਜ਼ਾਦ ਹੋਣ ਤੋਂ ਬਾਅਦ ਪੰਜਾਬ ਦੀ ਸਿਆਸਤ ਦਾ ਜਾਤੀ-ਦੋਸ਼ ਟੁੱਟਦਾ ਨਜ਼ਰ ਆਉਣ ਲੱਗਾ ਤੇ ਇਥੇ ਬਣਨ ਵਾਲੇ ਮੁੱਖ ਮੰਤਰੀਆਂ ਵਿਚ ਵੰਨ-ਸੁਵੰਨਤਾ ਨਜ਼ਰ ਆਉਣ ਲੱਗੀ। ਗੋਪੀ ਚੰਦ ਭਾਰਗਵ, ਭੀਮ ਸੈਨ ਸੱਚਰ, ਪਰਤਾਪ ਸਿੰਘ ਕੈਰੋਂ ਤੇ ਰਾਮ ਕਿਸ਼ਨ ਉਸ ਸਮੇਂ ਦੇ ਮੁੱਖ ਮੰਤਰੀ ਸਨ, ਜਿਸ ਸਮੇਂ ਪੰਜਾਬ ਵਿਚ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਬੋਲਬਾਲਾ ਹਾਲੇ ਸ਼ਾਇਦ ਬਚਿਆ ਹੋਇਆ ਸੀ।

ਸਾਡੇ ਸਮਾਜ ਵਿਚ ਅਜਿਹਾ ਬੋਲਬਾਲਾ ਵਿਹਾਰਕ ਰੂਪ ਵਿਚ ਪਸੰਦ ਨਹੀਂ ਕੀਤਾ ਜਾਂਦਾ। ਸਿਰਫ ਇਸਦੀਆਂ ਗੱਲਾਂ ਹੁੰਦੀਆਂ ਹਨ। ਇਸ ਲਈ 1966 ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਦਾ ਅਣਲਿਖਤ ਰਾਖਵਾਂਕਰਣ ਕਰ ਦਿਤਾ ਗਿਆ। ਇਹ ਰਾਖਵਾਂਕਰਣ ਇਕ ਵਾਰੀ ਗਿਆਨੀ ਜ਼ੈਲ ਸਿੰਘ ਨੇ ਤੋੜਿਆ ਤੇ ਦੂਜੀ ਵਾਰ ਚੰਨੀ ਵੇਲੇ ਇਹ ਮਸਾਂ ਹੀ ਟੁੱਟਣੋਂ ਬਚਿਆ। ਵਿਚਾਰੇ ਚੰਨੀ ਨੂੰ ਇਸ 'ਗੁਨਾਹ' ਬਦਲੇ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਨਜ਼ਰ ਆਈ, ਜਿਸ ਕਰਕੇ ਉਸਨੇ ਦੋ ਥਾਵਾਂ 'ਤੋਂ ਚੋਣ ਲੜੀ। ਪਰ ਉਸਨੂੰ ਦੋਵਾਂ ਥਾਵਾਂ ਤੋਂ ਹਰਾ ਕੇ ਦੱਸ ਦਿਤਾ ਗਿਆ ਕਿ ਜੇ ਉਸਨੇ ਗੁਰੂਆਂ ਦੀ ਧਰਤੀ 'ਤੇ ਰਹਿਣਾ ਹੈ ਤਾਂ ਉਹ ਇਥੋਂ ਦੀ ਸਰਦਾਰੀ ਦੇ ਸਤੀਰਾਂ ਨੂੰ ਜੱਫੇ ਪਾਉਣ ਤੋਂ ਗੁਰੇਜ਼ ਕਰੇ। ਸ਼ਾਇਦ ਉਸਨੂੰ ਪਤਾ ਨਹੀਂ ਸੀ ਕਿ ਜਦ ਗਿਆਨੀ ਜ਼ੈਲ ਸਿੰਘ ਪੰਜਾਬ ਦਾ ਮੁੱਖ ਮੰਤਰੀ ਸੀ ਤਾਂ ਉਸ ਵੇਲੇ ਅਕਾਲੀ ਕਾਨਫਰੰਸਾਂ ਵਿਚ ਇਹ ਨਾਅਰਾ ਪ੍ਰਚੱਲਤ ਹੋ ਗਿਆ ਸੀ: 'ਉੱਪਰ ਬਾਹਮਣੀ ਹੇਠ ਤਖਾਣ, ਭੁੱਖਾ ਮਰ ਗਿਆ ਹਿੰਦੁਸਤਾਨ।'

ਸਾਰੀ ਸ੍ਰਿਸ਼ਟੀ ਗੁਰਮਤਿ ਦਾ ਘਰ ਹੈ। ਪਰ ਪੰਜਾਬ ਵਿਚ ਇਸਦੀ ਹਾਜ਼ਰੀ ਕੁਝ ਵਧੇਰੇ ਸਮਝੀ ਜਾਂਦੀ ਹੈ। ਹੈਰਾਨੀ ਹੁੰਦੀ ਹੈ ਕਿ ਇਕ ਪਾਸੇ 'ਪੰਜਾਬ ਵਸਦਾ ਗੁਰਾਂ ਦੇ ਨਾਂ' ਦਾ ਪ੍ਰਚਾਰ ਹੈ ਤੇ ਦੂਜੇ ਪਾਸੇ ਗੁਰੂ ਸਾਹਿਬਾਨ ਦੇ ਵਿਚਾਰ ਅਤੇ ਵਿਹਾਰ ਨੂੰ ਪੰਜਾਬ ਵਿਚ ਸੁਪਨੇ ਲੈਣ ਦੀ ਵੀ ਮਨਾਹੀ ਹੈ। ਹੈਰਾਨੀ ਦੀ ਗੱਲ ਹੈ ਕਿ ਸਾਡੇ ਲੋਕ ਸੰਵਿਧਾਨ ਵਿਚ ਲਿਖੇ ਹੋਏ ਰਾਖਵੇਂਕਰਣ ਨੂੰ ਖ਼ਤਮ ਕਰਨ ਲਈ ਤਾਂ ਸੋਚਦੇ ਹਨ, ਪਰ ਜਿਹੜਾ ਰਾਖਵਾਂਕਰਣ ਕਿਤੇ ਲਿਖਿਆ ਵੀ ਨਹੀਂ ਹੋਇਆ, ਉਹਦੇ ਬਾਰੇ ਕੋਈ ਨਹੀਂ ਸੋਚਦਾ।

ਕਿਸੇ ਦੀ ਚੰਗਿਆਈ ਦਾ ਉਸਦੀ ਜਾਤ ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਲਈ ਹਰ ਜਾਤ ਦੇ ਲੋਕ ਚੰਗੇ ਵੀ ਹੋ ਸਕਦੇ ਹਨ ਤੇ ਮਾੜੇ ਵੀ। ਚੰਗੇ ਮਾੜੇ ਹੋਣਾ ਜਾਤੀ ਵਰਤਾਰਾ ਨਹੀਂ, ਜ਼ਾਤੀ ਹੈ। ਸਾਨੂੰ ਜਾਤ ਅਤੇ ਜ਼ਾਤ ਵਿਚਲੇ ਫਰਕ ਦਾ ਪਤਾ ਹੋਣਾ ਚਾਹੀਦਾ। ਕਿਸੇ ਦੀ ਜ਼ਾਤ ਦੇਖਣੀ ਚਾਹੀਦੀ ਹੈ ਜਾਤ ਨਹੀਂ। ਜਾਤ ਆਪ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ਜਦਕਿ ਆਪਣੀ ਜ਼ਾਤ ਹਰ ਕੋਈ ਆਪ ਘੜਦਾ ਹੈ। ਜਾਤ ਦਾ ਸਬੰਧ ਨਸਲ ਨਾਲ ਹੈ ਤੇ ਜ਼ਾਤ ਦਾ ਸਬੰਧ ਖ਼ਸਲਤ ਨਾਲ ਹੈ। ਖ਼ਸਲਤ ਸ਼ਖ਼ਸੀਅਤ ਨੂੰ ਕਹਿੰਦੇ ਹਨ।

ਪੰਜਾਬ ਦਾ ਮੁੱਖ ਮੰਤਰੀ ਬਣਨ ਦੇ ਦਾਅਵੇਦਾਰਾਂ ਦੀ ਨਸਲ ਦੀ ਬਜਾਏ ਖ਼ਸਲਤ, ਸ਼ਖ਼ਸੀਅਤ ਜਾਂ ਜ਼ਾਤ ਦੇਖਣ ਦੀ ਲੋੜ ਹੈ ਕਿ ਉਸਦੀ ਸੋਚ ਕਿਸਤਰਾਂ ਦੀ ਹੈ ਤੇ ਉਸਦਾ ਕਿਰਦਾਰ ਅਤੇ ਵਿਵਹਾਰ ਕਿਹੋ ਜਿਹਾ ਹੈ। ਕਿਆ ਉਸਦੇ ਕਿਰਦਾਰ ਅਤੇ ਵਿਵਹਾਰ ਵਿਚ ਲਿਆਕਤ ਤੇ ਸਦਾਚਾਰ ਨਾਂ ਦੀ ਕੋਈ ਚੀਜ਼ ਹੈ?

ਸਦਾਚਾਰ ਦਾ ਅਰਥ ਉਹ ਆਚਰਣ ਨਹੀਂ, ਜਿਹੜਾ ਸਦਾ ਰਹਿੰਦਾ ਹੈ। ਸਦਾ ਚੋਰੀ ਕਰਨ ਵਾਲੇ ਦਾ ਚੋਰੀ ਸਦਾਚਾਰ ਨਹੀਂ ਹੁੰਦਾ। ਬਲਕਿ ਸਦਾਚਾਰ ਦਾ ਅਰਥ ਸੱਚਾ ਆਚਰਣ ਹੈ। ਸੰਸਕ੍ਰਿਤ ਵਿਚ ਸਤ ਅਤੇ ਸਦ ਦਾ ਇਕ ਹੀ ਅਰਥ ਹੈ। ਧਰਮ ਦਾ ਅਰਥ ਵੀ ਸਦਾਚਾਰ ਹੈ। ਜਿਹੜਾ ਬੰਦਾ ਸਦਾਚਾਰੀ ਨਹੀਂ, ਉਹ ਧਰਮੀ ਨਹੀਂ। ਉਹੀ ਧਰਮੀ ਹੈ ਜਿਹੜਾ ਸਦਾਚਾਰੀ ਹੈ।

ਸੱਚ ਦੇ ਵੀ ਦੋ ਪੱਖ ਹਨ, ਜਿਸਦਾ ਇਕ ਪੱਖ ਸਮੇਂ ਨਾਲ ਜੁੜਿਆ ਹੋਇਆ ਹੈ ਤੇ ਦੂਜਾ ਸਥਾਨ ਨਾਲ। ਜਿਹੜਾ ਬੰਦਾ ਅੱਜ ਕੁਝ ਹੋਰ ਕਹਿੰਦਾ ਹੈ ਤੇ ਅਗਲੇ ਦਿਨ ਬਦਲ ਜਾਂਦਾ ਹੈ ਉਹ ਸੱਚਾ ਨਹੀਂ। ਜਿਹੜਾ ਬੰਦਾ ਇਕ ਥਾਂ ਕੁਝ ਕਹਿੰਦਾ ਹੈ ਤੇ ਕਿਸੇ ਹੋਰ ਥਾਂ ਕੁਝ ਹੋਰ, ਉਹ ਵੀ ਸੱਚਾ ਨਹੀਂ। ਸੱਚਾ ਉਹ ਹੈ ਜਿਸਦਾ ਵਿਚਾਰ ਤੇ ਵਿਹਾਰ ਹਰ ਥਾਂ ਤੇ ਹਰ ਸਮੇਂ ਇਕਸਾਰ ਰਹਿੰਦਾ ਹੈ।

ਇਕ ਵਾਰੀ ਅਟਲ ਬਿਹਾਰੀ ਬਾਜਪੇਈ ਜੀ ਚੰਡੀਗੜ੍ਹ ਆਏ ਤੇ ਜਦ ਉਹ ਸਟੇਜ ਵੱਲ ਆਏ ਤਾਂ ਲੋਕ ਨਾਅਰੇ ਮਾਰਨ ਲਗੇ ਕਿ 'ਦੇਸ਼ ਕਾ ਨੇਤਾ ਕੈਸਾ ਹੋ, ਬਾਜਪੇਈ ਜੈਸਾ ਹੋ।' ਪਰ ਜਦ ਉਹ ਮਾਈਕ 'ਤੇ ਆਏ ਤਾਂ ਆਪਣੇ ਅੰਦਾਜ਼ ਵਿਚ ਕਹਿਣ ਲੱਗੇ 'ਸਵਾਲ ਇਹ ਨਹੀਂ ਕਿ ਦੇਸ਼ ਕਾ ਨੇਤਾ ਕੈਸਾ ਹੋ। ਸਵਾਲ ਇਹ ਹੈ ਕਿ ਦੇਸ਼ ਕੈਸਾ ਹੋ'। ਫਿਰ ਉਨ੍ਹਾਂ ਨੇ ਗੱਲ ਸੁਣਾਈ ਕਿ ਇਕ ਬੰਦਾ ਸ਼ਹਿਰ ਤੋਂ ਦੋ ਅੰਬ ਲੈ ਆਇਆ। ਜਦ ਉਹ ਘਰ ਪਹੁੰਚਿਆ ਤਾਂ ਉਸਨੇ ਆਪਣੇ ਦੋਵਾਂ ਹੱਥਾਂ ਵਿਚ ਇਕ ਇਕ ਅੰਬ ਫੜ ਲਿਆ। ਦੇਖਿਆ ਕਿ ਉਸਦੇ ਜਿਸ ਹੱਥ ਵਿਚ ਛੋਟਾ ਅੰਬ ਹੈ ਉਸ ਪਾਸੇ ਉਸਦਾ ਆਪਣਾ ਬੱਚਾ ਹੈ ਤੇ ਜਿਸ ਹੱਥ ਵਿਚ ਵੱਡਾ ਅੰਬ ਹੈ ਉਸ ਪਾਸੇ ਉਸਦੇ ਭਾਈ ਦਾ ਬੱਚਾ ਹੈ। ਇਸ ਲਈ ਉਸਨੇ ਆਪਣੇ ਦੋਵੇਂ ਹੱਥ ਕਰੌਸ ਕਰ ਲਏ ਤਾਂ ਜੋ ਉਸਦੇ ਆਪਣੇ ਬੱਚੇ ਨੂੰ ਵੱਡਾ ਅੰਬ ਮਿਲ ਸਕੇ। ਬਾਜਪੇਈ ਨੇ ਦੱਸਿਆ ਕਿ ਇਹ ਸਦਾਚਾਰ ਨਹੀਂ ਹੈ। ਇਸਦਾ ਮਤਲਬ ਸਾਫ ਹੈ ਕਿ ਸਦਾਚਾਰ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਨੂੰ ਕਿਹਾ ਜਾਂਦਾ ਹੈ।

ਬੇਸ਼ਕ ਬਾਜਪੇਈ ਜੀ ਦੀਆਂ ਕਹੀਆਂ ਦੋਵੇਂ ਗੱਲਾਂ ਸਹੀ ਸਨ। ਪਰ ਅਜ ਸਾਨੂੰ ਦੇਸ਼ ਕੈਸਾ ਹੈ ਦੇ ਨਾਲ ਇਹ ਵੀ ਦੇਖਣ ਦੀ ਲੋੜ ਹੈ ਕਿ ਦੇਸ਼ ਦਾ ਨੇਤਾ ਕੈਸਾ ਹੋਵੇ। ਕੀ ਉਸਦੇ ਵਿਚਾਰ ਅਤੇ ਵਿਹਾਰ ਵਿਚ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦਾ ਭਾਵ ਹੈ? ਜੇ ਇਹ ਭਾਵ ਉਸਦੀ ਖ਼ਸਲਤ ਦਾ ਹਿੱਸਾ ਹੈ ਤਾਂ ਉਹ ਸਾਡਾ ਨੇਤਾ ਹੈ। ਨਹੀਂ ਤਾਂ ਨਹੀਂ। ਕਿਉਂਕਿ ਮੁੱਖ ਮੰਤਰੀ ਲਈ



ਜ਼ਰੂਰੀ ਹੈ ਕਿ ਉਹ ਹਰ ਧਰਮ, ਹਰ ਜਾਤ ਤੇ ਹਰੇਕ ਕਿੱਤੇ ਦੇ ਲੋਕਾਂ ਦਾ ਇਕੋ ਜਿਹਾ ਖ਼ਿਆਲ ਰੱਖੇ।

ਕਿਸੇ ਦੀਆਂ ਦੋ ਧੀਆਂ ਸਨ। ਇਕ ਕਿਸਾਨ ਪਰਿਵਾਰ ਵਿਚ ਤੇ ਦੂਜੀ ਮਿੱਟੀ ਦੇ ਭਾਂਡਿਆਂ ਦਾ ਕਾਰੋਬਾਰ ਕਰਨ ਵਾਲੇ ਪਰਿਵਾਰ ਵਿਚ ਵਿਆਹੀ ਗਈ। ਉਨ੍ਹਾਂ ਦਾ ਬਾਪ ਮਿਲਣ ਆਇਆ ਤਾਂ ਕਿਸਾਨ ਪਰਿਵਾਰ ਵਾਲੀ ਕੁੜੀ ਕਹਿਣ ਲੱਗੀ ਬਾਪੂ ਜੇ ਮੀਂਹ ਚੰਗਾ ਪੈ ਜਾਵੇ ਤਾਂ ਚਾਰ ਟਾਂਡੇ ਹੋ ਜਾਣਗੇ ਤੇ ਬਚ ਜਾਵਾਂਗੇ। ਦੂਜੀ ਦੇ ਘਰ ਗਿਆ ਤਾਂ ਉਹ ਕਹਿਣ ਲਗੀ ਕਿ ਜੇ ਮੀਂਹ ਨਾ ਪਵੇ ਤਾਂ ਚਾਰ ਭਾਂਡੇ ਪੱਕ ਜਾਣਗੇ ਤਾਂ ਬਚ ਜਾਵਾਂਗੇ। ਬਾਪ ਘਰ ਵਾਪਸ ਗਿਆ ਤਾਂ ਉਸਦੀ ਪਤਨੀ ਕੁੜੀਆਂ ਬਾਰੇ ਪੁੱਛਣ ਲੱਗੀ। ਬਾਪ ਕਹਿਣ ਲੱਗਾ ਕਿ ਇਕ ਹੀ ਬਚਣੀ ਹੈ ਜਾਂ ਭਾਂਡਿਆਂ ਵਾਲੀ ਗਈ ਜਾਂ ਟਾਂਡਿਆਂ ਵਾਲੀ ਗਈ।

ਇਹ ਕੁਦਰਤ ਦਾ ਅਸੂਲ ਹੈ। ਪਰ ਸੱਭਿਆਚਾਰ ਦਾ ਇਹ ਅਸੂਲ ਨਹੀਂ ਹੈ। ਸੱਭਿਆਚਾਰ ਵਿਚ ਸਭ ਦਾ ਖਿਆਲ ਰੱਖਣਾ ਹੁੰਦਾ ਹੈ। ਨੇਚਰ ਵਿਚ ਉਹੀ ਬਚਦਾ ਹੈ ਜਿਹੜਾ ਫਿੱਟ ਹੋਵੇ। ਪਰ ਕਲਚਰ ਦਾ ਅਰਥ ਉਸਨੂੰ ਪਹਿਲ ਦੇਣੀ ਹੈ ਜਿਹੜਾ ਕਮਜ਼ੋਰ ਹੋਵੇ।

ਕੁਦਰਤ ਵਿਚ ਸ਼ੇਰ ਵੀ ਦੌੜਦਾ ਹੈ ਤੇ ਹਿਰਨ ਵੀ। ਸ਼ੇਰ ਦਾ ਬਚਾਅ ਦੌੜ ਕੇ ਹਿਰਨ ਨੂੰ ਮਾਰਨ ਵਿਚ ਹੈ ਤੇ ਹਿਰਨ ਦਾ ਬਚਾਅ ਦੌੜ ਕੇ ਸ਼ੇਰ ਤੋਂ ਬਚਣ ਵਿਚ ਹੈ। ਜਦ ਕੋਈ ਸੱਭਿਅਕ ਇਨਸਾਨ ਸ਼ੇਰ ਨੂੰ ਹਿਰਨ ਦੇ ਮਗਰ ਦੌੜਦੇ ਹੋਏ ਦੇਖਦਾ ਹੈ ਤਾਂ ਉਸਦੇ ਮਨ ਵਿਚ ਹਿਰਨ ਪ੍ਰਤੀ ਹਮਦਰਦੀ ਜਾਗਦੀ ਹੈ। ਉਹ ਮਨ ਹੀ ਮਨ ਹਿਰਨ ਦੇ ਨਾਲ ਦੌੜਨ ਲਗਦਾ ਹੈ ਤਾਂ ਕਿ ਹਿਰਨ ਦਾ ਬਚਾਅ ਹੋ ਸਕੇ।

ਆਰਥਰ ਸ਼ੋਪਨਿਅਰ ਨੇ ਆਪਣੀ ਕਿਤਾਬ 'ਠਹਏ ੱੋਰਲਦ ਓਸ ੱਲਿਲ ਓਨਦ੍ ਏਪਰਏਸਏਨਟਅਟੋਿਨ' ਵਿਚ ਕਿਹਾ: ਮੇਰਾ ਸਰੀਰ ਮੇਰੀ ਇੱਛਾ ਦਾ ਹੀ ਸਾਕਾਰ ਰੂਪ ਹੈ। ਇੱਛਾ ਪਹਿਲਾਂ ਆਉਂਦੀ ਹੈ ਤੇ ਸਰੀਰ ਉਸ ਇੱਛਾ ਦੀ ਪੂਰਤੀ ਲਈ ਬਾਅਦ ਵਿੱਚ ਆਉਂਦਾ ਹੈ। ਜੇ ਕੋਈ ਮਾਸ ਖਾਣਾ ਚਾਹੁੰਦਾ ਹੈ ਤਾਂ ਕੁਦਰਤ ਉਸਨੂੰ ਸ਼ੇਰ ਵਰਗਾ ਸ਼ਿਕਾਰੀ ਸਰੀਰ ਦਿੰਦੀ ਹੈ। ਜੇ ਕੋਈ ਉਡਨਾ ਚਾਹੁੰਦਾ ਹੈ ਤਾਂ ਕੁਦਰਤ ਉਸਨੂੰ ਪੰਛੀ ਵਰਗਾ ਸਰੀਰ ਦਿੰਦੀ ਹੈ। ਜੇ ਕੋਈ ਸੋਚਣਾ ਚਾਹੁੰਦਾ ਹੈ ਤਾਂ ਕੁਦਰਤ ਉਸਨੂੰ ਮਨੁੱਖ ਜਿਹਾ ਸਰੀਰ ਦਿੰਦੀ ਹੈ। ਸ਼ੋਪਨਿਅਰ ਨੇ ਕਿਹਾ: ਸਾਡਾ ਸਰੀਰ ਅਸਲ ਵਿਚ ਸਾਡੀ ਇੱਛਾ ਦਾ ਹੀ ਦਿਖਦਾ ਰੂਪ ਹੈ। ਰਿਸ਼ੀ ਅਰਬਿੰਦੋ ਜੀ ਨੇ ਇਸ ਵਿਚਾਰ ਨੂੰ ਇਸਤਰਾਂ ਕਿਹਾ: ਜੇ ਸਾਡਾ ਸਰੀਰ ਇੱਛਾ ਦਾ ਹੀ ਵਿਸਥਾਰ ਹੈ ਤਾਂ ਜਦ ਸਾਡੀ ਇੱਛਾ ਮਹਾਨ ਇੱਛਾ ਵਿਚ ਬਦਲੇਗੀ ਤਾਂ ਸਾਡਾ ਸਰੀਰ ਵੀ ਜ਼ਰੂਰ ਬਦਲੇਗਾ। ਇਸੇ ਲਈ ਉਸਨੇ ਕਿਹਾ: ਭਵਿੱਖ ਦੇ ਮਨੁੱਖ ਦਾ ਸਰੀਰ ਅਜਿਹਾ ਨਹੀਂ ਹੋਵੇਗਾ।

ਅਜ ਅਸੀਂ ਇਹ ਸੋਚ ਕੇ ਹੈਰਾਨ ਹੁੰਦੇ ਹਾਂ ਕਿ ਬੀਤੇ ਵਿਚ ਮਨੁਖ, ਮਨੁਖ ਨੂੰ ਮਾਰ ਕੇ ਖਾਂਦਾ ਸੀ। ਉਹ ਸਮਾਂ ਵੀ ਆਵੇਗਾ ਜਦ ਮਨੁਖ ਇਹ ਸੋਚ ਕੇ ਹੈਰਾਨ ਹੋਵੇਗਾ, ਉਹ ਕਿਸੇ ਵੇਲੇ ਮਾਸ ਖਾਂਦਾ ਸੀ। ਇਸਤੋਂ ਵੀ ਅੱਗੇ ਜਾ ਕੇ ਲੋਕ ਇਹ ਸੋਚ ਕੇ ਹੈਰਾਨ ਹੋਣਗੇ ਕਿ ਉਨ੍ਹਾਂ ਦੇ ਪੁਰਵਜ ਕਿਸੇ ਵੇਲੇ ਪਸ਼ੂਆਂ ਦੇ ਬੱਚਿਆਂ ਦੇ ਹਿੱਸੇ ਦਾ ਦੁੱਧ ਪੀਂਦੇ ਸਨ। ਇਹ ਗੱਲ ਤਾਂ ਸੋਚਣੀ ਵੀ ਹਾਲੇ ਦੂਰ ਲਗਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਲੋਕ ਇਹ ਸੋਚ ਕੇ ਦੁਖੀ ਹੋਣਗੇ ਕਿ ਉਹ ਕਿਸੇ ਵੇਲੇ ਪਰਾਇਆ ਹੱਕ ਖਾਂਦੇ ਸਨ। ਸੁਰਜੀਤ ਪਾਤਰ ਨੇ ਆਪਣੀ ਕਵਿਤਾ ਵਿਚ ਅਜਿਹਾ ਕਿਆਸ ਕੀਤਾ ਹੈ: ਜਾਲ 'ਚੋ ਮਛਲੀਆਂ ਉਹ ਫਿਰ ਜਲ 'ਚ ਸੁਟ ਗਏ, ਮੇਰੇ ਜਿਹੇ ਹੀ ਕੋਈ ਕਮਦਿਲੇ ਹੋਣਗੇ।

ਅੱਜ ਵੀ ਕਿਸੇ ਮਨੁਖ ਨੂੰ ਲੋਕਾਂ ਦਾ ਭਾਰ ਖਿੱਚਦੇ ਹੋਏ ਦੇਖਦੇ ਹਾਂ ਤਾਂ ਮਨ ਵਿਚ ਸਵਾਲ ਉਠਦਾ ਹੈ ਕਿ ਹਾਲੇ ਵੀ ਬਹੁਤ ਸਾਰੇ ਲੋਕਾਂ ਲਈ ਕੁਝ ਲੋਕ ਖੋਤੇ, ਘੋੜੇ ਜਾਂ ਬਲਦਾਂ ਤੋਂ ਵੱਧ ਨਹੀਂ ਹਨ। ਰਿਕਸ਼ੇ ਦੇ ਪਿੱਛੇ ਬੈਠੇ ਲੋਕ ਬੇਸ਼ਕ ਇਸ ਵਿਚ ਆਪਣੀ ਸ਼ਾਨ ਸਮਝਦੇ ਹੋਣ ਕਿ ਉਹ ਏਨੇ ਜੋਗੇ ਹਨ ਕਿ ਉਨ੍ਹਾਂ ਨੂੰ ਪੈਦਲ ਨਾ ਤੁਰਨਾ ਪਵੇ। ਪਰ ਉਹ ਇਹ ਨਹੀਂ ਜਾਣਦੇ ਕਿ ਸੰਵੇਦਨਸ਼ੀਲ ਲੋਕਾਂ ਦੀ ਨਜ਼ਰ ਵਿਚ ਉਹ ਅਪਾਹਜ ਹਨ, ਜੋ ਤੁਰ ਨਹੀਂ ਸਕਦੇ। ਬੇਸ਼ਕ ਉਨ੍ਹਾਂ ਦਾ ਸਰੀਰ ਅਪਾਹਜ ਨਹੀਂ, ਸਿਰਫ ਸੋਚ ਹੀ ਅਪਾਹਜ ਹੁੰਦੀ ਹੈ। ਪਰ ਉਨ੍ਹਾਂ ਦੀ ਸੋਚ ਨੇ ਹੀ ਇਕ ਦਿਨ ਉਨ੍ਹਾਂ ਨੂੰ ਅਪਾਹਜ ਬਣਾ ਦੇਣਾ ਹੈ। ਬੇਸ਼ਕ ਹਾਲੇ ਕਵਿਤਾ ਵਿਚ ਹੀ ਸਹੀ, ਪਰ ਅਜਿਹੀ ਸੰਵੇਦਨਾ ਦੀ ਕਨਸੋ ਸੁਣਨੀ ਸ਼ੁਰੂ ਹੋ ਚੁੱਕੀ ਹੈ ਕਿ ਜਿਹੜਾ ਆਪਣੇ ਹੱਥ ਪੈਰ ਹੁੰਦੇ ਹੋਏ ਵੀ ਹੋਰਨਾਂ ਦੇ ਹੱਥਾਂ ਪੈਰਾਂ 'ਤੇ ਨਿਰਭਰ ਕਰੇਗਾ ਤੇ ਉਸਨੂੰ ਉਸਦਾ ਬਣਦਾ ਹੱਕ ਵੀ ਨਹੀਂ ਦੇਵੇਗਾ, ਉਹ ਵੀ ਇਕ ਨਾ ਇਕ ਦਿਨ ਅਪਾਹਜ ਹੀ ਨਹੀਂ ਬਲਕਿ ਸਮਾਜ ਦੀ ਮੈਲ ਸਮਝਿਆ ਜਾਵੇਗਾ। ਕਿਉਂਕਿ ਕਰੀਮੀ ਲੇਅਰ ਵਜੋਂ ਜਾਣਿਆਂ ਜਾਂਦਾ ਸਮਾਜ ਦਾ ਉਪਰਲਾ ਵਰਗ ਮਲਾਈ ਨਹੀਂ, ਮੈਲ ਹੁੰਦਾ ਹੈ।

ਇਸ ਲਈ 'ਘਾਲਿ ਖਾਇ ਕਿਛੁ ਹਥਹੁ ਦੇਇ' ਦਾ ਵਿਚਾਰ ਅਤੇ ਵਿਹਾਰ ਗੁਰੂ ਨਾਨਕ ਦੇ ਸਮਾਜ ਦਾ ਆਦਰਸ਼ ਹੈ, ਜਿਸ ਵੱਲ ਮਨੁਖ ਜ਼ਰੂਰ ਕਦੇ ਵਧੇਗਾ ਤੇ ਪੁਰਾਣੇ ਧਰਮ ਗ੍ਰੰਥਾਂ ਵਿਚ ਕਿਤੇ-ਕਿਤੇ ਇਹੋ ਜਿਹੀਆਂ ਭਵਿੱਖਬਾਣੀਆਂ ਵੀ ਮਿਲਦੀਆਂ ਹਨ ਜਿਥੇ ਕਿਹਾ ਗਿਆ ਹੈ ਕਿ ਸ਼ੇਰ ਤੇ ਬੱਕਰੀ ਇਕ ਘਾਟ 'ਤੇ ਇਕੱਠੇ ਪਾਣੀ ਪੀਣਗੇ। ਜਿਥੇ ਕੋਈ ਕਿਸੇ ਦਾ ਸ਼ਿਕਾਰ ਨਹੀਂ ਕਰੇਗਾ, ਬਲਕਿ ਹਰ ਕੋਈ ਮਿਹਨਤ ਕਰ ਕੇ ਆਪੋ ਆਪਣੇ ਹੱਕ ਦੀ ਕਮਾਈ 'ਤੇ ਨਿਰਭਰ ਰਹੇਗਾ।

ਬੇਸ਼ਕ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਅਜਿਹਾ ਸਮਾਂ ਕਦੇ ਸਚਮੁਚ ਆਵੇਗਾ, ਜਦ ਕੋਈ ਕਿਸੇ ਦਾ ਹੱਕ ਨਹੀਂ ਮਾਰੇਗਾ। ਪਰ ਇਸਤਰਾਂ ਜ਼ਰੂਰ ਨਾਲ ਮਨੁਖ ਦੇ ਇਨਸਾਨ ਹੋਣ ਦੀ ਪਰਿਭਾਸ਼ਾ ਜ਼ਰੂਰ ਜੁੜੀ ਹੋਈ ਹੈ। ਜਿਹੜਾ ਇਸਤਰਾਂ ਸੋਚੇਗਾ ਸ਼ਾਇਦ ਆਉਣ ਵਾਲੇ ਸਮੇਂ ਵਿਚ ਉਹੀ ਮਨੁਖ ਇਨਸਾਨ ਸਮਝਿਆ ਜਾਵੇਗਾ।

# ਨਹੀਂ ਭੁਲਦਾ ਹਾਸਿਆਂ ਦਾ ਬਾਦਸ਼ਾਹ ਜਸਵਿੰਦਰ ਭੱਲਾ

ਬਲਦੇਵ ਸਿੰਘ ਬੇਦੀ



ਪੰਜਾਬੀ ਜਾਬੀ ਸਿਨੇਮਾ, ਰੰਗਮੰਚ ਤੇ ਮਨੋਰੰਜਨ ਦੇ ਖੇਤਰ ਵਿੱਚ ਕੁਝ ਕਲਾਕਾਰ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀ ਕਲਾ ਸਮੇਂ ਦੀਆਂ ਹੱਦਾਂ ਪਾਰ ਕਰਕੇ ਲੋਕਾਂ ਦੀਆਂ ਯਾਦਾਂ ਦਾ ਹਿੱਸਾ ਬਣ ਜਾਂਦੀ ਹੈ। ਡਾ. ਜਸਵਿੰਦਰ ਸਿੰਘ ਭੱਲਾ ਵੀ ਅਜਿਹੀ ਹੀ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਪੰਜਾਬੀ ਕਾਮੇਡੀ ਨੂੰ ਨਵੀਂ ਪਛਾਣ ਦਿੱਤੀ ਅਤੇ ਹਾਸੇ ਨੂੰ ਸਿਰਫ਼ ਮਨੋਰੰਜਨ ਤੱਕ ਸੀਮਤ ਨਾ ਰੱਖਦਿਆਂ ਸਮਾਜਿਕ ਸਰੋਕਾਰਾਂ ਨਾਲ ਜੋੜਿਆ। ਉਨ੍ਹਾਂ ਦੀ ਅਦਾਕਾਰੀ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ, ਪੰਜਾਬੀ ਬੋਲੀ ਦੀ ਮਿਠਾਸ, ਆਮ ਲੋਕਾਂ ਦੀ ਜ਼ਿੰਦਗੀ ਤੇ ਸਮਾਜ ਦੀਆਂ ਤਲਖ਼ ਹਕੀਕਤਾਂ ਇਕੱਠੀਆਂ ਨਜ਼ਰ ਆਉਂਦੀਆਂ ਸਨ।

4 ਮਈ 1960 ਨੂੰ ਲੁਧਿਆਣਾ ਨੇੜਲੇ ਕਸਬੇ ਦੋਰਾਹਾ ਵਿਖੇ ਜਨਮੇ ਜਸਵਿੰਦਰ ਭੱਲਾ ਦਾ ਪਾਲਣ-ਪੋਸ਼ਣ ਸਿੱਖਿਆ ਤੇ ਅਨੁਸ਼ਾਸਨ ਵਾਲੇ ਮਾਹੌਲ ਵਿੱਚ ਹੋਇਆ। ਉਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਬੀਐੱਸਸੀ ਤੇ ਐੱਮਐੱਸਸੀ ਦੀ ਪੜ੍ਹਾਈ ਕੀਤੀ ਅਤੇ ਇਸ ਤੋਂ ਬਾਅਦ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਟ ਕਾਲਜ, ਮੇਰਠ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ। ਸਿੱਖਿਆ ਦੇ ਖੇਤਰ ਨਾਲ ਜੁੜੇ ਰਹਿੰਦਿਆਂ ਉਨ੍ਹਾਂ



ਨੇ ਪੀਏਯੂ 'ਚ 1989 ਤੋਂ 2020 ਤੱਕ ਅਧਿਆਪਨ ਦੀ ਸੇਵਾ ਨਿਭਾਈ। ਇਸਦੇ ਨਾਲ-ਨਾਲ ਉਨ੍ਹਾਂ ਅੰਦਰਲਾ ਕਲਾਕਾਰ ਵੀ ਲਗਾਤਾਰ ਵਿਕਸਤ ਹੁੰਦਾ ਰਿਹਾ। ਹਾਸਰਸ, ਮੰਚ ਪੇਸ਼ਕਾਰੀ ਅਤੇ ਲੋਕਾਂ ਨਾਲ ਹਾਸਿਆਂ ਭਰੀਆਂ ਗੱਲਾਂ ਕਰਨ ਦੀ ਕਾਬਲੀਅਤ ਨੇ ਉਨ੍ਹਾਂ ਨੂੰ ਮਨੋਰੰਜਨ ਦੀ ਦੁਨੀਆ ਵੱਲ ਲਿਆਂਦਾ। ਅੱਲ੍ਹੜ ਉਮਰੇ ਹੀ ਆਲ ਇੰਡੀਆ ਰੇਡੀਓ ਜਲੰਧਰ ਨਾਲ ਜੁੜਨਾ ਉਨ੍ਹਾਂ ਦੇ ਕਲਾਤਮਕ ਸਫ਼ਰ ਦਾ ਮਹੱਤਵਪੂਰਨ ਪੜਾਅ ਸਾਬਤ ਹੋਇਆ।

ਬਾਲ ਮੁਕੰਦ ਸ਼ਰਮਾ ਨਾਲ ਉਨ੍ਹਾਂ ਦੀ 'ਚਾਚੇ ਭਤੀਜੇ ਵਾਲੀ ਜੋੜੀ ਅਤੇ 'ਛਣਕਾਟੇ' ਨੇ ਸਰੋਤਿਆਂ ਵਿੱਚ 27 ਕੈਸੇਟਾਂ ਰਾਹੀਂ ਖ਼ੂਬ ਲੋਕਪ੍ਰਿਯਤਾ ਹਾਸਲ ਕੀਤੀ। 'ਛਣਕਾਟਾ' ਦੀ ਸਫ਼ਲਤਾ ਦਾ ਮੁੱਖ ਕਾਰਨ ਇਸ ਦੀ ਪੰਜਾਬੀ ਜੀਵਨ ਨਾਲ ਨੇੜਤਾ ਸੀ। ਚਾਚਾ ਚਤਰ - ਸਿੰਘ, ਭਾਨਾ, ਜੇ.ਬੀ. ਅਤੇ ਤਾਇਆ ਫੁੰਮਣ ਸਿੰਘ ਵਰਗੇ ਕਿਰਦਾਰਾਂ ਰਾਹੀਂ ਭੱਲਾ ਸਾਬ੍ਹ ਨੇ - ਪਿੰਡਾਂ, ਪਰਿਵਾਰਾਂ, ਰਿਸ਼ਤਿਆਂ ਅਤੇ ਸਮਾਜਿਕ ਵਿਵਹਾਰ ਦੀਆਂ ਅਨੇਕ ਤਸਵੀਰਾਂ ਪੇਸ਼ ਕੀਤੀਆਂ। ਇਨ੍ਹਾਂ ਕਿਰਦਾਰਾਂ ਵਿੱਚ ਸਰੋਤਿਆਂ ਨੂੰ ਆਪਣੇ ਆਲੇ-ਦੁਆਲੇ ਦੇ ਲੋਕਾਂ ਦੀ ਝਲਕ ਮਿਲਦੀ ਸੀ। ਇਹੀ ਕਾਰਨ ਸੀ ਕਿ ਉਨ੍ਹਾਂ ਦੀ ਕਾਮੇਡੀ ਸਿੱਧੀ ਲੋਕਾਂ ਦੇ ਦਿਲਾਂ ਤੱਕ ਪਹੁੰਚਦੀਰਹੀ। ਫਿਲਮਾਂ ਨੇ ਉਨ੍ਹਾਂ ਦੀ ਕਲਾ ਨੂੰ ਹੋਰ ਵੱਡਾ ਮੰਚ ਦਿੱਤਾ। 'ਦੁੱਲਾ ਭੱਟੀ' ਤੋਂ ਸ਼ੁਰੂ ਹੋਇਆ ਫਿਲਮੀ ਸਫ਼ਰ 'ਕੈਰੀ ਆਨ ਜੱਟਾ', 'ਜੱਟ ਐਂਡ ਜੂਲੀਅਟ', 'ਮੈਰਿਜ ਪੈਲੇਸ', 'ਪਾਵਰ ਕੱਟ' ਅਤੇ 'ਵੇਖ ਬਰਾਤਾਂ ਚੱਲੀਆਂ' ਸਮੇਤ ਕਈ ਹਿੱਟ ਫਿਲਮਾਂ ਤੱਕ ਪਹੁੰਚਿਆ। ਉਹ ਆਪਣੇ ਚਿਹਰੇ ਦੇ ਹਾਵ-ਭਾਵ ਤੇ ਆਵਾਜ਼ ਦੇ ਉਤਾਰ- ਚੜ੍ਹਾਅ ਨਾਲ ਹਰੇਕ ਕਿਰਦਾਰ ਨੂੰ ਜੀਵੰਤ ਕਰ ਦਿੰਦੇ ਸਨ। ਜਸਵਿੰਦਰ ਭੱਲਾ ਦੀ ਕਾਮੇਡੀ ਦੀ ਅਸਲ ਤਾਕਤ ਉਨ੍ਹਾਂ ਦੀ ਬੋਲਚਾਲ ਵਿੱਚ ਵੀ ਨਜ਼ਰ ਆਉਂਦੀ ਸੀ। ਉਨ੍ਹਾਂ ਨੇ ਫਿਲਮਾਂ ਰਾਹੀਂ ਅਜਿਹੇ ਡਾਇਲਾਗ ਬੋਲੇ, ਜੋ ਸਿਰਫ਼ ਦ੍ਰਿਸ਼ਾਂ ਨੂੰ ਹਾਸੇ ਨਾਲ ਨਹੀਂ ਭਰਦੇ ਸਨ, ਸਗੋਂ ਦਰਸ਼ਕਾਂ ਦੀ ਯਾਦ ਵਿੱਚ ਹਮੇਸ਼ਾ ਲਈ ਵੱਸ ਵੀ ਜਾਂਦੇ ਸਨ। 'ਚੱਕ ਦੇ ਫੱਟੇ' ਦੇ 'ਮੈਂ ਤਾਂ ਭੰਨ ਦਊਂ ਬੂੱਲਾਂ ਨਾਲ ਅਖਰੋਟ', 'ਕੈਰੀ ਆਨ ਜੱਟਾ' ਦੇ 'ਢਿੱਲੋਂ ਨੇ ਕਾਲਾ ਕੋਟ ਐਵੇਂ ਨੀ ਪਾਇਆ' ਤੋਂ ਲੈ ਕੇ 'ਗੰਦੀ ਔਲਾਦ, ਨਾ ਮਜ਼ਾ ਨਾ ਸਵਾਦ' ਤੱਕ, 'ਲੱਕੀ ਦੀ ਅਣਲੱਕੀ ਸਟੋਰੀ' ਦੇ '365 ਚਲਿੱਤਰ ਨਾਰ ਦੇ, ਸਾਰਾ ਸਾਲ ਬੰਦੇ ਨੂੰ ਮਾਰਦੇ ਤੱਕ ਉਨ੍ਹਾਂ ਨੇ ਆਪਣੀ ਵੱਖਰੀ ਪਛਾਣ ਬਣਾਈ। 'ਹਵੇਲੀ ਤੇ ਸਹੇਲੀ ਏਨੀ ਛੇਤੀ ਨਹੀਂ ਬਣਦੀ', 'ਜੇ ਚੰਡੀਗੜ੍ਹ ਢਹਿ ਜੂ ਤਾਂ ਪਿੰਡਾਂ ਵਰਗਾ ਤਾਂ ਰਹਿ ਜੂ' ਅਤੇ 'ਮਾੜੀ ਸੋਚ ਤੇ ਪੈਰ ਦੀ ਮੋਚ, ਬੰਦੇ ਨੂੰ ਅੱਗੇ ਵਧਣ ਨਹੀਂ ਦਿੰਦੀ' ਵਰਗੇ ਡਾਇਲਾਗ 'ਚ ਹਾਸੇਂ ਦੇ ਨਾਲ ਪੰਜਾਬੀ ਜੀਵਨ ਦੀ ਸਾਦਗੀ ਤੇ ਦੇਸੀ ਸੋਚ ਦੀ ਝਲਕ ਵੀ ਮਿਲਦੀ ਹੈ। ਉਨ੍ਹਾਂ ਦੀ ਸੰਵਾਦ ਅਦਾਇਗੀ ਇੰਨੀ ਕੁਦਰਤੀ ਸੀ ਕਿ ਕਈ ਵਾਕ ਫਿਲਮਾਂ ਤੋਂ ਨਿਕਲ ਕੇ ਆਮ ਬੋਲਚਾਲ ਦਾ ਹਿੱਸਾ ਵੀ ਬਣੇ ਗਏ।

ਭੱਲਾ ਨਸ਼ਿਆਂ, ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਸਮਾਜਿਕ ਵਿਗਾੜ ਅਤੇ ਭਰੂਣ ਹੱਤਿਆ ਵਰਗੇ ਗੰਭੀਰ ਮੁੱਦਿਆਂ ਨੂੰ ਹਾਸੇ ਦੇ ਅੰਦਾਜ਼ ਵਿੱਚ ਪੇਸ਼ ਕਰਦੇ ਰਹੇ। ਉਹ ਵਿਅਕਤੀ. ਵਿਸ਼ੇਸ਼ ਦੀ ਥਾਂ ਸਮਾਜ ਦੀਆਂ ਕਮਜ਼ੋਰੀਆਂ 'ਤੇ ਵਿਅੰਗ ਕਰਦੇ ਸਨ। ਇਸੇ ਕਰਕੇ ਉਨ੍ਹਾਂ ਦਾ ਹਾਸਾ ਤਿੱਖਾ ਹੋਣ ਦੇ ਬਾਵਜੂਦ ਦਿਲ ਨੂੰ ਨਹੀਂ ਚੁਭਦਾ ਸੀ। ਸ਼ੋਹਰਤ ਮਿਲਣ ਦੇ ਬਾਵਜੂਦ ਉਹ ਆਪਣੀਆਂ ਜੜ੍ਹਾਂ ਨਾਲ ਹਮੇਸ਼ਾ ਜੁੜੇ ਰਹੇ।

22 ਅਗਸਤ 2025 ਨੂੰ ਬ੍ਰੇਨ ਸਟ੍ਰੋਕ ਕਾਰਨ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨੇ ਪੰਜਾਬੀ ਮਨੋਰੰਜਨ ਜਗਤ ਨੂੰ ਗਹਿਰਾ ਸਦਮਾ ਦਿੱਤਾ।

ਉਨ੍ਹਾਂ ਦੇ ਜਾਣ ਨਾਲ ਹਾਸਰਸ ਦੀ ਦੁਨੀਆ ਵਿੱਚ ਇੱਕ ਵੱਡਾ ਘਾਟਾ ਤਾਂ ਜ਼ਰੂਰ ਪਿਆ ਪਰ. 'ਸੱਚੇ ਕਲਾਕਾਰ ਕਦੇ ਵਿਦਾ ਨਹੀਂ ਹੁੰਦੇ। ਉਨ੍ਹਾਂ ਦੇ ਕਿਰਦਾਰ, ਸੰਵਾਦ ਅਤੇ ਪੇਸ਼ਕਾਰੀਆਂ ਉਨ੍ਹਾਂ ਨੂੰ ਲੋਕਾਂ ਦੀਆਂ ਯਾਦਾਂ ਵਿੱਚ ਜਿਊਂਦਾ ਰੱਖਦੀਆਂ ਹਨ। ਅੱਜ ਪੰਜਾਬੀ ਕਾਮੇਡੀ ਜਿਸ ਮੁਕਾਮ 'ਤੇ ਪਹੁੰਚੀ ਹੈ, ਉਸ ਸਫ਼ਰ ਵਿੱਚ ਜਸਵਿੰਦਰ ਭੱਲਾ ਦਾ ਯੋਗਦਾਨ ਹਮੇਸ਼ਾ ਯਾਦ ' ਕੀਤਾ ਜਾਂਦਾ ਰਹੇਗਾ। ਉਹ ਹਾਸਿਆਂ ਦੇ ਅਜਿਹੇ ਕਲਾਕਾਰ ਸਨ, ਜਿਨ੍ਹਾਂ ਦੀ ਕਲਾ ਵਿੱਚ ਪੰਜਾਬ ਸੀ, ਪੰਜਾਬੀਅਤ ਸੀ ਅਤੇ ਆਮ ਮਨੁੱਖ ਦੀ ਜ਼ਿੰਦਗੀ ਦੀ ਸੱਚਾਈ ਸੀ।

## ਕਲਾ ਪਰਿਕਰਮਾ

### ਸਾਦਗੀ ਭਰਿਆ ਰਿਹਾ ਜੀਵਨ

ਉਨ੍ਹਾਂ ਦੀ ਜੀਵਨ ਸਾਥੀ ਪਰਮਦੀਪ ਭੱਲਾ ਅਤੇ ਬੱਚਿਆਂ ਨਾਲ ਉਨ੍ਹਾਂ ਦਾ ਪਰਿਵਾਰਕ ਜੀਵਨ ਸਾਦਗੀ ਭਰਿਆ ਰਿਹਾ। ਪੁੱਤਰ ਪੁਖਰਾਜ ਭੱਲਾ ਨੇ ਵੀ ਅਦਾਕਾਰੀ ਤੇ ਕਾਮੇਡੀ ਦੇ ਖੇਤਰ ਵਿੱਚ ਆਪਣੀ ਪਛਾਣ ਬਣਾਈ। ਵੱਖ-ਵੱਖ ਸਨਮਾਨਾਂ ਤੋਂ ਇਲਾਵਾ ਲੋਕਾਂ ਦਾ ਪਿਆਰ ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਸੀ। ਉਨ੍ਹਾਂ ਦੇ ਨਾਂ 'ਤੇ 'ਡਾ. ਜਸਵਿੰਦਰ ਸਿੰਘ ਭੱਲਾ ਫਾਊਂਡੇਸ਼ਨ' ਦੀ ਸਥਾਪਨਾ ਅਤੇ ਮੋਹਾਲੀ ਵਿੱਚ ਚੌਕ ਦਾ ਨਾਮਕਰਨ ਵੀ ਉਨ੍ਹਾਂ ਪ੍ਰਤੀ ਲੋਕ ਸਤਿਕਾਰ ਦਾ ਪ੍ਰਗਟਾਵਾ ਹੈ।

-0-



# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਅਕਤੂਬਰ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-761



*ਕਾਢ ਕੱਢੀ ਹੈ ਝਾਂਜਰ ਦੀ ਜਿਸ, ਚਾਤੁਰ ਬੰਦਾ ਮੈਨੂੰ ਲੱਗਦਾ ਹੈ,<br>
ਛਣਕਾਟੇ ਤੋਂ ਫਿਰ ਨੱਪਦਾ ਪੈੜਾਂ, ਸ਼ੱਕ ਨਾਰੀ 'ਤੇ ਉਂਝ ਰੱਖਦਾ ਹੈ।<br>
ਆਖਦਾ ਹੈ ਕਦੇ ਪ੍ਰੇਮ ਨਿਸ਼ਾਨੀ, ਮੂੰਹ 'ਤੇ ਅੱਤ-ਸੁੰਦਰ ਦੱਸਦਾ ਹੈ,<br>
ਮੂੰਹੋਂ ਮਿੱਠਾ ਹੈ ਦਿਲ ਦਾ ਕਾ.ਲਾ, ਮਨੋਂ ਮੁਸ਼ਕੀ ਮੁਸ਼ਕੀ ਹੱਸਦਾ ਹੈ।*

## ਕੈਪਸ਼ਨ ਮੁਕਾਬਲਾ-759



ਅਲੋਪ ਹੋ ਰਿਹਾ ਹੈ ਹੌ.ਲੀ ਹੌ.ਲੀ,<br>
ਵਿਰਸੇ ਦੀ ਹੈ ਕਹੇ ਕਹਾਣੀ,<br>
ਨਾ.ਲ ਰੰਬੀਆਂ ਦੇ ਪਿੜ ਘੜਨਾ,<br>
ਘਾਹ ਬੂਟੀ ਵੱਢ ਮੁਕਾਉਣੀ।<br>
ਪੱਥ ਪੱਥ ਗੋਹੇ ਦੀਆਂ ਪਾਥੀਆਂ,<br>
ਬਾਲਣ 'ਕੱਠੇ ਕਰੇ ਸੁਆਣੀ,<br>
ਮੀਂਹ ਕਿਣੀ ਵਿਚ ਕੱਕਰ-ਕੋਰਾ,<br>
ਪੱਕੇਗਾ ਫਿਰ ਲੰਗਰ ਪਾਣੀ।

***-ਸੇਵਾ ਸਿੰਘ 'ਨੂਰਪੁਰੀ'***

---

ਬਾਲਣ ਬਿਨਾ ਤਾਂ ਸਰਦਾ ਨਾਹੀਂ<br>
ਔਖੇ ਦਿਨਾਂ ਦਾ ਫ਼ਿਕਰ ਸਤਾਵੇ।<br>
ਸ਼ਨੇਰ ਗੋਹੇ ਦਾ ਹੋ ਗਿਆ ਵੱਡਾ<br>
ਸੁਆਣੀ ਨੂੰ ਚਿੰਤਾ ਪਈ ਖਾਵੇ<br>
ਜੇਰਾ ਕਰ ਕੇ ਕੱਲੀਓ ਜੁਟ ਗਈ<br>
'ਕੁੱਝ ਨਾ ਕੁੱਝ ਤਾਂ ਕੰਮ ਮੁਕਾਵੇ'।<br>
ਨਾ.ਲ ਹੱਥਾਂ ਦੇ ਪੱਥ ਪੱਥ ਕੇ<br>
ਵਿੱਚ ਕਤਾਰਾਂ ਚਿਣਦੀ ਜਾਵੇ।<br>
ਧੁੱਪ ਲਗਣ ਤੇ ਸੁੱਕ ਜਾਵਣ ਤਾਂ<br>
ਸਾਂਭਣ ਖਾਤਰ ਗੁਹਾਰਾ ਲਾਵੇ।<br>
ਖਿੰਡਦੀ ਜਾਂਦੀ ਜੂਨ ਦੇ ਤਾਈਂ<br>
ਠੁੰਮਣੇ ਲਾ ਲਾ ਡੰਗ ਟਪਾਵੇ।

***-ਜਗਮੀਤ ਸਿੰਘ ਪੰਧੇਰ***<br>
***ਫੋਨ: 98783-37222***

---

ਖੇਤਾਂ ਦੇ ਵਿਚ ਘਰ ਪਾ ਲਏ<br>
ਸੁੱਕੀਆਂ ਲੱਕੜਾਂ ਦੇ ਢੇਰ ਲਾ ਲਏ।<br>
ਪਾਥੀਆਂ ਪੱਥ ਪੱਥ ਖਪਦੀ ਔਰਤ,<br>
ਫਿਕਰ ਘਰ ਦਾ ਵੱਢ ਵੱਢ ਖਾਵੇ।<br>
ਨਾ ਪਾਈਪ ਵਾਲੀ ਗੈਸ,<br>
ਨਾ ਗੈਸ ਸਿਲੰਡਰ ਦਾ,<br>
ਇੰਤਜ਼ਾਮ ਕੋਈ ਹੋ ਪਾਵੇ।<br>
ਰੋਟੀ ਟੁੱਕ ਵੀ ਕਰਨਾ ਘਰ ਜਾ ਕੇ,<br>
ਫਸਲਾਂ ਸਾਂਭਣ ਦੀ ਰੁੱਤ ਵੀ ਜਾਵੇ।<br>
ਰੱਬ ਆਸਰੇ ਚਲਦਾ<br>
ਕੰਮ ਕਿਸਾਨਾਂ ਦਾ,<br>
ਭਾਵੇਂ ਮਸ਼ੀਨਰੀ ਦੀ ਵਰਤੋਂ ਵੀ<br>
ਕੀਤੀ ਜਾਵੇ।

***-ਅਮਰਜੀਤ ਸਿੰਘ ਤੂਰ***

---

ਮੂੰਹ-ਨ੍ਹੇਰੇ ਉਹ ਉਠਦੀ,<br>
ਕਹਿੰਦੇ ਜਿਸ ਪਰਭਾਤ।<br>
ਚਾਟੀਂ ਮਧਾਣੀ ਪਾਉਂਦੀ,<br>
ਰੱਬੀ ਪਾਵੇ ਬਾਤ।<br>
ਮੱਖਣ ਜਦ ਤੱਕ ਆਉਂਦਾ,<br>
ਸੂਰਜ ਚੜ੍ਹਦਾ ਆਣ।<br>
ਨੀਂਦੋਂ ਬਾਲ ਜਾਂ ਉਠਦੇ,<br>
ਦਏ ਉਹਨਾਂ ਵੀ ਖਾਣ।<br>
ਛਾਹ ਵੇਲਾ ਨਿਪਟਾ ਕੇ,<br>
ਮੱਝਾਂ ਦੀ ਲਏ ਸਾਰ।<br>
ਵੜੇਵੇਂ ਸੰਨ੍ਹੀਂ ਪਾ ਕੇ,<br>
ਬਹਿੰਦੀ ਕੱਢਣ ਧਾਰ।<br>
ਗੋਹਾ ਕੂੜਾ ਸਾਂਭਦੀ,<br>
ਸੁੱਟਣ ਜਾਂਦੀ ਬਾਹਰ।<br>
ਪੱਥਣ ਲੱਗੇ ਪਾਥੀਆਂ,<br>
ਹੋਏ ਜੇਠ ਕਿ ਹਾੜ੍ਹ।<br>
ਮੁੜ ਆਵੇ ਘਰ ਆਪਣੇ,<br>
ਕਰਦੀ ਰੋਟੀ ਟੁੱਕ।<br>
ਵਾਟ ਅਜੇ ਤਾਂ ਹੋਰ ਵੀ,<br>
ਸੂਰ ਗਿਆ ਸਿਰ ਢੁੱਕ।<br>
ਪੌਣੇ ਬੰਨ੍ਹ ਕੇ ਰੋਟੀਆਂ,<br>
ਵੰਝੇ ਸਾਈਂ ਦੇ ਖੇਤ।<br>
ਥੱਕੀ ਪਰ ਮੁਸਕਾਉਂਦੀ,<br>
ਦਏ ਨ ਦਿਲ ਦਾ ਭੇਤ।<br>
ਢਿੱਡ ਨੂੰ ਝੁਲਕਾ ਦੇਕੇ,<br>
ਜਾਂਦੀ ਮੰਜੇ ਡਿੱਗ।<br>
ਹੋਣੀ ਆਪਣੀ ਦੇਖ ਕੇ,<br>
ਅੰਦਰੋਂ ਭਰਦਾ ਰੁੱਗ।<br>
ਔਰਤ ਜਣਨੀ ਜੱਗ ਦੀ,<br>
ਰੱਬ ਵਾਲਾ ਨਾਂ ਥਾਂ।<br>
ਵਿਰਲਿਆਂ ਡਿੱਠਾ ਰੱਬ,<br>
ਸਭਨ ਨੂੰ ਦਿਸਦੀ ਮਾਂ।

***-ਗੁਰਬਖਸ਼ ਸਿੰਘ 'ਨਾਕਾਮ'***

---

ਸੁਆਣੀ ਇਕ ਤਾਂ ਪਤੀ ਦੀ ਘਰਵਾਲੀ<br>
ਦੂਜਾ ਘਰ ਦੀ ਘਰ-ਵਾਲੀ<br>
ਸਭ ਘਰੇਲੂ ਕੰਮ ਉਸੇ ਦੇ ਜੁੰਮੇ<br>
ਪਾਥੀਆਂ ਪੱਥਣੀਆਂ<br>
ਤੇ ਨਾਲੇ ਰਸੋਈ ਵਿਚ ਵੀ<br>
ਦਾਲ-ਸਬਜ਼ੀ ਬਣਾਉਣੀ।

***-ਦਰਸ਼ਨ ਪਾਲ ਦੋਸਾਂਝ***

# ਦੋ ਮੰਜਿਆਂ ਨੂੰ ਜੋੜ ਸਪੀਕਰ ਵੱਜਣੇ ਨਾ...

ਸੰਜੀਵ ਝਾਂਜੀ

ਪੰਜਾਬੀ ਸ਼ੁਰੂ ਤੋਂ ਹੀ ਗੀਤ-ਸੰਗੀਤ ਦੇ ਸ਼ੌਕੀਨ ਰਹੇ ਹਨ। ਇਹ ਪੰਜਾਬੀਆਂ ਦੀ ਰੂਹ ਦੀ ਖੁਰਾਕ ਹੈ। ਗਿੱਧਾ, ਭੰਗੜਾ ਤੇ ਲੋਕਗੀਤਾਂ-ਬੋਲੀਆਂ ਦਾ ਅਥਾਹ ਖ਼ਜ਼ਾਨਾ ਇਸਦੀ ਹੀ ਤਾਂ ਹਾਮੀ ਭਰਦਾ ਹੈ। ਖ਼ੁਸ਼ਮਿਜਾਜ ਤੇ ਖੁੱਲਦਿਲੇ ਸੁਭਾਅ ਹੋਣ ਕਾਰਨ ਇਹ ਜਸ਼ਨ ਮਨਾਉਣ ਦਾ ਮੌਕਾ ਲੱਭ ਹੀ ਲੈਂਦੇ ਹਨ। ਵਿਆਹਾਂ ਮੌਕੇ ਅਜਿਹੇ ਜਸ਼ਨ ਹੋਣਾ ਤਾਂ ਆਮ ਗੱਲ ਹੈ ਹੀ, ਕਿਸੇ ਦੇ ਪਾਸ ਹੋਏ ਤੇ, ਜਨਮਦਿਨ ਤੇ, ਵਧਾਈ ਖੁਸ਼ੀ ਦਾ ਕੋਈ ਵੀ ਮੌਕਾ ਹੋਵੇ ਪਾਰਟੀ ਦਾ ਜੁਗਾੜ ਬਣ ਹੀ ਜਾਂਦਾ ਹੈ। ਅਸਲ 'ਚ ਇਹ ਪਾਰਟੀਆਂ ਇਹ ਜਸ਼ਨ ਸਾਡੇ ਸੁਭਾਅ ਅਤੇ ਵਿਰਸੇ ਨੂੰ ਹੀ ਦਰਸ਼ਾਉਂਦੇ ਹਨ। ਇਨ੍ਹਾਂ ਦੀ ਪੂਰਤੀ ਲਈ ਡੀ.ਜੇ. ਲਗਾਉਣਾ, ਵਾਜੇ ਵਜਾਉਣਾ, ਸਪੀਕਰ ਲਾਉਣਾ, ਗਾਇਕ ਆਰਕੈਸਟ੍ਰਾ, ਢੋਲੀ ਬੁਲਾਉਣਾ ਤੇ ਭੰਗੜੇ ਪਾਉਣਾ ਖਾਣ-ਪੀਣ ਤੋਂ ਇਲਾਵਾ ਇਕ ਆਮ ਜਿਹਾ ਵਰਤਾਰਾ ਹੈ।

ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਤਰੱਕੀ ਦਾ ਦੌਰ ਹੈ। ਇਨ੍ਹਾਂ ਜਸ਼ਨਾਂ ਵਿਚ ਵੀ ਇਸ ਨਵੀਨੀਕਰਨ ਦੀ ਤਰੱਕੀ ਨੇ ਵਾਹਵਾ ਫਰਕ ਪਾਇਆ ਹੈ। ਘਰ ਦਿਆਂ ਵਿਹੜਿਆਂ, ਬੈਠਕਾਂ ਆਦਿ ਵਿਚ ਸਾਂਝੇ ਤੌਰ ਤੇ ਮਨਾਏ ਜਾਣ ਵਾਲੇ ਇਹ ਜਸ਼ਨ ਹੁਣ ਕਲੱਬਾਂ, ਮੈਰਿਜ਼ ਪੈਲਸਾਂ ਅਤੇ ਹੋਟਲਾਂ 'ਚ ਮਨਾਏ ਜਾਣ ਲੱਗ ਪਏ ਹਨ। ਘਰ ਵਿਚ ਜਸ਼ਨ ਕੀ ਹੋਣੇ ਹਨ ਹੁਣ, ਹੁਣ ਤਾਂ ਮੈਰਿਜ ਪੈਲਸ ਵਾਲਿਆਂ ਨੇ ਆਪਣਾ ਸਲੋਗਣ ਬਣਾ ਲਿਆ ਹੈ, 'ਮੁੰਡਾ-ਕੁੜੀ ਤੁਹਾਡਾ, ਬਾਕੀ ਸਭ ਕੁਝ ਸਾਡਾ।' ਪੈਸੇ ਦੀ ਇਸ ਦੌੜ ਵਿਚ ਵਿਆਹ ਆਦਿ ਦੇ ਇਹ ਜਸ਼ਨ ਹੁਣ ਸਿਮਟਦੇ-ਸਿਮਟਦੇ ਚੰਦ ਕੁ ਘੰਟਿਆਂ ਦੇ ਰਹਿ ਗਏ ਹਨ।

ਕੋਈ ਜਮਾਨਾ ਹੁੰਦਾ ਸੀ ਵਿਆਹ ਦੇ ਇਹ ਸ਼ਗਨ-ਜਸ਼ਨ ਕਈ ਕਈ ਦਿਨ ਪਹਿਲਾਂ ਸ਼ੁਰੂ ਹੋ ਜਾਂਦੇ ਸਨ। ਉਨ੍ਹਾਂ ਵੇਲਿਆਂ ਵਿਚ ਬਹੁਤੀਆਂ ਸਹੂਲਤਾਂ ਤਾਂ ਨਹੀਂ ਸਨ ਪਰ ਚਾਅ ਬਹੁਤੇ ਸਨ ਜਿਨ੍ਹਾਂ ਨੂੰ ਪੂਰੇ ਕਰਨ ਲਈ ਘਰ 'ਚ ਵਾਜਾ ਕਈ ਦਿਨ ਪਹਿਲਾਂ ਹੀ ਲੱਗ ਜਾਂਦਾ ਸੀ। ਨੇੜਲੇ ਇਲਾਕੇ 'ਚ ਕੋਈ ਟਾਵਾਂ-ਟੱਲਾ ਹੀ ਸਪੀਕਰ ਵਾਲਾ ਹੁੰਦਾ ਸੀ। ਸੱਦ ਲਿਆ ਜਾਂਦਾ ਸੀ ਤੇ ਉਹ ਵੀ ਪੂਰੇ ਚਾਅ ਨਾਲ ਆਉਂਦਾ ਸੀ। ਖੁਸ਼ੀ ਦਾ ਕੋਈ ਵੀ ਮੌਕਾ ਸਪੀਕਰ ਤੋਂ ਬਿਨਾਂ ਅਧੂਰਾ ਹੀ ਮੰਨਿਆ ਜਾਂਦਾ ਸੀ। ਸਪੀਕਰ ਦਾ ਰਿਕਾਰਡ ਕਈ ਕਈ ਦਿਨ ਘਰ ਦੇ ਵਿਹੜੇ ਵਿਚ ਅਤੇ ਸਪੀਕਰ (ਭੌਂਪੂ) ਕਈ ਕਈ ਦਿਨ ਘਰ ਦੀ ਛੱਤ 'ਤੇ ਵੱਜਦਾ ਰਹਿੰਦਾ ਸੀ। ਛੱਤ ਤੇ ਦੋ ਮੰਜੇ ਪੁੱਠੇ ਖੜੇ ਕਰਕੇ ਇਕ ਝੋਪੜੀ ਜਿਹੀ ਬਣਾ ਕੇ ਉਸ ਉੱਤੇ ਸਪੀਕਰ ਟੰਗ ਦਿੱਤਾ ਜਾਂਦਾ, ਜੋ ਕਈ ਕਈ ਦਿਨ ਘਰ ਵਿਚਲੇ ਜਸ਼ਨਾਂ ਨੂੰ ਆਂਢ-ਗੁਆਂਢ ਦੇ ਲੋਕਾਂ ਨਾਲ ਸਾਂਝਾ ਕਰਦਾ ਰਹਿੰਦਾ। ਸਮੇਂ ਦੀ ਤਬਦੀਲੀ ਵੇਖੋ। ਇਹ ਸਪੀਕਰ ਹੁਣ ਆਪਣੇ ਵਜੂਦ ਨੂੰ ਬਚਾਉਣ ਲਈ ਜਦੋ-ਜਹਿਦ ਕਰ ਰਹੇ ਹਨ। ਡੈਕ, ਮਿਊਜ਼ਿਕ ਸਿਸਟਮ ਅਤੇ ਕੰਪਿਊਟਰ ਦੇ ਆ ਜਾਣ ਕਾਰਨ ਇਹ ਹੁਣ ਆਪਣੀ ਵਿਚਾਰਗੀ ਦੀ ਜ਼ਿੰਦਗੀ ਜੀ ਰਹੇ ਹਨ। ਸੀਡੀਆਂ, ਡੀਵੀਡੀਆਂ, ਮੋਬਾਇਲਾਂ ਅਤੇ ਪੈਨ ਡਰਾਈਵਾਂ ਨੇ ਰਿਕਾਰਡ, ਰੀਲਾਂ-ਕੈਸਟਾਂ ਸਾਭਣ ਦੇ ਝੰਝਟ ਤੋਂ ਪਿੱਛਾ ਛੁੜਾ ਦਿੱਤਾ ਹੈ।

ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਤਰੱਕੀ ਨੇ ਪਿਆਰ ਤੇ ਭਾਈਚਾਰਕ ਸਾਂਝ ਵਾਲੀਆਂ ਤਾਰਾਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਪਹਿਲਾਂ ਲੋਕਾਂ ਕੋਲ ਪੈਸਾ ਘੱਟ ਤੇ ਸਮਾਂ ਬਥੇਰਾ ਸੀ, ਉਹ ਭਾਈਚਾਰੇ ਸ਼ਰੀਕੇ ਕਬੀਲੇ ਲਈ ਅਜਿਹੇ ਜਸ਼ਨਾਂ ਮੋਕੇ ਵਾਹਵਾਂ ਸਮਾਂ ਕੱਢ ਲੈਂਦੇ ਸਨ। ਦੁੱਖ-ਸੁੱਖ ਸਭ ਨਾਲ ਸਾਂਝਾ ਹੁੰਦਾ ਰਹਿੰਦਾ ਸੀ ਤੇ ਸਾਰੇ ਇਸਦੇ ਭਾਈਵਾਲ ਬਣੇ ਰਹਿੰਦੇ ਸਨ ਪਰ ਹੁਣ ਲੋਕਾਂ ਕੋਲ ਪੈਸਾ ਤਾਂ ਬਹੁਤ ਹੈ ਪਰ ਸਮਾਂ ਘੱਟ ਗਿਆ ਹੈ। ਘਟਿਆ ਨਹੀ ਘਟਾ ਲਿਆ ਹੈ। ਸਾਂਝਾਂ ਹੁਣ ਸਿਰਫ ਦਿਖਾਵੇ ਹਨ। ਭਾਈਚਾਰਾ, ਕਬੀਲਾ, ਟੱਬਰ ਹੁਣ ਸਿਰਫ ਵੱਟਸਐਪ ਦੇ ਗਰੁਪ ਤੱਕ ਸਿਮਟ ਕੇ ਰਹਿ ਗਿਆ ਹੈ। ਦੁੱਖ-ਸੁੱਖ ਦਾ ਜ਼ਰੀਆ ਵੀ ਹੁਣ ਇਹ ਸੋਸ਼ਲ ਮੀਡੀਆ ਹੀ ਰਹਿ ਗਿਆ ਹੈ ਤੇ ਉਹ ਵੀ ਸਿਰਫ ਵਿਖਾਵੇ ਲਈ ਹੀ। ਪਹਿਲਾਂ ਦੇ ਲੋਕਾਂ ਦੇ ਘਰ ਜ਼ਰੂਰ ਕੱਚੇ ਸਨ ਪਰ ਰਿਸ਼ਤੇ ਪੱਕੇ ਸਨ ਤੇ ਜਸ਼ਨ ਜੋਰਦਾਰ, ਪਰ ਹੁਣ ਘਰ ਤਾਂ ਪੱਕੇ ਹਨ ਪਰ ਰਿਸ਼ਤੇ ਕੱਚੇ ਹਨ ਤੇ ਜਸ਼ਨ ਦਿਖਾਵਟੀ ਹਨ। ਸਿਰਫ ਜਸ਼ਨ ਮਨਾਉਣ ਦੇ ਢੰਗਾਂ 'ਚ ਹੀ ਤਬਦੀਲੀ ਨਹੀਂ ਆਈ ਸਗੋਂ ਰਹਿਣ-ਸਹਿਣ, ਪਹਿਨਣ ਅਤੇ ਰਿਸ਼ਤਿਆਂ ਵਿਚ ਵੀ ਤਬਦੀਲੀ ਆ ਗਈ ਹੈ। ਸਪੀਕਰ ਵਾਲਾ ਮੰਜਿਆਂ ਨੂੰ ਜੋੜ ਕੇ ਸਪੀਕਰ ਲਗਾ ਕੇ ਜਿਹੜੀ ਸਾਂਝ ਲੋਕਾਂ ਦਰਮਿਆਨ ਵਧਾਉਂਦਾ ਸੀ, ਉਹ ਅੱਜ (ਅ) ਲੋਪ ਹੋ ਚੁੱਕੀ ਹੈ। ਗੀਤ ਦੀਆਂ ਲਾਈਨਾਂ ਅੱਜ ਸਹੀ ਜਾਪਦੀਆਂ ਹਨ:

'ਦੋ ਮੰਜਿਆਂ ਨੂੰ ਜੋੜ ਸਪੀਕਰ ਵੱਜਣੇ ਨਾ,
ਜਿਹੜੇ ਵਾਜੇ ਵੱਜ ਗਏ, ਉਹ ਹੁਣ ਵੱਜਣੇ ਨਾ।'




## ਹੋਰ ਜ਼ੋਰ ਨਾਲ ਕਿੱਲ੍ਹਣਗੇ

ਰੱਖ ਸੋਹਣਿਆਂ ਸਬਰ ਹਾਲੇ, ਇਹ ਹੋਰ ਜ਼ੋਰ ਨਾਲ ਕਿੱਲ੍ਹਣਗੇ।
ਤੂੰ ਜਿੰਨਾ ਕੁ ਬਚਦਾ ਏਂ, ਉਹ ਵੀ ਸਾਰਾ ਛਿੱਲਣਗੇ।

ਕਬੂਤਰ ਚਿੱਟੇ ਵੇਖੀ ਚੱਲੀਂ, ਝੱਗੇ ਕਿੱਦਾਂ ਪਾੜਣਗੇ।
ਤੇਰੇ ਚੁੱਲ੍ਹੇ ਉੱਤੇ ਮਿੱਤਰਾ, ਮੁੜ ਕੇ ਫੁਲਕੇ ਲਾਹਵਣਗੇ।
ਢੂਹੇ ਤੇਰੇ ਲੱਤ ਮਾਰ ਕੇ, ਹੱਥ ਫੇਰ ਨਹੀਂ ਆਵਣਗੇ।
ਜਦ ਤੱਕ ਦੱਬਿਆ ਬਟਨ ਨੀ ਜਾਂਦਾ, ਬੂਹੇ ਤੋਂ ਨਾ ਹਿੱਲਣਗੇ
ਇਹ ਹੋਰ ਜ਼ੋਰ ਨਾਲ...।

ਰਗੜੀ ਚੱਲ ਤੂੰ ਮਿਰਚ ਮਸਾਲੇ, ਦਾਲ-ਚੌਲ ਜਿਹੇ ਖਾਈ ਚੱਲ।
ਨੇਰ੍ਹਾ ਤਾਂ ਬਸ ਢੋਣਾ ਪੈਣਾ, ਲਾਟੂ ਮੁਫਤ ਜਗਾਈ ਚੱਲ।
ਚਿੱਟੇ ਹੱਥੋਂ ਸੋਨੇ ਵਰਗੇ, ਆਪਣੇ ਪੁੱਤ ਮਰਵਾਈ ਚੱਲ।
ਸੁਪਨਿਆਂ ਦੇ ਦਰਿਆਵਾਂ ਅੰਦਰ, ਟੁੱਟੀ ਕਿਸ਼ਤੀ ਠਿੱਲਣਗੇ—
ਇਹ ਹੋਰ ਜ਼ੋਰ ਨਾਲ...।

ਨਕਲੀ ਇਹ ਬਘਿਆੜ ਬਣੇ, ਹੈਗੇ ਉਂਝ ਕ...ਰੇ ਨੇ।
ਕੋਈ ਇਨ੍ਹਾਂ ਵਿਚ ਨਸਲੀ ਨਹੀਂ, ਇਹ ਕਾਲੇ ਨੇ ਜਾਂ ਭੂਰੇ ਨੇ।
ਆਕਾ ਇਨ੍ਹਾਂ ਦਾ ਹੋਰ ਕੋਈ, ਬਸ ਇਹ ਤਾਂ ਨਿਰੇ ਜਮੂਰੇ ਨੇ।
ਅੱਖ 'ਭੌਰੇ' ਨਾ ਹੱਥ ਫੇਰ, ਹੁਣ ਜੱਫੀਆਂ ਪਾ ਪਾ ਮਿਲ-ਣ-ਗੇ-
ਇਹ ਹੋਰ ਜ਼ੋਰ ਨਾਲ...।

# ਯੂ.ਪੀ.ਆਈ ਭੁਗਤਾਨਾਂ 'ਤੇ ਕਾਟ ਕੱਟਣ ਦੀ ਕਵਾਇਦ

ਹਰਚਰਨ ਸਿੰਘ ਚਹਿਲ

***ਭਾਰਤ ਸਰਕਾਰ ਕਹਿ ਰਹੀ ਹੈ ਕਿ ਯੂ.ਪੀ.ਆਈ. ਭੁਗਤਾਨਾਂ ਉਪਰ 'ਫੀਸ' ਲਾਉਣ ਨਾਲ ਆਮ ਲੋਕਾਂ ਉਪਰ ਕੋਈ ਬੋਝ ਨਹੀਂ ਪਵੇਗਾ। ਸਰਕਾਰ 'ਵਿਅਕਤੀ ਤੋਂ ਵਿਅਕਤੀ ਭੁਗਤਾਨ ਕਰਨ 'ਤੇ ਫ਼ੀਸ ਨਹੀਂ ਲਗਾਏਗੀ, ਸਿਰਫ 'ਵਿਅਕਤੀ ਤੋਂ ਕਾਰੋਬਾਰੀ (Person to Merchant) ਪੇਮੈਂਟਾਂ ਉੱਪਰ ਹੀ ਫ਼ੀਸ ਲੱਗਗੀ। ਸਰਕਾਰ ਦੇ ਕਹਿਣ ਮੁਤਾਬਕ 'ਫੀਸ' ਸਿਰਫ਼ ਤਦ ਹੀ ਲੱਗੇਗੀ, ਜੇਕਰ ਕੋਈ ਵਿਅਕਤੀ ਕਿਸੇ ਅਜਿਹੇ ਕਾਰੋਬਾਰੀ ਨੂੰ 2000 ਰੁਪਏ ਤੋਂ ਵੱਧ ਦੀ ਪੇਮੈਂਟ ਕਰਦਾ ਹੈ, ਜਿਸ ਕਾਰੋਬਾਰੀ ਦੀ ਸਾਲਾਨਾ ਸੇਲ (ਟਰਨਓਵਰ) 1.5 ਕਰੋੜ ਤੋਂ ਜ਼ਿਆਦਾ ਹੈ, ਪਰ ਸਰਕਾਰ ਨੇ ਐਮ ਡੀ ਆਰ ਰੇਟ ਅਜੇ ਤੈਅ ਨਹੀਂ ਕੀਤੇ ਪਰ ਸਰਕਾਰ ਦੇ ਇਨ੍ਹਾਂ ਦਾਅਵਿਆਂ ਵਿਚ ਦਮ ਨਹੀਂ ਹੈ।***

ਯੂ.ਪੀ.ਆਈ. ਭੁਗਤਾਨਾਂ ਸੰਬੰਧੀ ਕੇਂਦਰ ਸਰਕਾਰ ਵੱਲੋਂ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਨ ਦਾ ਲੋਕ ਵਿਰੋਧੀ ਫ਼ੈਸਲਾ ਆਖ਼ਰ ਸਾਹਮਣੇ ਆ ਹੀ ਗਿਆ ਹੈ। ਸਰਕਾਰ ਦੇ ਇਸ ਫ਼ੈਸਲੇ ਬਾਰੇ ਵਿਸਥਾਰ ਵਿਚ ਜਾਣਨ ਦੀ ਲੋੜ ਹੈ। ਗੂਗਲ-ਪੇਅ, ਫੋਨ-ਪੇਅ, ਪੇ ਟੀ ਐਮ, ਭੀਮ ਐਪ ਆਦਿ ਤੋਂ ਹੁਣ ਅਸੀਂ ਜਾਣੂ ਹੀ ਨਹੀਂ, ਬਲਕਿ ਬਹੁਗਿਣਤੀ ਲੋਕ ਹੁਣ ਖੁਦ ਵੀ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਦੇ ਹਨ। ਵੱਡੇ-ਵੱਡੇ ਮੌਲਜ਼ ਤੋਂ ਲੈ ਕੇ, ਛੋਟੀਆਂ-ਛੋਟੀਆਂ ਦੁਕਾਨਾਂ ਤੱਕ, ਕਿਸੇ ਦੂਸਰੇ ਸ਼ਖਸ, ਸੰਸਥਾ ਨੂੰ ਭੁਗਤਾਨ (ਪੇਮੈਂਟ) ਕਰਨ ਅਤੇ ਇੱਥੋਂ ਤੱਕ ਕਿ ਹੁਣ ਤਾਂ ਸਬਜ਼ੀ-ਫ਼ਲ ਆਦਿ ਵੇਚਣ ਵਾਲੇ ਰੇਹੜੀ ਵਾਲਿਆਂ ਨੂੰ ਵੀ ਇਨ੍ਹਾਂ ਐਪਾਂ ਰਾਹੀਂ ਭੁਗਤਾਨ ਕੀਤਾ ਜਾਣ ਲੱਗਾ ਹੈ। ਹੁਣ ਤਾਂ ਹਰ ਇਕ ਬੈਂਕ ਦੀ ਐਪ ਵਿਚ ਅਤੇ ਇੱਥੋਂ ਤੱਕ ਕਿ ਵਟਸਐਪ ਉਪਰ ਵੀ ਯੂਪੀਆਈ ਪੇਮੈਂਟ ਲਈ ਲਿੰਕ ਮੁਹੱਈਆ ਕਰਵਾਏ ਹੋਏ ਹਨ।

ਇਨ੍ਹਾਂ ਸਭ ਐਪਾਂ ਦੇ ਪਿਛੋਕੜ ਵਿਚ ਕੰਮ ਕਰਨ ਵਾਲੀ ਤਕਨੀਕ ਦਾ ਨਾਂਅ ਹੀ ਯੂ.ਪੀ.ਆਈ. ਹੈ, ਅਰਥਾਤ ਯੂਨੀਫਾਈਡ ਪੇਮੈਂਟ ਇੰਟਰਫੇਸ (Unified Payment Interphase). ਇਹ ਸੇਵਾ ਇਸ ਕਾਰਨ ਚਰਚਾ ਵਿਚ ਹੈ ਕਿ ਹੁਣ ਤੱਕ ਮੁਫ਼ਤ ਚੱਲੀ ਆ ਰਹੀ ਇਸ ਭੁਗਤਾਨ ਸੇਵਾ ਉਪਰ ਭਾਰਤ ਸਰਕਾਰ ਨੇ 'ਫੀਸ' ਲਾਉਣ ਦਾ ਫੈਸਲਾ ਕਰ ਲਿਆ ਹੈ। 'ਫੀਸ' ਲਾਉਣ ਨਾਲੋਂ 'ਕਾਟ-ਕੱਟਣਾ' ਵਧੇਰੇ ਢੁਕਵਾਂ ਸ਼ਬਦ ਹੈ ਕਿਉਂਕਿ ਇਹ ਫੀਸ ਭੁਗਤਾਨ ਕਰਨ ਵਾਲੇ ਤੋਂ ਵਸੂਲ ਨਹੀਂ ਕੀਤੀ ਜਾਂਦੀ, ਬਲਕਿ ਭੁਗਤਾਨ ਪ੍ਰਾਪਤ-ਕਰਤਾ (ਕਾਰੋਬਾਰੀ) ਨੂੰ ਮਿਲਣ ਵਾਲੀ ਰਾਸ਼ੀ ਵਿਚੋਂ 'ਕੱਟੀ' ਜਾਂਦੀ ਹੈ।

ਸਰਕਾਰਾਂ ਨੇ ਸੰਸਦ ਦੇ ਹੁਣੇ ਲੰਘੇ ਸੈਸ਼ਨ ਵਿਚ ਇਸ ਮੰਤਵ ਲਈ 'ਟੈਕਸੇਸ਼ਨ ਅਤੇ ਦੂਸਰਾ ਨਿਯਮ (ਸੋਧ) ਬਿੱਲ 2026' ਪਾਸ ਕਰਵਾ ਕੇ 15 ਅਕਤੂਬਰ ਤੋਂ ਲੋਕਾਈ ਦੀ ਜੇਬ 'ਤੇ ਡਾਕਾ ਮਾਰਨ ਦਾ ਫੈਸਲਾ ਕਰ ਲਿਆ ਹੈ।

ਹੁਣ ਤੱਕ ਯੂ.ਪੀ.ਆਈ. ਅਤੇ ਰੁਪੇ (RUPAY) ਡੈਬਿਟ ਕਾਰਡ ਰਾਹੀਂ ਪ੍ਰਾਪਤ ਕੀਤੇ ਭੁਗਤਾਨਾਂ ਵਿਚੋਂ ਕੋਈ ਕਟੌਤੀ ਨਹੀਂ ਸੀ ਕੱਟੀ ਜਾਂਦੀ। ਰੁਪੇ ਕਾਰਡ ਆਰ.ਬੀ.ਆਈ. ਦੀ ਨਿਗਰਾਨੀ ਹੇਠ ਕੰਮ ਕਰਨ ਵਾਲੇ ਅਦਾਰੇ 'ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ' ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ ਅਤੇ ਇਸ ਦੇਸੀ ਕਾਰਡ ਨੂੰ ਵੀਜ਼ਾ, ਮਾਸਟਰ ਕਾਰਡ ਆਦਿ ਵਿਦੇਸ਼ੀ ਕਾਰਡਾਂ ਦੇ ਮੁਕਾਬਲੇ, ਵਿਸ਼ੇਸ਼ ਰਿਆਇਤਾਂ ਹਾਸਲ ਹਨ। ਦੂਸਰੇ ਸਭ ਡੈਬਿਟ ਕਾਰਡਾਂ ਉਪਰ 0.4 ਤੋਂ 0.9 ਫੀਸਦੀ ਅਤੇ ਕਰੈਡਿਟ ਕਾਰਡਾਂ ਰਾਹੀਂ ਪ੍ਰਾਪਤ ਕੀਤੇ ਭੁਗਤਾਨਾਂ ਉਪਰ 1 ਤੋਂ 3 ਫੀਸਦੀ ਤੱਕ ਕਟੌਤੀ ਕੱਟੀ ਜਾਂਦੀ ਹੈ। ਇਸ ਕਟੌਤੀ ਨੂੰ ਵਪਾਰਕ/ਬੈਂਕਿੰਗ ਸ਼ਬਦਾਵਲੀ ਵਿਚ 'ਮਰਚੈਂਟ ਡਿਸਕਾਊਂਟ ਰੇਟ' (MDR) ਕਿਹਾ ਜਾਂਦਾ ਹੈ। ਡੈਬਿਟ ਕਾਰਡ ਉਹ ਹੁੰਦੇ ਹਨ, ਜਿੱਥੇ ਅਸੀਂ ਸੇਵਿੰਗਜ਼ ਜਾਂ ਕਰੰਟ ਅਕਾਊਂਟ ਵਿਚ ਪਿਆ ਆਪਣਾ ਹੀ ਪੈਸਾ ਵਰਤਦੇ ਹਾਂ।

ਸਾਡਾ ਏ ਟੀ ਐਮ ਕਾਰਡ ਇਕ ਡੈਬਿਟ ਕਾਰਡ ਹੈ ਅਤੇ ਕਰੈਡਿਟ ਕਾਰਡ ਇਕ ਤਰ੍ਹਾਂ ਦਾ ਕਰਜ਼ਾ ਹੁੰਦਾ ਹੈ, ਜਿਹੜਾ ਕਾਰਡ ਜਾਰੀ ਕਰਨ ਵਾਲਾ ਬੈਂਕ ਸਾਨੂੰ ਲਿਮਟ ਨਿਰਧਾਰਿਤ ਕਰਕੇ ਦਿੰਦਾ ਹੈ। ਡੈਬਿਟ ਕਾਰਡਾਂ ਨਾਲੋਂ ਕ੍ਰੈਡਿਟ ਕਾਰਡਾਂ ਦਾ ਐਮ ਡੀ ਆਰ ਜ਼ਿਆਦਾ ਹੁੰਦਾ ਹੈ।

**ਮਰਚੈਂਟ ਡਿਸਕਾਊਂਟ ਰੇਟ** (MDR-PIs) **ਵਸੂਲਣ ਦੀ ਵਿਧੀ:** ਸਿੱਧੇ ਤੌਰ 'ਤੇ ਇਹ ਫੀਸ ਮਰਚੈਂਟ ਅਰਥਾਤ ਕਾਰੋਬਾਰੀ ਤੋਂ ਹੀ ਵਸੂਲੀ ਜਾਂਦੀ ਹੈ, ਪਰ ਕਿਉਂਕਿ ਕਾਰੋਬਾਰੀ ਨੇ ਆਪਣੇ ਹਰ ਤਰ੍ਹਾਂ ਖ਼ਰਚੇ ਅਤੇ ਮੁਨਾਫ਼ਾ ਆਖ਼ਰ ਗਾਹਕ ਤੋਂ ਹੀ ਵਸੂਲਣਾ ਹੁੰਦਾ ਹੈ, ਇਸ ਲਈ ਐਮ ਡੀ ਆਰ ਦਾ ਖਰਚਾ ਆਖ਼ਰ ਗਾਹਕ ਦੇ ਸਿਰ ਹੀ ਪੈਂਦਾ ਹੈ। ਮੰਨ ਲਓ ਮੈਂ ਵੀਜ਼ਾ ਕਾਰਡ (ਇਹ ਕਾਰਡ ਮੇਰੇ ਆਪਣੇ ਬੈਂਕ, ਜਿਵੇਂ ਪੀ ਐਨ ਬੀ ਨੇ ਹੀ ਜਾਰੀ ਕੀਤਾ ਹੁੰਦਾ ਹੈ, ਪਰ ਵੀਜ਼ਾ (VISA) ਕੰਪਨੀ ਦੁਆਰਾ ਬਰਾਂਡਡ ਹੁੰਦਾ ਹੈ) ਰਾਹੀਂ ਕਿਸੇ ਕਾਰੋਬਾਰੀ ਨੂੰ 10,000 ਰੁਪਏ ਦੀ ਪੇਮੈਂਟ ਕੀਤੀ। ਜੇਕਰ ਇਸ ਕਾਰਡ ਦਾ ਐਮ ਡੀ ਆਰ 2 ਫੀਸਦੀ ਹੈ ਤਾਂ ਕਾਰੋਬਾਰੀ ਦੇ ਖਾਤੇ ਵਿਚ ਸਿਰਫ਼ 9800 ਰੁਪਏ ਕਰੈਡਿਟ ਹੋਣਗੇ ਅਤੇ 200 ਰੁਪਏ ਕ੍ਰੈਡਿਟ ਕਾਰਡ ਜਾਰੀ ਕਰਨ ਵਾਲੇ ਬੈਂਕ ਅਤੇ ਵੀਜ਼ਾ ਕਾਰਡ ਕੰਪਨੀ ਦਰਮਿਆਨ ਤੈਅ-ਸ਼ੁਦਾ ਅਨੁਪਾਤ ਵਿਚ ਵੰਡ ਲਏ ਜਾਣਗੇ। ਇਸ ਤਰ੍ਹਾਂ ਵੀਜ਼ਾ, ਮਾਸਟਰ ਕਾਰਡ, ਅਮਰੀਕਨ ਐਕਸਪ੍ਰੈਸ ਆਦਿ ਇਹ ਕੰਪਨੀਆਂ (ਜਿਹੜੀਆਂ ਜ਼ਿਆਦਾ ਅਮਰੀਕਨ ਕੰਪਨੀਆਂ ਹਨ) ਹਰ ਸਾਲ ਕਰੋੜਾਂ, ਅਰਬਾਂ ਰੁਪਏ ਦੀ ਕਮਾਈ ਕਰਦੀਆਂ ਹਨ। ਕਾਰੋਬਾਰੀ 200 ਰੁਪਏ ਦੀ ਮਾਰ ਇਸ ਲਈ ਝੱਲਦਾ ਹੈ ਕਿ ਇਕ ਤਾਂ ਇਹ ਸਹੂਲਤ ਦੇਣ ਕਾਰਨ ਉਸ ਦੀ ਸੇਲ ਵਧਦੀ ਹੈ ਅਤੇ ਦੂਸਰੇ ਉਸ ਨੂੰ ਨਗਦੀ ਗਿਣਨ, ਸੰਭਾਲਣ, ਬੈਂਕ ਵਿਚ ਨਗਦੀ ਜਮ੍ਹਾਂ ਕਰਵਾਉਣ ਆਦਿ ਦੇ ਝੰਜਟ ਤੋਂ ਛੁਟਕਾਰਾ ਮਿਲ ਜਾਂਦਾ ਹੈ।

**ਯੂ.ਪੀ.ਆਈ. ਭੁਗਤਾਨਾਂ ਦਾ ਕਾਰੋਬਾਰ:** ਪਿਛਲੇ ਸਿਰਫ ਇਕ ਦਹਾਕੇ ਦੇ ਦੌਰਾਨ ਹੀ ਯੂ.ਪੀ.ਆਈ. ਪੇਮੈਂਟਾਂ ਦੀ ਗਿਣਤੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਸਭਤੋਂ ਵੱਡਾ ਕਾਰਨ ਤਾਂ ਇਸ ਸੇਵਾ ਲਈ ਲੋੜੀਂਦੇ ਬੁਨਿਆਦੀ



ਢਾਂਚੇ ਦਾ ਉਪਲੱਬਧ ਹੋ ਜਾਣਾ ਹੈ; ਸਮਾਰਟ ਫੋਨ, ਇੰਟਰਨੈਂਟ ਸਹੂਲਤ ਆਦਿ ਤੱਕ ਬਹੁਗਿਣਤੀ ਲੋਕਾਂ ਦੀ ਰਸਾਈ ਹੋ ਜਾਣ ਕਾਰਨ ਇਸ ਸਹੂਲਤ ਨੂੰ ਵਰਤਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਵਧ ਗਈ ਹੈ। ਕਰੋਨਾ ਦੌਰ ਦੌਰਾਨ ਜਦੋਂ ਕਿਸੇ ਦੂਸਰੇ ਦੇ ਹੱਥੋਂ ਨਗਦੀ ਫੜਨ ਕਾਰਨ 'ਲਾਗ' ਲੱਗਣ ਦਾ ਅੰਦੇਸ਼ਾ ਹੁੰਦਾ ਸੀ, ਉਦੋਂ ਇਸ ਸੇਵਾ ਦਾ ਬਹੁਤ ਪ੍ਰਸਾਰ ਹੋਇਆ। ਅੱਜ ਕੱਲ੍ਹ ਹਾਲਤ ਇਹ ਹੈ ਕਿ ਸਾਡੇ ਮੁਲਕ ਵਿਚ ਹਰ ਰੋਜ਼ ਇਸ ਮਾਧਿਅਮ ਰਾਹੀਂ 76 ਕਰੋੜ ਟਰਾਂਜੈਕਸ਼ਨਾਂ ਹੁੰਦੀਆਂ ਹਨ, ਪਰ ਪਿਛਲੇ ਪੰਜ ਸਾਲਾਂ ਦੌਰਾਨ ਇਸ ਦੇ ਵਾਧੇ ਦੀ ਦਰ ਵਿਚ ਕਮੀ ਆਈ ਹੈ ਅਤੇ ਨਗਦ ਭੁਗਤਾਨ ਕਰਨ ਦੇ ਰੁਝਾਨ ਵਿਚ ਵਾਧੇ ਦੀ ਦਰ ਵਧ ਰਹੀ ਹੈ।

ਭਾਰਤ ਸਰਕਾਰ ਕਹਿ ਰਹੀ ਹੈ ਕਿ ਯੂ.ਪੀ.ਆਈ. ਭੁਗਤਾਨਾਂ ਉਪਰ 'ਫੀਸ' ਲਾਉਣ ਨਾਲ ਆਮ ਲੋਕਾਂ ਉਪਰ ਕੋਈ ਬੋਝ ਨਹੀਂ ਪਵੇਗਾ। ਸਰਕਾਰ 'ਵਿਅਕਤੀ ਤੋਂ ਵਿਅਕਤੀ ਭੁਗਤਾਨ ਕਰਨ 'ਤੇ ਫ਼ੀਸ ਨਹੀਂ ਲਗਾਏਗੀ, ਸਿਰਫ 'ਵਿਅਕਤੀ ਤੋਂ ਕਾਰੋਬਾਰੀ (Person to Merchant) ਪੇਮੈਂਟਾਂ ਉੱਪਰ ਹੀ ਫ਼ੀਸ ਲੱਗਗੀ। ਸਰਕਾਰ ਦੇ ਕਹਿਣ ਮੁਤਾਬਕ 'ਫੀਸ' ਸਿਰਫ਼ ਤਦ ਹੀ ਲੱਗੇਗੀ, ਜੇਕਰ ਕੋਈ ਵਿਅਕਤੀ ਕਿਸੇ ਅਜਿਹੇ ਕਾਰੋਬਾਰੀ ਨੂੰ 2000 ਰੁਪਏ ਤੋਂ ਵੱਧ ਦੀ ਪੇਮੈਂਟ ਕਰਦਾ ਹੈ, ਜਿਸ ਕਾਰੋਬਾਰੀ ਦੀ ਸਾਲਾਨਾ ਸੇਲ (ਟਰਨਓਵਰ) 1.5 ਕਰੋੜ ਤੋਂ ਜ਼ਿਆਦਾ ਹੈ, ਪਰ ਸਰਕਾਰ ਨੇ ਐਮ ਡੀ ਆਰ ਰੇਟ ਅਜੇ ਤੈਅ ਨਹੀਂ ਕੀਤੇ। ਸਰਕਾਰ ਦੇ ਦਾਅਵਿਆਂ ਵਿਚ ਦਮ ਨਹੀਂ ਹੈ। ਪਹਿਲੀ ਗੱਲ, ਕਾਰੋਬਾਰੀ ਆਪਣਾ ਬੋਝ ਆਖ਼ਿਰ ਗਾਹਕਾਂ ਉਪਰ ਹੀ ਪਾਏਗਾ ਅਤੇ ਦੂਸਰਾ, ਇਹ 2000 ਰੁਪਏ ਅਤੇ 1.5 ਕਰੋੜ ਟਰਨਓਵਰ ਦੀ ਹੱਦ ਭਵਿੱਖ ਵਿਚ ਕਦੇ ਵੀ ਘਟਾਈ ਜਾ ਸਕਦੀ ਹੈ ਅਤੇ ਸਾਰੀਆਂ ਟ੍ਰਾਂਜੈਕਸ਼ਨਾਂ ਉਪਰ ਫ਼ੀਸ ਲਗਾਈ ਜਾ ਸਕਦੀ ਹੈ।

**ਸਾਮਰਾਜੀ ਦਾਬੇ ਦਾ ਅਸਰ:** ਯੂ.ਪੀ.ਆਈ. ਪਲੇਟਫਾਰਮ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਦੇ ਇਕ ਅਦਾਰੇ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ਼ ਇੰਡੀਆ (NPCI), ਨੇ ਵਿਕਸਿਤ ਕੀਤਾ ਹੈ। ਸਰਕਾਰ ਦਾ ਤਰਕ ਹੈ ਕਿ ਇਸ ਸੇਵਾ ਨੂੰ ਵਿਕਸਿਤ ਕਰਨ ਅਤੇ ਇਸ ਦੇ ਸੰਚਾਲਣ ਲਈ ਵੱਡਾ ਖ਼ਰਚਾ ਹੁੰਦਾ ਹੈ। ਆਖ਼ਿਰ ਕਿਸੇ ਨੂੰ ਤਾਂ ਇਹ ਖ਼ਰਚਾ ਝੱਲਣਾ ਹੀ ਪੈਣਾ ਹੈ, ਹੁਣ ਤੱਕ ਸਰਕਾਰ ਝੱਲਦੀ ਆਈ ਹੈ, ਅੱਗ ਨੂੰ ਵਰਤੋਂਕਾਰ ਵੀ ਖ਼ਰਚਾ ਝੱਲਣ, ਪਰ ਸਰਕਾਰ ਦਾ ਇਹ ਤਰਕ ਬਹੁਤ ਕਮਜ਼ੋਰ ਹੈ ਅਤੇ ਫ਼ੀਸ ਲਾਉਣ ਦੇ ਅਸਲੀ ਕਾਰਨਾਂ ਨੂੰ ਛੁਪਾਉਂਦਾ ਹੈ। ਇਕ ਅੰਦਾਜ਼ੇ ਮੁਤਾਬਕ ਇਸ ਸਹੂਲਤ ਦੇ ਸੰਚਾਲਣ ਉਪਰ NPCI ਤਕਰੀਬਨ 15,000 ਕਰੋੜ ਰੁਪਏ ਖ਼ਰਚ ਕਰਦਾ ਹੈ। ਲੋਕ ਭਲਾਈ ਅਤੇ ਭਾਰਤੀ ਆਰਥਿਕਤਾ ਲਈ ਇਸ ਦੇ ਮਹੱਤਵ ਨੂੰ ਦੇਖਦਿਆਂ ਰਿਜ਼ਰਵ ਬੈਂਕ ਲਈ ਇਹ 15,000 ਕਰੋੜ ਮਾਮੂਲੀ ਰਾਸ਼ੀ ਹੈ। ਚੇਤੇ ਰਹੇ ਆਰ ਬੀ ਆਈ ਨੇ ਇਸ ਸਾਲ ਆਪਣੇ ਰਿਜ਼ਰਵ ਫੰਡ ਵਿਚੋਂ ਭਾਰਤ ਸਰਕਾਰ ਨੂੰ 287,000 ਕਰੋੜ ਰੁਪਏ ਅਤੇ ਪਿਛਲੇ ਸਾਲ 269,000 ਕਰੋੜ ਰੁਪਏ ਦਿੱਤੇ, ਜਦੋਂ ਕਿ ਇਕ ਖੁਦ-ਮੁਖਤਿਆਰ ਅਦਾਰਾ ਹੋਣ ਨਾਤੇ ਆਰ ਬੀ ਆਈ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਸੀ। ਇਸ ਤੋਂ ਇਲਾਵਾ ਜੇਕਰ ਯੂ ਪੀ ਆਈ ਪੇਮੈਂਟ ਉਪਰ ਖ਼ਰਚਾ ਦੇਣਾ ਪਵੇਗਾ ਤਾਂ ਵਪਾਰੀ ਗਾਹਕ ਨੂੰ ਨਗਦ ਰਾਸ਼ੀ ਦੇਣ ਲਈ ਕਹੇਗਾ। ਇਸ ਕਾਰਨ ਨਗਦੀ ਦਾ ਚਲਣ ਵਧੇਗਾ ਅਤੇ ਆਰਥਿਕਤਾ ਲਈ ਨਗਦੀ ਦਾ ਚਲਣ, ਡਿਜੀਟਲ ਅਰਥਾਤ ਯੂ ਪੀ ਆਈ ਸਿਸਟਮ ਨਾਲ ਬਹੁਤ ਮਹਿੰਗਾ ਪੈਂਦਾ ਹੈ। ਕਰੰਸੀ ਛਾਪਣ ਅਤੇ ਵਿਤਰਣ ਦਾ ਕੰਮ ਬਹੁਤ ਮਹਿੰਗਾ ਪ੍ਰੋਜੈਕਟ ਹੈ। ਇਸ ਲਈ ਇਹ ਫ਼ੀਸ ਲਾਉਣ ਦਾ ਅਸਲੀ ਕਾਰਨ ਕੋਈ ਹੋਰ ਹੈ।

ਇਕੱਲਾ ਭਾਰਤ ਹੀ ਨਹੀਂ, ਦੁਨੀਆ ਭਰ ਦੇ ਅਨੇਕਾਂ ਮੁਲਕਾਂ ਨੇ ਯੂ ਪੀ ਆਈ ਵਰਗੇ ਸਿਸਟਮ ਵਿਕਸਿਤ ਕਰ ਲਏ ਹਨ। ਬਰਾਜ਼ੀਲ ਦਾ 'ਪਿਕਸ' (PIX) ਵੀ ਯੂਪੀਆਈ ਦੀ ਹੀ ਤਰ੍ਹਾਂ ਬਹੁਤ ਵਧੀਆ ਕੰਮ ਕਰ ਰਿਹਾ ਹੈ। ਇਨ੍ਹਾਂ ਮੁਫ਼ਤ ਸਹੂਲਤਾਂ ਦੇ ਚਲਦੇ ਵੀਜ਼ਾ, ਮਾਸਟਰ ਕਾਰਡ ਵਰਗੀਆਂ ਦਿਉ-ਕੱਦ ਅਮਰੀਕੀ ਕੰਪਨੀਆਂ ਦੇ ਕਾਰੋਬਾਰ ਨੂੰ ਵੱਡੀ ਢਾਹ ਲੱਗੀ ਹੈ। ਇਹ ਕੰਪਨੀਆਂ ਅਮਰੀਕੀ ਸਰਕਾਰ ਅਤੇ ਵਿਕਾਸਸ਼ੀਲ ਮੁਲਕਾਂ ਦੀਆਂ ਸਰਕਾਰਾਂ ਉਪਰ ਲਗਾਤਾਰ ਦਬਾਅ ਪਾਉਂਦੀਆਂ ਆਈਆਂ ਹਨ ਕਿ ਇਨ੍ਹਾਂ ਮੁਫਤ ਸਹੂਲਤਾਂ ਉਪਰ ਫ਼ੀਸ ਲਾਈ ਜਾਵੇ। ਅਮਰੀਕਾ ਸਰਕਾਰ ਦੇ ਟੈਕਸੇਸ਼ਨ ਵਿਭਾਗ ਦੀ ਇਕ ਰਿਪੋਰਟ ਵਿਚ ਇਹ ਮੰਗ ਬਹੁਤ ਜ਼ੋਰਦਾਰ ਢੰਗ ਨਾਲ ਉਭਾਰੀ ਗਈ ਸੀ ਕਿ ਯੂਪੀਆਈ, ਰੁਪੇ ਅਤੇ ਪਿਕਸ ਵਰਗੀਆਂ ਸੇਵਾ ਮੁਫ਼ਤ ਚਰਿਤਰ ਨੂੰ ਖ਼ਤਮ ਕਰਵਾਇਆ ਜਾਵੇ ਤਾਂ ਜੋ ਇਸ ਖੇਤਰ ਦੀਆਂ ਅਮਰੀਕੀ ਕੰਪਨੀਆਂ ਮੁਨਾਫਿਆਂ ਉਪਰ ਮਾੜਾ ਅਸਰ ਨਾ ਪਵੇ। ਇਸ ਤੋਂ ਇਲਾਵਾ ਗੂਗਲ-ਪੇਅ ਅਤੇ ਫੋਨ-ਪੇਅ ਵੀ ਅਮਰੀਕੀ ਕੰਪਨੀਆਂ ਹਨ ਅਤੇ ਸਾਡੇ ਮੁਲਕ ਦੀਆਂ ਤਕਰੀਬਨ 80 ਫ਼ੀਸਦੀ ਯੂਪੀਆਈ ਪੇਮੈਂਟਾਂ ਇਨ੍ਹਾਂ ਕੰਪਨੀਆ ਰਾਹੀਂ ਹੀ ਹੁੰਦੀਆਂ ਹਨ। ਸੋਚੋ, ਜੇਕਰ ਹਰ ਰੋਜ਼ ਹੋਣ ਵਾਲੀਆਂ 76 ਕਰੋੜ ਟਰਾਂਜੈਕਸ਼ਨਾਂ ਵਿਚ 50 ਫ਼ੀਸਦੀ ਟਰਾਂਜੈਕਸ਼ਨਾਂ ਉਪਰ 5-10 ਰੁਪਏ ਦੀ ਵੀ ਫ਼ੀਸ ਲਗਾ ਦਿੱਤੀ ਜਾਵੇ ਤਾਂ ਇਨ੍ਹਾਂ ਅਮਰੀਕੀ ਕੰਪਨੀਆਂ ਨੂੰ ਰੋਜ਼ਾਨਾ ਕਿੰਨੀ ਕਮਾਈ ਹੋ ਜਾਵੇਗੀ।

ਬ੍ਰਾਜ਼ੀਲ ਸਰਕਾਰ ਨੇ ਪਿਕਸ ਉਪਰ ਕੋਈ ਵੀ ਖ਼ਰਚਾ ਲਾਉਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ, ਪਰ ਭਾਰਤ ਸਰਕਾਰ ਤੋਂ ਅਜਿਹੀ ਉਮੀਦ ਨਹੀਂ ਕੀਤੀ ਜਾ ਸਕਦੀ। ਅਸੀਂ ਦੇਖ ਚੁੱਕੇ ਹਾਂ ਕਿ ਕਿਵੇਂ ਟਰੰਪ ਦੀ ਇੱਕ ਘੁਰਕੀ ਕਾਰਨ ਹੀ ਅਸੀਂ ਰੂਸ ਤੋਂ ਤੇਲ ਖ੍ਰੀਦਣਾ ਬੰਦ ਕਰ ਦਿੰਦੇ ਹਾਂ। ਸੋ ਸਾਮਰਾਜ ਮੂਹਰੇ ਭਾਰਤ ਸਰਕਾਰ ਦੀ ਗੋਡੇ ਟੇਕੂ ਨੀਤੀ ਦੇ ਕਾਰਨ ਹੀ ਲੋਕਾਂ ਉਪਰ ਇਹ ਬੋਝ ਪਾਇਆ ਜਾ ਰਿਹਾ ਹੈ। ਸਾਨੂੰ ਇਸ ਕਾਨੂੰਨ ਦੇ ਇਨ੍ਹਾਂ ਅਸਲੀ ਕਾਰਨਾਂ ਨੂੰ ਲੋਕਾਂ ਸਾਹਮਣੇ ਨੰਗਾ ਕਰਨਾ ਅਤੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ।

# ਸੋਸ਼ਲ ਮੀਡੀਆ 'ਤੇ ਦੋਸਤਾਂ ਦੀ ਭੀੜ 'ਚ ਮਨੁੱਖ ਦੀ ਇਕੱਲਤਾ

ਮਾਨਵਤਾ ਦੇ ਇਤਿਹਾਸ ਵਿਚ ਅਸੀਂ ਇੱਕ ਅਜਿਹੇ ਅਜੀਬ ਅਤੇ ਦੁਬਿਧਾਪੂਰਨ ਮੋੜ 'ਤੇ ਖੜ੍ਹੇ ਹਾਂ, ਜਿੱਥੇ ਮਨੁੱਖ ਸਮਾਰਟਫੋਨ ਦੀ ਇੱਕ ਛੋਹ ਨਾਲ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠੇ ਵਿਅਕਤੀ ਨਾਲ ਜੁੜ ਸਕਦਾ ਹੈ। ਪਰ ਤ੍ਰਾਸਦੀ ਇਹ ਹੈ ਕਿ ਅੱਜ ਦਾ ਇਨਸਾਨ ਇਤਿਹਾਸ ਦੇ ਕਿਸੇ ਵੀ ਹੋਰ ਦੌਰ ਨਾਲੋਂ ਜ਼ਿਆਦਾ ਮਾਨਸਿਕ ਤੌਰ 'ਤੇ ਇਕੱਲਾ, ਉਦਾਸ ਅਤੇ ਅਲੱਗ-ਥਲੱਗ ਮਹਿਸੂਸ ਕਰ ਰਿਹਾ ਹੈ। ਸਾਡੀਆਂ ਜੇਬਾਂ ਵਿਚ ਪਏ ਛੋਟੇ-ਛੋਟੇ ਡਿਜੀਟਲ ਯੰਤਰਾਂ ਨੇ ਸਾਨੂੰ ਪੂਰੀ ਦੁਨੀਆ ਨਾਲ ਜੋੜਨ

ਨਰਿੰਦਰਪਾਲ ਸਿੰਘ ਗਿੱਲ

ਦਾ ਦਾਅਵਾ ਤਾਂ ਕੀਤਾ ਸੀ, ਪਰ ਇਸ ਵਰਚੁਅਲ ਚਮਕ-ਦਮਕ ਨੇ ਸਾਨੂੰ ਸਾਡੇ ਆਪਣੇ-ਆਪ ਤੋਂ, ਸਾਡੇ ਪਰਿਵਾਰਾਂ ਤੋਂ ਅਤੇ ਸਾਡੇ ਅਸਲੀ ਦੋਸਤਾਂ ਤੋਂ ਬਹੁਤ ਦੂਰ ਕਰ ਦਿੱਤਾ ਹੈ।

ਫੇਸਬੁੱਕ, ਇੰਸਟਾਗ੍ਰਾਮ, ਵਟਸਐਪ, ਐਕਸ (ਟਵਿੱਟਰ) ਅਤੇ ਸਨੈਪਚੈਟ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਹਰ ਵਿਅਕਤੀ ਦੀਆਂ ਪ੍ਰੋਫਾਈਲਾਂ 'ਤੇ ਸੈਂਕੜੇ ਅਤੇ ਹਜ਼ਾਰਾਂ ਦੀ ਗਿਣਤੀ ਵਿਚ 'ਫ੍ਰੈਂਡਜ਼' ਅਤੇ 'ਫਾਲੋਅਰਜ਼' ਦੀ ਭੀੜ ਦਿਖਾਈ ਦਿੰਦੀ ਹੈ। ਪਰ ਜਦੋਂ ਜ਼ਿੰਦਗੀ ਵਿਚ ਕੋਈ ਅਸਲ ਸੰਕਟ ਆਉਂਦਾ ਹੈ, ਜਦੋਂ ਮਨ ਦੀ ਉਦਾਸੀ ਨੂੰ ਵੰਡਾਉਣ ਲਈ ਕਿਸੇ ਦੀ ਲੋੜ ਹੁੰਦੀ ਹੈ ਜਾਂ ਜਦੋਂ ਅੱਖਾਂ ਵਿਚ ਹੰਝੂ ਕੇਵਲ ਇੱਕ ਹਮਦਰਦ ਦੀ ਛੂਹ ਮੰਗਦੇ ਹਨ, ਤਾਂ ਇਹ ਹਜ਼ਾਰਾਂ ਦੀ ਭੀੜ ਅਚਾਨਕ ਅਦ੍ਰਿਸ਼ਟ ਹੋ ਜਾਂਦੀ ਹੈ।

ਸੋਸ਼ਲ ਮੀਡੀਆ ਨੇ ਰਿਸ਼ਤਿਆਂ ਦੀ ਪਰਿਭਾਸ਼ਾ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਪ੍ਰਾਚੀਨ ਅਤੇ ਪਾਰੰਪਰਿਕ ਸਮੇਂ ਵਿਚ ਦੋਸਤੀ ਆਪਸੀ ਮੇਲ-ਜਲ, ਸਾਂਝੇ ਅਨੁਭਵਾਂ, ਤਿਆਗ ਅਤੇ ਔਖੇ ਸਮੇਂ ਵਿਚ ਇੱਕ-ਦੂਜੇ ਦੇ ਨਾਲ ਖੜਨ ਦੀ ਭਾਵਨਾ 'ਤੇ ਆਧਾਰਿਤ ਹੁੰਦੀ ਸੀ। ਪਰ ਡਿਜੀਟਲ ਦੌਰ ਵਿਚ ਦੋਸਤੀ ਦਾ ਮਾਪਦੰਡ ਕੇਵਲ 'ਲਾਈਕ', 'ਕਮੈਂਟ', 'ਸ਼ੇਅਰ' ਅਤੇ 'ਸਟ੍ਰਿਕਸ' ਤੱਕ ਸੀਮਤ ਹੋ ਕੇ ਰਹਿ ਗਿਆ ਹੈ।

ਅੱਜ ਅਸੀਂ ਇੱਕ ਅਜਿਹੇ 'ਦਿਖਾਵੇ ਦੇ ਕਲਚਰ' ਵਿਚ ਜਿਊਂ ਰਹੇ ਹਾਂ, ਜਿੱਥੇ ਹਰ ਕੋਈ ਆਪਣੀ ਜ਼ਿੰਦਗੀ ਦੇ ਕੇਵਲ ਸੁੰਦਰ, ਸਫ਼ਲ ਅਤੇ ਖ਼ੁਸ਼ਹਾਲ ਪਲਾਂ ਨੂੰ ਹੀ ਪੋਸਟ ਕਰਦਾ ਹੈ। ਨਵੇਂ ਕੱਪੜੇ, ਮਹਿੰਗੇ ਹੋਟਲਾਂ ਦਾ ਖਾਣਾ, ਦੇਸ਼-ਵਿਦੇਸ਼ ਦੀਆਂ ਸੈਰਾਂ ਅਤੇ ਬਣਾਵਟੀ ਹਾਸੇ- ਇਹ ਸਭ ਸੋਸ਼ਲ ਮੀਡੀਆ ਦੀਆਂ ਦੀਵਾਰਾਂ 'ਤੇ ਸਜਾਏ ਜਾਂਦੇ ਹਨ।

***ਸੱਚੀ ਦੋਸਤੀ ਇੱਕ ਅਜਿਹਾ ਰਿਸ਼ਤਾ ਹੈ ਜੋ ਮਨੁੱਖ ਨੂੰ ਕਿਸੇ ਵੀ ਪਰਖ ਤੋਂ ਬਿਨਾਂ ਇੱਕ 'ਸੁਰੱਖਿਅਤ ਘੇਰਾ' ਦਿੰਦੀ ਹੈ। ਇੱਕ ਅਸਲੀ ਦੋਸਤ ਸਾਡੀਆਂ ਕਮਜ਼ੋਰੀਆਂ ਨੂੰ ਜਾਣਦੇ ਹੋਏ ਵੀ ਸਾਨੂੰ ਸਵੀਕਾਰ ਕਰਦਾ ਹੈ। ਪਰ ਸੋਸ਼ਲ ਮੀਡੀਆ 'ਤੇ ਦੋਸਤੀ ਫਿਲਟਰ ਹੁੰਦੀ ਹੈ। ਉੱਥੇ ਅਸੀਂ ਕੇਵਲ ਆਪਣਾ ਚੰਗਾ ਪੱਖ ਹੀ ਦਿਖਾ ਸਕਦੇ ਹਾਂ, ਕਮਜ਼ੋਰੀ ਦਿਖਾਉਣ 'ਤੇ ਟ੍ਰੋਲ ਹੋਣ ਦਾ ਡਰ ਬਣਿਆ ਰਹਿੰਦਾ ਹੈ।***

ਤਕਨਾਲੋਜੀ ਨੇ 'ਕਮਿਊਨੀਕੇਸ਼ਨ' (ਸੰਚਾਰ) ਨੂੰ ਬਹੁਤ ਤੇਜ਼ ਕਰ ਦਿੱਤਾ ਹੈ, ਪਰ 'ਡਾਇਲਾਗ' (ਸੱਚਾ ਆਪਸੀ ਸੰਵਾਦ) ਖ਼ਤਮ ਕਰ ਦਿੱਤਾ ਹੈ। ਅਸੀਂ ਦਿਨ ਵਿਚ ਸੈਂਕੜੇ ਮੈਸੇਜ ਭੇਜਦੇ ਹਾਂ, ਈਮੋਜੀ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਜ਼ਾਹਰ ਕਰਨ ਦਾ ਅਭਿਨੇ ਕਰਦੇ ਹਾਂ। ਦਿਲ ਵਾਲਾ ਈਮੋਜੀ ਭੇਜ ਕੇ ਅਸੀਂ ਇਹ ਜਤਾਉਂਦੇ ਹਾਂ ਕਿ ਅਸੀਂ ਬਹੁਤ ਪਿਆਰ ਕਰਦੇ ਹਾਂ, ਅਤੇ ਹੱਸਣ ਵਾਲਾ ਈਮੋਜੀ ਭੇਜ ਕੇ ਅਸੀਂ ਆਪਣੀ ਖ਼ੁਸ਼ੀ ਦਾ ਦਾਅਵਾ ਕਰਦੇ ਹਾਂ। ਪਰ ਕੀ ਅਸਲ ਵਿਚ ਉਹ ਭਾਵਨਾ ਸਾਡੇ ਮਨ ਅੰਦਰ ਹੁੰਦੀ ਹੈ?

ਕਿਸੇ ਵਿਅਕਤੀ ਨਾਲ ਆਹਮੋ-ਸਾਹਮਣੇ ਬੈਠ ਕੇ ਉਸ ਦੀਆਂ ਅੱਖਾਂ ਵਿਚ ਦੇਖਣਾ, ਉਸ ਦੀ ਆਵਾਜ਼ ਦੀ ਕੰਬਣੀ ਨੂੰ ਮਹਿਸੂਸ ਕਰਨਾ, ਅਤੇ ਉਸ ਦੇ ਮੋਢੇ ਤੇ ਹੱਥ ਰੱਖਣਾ- ਇਹ ਉਹ ਮਾਨਵੀ ਛੂਹਾਂ ਹਨ ਜੋ ਡਿਜੀਟਲ ਟੈਕਸਟ ਮੈਸੇਜ ਕਦੇ ਵੀ ਨਹੀਂ ਦੇ ਸਕਦੇ। ਅੱਜ ਇੱਕੋ ਘਰ ਵਿਚ, ਇੱਕੋ ਡਾਇਨਿੰਗ ਟੇਬਲ 'ਤੇ ਬੈਠੇ ਚਾਰ ਜੀਅ ਆਪਸ ਵਿਚ ਗੱਲ ਕਰਨ ਦੀ ਬਜਾਏ ਆਪਣੇ-ਆਪਣੇ ਫ਼ੋਨਾਂ ਦੀਆਂ ਸਕ੍ਰੀਨਾਂ ਵਿਚ ਗੁਆਚੇ ਹੁੰਦੇ ਹਨ। ਅਸੀਂ ਸਰੀਰਕ ਤੌਰ 'ਤੇ ਇੱਕ-ਦੂਜੇ ਦੇ ਕੋਲ ਹੁੰਦੇ ਹੋਏ ਵੀ ਮਾਨਸਿਕ ਤੌਰ 'ਤੇ ਮੀਲਾਂ ਦੂਰ ਹਾਂ। ਇਹ 'ਨਜ਼ਦੀਕੀਆਂ 'ਚ ਫਾਸਲੇ' ਹੀ ਅਸਲ ਇਕੱਲੇਪਨ ਦਾ ਮੁੱਖ ਕਾਰਨ ਹੈ।

ਮਨੋਵਿਗਿਆਨਕ ਖੋਜਾਂ ਦਰਸਾਉਂਦੀਆਂ ਹਨ ਕਿ ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਅਤੇ ਮਾਨਸਿਕ ਬੀਮਾਰੀਆਂ ਵਿਚਕਾਰ ਇੱਕ ਡੂੰਘਾ ਸੰਬੰਧ ਹੈ। FOMO (Fear of Missing Out) ਯਾਨੀ 'ਕੁਝ ਛੁੱਟ ਜਾਣ ਦਾ ਡਰ' ਅੱਜ ਦੀ ਨੌਜਵਾਨ ਪੀੜ੍ਹੀ ਨੂੰ ਅੰਦਰੋਂ-ਅੰਦਰ ਖਾ ਰਿਹਾ ਹੈ। ਜਦੋਂ ਕੋਈ ਵਿਅਕਤੀ ਸੋਸ਼ਲ ਮੀਡੀਆ 'ਤੇ ਦੂਜਿਆਂ ਨੂੰ ਪਾਰਟੀਆਂ ਕਰਦੇ, ਘੁੰਮਦੇ ਜਾਂ ਖ਼ੁਸ਼ੀਆਂ ਮਨਾਉਂਦੇ ਦੇਖਦਾ ਹੈ, ਤਾਂ ਉਸ ਨੂੰ ਲੱਗਦਾ ਹੈ ਕਿ ਕੇਵਲ ਉਹੀ ਇੱਕ ਅਜਿਹਾ ਅਭਾਗਾ ਹੈ ਜੋ ਇਕੱਲਾ ਹੈ ਅਤੇ ਉਸ ਦੀ ਜ਼ਿੰਦਗੀ ਬੋਰਿੰਗ ਹੈ।

ਸੱਚੀ ਦੋਸਤੀ ਇੱਕ ਅਜਿਹਾ ਰਿਸ਼ਤਾ ਹੈ ਜੋ ਮਨੁੱਖ ਨੂੰ ਕਿਸੇ ਵੀ ਪਰਖ ਤੋਂ ਬਿਨਾਂ ਇੱਕ 'ਸੁਰੱਖਿਅਤ ਘੇਰਾ' ਦਿੰਦੀ ਹੈ। ਇੱਕ ਅਸਲੀ ਦੋਸਤ ਸਾਡੀਆਂ ਕਮਜ਼ੋਰੀਆਂ ਨੂੰ ਜਾਣਦੇ ਹੋਏ ਵੀ ਸਾਨੂੰ ਸਵੀਕਾਰ ਕਰਦਾ ਹੈ। ਪਰ ਸੋਸ਼ਲ ਮੀਡੀਆ 'ਤੇ ਦੋਸਤੀ ਫਿਲਟਰ ਹੁੰਦੀ ਹੈ। ਉੱਥੇ ਅਸੀਂ ਕੇਵਲ ਆਪਣਾ ਚੰਗਾ ਪੱਖ ਹੀ ਦਿਖਾ ਸਕਦੇ ਹਾਂ, ਕਮਜ਼ੋਰੀ ਦਿਖਾਉਣ 'ਤੇ ਟ੍ਰੋਲ ਹੋਣ ਦਾ ਡਰ ਬਣਿਆ ਰਹਿੰਦਾ ਹੈ।




ਜਦੋਂ ਮਨੁੱਖ ਕੋਲ ਅਸਲ ਜ਼ਿੰਦਗੀ ਵਿਚ ਕੋਈ ਅਜਿਹਾ ਦੋਸਤ ਨਹੀਂ ਹੁੰਦਾ ਜਿਸ ਨਾਲ ਉਹ ਆਪਣੇ ਦਿਲ ਦਾ ਸੱਚਾ ਗੁਬਾਰ ਕੱਢ ਸਕੇ, ਤਾਂ ਉਹ ਅੰਦਰੋਂ ਘੁਟਣ ਮਹਿਸੂਸ ਕਰਨ ਲੱਗਦਾ ਹੈ। ਪੰਜਾਬ ਦੇ ਸਮਾਜਿਕ-ਸਭਿਆਚਾਰਕ ਤਾਣੇ-ਬਾਣੇ ਦੀ ਗੱਲ ਕਰੀਏ ਤਾਂ ਕਿਸੇ ਸਮੇਂ ਪਿੰਡਾਂ ਦੀਆਂ ਸੱਥਾਂ ਅਜਿਹੇ ਕੇਂਦਰ ਹੁੰਦੇ ਸਨ, ਜਿੱਥੇ ਲੋਕ ਬਿਨਾਂ ਕਿਸੇ ਸਵਾਰਥ ਦੇ ਘੰਟਿਆਂ-ਬੱਧੀ ਬੈਠ ਕੇ ਦੁੱਖ-ਸੁੱਖ ਸਾਂਝਾ ਕਰਦੇ ਸਨ। ਪਰ ਅੱਜ ਉਹ ਰੌਣਕਾਂ ਗਾਇਬ ਹੋ ਚੁੱਕੀਆਂ ਹਨ। ਸੱਥਾਂ ਦੀ ਜਗ੍ਹਾ ਹੁਣ ਵਟਸਐਪ ਗਰੁੱਪਾਂ ਨੇ ਲੈ ਲਈ ਹੈ, ਜਿੱਥੇ ਸੰਵੇਦਨਸ਼ੀਲਤਾ ਦੀ ਥਾਂ ਕੇਵਲ ਫਾਰਵਰਡ ਕੀਤੇ ਮੈਸੇਜਾਂ ਅਤੇ ਨਫ਼ਰਤੀ ਪ੍ਰਚਾਰ ਨੇ ਲੈ ਲਈ ਹੈ।

ਅੱਜ 'ਇਕੱਲਾਪਣ ਇੱਕ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕਾ ਹੈ। ਇਹ ਕੇਵਲ ਮਾਨਸਿਕ ਸਮੱਸਿਆ ਹੀ ਨਹੀਂ, ਸਗੋਂ ਸਰੀਰਕ ਬੀਮਾਰੀਆਂ ਜਿਵੇਂ ਬਲੱਡ ਪ੍ਰੈਸ਼ਰ, ਦਿਲ ਦੇ ਰੋਗ, ਅਨਿੰਦਰਾ ਅਤੇ ਇਮਿਊਨਿਟੀ ਦੀ ਕਮੀ ਦਾ ਕਾਰਨ ਵੀ ਬਣ ਰਿਹਾ ਹੈ।

ਜਦੋਂ ਇਨਸਾਨ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ, ਤਾਂ ਉਸ ਅੰਦਰ ਨਕਾਰਾਤਮਕ ਵਿਚਾਰ ਘਰ ਕਰ ਜਾਂਦੇ ਹਨ। ਉਹ ਆਪਣੇ ਆਪ ਨੂੰ ਨਿਕੰਮਾ ਅਤੇ ਬੇਕਾਰ ਸਮਝਣ ਲੱਗਦਾ ਹੈ। ਬੱਚਿਆਂ ਅਤੇ ਨੌਜਵਾਨਾਂ ਵਿਚ ਵੱਧ ਰਿਹਾ ਗੁੱਸਾ, ਚਿੜਚਿੜਾਪਨ ਅਤੇ ਖੁਦਕੁਸ਼ੀਆਂ ਦੀਆਂ ਵਧ ਰਹੀਆਂ ਘਟਨਾਵਾਂ ਦੇ ਪਿੱਛੇ ਵੀ ਇਹੋ ਅਦ੍ਰਿਸ਼ਟ ਇਕੱਲਾਪਨ ਇੱਕ ਵੱਡਾ ਕਾਰਨ ਹੈ। ਅਸੀਂ ਭੀੜ ਦੇ ਵਿਚਕਾਰ ਖੜ੍ਹੇ ਹੋ ਕੇ ਵੀ ਇਕੱਲੇ ਹਾਂ, ਕਿਉਂਕਿ ਸਾਡੇ ਆਲੇ-ਦੁਆਲੇ ਲੋਕ ਤਾਂ ਹਨ, ਪਰ ਭਾਵਨਾਤਮਕ ਸਾਂਝ ਗਾਇਬ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਦੇ ਡਿਜੀਟਲ ਯੁੱਗ ਵਿਚ ਸੋਸ਼ਲ ਮੀਡੀਆ ਤੋਂ ਪੂਰੀ ਤਰ੍ਹਾਂ ਮੁੱਖ ਮੋੜਨਾ ਸੰਭਵ ਨਹੀਂ ਹੈ ਅਤੇ ਨਾ ਹੀ ਇਹ ਇਸ ਦਾ ਹੱਲ ਹੈ। ਤਕਨਾਲੋਜੀ ਇੱਕ ਸਾਧਨ ਹੈ, ਪਰ ਸਮੱਸਿਆ ਤਦ ਪੈਦਾ ਹੁੰਦੀ ਹੈ ਜਦੋਂ ਸਾਧਨ ਹੀ ਸਾਡਾ ਮਾਲਕ ਬਣ ਜਾਂਦਾ ਹੈ। ਇਸ ਡਿਜੀਟਲ ਦੁਖਾਂਤ ਤੋਂ ਬਚਣ ਲਈ ਸਾਨੂੰ ਆਪਣੀ ਜੀਵਨ ਸ਼ੈਲੀ ਵਿਚ ਕੁਝ ਸੰਤੁਲਨ ਅਤੇ ਤਬਦੀਲੀਆਂ ਲਿਆਉਣ ਦੀ ਸਖ਼ਤ ਲੋੜ ਹੈ:

**ਡਿਜੀਟਲ ਡੀਟਾਕਸ ਅਪਣਾਓ**

ਦਿਨ ਵਿਚ ਕੋਈ ਇੱਕ ਜਾਂ ਦੋ ਘੰਟੇ ਅਜਿਹੇ ਨਿਸ਼ਚਿਤ ਕਰੋ ਜਦੋਂ ਤੁਸੀਂ ਫੋਨ ਤੋਂ ਪੂਰੀ ਤਰ੍ਹਾਂ ਦੂਰ ਰਹੋ। ਖ਼ਾਸ ਕਰਕੇ ਰਾਤ ਨੂੰ ਸੌਣ ਤੋਂ ਪਹਿਲਾਂ ਅਤੇ ਸਵੇਰੇ ਉੱਠਣ ਤੋਂ ਬਾਅਦ ਸਕ੍ਰੀਨ ਤੋਂ ਦੂਰੀ ਬਣਾਓ।

ਅਸਲੀ ਰਿਸ਼ਤਿਆਂ ਵਿਚ ਨਿਵੇਸ਼ ਕਰੋ ਸੋਸ਼ਲ ਮੀਡੀਆ 'ਤੇ ਚੈਟ ਕਰਨ ਦੀ ਬਜਾਏ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਆਹਮੋ-ਸਾਹਮਣੇ ਮਿਲਣ ਦੀ ਆਦਤ ਪਾਓ। ਕਿਸੇ ਪੁਰਾਣੇ ਦੋਸਤ ਨੂੰ ਫੋਨ ਕਰਕੇ ਉਸ ਦਾ ਹਾਲ-ਚਾਲ ਪੁੱਛੋ ਅਤੇ ਉਸ ਨਾਲ ਸਮਾਂ ਬਿਤਾਓ।

ਗੁਣਵੱਤਾ ਨੂੰ ਤਰਜੀਹ ਦਿਓ, ਗਿਣਤੀ ਨੂੰ ਨਹੀਂ ਸੋਸ਼ਲ ਮੀਡੀਆ 'ਤੇ ਹਜ਼ਾਰਾਂ ਆਭਾਸੀ ਦੋਸਤਾਂ ਦੀ ਬਜਾਏ ਅਸਲ ਜ਼ਿੰਦਗੀ ਵਿਚ ਇੱਕ ਜਾਂ ਦੋ ਅਜਿਹੇ ਸੱਚੇ ਦੋਸਤ ਬਣਾਓ, ਜਿਨ੍ਹਾਂ 'ਤੇ ਤੁਸੀਂ ਅੱਖਾਂ ਮੀਚ ਕੇ ਭਰੋਸਾ ਕਰ ਸਕੋ।

ਪਰਿਵਾਰਕ ਸਮਾਂ ਨਿਸ਼ਚਿਤ ਕਰੋ। ਘਰ ਵਿਚ ਖਾਣਾ ਖਾਂਦੇ ਸਮੇਂ ਫੋਨ ਦੀ ਵਰਤੋਂ 'ਤੇ ਪਾਬੰਦੀ ਹੋਣੀ ਚਾਹੀਦੀ ਹੈ। ਪਰਿਵਾਰ ਦੇ ਸਾਰੇ ਜੀਆਂ ਨੂੰ ਆਪਸ ਵਿਚ ਬੈਠ ਕੇ ਆਪਣੇ ਦਿਨ ਭਰ ਦੇ ਅਨੁਭਵ ਸਾਂਝੇ ਕਰਨੇ ਚਾਹੀਦੇ ਹਨ।

ਸੋਸ਼ਲ ਮੀਡੀਆ ਦੀ ਚਮਕਦਾਰ ਦੁਨੀਆ ਇੱਕ ਅਜਿਹੀ ਮਿਰਗ-ਤ੍ਰਿਸ਼ਨਾ ਹੈ, ਜੋ ਦੂਰੋਂ ਤਾਂ ਬਹੁਤ ਮਨਮੋਹਕ ਲੱਗਦੀ ਹੈ, ਪਰ ਨੇੜੇ ਜਾਣ 'ਤੇ ਪਤਾ ਲੱਗਦਾ ਹੈ ਕਿ ਉੱਥੇ ਪਿਆਸ ਬੁਝਾਉਣ ਲਈ ਇੱਕ ਬੂੰਦ ਵੀ ਪਾਣੀ ਨਹੀਂ ਹੈ। ਵਰਚੁਅਲ ਦੁਨੀਆ ਦੇ 'ਲਾਈਕਸ' ਅਤੇ ਕਮੈਂਟਸ ਕਦੇ ਵੀ ਕਿਸੇ ਦੋਸਤ ਦੇ ਸੱਚੇ ਹੁੰਗਾਰੇ ਜਾਂ ਜੱਫੀ ਦਾ ਬਦਲ ਨਹੀਂ ਹੋ ਸਕਦੇ।

ਜ਼ਿੰਦਗੀ ਦਾ ਅਸਲ ਰੰਗ ਸਕ੍ਰੀਨ ਦੇ ਪਿਕਸਲਾਂ ਵਿਚ ਨਹੀਂ, ਸਗੋਂ ਸਾਹਮਣੇ ਬੈਠੇ ਇਨਸਾਨ ਦੀਆਂ ਅੱਖਾਂ ਵਿਚ ਹੁੰਦਾ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਮਨੁੱਖੀ ਭਾਵਨਾਵਾਂ ਡਿਜੀਟਲ ਨਹੀਂ, ਸਗੋਂ ਰੂਹਾਨੀ ਹੁੰਦੀਆਂ ਹਨ। ਜੇਕਰ ਅਸੀਂ ਅਜੇ ਵੀ ਨਾ ਸੰਭਲੇ, ਤਾਂ ਅਸੀਂ ਅਜਿਹੀ ਭੀੜ ਦਾ ਹਿੱਸਾ ਬਣ ਕੇ ਰਹਿ ਜਾਵਾਂਗੇ ਜਿੱਥੇ ਹਰ ਕੋਈ ਬੋਲ ਤਾਂ ਰਿਹਾ ਹੋਵੇਗਾ, ਪਰ ਸੁਣਨ ਵਾਲਾ ਕੋਈ ਨਹੀਂ ਹੋਵੇਗਾ। ਫੋਨਾਂ ਦੀਆਂ ਸਕ੍ਰੀਨਾਂ ਨੂੰ ਥੋੜ੍ਹਾ ਸਮਾਂ ਆਰਾਮ ਦੇਣ ਅਤੇ ਆਪਣੇ ਆਲੇ-ਦੁਆਲੇ ਬੈਠੇ ਅਸਲੀ ਇਨਸਾਨਾਂ ਦਾ ਹੱਥ ਫੜ ਕੇ ਜ਼ਿੰਦਗੀ ਦੇ ਅਸਲ ਰੰਗਾਂ ਨੂੰ ਮਾਣਨ ਦੀ ਲੋੜ ਹੈ, ਤਾਂ ਜੋ ਅਸੀਂ ਭੀੜ ਵਿਚ ਹੁੰਦੇ ਹੋਏ ਵੀ ਇਕੱਲੇਪਨ ਦੇ ਇਸ ਦੁਖਾਂਤ ਤੋਂ ਮੁਕਤ ਹੋ ਸਕੀਏ।

# ਜਦੋਂ ਰੱਬ ਮੁਸਾਫ਼ਿਰ ਬਣ ਕੇ ਮਿਲਿਆ

## ਬਚਪਨ ਦੀਆਂ ਯਾਦਾਂ ਦੇ ਸੁਨਹਿਰੀ ਪੰਨੇ

ਬਚਪਨ ਦੀਆਂ ਯਾਦਾਂ ਕਿਸੇ ਪੁਰਾਣੀ ਕਿਤਾਬ ਦੇ ਵਰਕਿਆਂ ਵਿਚ ਸਾਂਭ ਕੇ ਰੱਖੇ, ਮੋਰ ਦੇ ਖੰਭ ਜਾਂ ਗੁਲਾਬ ਦੀਆਂ ਪੱਤੀਆਂ ਵਰਗੀਆਂ ਹੁੰਦੀਆਂ ਹਨ। ਵਕਤ ਭਾਵੇਂ ਕਿੰਨਾ ਵੀ ਲੰਘ ਜਾਵੇ, ਜਦੋਂ ਕਦੇ ਯਾਦਾਂ ਦੀ ਉਹ ਕਿਤਾਬ ਖੁੱਲ੍ਹਦੀ ਹੈ ਤਾਂ ਉਨ੍ਹਾਂ ਵਿਚੋਂ ਉੱਠਦੀ ਮਹਿਕ ਸਿੱਧੀ ਰੂਹ ਤੱਕ ਉਤਰ ਜਾਂਦੀ ਹੈ। ਕੁਝ ਘਟਨਾਵਾਂ ਸਮੇਂ ਦੀਆਂ ਹੱਦਾਂ ਨੂੰ ਨਹੀਂ ਮੰਨਦੀਆਂ। ਉਹ ਕੈਲੰਡਰਾਂ ਵਿਚ ਪੁਰਾਣੀਆਂ ਹੋ ਸਕਦੀਆਂ ਹਨ, ਪਰ ਦਿਲ ਵਿਚ ਕਦੇ ਪੁਰਾਣੀਆਂ ਨਹੀਂ ਪੈਂਦੀਆਂ।



ਨਵਦੀਪ ਸਿੰਘ ਭੁਨੀਰ (ਮਾਨਸਾ)
ਫੋਨ: +91-98769-68193

1989-90 ਦੀ ਇੱਕ ਸਵੇਰ ਮੇਰੀ ਜ਼ਿੰਦਗੀ ਵਿਚ ਵੀ ਇਸੇ ਤਰ੍ਹਾਂ ਆਈ ਸੀ। ਅੱਜ ਚਾਰ ਦਹਾਕਿਆਂ ਦੇ ਨੇੜੇ ਸਮਾਂ ਗੁਜ਼ਰ ਜਾਣ ਦੇ ਬਾਵਜੂਦ, ਉਸ ਦਿਨ ਦੀਆਂ ਕੁਝ ਤਸਵੀਰਾਂ ਅੱਜ ਵੀ ਮੇਰੇ ਮਨ ਦੇ ਕੈਨਵਸ 'ਤੇ ਉਸੇ ਤਰ੍ਹਾਂ ਤਾਜ਼ੀਆਂ ਹਨ।

ਉਦੋਂ ਮੈਂ ਚੌਥੀ ਜਾਂ ਪੰਜਵੀਂ ਜਮਾਤ ਵਿਚ ਪੜ੍ਹਦਾ ਹੋਵਾਂਗਾ। ਉਮਰ ਮਸਾਂ ਗਿਆਰਾਂ ਕੁ ਸਾਲ ਸੀ। ਮੇਰੇ ਨਾਲ ਮੇਰਾ ਜਮਾਤੀ ਕਾਲਾ ਬੇਦੀ ਸੀ। ਦੁਨੀਆਂਦਾਰੀ ਦੇ ਛਲ-ਕਪਟ, ਫ਼ਿਕਰਾਂ ਅਤੇ ਸ਼ੱਕ ਤੋਂ ਕੋਹਾਂ ਦੂਰ, ਅਸੀਂ ਉਸ ਉਮਰ ਵਿਚ ਸਾਂ ਜਦੋਂ ਹਰ ਰਾਹ ਸਿੱਧਾ ਲੱਗਦਾ ਹੈ ਅਤੇ ਹਰ ਇਨਸਾਨ ਆਪਣਾ ਜਾਪਦਾ ਹੈ।

ਸਾਨੂੰ ਸਕੂਲ ਵੱਲੋਂ ਵਜ਼ੀਫ਼ੇ ਦੇ ਫਾਰਮ ਨਾਲ ਸੰਬੰਧਿਤ ਕਿਸੇ ਕੰਮ ਲਈ ਭਨੀਰ ਤੋਂ ਮਾਨਸਾ ਕਚਹਿਰੀ ਜਾਣਾ ਪਿਆ ਸੀ। ਅੱਜ ਸੋਚਦਾ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਅਸੀਂ ਕਿੰਨੇ ਭੋਲੇ ਸਾਂ। ਨਾ ਸਾਡੇ ਕੋਲ ਮੋਬਾਈਲ ਸਨ, ਨਾ ਕੋਈ ਵੱਡਾ ਸਾਡੇ ਨਾਲ ਸੀ, ਨਾ ਕਿਸੇ ਨੇ ਸੌ ਵਾਰ ਸਮਝਾਇਆ ਸੀ ਕਿ ਕਿੱਥੇ ਜਾਣਾ ਹੈ। ਪਰ ਉਸ ਵੇਲੇ ਨਾ ਡਰ ਸੀ, ਨਾ ਹਿਸਾਬ।

ਅਸੀਂ ਭਨੀਰ ਤੋਂ ਸਰਕਾਰੀ ਬੱਸ ਵਿਚ ਚੜ੍ਹ ਗਏ। ਜੇਬਾਂ ਟਟੋਲੀਆਂ ਤਾਂ ਕੁੱਲ ਮਿਲਾ ਕੇ ਦੋ-ਢਾਈ ਰੁਪਏ ਨਿਕਲੇ। ਸਾਨੂੰ ਇਹ ਵੀ ਨਹੀਂ ਪਤਾ ਸੀ ਕਿ ਇਹ ਕਿਰਾਏ ਲਈ ਕਾਫ਼ੀ ਹਨ ਜਾਂ ਨਹੀਂ। ਜਦੋਂ ਕੰਡਕਟਰ ਟਿਕਟ ਕੱਟਣ ਆਇਆ ਤਾਂ ਅਸੀਂ ਆਪਣੀ ਮੁੱਠੀ ਵਿਚਲੇ ਉਹ ਸਾਰੇ ਸਿੱਕੇ ਉਸ ਦੀ ਹਥੇਲੀ 'ਤੇ ਰੱਖ ਦਿੱਤੇ।

ਉਸ ਨੇ ਪੈਸੇ ਗਿਣੇ, ਥੋੜ੍ਹਾ ਗੰਭੀਰ ਹੋਇਆ ਅਤੇ ਫਿਰ ਸਾਡੇ ਚਿਹਰਿਆਂ ਵੱਲ ਵੇਖ ਕੇ ਹੌਲੀ ਜਿਹੇ ਮੁਸਕਰਾਉਂਦਿਆਂ ਕਿਹਾ, 'ਪੁੱਤਰ, ਇਹ ਤਾਂ ਕਿਰਾਏ ਤੋਂ ਕਾਫ਼ੀ ਘੱਟ ਹਨ।'

ਅਸੀਂ ਵੀ ਪੂਰੀ ਸਾਦਗੀ ਅਤੇ ਲਾਚਾਰੀ ਨਾਲ ਆਪਣੀ ਬੇਬਸੀ ਜ਼ਾਹਰ ਕਰਦਿਆਂ ਕਹਿ ਦਿੱਤਾ, 'ਸਾਡੇ ਕੋਲ ਤਾਂ ਬਸ ਇੰਨੇ ਹੀ ਹਨ, ਹੋਰ ਪੈਸੇ ਨਹੀਂ ਹਨ।'

ਅੱਜ ਯਾਦ ਨਹੀਂ ਕਿ ਉਸ ਨੇ ਸਾਡੀ ਪੂਰੀ ਟਿਕਟ ਕੱਟੀ ਸੀ ਜਾਂ ਅੱਧੀ, ਪਰ ਇਹ ਜ਼ਰੂਰ ਯਾਦ ਹੈ ਕਿ ਉਸ ਨੇ ਸਾਡੀ ਮਜਬੂਰੀ ਨੂੰ ਸਵੀਕਾਰਿਆ ਅਤੇ ਸਾਨੂੰ ਬੱਸੋਂ ਹੇਠਾਂ ਨਾ ਉਤਾਰਿਆ। ਇਹ ਸਾਡੇ ਸਫ਼ਰ ਉੱਤੇ ਹੋਈ ਪਹਿਲੀ ਰਹਿਮਤ ਸੀ।

ਬੱਸ ਮਾਨਸਾ ਪਹੁੰਚ ਗਈ। ਸਾਨੂੰ ਇਹ ਵੀ ਨਹੀਂ ਪਤਾ ਸੀ ਕਿ ਕਚਹਿਰੀ ਦੇ ਅੰਦਰ ਕਿਸ ਨੂੰ ਮਿਲਣਾ ਹੈ ਅਤੇ ਕਿੱਥੇ ਜਾਣਾ ਹੈ। ਬੱਚੇ ਅਕਸਰ ਮੰਜ਼ਿਲ ਨਹੀਂ ਜਾਣਦੇ, ਉਹ ਸਿਰਫ਼ ਭਰੋਸੇ ਦੇ ਸਹਾਰੇ ਤੁਰ ਪੈਂਦੇ ਹਨ।

ਅਜੇ ਅਸੀਂ ਕੁਝ ਹੀ ਕਦਮ ਪੁੱਟੇ ਹੋਣੇ ਸਨ ਕਿ ਪਿੱਛੋਂ ਕਿਸੇ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ।

ਮੈਂ ਮੁੜ ਕੇ ਵੇਖਿਆ।

ਸੂਟ-ਬੂਟ ਪਹਿਨਿਆ ਇੱਕ ਭੱਦਰ ਪੁਰਸ਼ ਖੜ੍ਹਾ ਸੀ। ਉਸ ਦੇ ਹੱਥ ਵਿਚ ਸੂਟਕੇਸ ਅਤੇ ਚਿਹਰੇ 'ਤੇ ਅਜੀਬ ਜਿਹਾ ਸਕੂਨ ਸੀ।

ਉਸ ਨੇ ਬੜੀ ਸਹਿਜਤਾ ਨਾਲ ਆਪਣੀ ਜੇਬ ਵਿਚੋਂ ਪੰਜ ਰੁਪਏ ਦਾ ਇੱਕ ਨੋਟ ਕੱਢਿਆ, ਮੇਰੀ ਨਿੱਕੀ ਜਿਹੀ ਹਥੇਲੀ 'ਤੇ ਰੱਖਿਆ ਅਤੇ ਬਹੁਤ ਹੀ ਮੋਹ ਭਿੱਜੀ ਆਵਾਜ਼ ਵਿਚ ਕਿਹਾ, 'ਪੁੱਤਰ, ਵਾਪਸ ਘਰ ਵੀ ਤਾਂ ਜਾਣਾ ਹੈ...ਇਹ ਆਪਣੇ ਕੋਲ ਰੱਖ ਲਓ।'

ਮੈਂ ਅਤੇ ਕਾਲਾ ਇੱਕ-ਦੂਜੇ ਦਾ ਮੂੰਹ ਵੇਖਦੇ ਰਹਿ ਗਏ। ਸਾਨੂੰ ਸਮਝ ਹੀ ਨਹੀਂ ਆਈ ਕਿ ਇਹ ਹੋ ਕੀ ਗਿਆ ਹੈ। ਧੰਨਵਾਦ ਕਰਨਾ ਵੀ ਨਹੀਂ ਆਉਂਦਾ ਸੀ। ਸ਼ਬਦ ਵੀ ਕਈ ਵਾਰ ਉਮਰ ਨਾਲ ਆਉਂਦੇ ਹਨ। ਉਸ ਉਮਰ ਵਿਚ ਸਾਡੇ ਕੋਲ ਸਿਰਫ਼ ਹੈਰਾਨ ਅੱਖਾਂ ਸਨ। ਉਸ ਨੇ ਨਾ ਸਾਡਾ ਨਾਮ ਪੁੱਛਿਆ, ਨਾ ਆਪਣਾ ਦੱਸਿਆ। ਉਹ ਆਇਆ ਵੀ ਚੁੱਪ-ਚਾਪ ਸੀ ਤੇ ਚਲਾ ਵੀ ਚੁੱਪ-ਚਾਪ ਗਿਆ।

ਅੱਜ ਸੋਚਦਾ ਹਾਂ ਤਾਂ ਲੱਗਦਾ ਹੈ, ਕੁਝ ਲੋਕ ਸਾਡੀ ਜ਼ਿੰਦਗੀ ਵਿਚ ਉਮਰ ਦੇ ਇੱਕ ਪਲ ਨੂੰ ਰੌਸ਼ਨ ਕਰਨ ਹੀ ਆਉਂਦੇ ਹਨ।

ਇਨਸਾਨੀ ਜ਼ਿਹਨ ਦੀ ਤਹਿ ਵੀ ਕਿੰਨੀ ਅਜੀਬ ਹੈ। ਅੱਜ ਮੈਨੂੰ ਇਹ ਬਿਲਕੁਲ ਯਾਦ ਨਹੀਂ ਕਿ ਕਚਹਿਰੀ ਵਿਚ ਸਾਡਾ ਕੰਮ ਕਿਸ ਨੇ ਕੀਤਾ? ਉੱਥੇ ਹੋਰ ਕੀ ਹੋਇਆ? ਕੰਮ 'ਚ ਕਿੰਨਾ ਸਮਾਂ ਲੱਗਾ? ਜਾਂ ਅਸੀਂ ਵਾਪਸ ਪਿੰਡ ਕਿਵੇਂ ਪਹੁੰਚੇ? ਉਹ ਸਭ ਕੁਝ ਸਮੇਂ ਦੀ ਧੁੰਦ ਵਿਚ ਪੂਰੀ ਤਰ੍ਹਾਂ ਵਿਲੀਨ ਹੋ ਚੁੱਕਾ ਹੈ। ਮੇਰੇ ਜ਼ਿਹਨ ਵਿਚ ਇਸ ਦਾ ਇੱਕ ਵੀ ਅਕਸ ਬਾਕੀ ਨਹੀਂ।

ਪਰ ਉਹ ਦੋ-ਤਿੰਨ ਮਿੰਟ...ਬੱਸ ਅੱਡੇ ਤੋਂ ਕਚਹਿਰੀ ਵੱਲ ਜਾਂਦਾ ਉਹ ਰਸਤਾ...ਮੇਰੇ ਮੋਢੇ ਉੱਤੇ ਰੱਖਿਆ ਉਸ ਹੱਥ ਦਾ ਨਿੱਘ ਅਤੇ ਮੇਰੀ ਹਥੇਲੀ ਵਿਚ ਆ ਕੇ ਟਿਕਿਆ ਉਹ ਪੰਜ ਰੁਪਏ ਦਾ ਨੋਟ...ਇਹ ਸਾਰਾ ਦ੍ਰਿਸ਼ ਅੱਜ ਚਾਰ ਦਹਾਕਿਆਂ ਬਾਅਦ ਵੀ ਮੇਰੀਆਂ ਅੱਖਾਂ ਸਾਹਮਣੇ ਐਨੀ ਸਪਸ਼ਟਤਾ ਨਾਲ ਹੂ-ਬਹੂ ਸਾਕਾਰ ਹੋ ਜਾਂਦਾ ਹੈ, ਜਿਵੇਂ ਇਹ ਕੱਲ੍ਹ ਦੀ ਹੀ ਗੱਲ ਹੋਵੇ।

ਅੱਜ ਵੀ ਜਦੋਂ ਮੈਂ ਅਤੇ ਕਾਲਾ ਬੇਦੀ ਕਦੇ ਮਿਲਦੇ ਹਾਂ, ਤਾਂ ਇਹ ਘਟਨਾ ਲਾਜ਼ਮੀ ਸਾਡੀਆਂ ਗੱਲਾਂ ਦਾ ਸ਼ਿੰਗਾਰ ਬਣਦੀ ਹੈ। ਪਹਿਲਾਂ ਤਾਂ ਅਸੀਂ ਆਪਣੇ ਉਸ ਭੋਲੇਪਨ 'ਤੇ ਹੱਸਦੇ ਹਾਂ ਕਿ ਅਸੀਂ ਕਿੰਨੇ ਸਾਦੇ ਅਤੇ ਨਿਰਛਲ ਸਾਂ, ਸਾਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਬੱਸ ਵਿਚ ਚੜ੍ਹਨ ਲਈ ਪੂਰੇ ਪੈਸੇ ਚਾਹੀਦੇ ਹੁੰਦੇ ਹਨ।

ਫਿਰ ਅਗਲਾ ਸਵਾਲ ਹਰ ਵਾਰ ਦਿਲ ਵਿਚ ਉੱਠਦਾ ਹੈ ਕਿ ਜੇ ਉਹ ਸੱਜਣ ਉਸ ਦਿਨ ਨਾ ਮਿਲਦੇ ਅਤੇ ਉਹ ਪੰਜ ਰੁਪਏ ਨਾ ਦਿੰਦੇ, ਤਾਂ ਆਪਾਂ ਘਰ ਕਿਸ ਤਰ੍ਹਾਂ ਆਉਂਦੇ...ਸਾਡਾ ਕੀ ਬਣਦਾ...? ਸ਼ਾਇਦ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਰੋਂਦੇ-ਧੋਂਦੇ ਘਰ ਵਾਪਸ ਆ ਹੀ ਜਾਂਦੇ, ਪਰ ਫਿਰ ਮਨੁੱਖਤਾ ਅਤੇ ਰੱਬੀ ਹੋਂਦ ਦਾ ਉਹ ਅਣਮੁੱਲਾ ਪਾਠ ਸਾਨੂੰ ਕੌਣ ਪੜ੍ਹਾਉਂਦਾ?

ਉਸ ਦੌਰ ਦੇ ਉਹ ਪੰਜ ਰੁਪਏ ਅੱਜ ਮੇਰੇ ਲਈ ਬ੍ਰਹਿਮੰਡ ਦੀ ਸਭ ਤੋਂ ਕੀਮਤੀ ਦੌਲਤ ਹਨ, ਕਿਉਂਕਿ ਉਸ ਅਣਜਾਣ ਸ਼ਖ਼ਸ ਨੇ ਸਾਡੀ ਜੇਬ ਵਿਚ ਮਹਿਜ਼ ਪੈਸੇ ਨਹੀਂ ਪਾਏ ਸਨ, ਸਗੋਂ ਸਾਡੇ ਡੋਲਦੇ ਬਾਲ-ਮਨਾਂ ਨੂੰ ਇਨਸਾਨੀਅਤ 'ਤੇ ਇੱਕ ਅਟੁੱਟ ਭਰੋਸਾ ਦਿੱਤਾ ਸੀ।

ਕੁਝ ਨੇਕੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਨਹੀਂ ਬਣਦੀਆਂ, ਨਾ ਹੀ ਉਨ੍ਹਾਂ ਲਈ ਤਾੜੀਆਂ ਵੱਜਦੀਆਂ ਹਨ। ਪਰ ਉਹ ਕਿਸੇ ਬੱਚੇ ਦੇ ਅੰਦਰ ਅਜਿਹੀ ਰੌਸ਼ਨੀ ਜਗਾ ਜਾਂਦੀਆਂ ਹਨ ਜੋ ਉਮਰ ਭਰ ਦੇ ਹਨੇਰਿਆਂ ਵਿਚ ਵੀ ਨਹੀਂ ਬੁੱਝਦੀ।

ਮੈਨੂੰ ਨਹੀਂ ਪਤਾ ਉਹ ਸੱਜਣ ਹੁਣ ਕਿੱਥੇ ਹੋਣਗੇ ਪਰ ਸਾਡੇ ਰੋਮ-ਰੋਮ ਵਿਚੋਂ ਉਨ੍ਹਾਂ ਲਈ ਦੁਆਵਾਂ ਨਿਕਲਦੀਆਂ ਹਨ। ਉਸ ਦਿਨ ਮੈਂ ਪਹਿਲੀ ਵਾਰ ਜਾਣਿਆ ਸੀ ਕਿ ਕਈ ਵਾਰ ਰੱਬ ਮੰਦਰਾਂ ਜਾਂ ਮਸਜਿਦਾਂ ਵਿਚ ਹੀ ਨਹੀਂ ਮਿਲਦਾ...ਉਹ ਇੱਕ ਅਣਜਾਣ ਮੁਸਾਫ਼ਿਰ ਬਣ ਕੇ ਤੁਹਾਡੇ ਮੋਢੇ 'ਤੇ ਹੱਥ ਰੱਖਦਾ ਹੈ, ਤੁਹਾਡੀ ਹਥੇਲੀ ਵਿਚ ਪੰਜ ਰੁਪਏ ਦਾ ਇੱਕ ਨੋਟ ਰੱਖਦਾ ਹੈ ਅਤੇ ਭੀੜ ਵਿਚ ਗੁੰਮ ਹੋ ਜਾਂਦਾ ਹੈ। ਪਿੱਛੇ ਛੱਡ ਜਾਂਦਾ ਹੈ ਸਿਰਫ਼ ਇੱਕ ਅਮਰ ਯਾਦ, ਜਿਸ ਦੀ ਉਮਰ ਇਨਸਾਨੀ ਉਮਰ ਨਾਲੋਂ ਕਿਤੇ ਵੱਧ ਲੰਮੀ ਹੁੰਦੀ ਹੈ।

# ਯੂਰਪ ਯੂਰਪ, ਅਮਰੀਕਾ ਅਮਰੀਕਾ - 2

ਅਮਰੀਕਾ ਨੂੰ ਜਾ ਤਾਂ ਭਾਵੇਂ ਰਿਹਾ ਹੀ ਸਾਂ ਪਰ ਇਸ ਵਾਰ ਅੰਦਰ ਚਾਅ ਉਵੇਂ ਲੁੱਡੀਆਂ ਨਹੀਂ ਸੀ ਪਾ ਰਿਹਾ ਜਿਵੇਂ ਅੱਗੇ ਹਰ ਵਾਰੀ ਹੁੰਦਾ ਸੀ। ਅਸਲ ਵਿਚ ਯੂਰਪ ਦੇ ਵੀਹ ਕੁ ਦਿਨਾਂ ਦੇ ਟੂਰ ਨਾਲ਼ ਹੀ ਕੋਈ ਰੱਜ ਜਿਹਾ ਆ ਗਿਆ ਸੀ। ਕੁਦਰਤੀ ਹੁਸਨ, ਕਲਾਸਕੀ ਰੰਗਣ ਵਾਲ਼ੀ ਇਮਾਰਤ ਕਲ਼ਾ ਅਤੇ ਸਭਿਅਕ ਜਿਹੀ ਜੀਵਣ-ਜਾਚ ਸਭ ਕੁਝ ਮੇਰੇ ਮਨ ਨੂੰ ਭਾਉਣ ਵਾਲ਼ਾ ਸੀ। ਸੁਭਾਅ ਵਜੋਂ ਮੈਂ ਖ਼ੁਦ ਵੀ ਥੋੜ੍ਹਾ ਸਹਿਜ ਅਤੇ ਠਰੰਮੇ ਵਾਲ਼ਾ ਹਾਂ, ਇਸ ਲਈ ਯੂਰਪੀ ਸ਼ੈਲੀ ਨਾਲ਼ ਮੇਰੀ ਵਾਹਵਾ ਰੱਚਕ ਬੈਠ ਗਈ ਸੀ। ਕਿਸੇ ਵਕਤ ਦੇ ਬਸਤੀਵਾਦੀ ਤਿੱਖੇ ਤੇਵਰਾਂ ਵਾਲ਼ੇ ਯੂਰਪ ਦੇ ਉਲਟ ਹੁਣ ਵਾਲ਼ਾ ਯੂਰਪ ਤਾਂ ਮੈਨੂੰ ਭਾਰਤ ਵਾਂਗ ਹੀ ਪਰੰਪਰਾ ਦੇ ਕਿੱਲੇ ਨਾਲ਼ ਕੁਝ ਵਧੇਰੇ ਹੀ ਬੱਝਿਆ ਪ੍ਰਤੀਤ ਹੋਇਆ ਸੀ। ਇਸੇ ਕਰਕੇ ਜੇ ਮੇਰੇ ਵਰਗਿਆਂ ਨੂੰ ਉਹ ਠਹਿਰਿਆ ਜਿਹਾ ਯੂਰਪ ਬਹਿਸ਼ਤ ਜਾਪਦਾ ਸੀ ਤਾਂ ਉਥੋਂ ਦੀ ਨਵੀਂ ਪੀੜ੍ਹੀ ਨੂੰ ਉਸ 'ਸਲੋਅ'

**ਬਲਦੇਵ ਸਿੰਘ ਧਾਲੀਵਾਲ**
**ਫੋਨ: 98728-35835**

ਸ਼ੈਲੀ ਤੋਂ ਅਕੇਵਾਂ ਮਹਿਸੂਸ ਹੁੰਦਾ ਸੀ, ਇਸ ਲਈ ਉਹ ਅਮਰੀਕਾ ਦੀ 'ਅਗਰੈਸਿਵ' ਜੀਵਣ-ਜਾਚ ਵੱਲ ਭੱਜਣਾ ਲੋਚਦੀ ਸੀ।

ਮੈਂ ਫਰੈਂਕਫਰਟ ਏਅਰਪੋਰਟ ਦੇ ਲੌਂਜ ਵਿਚ ਬੈਠਾ ਅਮਰੀਕਾ ਅਤੇ ਯੂਰਪ ਨੂੰ ਤੱਕੜੀ ਦੇ ਦੋ ਪੱਲੜਿਆਂ 'ਚ ਪਾ ਕੇ ਤੋਲ ਹੀ ਰਿਹਾ ਸਾਂ ਕਿ ਬੋਰਡਿੰਗ ਲਈ ਐਲਾਨ ਹੋ ਗਿਆ। ਪ੍ਰੀਮੀਅਮ ਕਲਾਸ ਵਾਲ਼ੀ ਟਿਕਟ ਹੋਣ ਕਰਕੇ ਮੈਨੂੰ ਜਹਾਜ਼ ਵੱਲ ਜਾਣ ਦੀ ਵੀ ਪਹਿਲ ਮਿਲ ਗਈ ਅਤੇ ਅਗਾਂਹ ਕਰਿਊ ਸਟਾਫ਼ ਨੇ ਵੀ ਮੈਨੂੰ ਕੁਝ ਉਚੇਚ ਜਿਹੇ ਨਾਲ਼ ਮੇਰੀ ਸੀਟ ਵੱਲ ਭੇਜਿਆ। ਇਸ ਨਾਲ਼ ਅਮਰੀਕੀ 'ਬਾਊਂਸਰ' ਵੱਲੋਂ ਦਿੱਤੇ ਹੀਣ-ਭਾਵ ਦੀ ਚੀਸ ਕੁਝ ਮੱਧਮ ਪੈ ਗਈ ਅਤੇ ਮਾਣ ਜਿਹਾ ਮਹਿਸੂਸ ਹੋਇਆ। ਫੁੱਲ ਕੇ ਕੁੱਪਾ ਹੋਇਆ ਮੈਂ ਬੜੇ ਟੌਅਰ ਨਾਲ਼ ਵਿੰਡੋ ਸੀਟ ਉੱਤੇ ਬੈਠ ਕੇ ਬਾਹਰ ਹਵਾਈ ਪੱਟੀ ਵੱਲ ਜਾ ਰਹੇ ਜਹਾਜ਼ਾਂ ਦੀ ਕਤਾਰ ਨੂੰ ਵੇਖਣ ਲੱਗਿਆ ਕਿ 'ਐਕਸਕਿਊਜ਼ ਮੀ' ਦੀ ਥੋੜ੍ਹੀ ਹਰਖ਼ੀ ਜਿਹੀ ਆਵਾਜ਼ ਮੇਰੇ ਕੰਨਾਂ ਨਾਲ਼ ਟਕਰਾਈ। ਇੱਕ ਤਕੜੇ ਜੁੱਸੇ ਵਾਲ਼ੀ ਗੋਰੀ ਮੁਟਿਆਰ ਮੇਰੀ ਸੀਟ ਕੋਲ਼ ਮੈਨੂੰ ਜ਼ਾਬਤੇ ਵਾਲ਼ੀ, ਪਰ ਤਿੱਖੀ ਸੁਰ ਵਿਚ ਜਤਾ ਰਹੀ ਸੀ ਕਿ ਮੈਂ ਉਸ ਦੀ ਵਿੰਡੋ ਸੀਟ ਉੱਤੇ ਬੈਠਾ ਸਾਂ। 'ਇਹ ਕੀ ਹੋ ਰਿਹਾ ਐ ਅੱਜ?, ਕੀ ਮੈਂ ਸੱਚਮੁੱਚ ਸੱਤਰਿਆ-ਬਹੱਤਰਿਆ ਹੋ ਗਿਆ ਹਾਂ, ਜਾਂ ਏਅਰਪੋਰਟ ਉੱਤੇ 'ਬਾਊਂਸਰ' ਦੀ ਘੁਰਕੀ ਦਾ ਝੰਬਿਆ ਹੁਣ ਤੱਕ ਉਂਜ ਹੀ ਬੌਂਦਲਿਆ ਹੋਇਆ ਹਾਂ।' ਸੋਚਦਿਆਂ ਮੈਂ ਬਿਨਾਂ ਕਿਸੇ ਰੱਫੜ ਵਿਚ ਪੈਣ ਦੇ 'ਸੌਰੀ' ਕਹਿੰਦਿਆਂ ਉਸ ਲਈ ਵਿੰਡੋ ਸੀਟ ਖਾਲੀ ਕਰ ਦਿੱਤੀ ਅਤੇ ਅਵਾਜ਼ਾਰੀ ਜਿਹੀ ਮਹਿਸੂਸ ਕਰਦਿਆਂ ਸਭ ਪਾਸਿਉਂ ਬੇਧਿਆਨਾ ਜਿਹਾ ਹੋ ਕੇ ਬੈਠ ਗਿਆ।

ਸ਼ਾਇਦ ਪੱਗ ਕਰਕੇ ਉਹ ਸੋਚ ਰਹੀ ਹੋਵੇ ਕਿ ਉਸ ਨੂੰ ਕਿਸੇ ਉਸਾਮਾ ਬਿਨ ਲਾਦਿਨ ਵਰਗੀ ਸ਼ਕਲ ਦੀ 'ਗ਼ਲਤ ਸਵਾਰੀ' ਨਾਲ਼ ਸੀਟ ਮਿਲ ਗਈ ਹੈ। ਫੇਰ ਤੋਂ 'ਐਕਸਕਿਊਜ਼ ਮੀ' ਸੁਣਿਆ ਤਾਂ ਮੈਂ ਤ੍ਰਬਕ ਜਿਹਾ ਗਿਆ। ਉਹ ਆਪਣੀ ਬੈਲਟ ਲਾਉਣਾ ਚਾਹੁੰਦੀ ਸੀ ਜਿਸਦਾ ਬੱਕਲ ਮੇਰੇ ਹੇਠ ਦਬਿਆ ਹੋਇਆ ਸੀ। ਸੋਚਿਆ, 'ਐਨੀ ਖਾਂਟ ਸਵਾਰੀ ਨਾਲ਼ ਬੈਠਿਆਂ ਅੱਜ ਤਾਂ ਅਮਰੀਕਾ ਦਾ ਲੰਮਾ ਸਫ਼ਰ ਔਖਾ ਹੀ ਕੱਟੂਗਾ।'

ਬੈਲਟ ਲਾ ਕੇ ਉਸ ਨੇ ਸੀਟ ਥੋੜ੍ਹੀ ਢਾਲਵੇਂ





ਰੁਖ਼ ਕਰ ਲਈ ਅਤੇ ਅਰਾਮ ਕਰਨ ਦੀ ਮੁਦਰਾ ਵਿਚ ਸਰੀਰ ਢਿੱਲਾ ਛੱਡ ਦਿੱਤਾ। ਫਿਰ ਜਿਵੇਂ ਅਚਾਨਕ ਕੁਝ ਯਾਦ ਆ ਗਿਆ ਹੋਵੇ ਉਸ ਨੇ ਧੌਣ ਟੇਢੀ ਕਰਕੇ ਮੇਰੀ ਸ਼ਕਲ-ਸੂਰਤ ਦਾ ਜਾਇਜ਼ਾ ਜਿਹਾ ਲਿਆ ਅਤੇ ਅਜੀਬ ਜਿਹੇ ਢੰਗ ਨਾਲ਼ ਸਵਾਲ ਦਾਗ਼ ਦਿੱਤਾ।

'ਆਰ ਯੂ ਰਿਲੀਜੀਅਸ ਪਰਸਨ?' ਮੇਰੀ ਪੱਗ ਵੱਲ ਵੇਖਦਿਆਂ ਉਸ ਨੇ ਰਤਾ ਧੀਮੀ ਸੁਰ 'ਚ ਪੁੱਛਿਆ। ਸ਼ਾਇਦ ਹੁਣ ਕੁਝ ਸਹਿਜ ਹੋ ਗਈ ਹੋਵੇਗੀ।

'ਯੈੱਸ, ਆਈ ਐਮ, ਏ ਸਿੱਖ ਫਰੋਮ ਇੰਡੀਆ', ਉਸ ਉੱਤੇ ਚੰਗਾ ਪ੍ਰਭਾਵ ਪਾਉਣ ਦੇ ਮਨਸ਼ੇ ਨਾਲ਼ ਮੈਂ ਨਿਮਰ ਹੋ ਕੇ ਦੱਸਿਆ।

'ਯੂ ਮੀਨ, ਪਰੀਸਟ...?' ਸ਼ਾਇਦ 'ਸਿੱਖ' ਸ਼ਬਦ ਉਸ ਦੇ ਪੱਲੇ ਨਹੀਂ ਸੀ ਪਿਆ।

'ਨਾਟ ਪਰੀਸਟ, ਆਈ ਐਮ ਪ੍ਰੋਫ਼ੈਸਰ ਐਂਡ ਡੀਨ ਇਨ ਯੂਨੀਵਰਸਿਟੀ।' 'ਗ਼ਲਤ ਸਵਾਰੀ' ਵਾਲ਼ੇ ਪ੍ਰਭਾਵ ਨੂੰ ਹੋਰ ਘਟਾਉਣ ਦਾ ਯਤਨ ਕਰਦਿਆਂ ਮੈਂ ਥੋੜ੍ਹੇ 'ਕਾਨਫੀਡੈਂਸ' ਨਾਲ਼ ਕਿਹਾ।

'ਓਹ...ਆਈ ਸੀ... ਦੈਟਜ ਗਰੇਟ।' ਕਹਿੰਦਿਆਂ ਉਹ ਹੁਣ ਹੋਰ ਸਹਿਜ ਹੋ ਕੇ ਬੈਠ ਗਈ ਅਤੇ ਆਪਣੇ ਬਾਰੇ ਦੱਸਣ ਲੱਗੀ ਕਿ ਉਹ ਅਮਰੀਕਨ ਮੂਲ ਦੀ ਹੈ, ਸਾਈਕੋ-ਥੈਰੇਪਿਸਟ ਹੈ। ਕਿਸੇ ਐਮਰਜੈਂਸੀ ਅਸਾਈਨਮੈਂਟ ਲਈ ਫਰੈਂਕਫਰਟ ਆਈ ਸੀ, ਨੀਂਦ ਪੂਰੀ ਨਹੀਂ ਹੋ ਸਕੀ ਰਾਤ, ਥੋੜ੍ਹੀ ਖਿਝੀ ਜਿਹੀ ਮਹਿਸੂਸ ਕਰ ਰਹੀ ਹੈ। ਬੱਸ ਹੁਣ ਉਹ ਸੌਣਾ ਚਾਹੁੰਦੀ ਹੈ। ਉਸ ਨੇ ਅੱਖਾਂ ਉੱਤੇ ਕਾਲ਼ੀ ਪੱਟੀ ਰੱਖੀ, ਕੰਨਾਂ 'ਚ ਰਬੜ-ਬਡਜ਼ ਦੇ ਲਏ ਅਤੇ ਜਹਾਜ਼ ਦੇ ਸ਼ੀਸ਼ੇ ਵੱਲ ਟੇਢੀ ਹੋ ਕੇ ਸੌਣ ਲੱਗੀ। ਹੁਣ ਮੈਂ ਵੀ ਸਹਿਜ ਹੋ ਗਿਆ ਕਿ ਸ਼ਾਇਦ ਅਮਰੀਕਨ ਬੀਬੀ ਦੀ ਖਿਝ ਵਕਤੀ ਸੀ, ਮੇਰੇ ਨਾਲ਼ ਉਸ ਨੂੰ ਕੋਈ ਖਾਸ 'ਇਸ਼ੂ' ਨਹੀਂ ਸੀ, ਬੱਸ ਲਹਿਜ਼ਾ ਹੀ 'ਅਮਰੀਕਨ ਟੈਗ' ਵਾਲ਼ਾ ਹੋਣ ਕਰਕੇ ਆਕੜ-ਕੰਨਾ ਸੀ।

ਕੁਝ ਰਿਲੈਕਸ ਜਿਹਾ ਮਹਿਸੂਸ ਕਰਦਿਆਂ ਮੈਂ ਇੱਕ ਫਰੈਂਚ ਫ਼ਿਲਮ 'ਮਾਈ ਸੰਨ' (2006) ਚਲਾ ਕੇ ਟਾਈਮ ਪਾਸ ਕਰਨ ਲੱਗ ਪਿਆ। ਇਹ ਫ਼ਿਲਮ ਇੱਕ 'ਸਾਈਕਿਕ ਮਦਰ' ਬਾਰੇ ਸੀ ਜਿਹੜੀ ਕਿਸੇ ਮਾਨਸਿਕ ਗੰਢ ਕਰਕੇ ਆਪਣੇ ਬੱਚੇ ਨਾਲ਼ ਹੀ ਅਜੀਬ ਵਿਵਹਾਰ ਕਰਦੀ ਹੈ। ਫ਼ਿਲਮ ਮੁੱਕੀ ਤਾਂ ਮੈਂ ਸੋਚਣ ਲੱਗਾ ਕਿ ਵਿਸ਼ੇਸ਼ ਪ੍ਰਸਥਿਤੀਆਂ ਹੀ ਕਿਸੇ ਵਿਅਕਤੀ ਜਾਂ ਕੌਮ-ਦੇਸ਼ ਵਿਚ ਕੋਈ ਵਿਸ਼ੇਸ਼ 'ਕੰਪਲੈਕਸ' ਪੈਦਾ ਕਰ ਦਿੰਦੀਆਂ ਹਨ, ਜਿਹੜਾ ਉਸ ਨੂੰ ਉਲਾਰ ਬਣਾ ਦਿੰਦਾ ਹੈ, ਜਿਵੇਂ 'ਸੁਪਰ ਪਾਵਰ' ਹੋਣ ਦਾ ਅਭਿਮਾਨ ਥੋੜ੍ਹਾ ਜਾਂ ਬਹੁਤਾ ਹਰੇਕ ਅਮਰੀਕਨ ਦੇ ਵਿਵਹਾਰ ਵਿਚ ਟੈਂਅ ਦੇ ਰੂਪ 'ਚ ਸ਼ਾਮਲ ਨਜ਼ਰ ਆਉਣ ਲਗਦਾ ਹੈ। ਅਖੇ, ਜੁਆਨੀ ਕਮ਼ਲੀ ਤੇ ਰਾਜ ਚੂਚਕੇ ਦਾ ਇੱਥੇ ਕਿਸੇ ਦੀ ਕੀ ਪਰਵਾਹ ਮੈਨੂੰ, ਮੈਂ ਤਾਂ ਧਰੂਹ ਕੇ ਪਲੰਘ ਤੋਂ ਚਾ ਸੁੱਟਾਂ ਆਯਾ ਕਿੱਧਰੋਂ ਇਹ ਬਾਦਸ਼ਾਹ ਮੈਨੂੰ। ਐਵੇਂ ਹੀ ਮੈਨੂੰ ਫਿਊਡਲ ਟੈਂਅ ਵਾਲ਼ੀ ਹੀਰ ਦੀ ਮੜ੍ਹਕ ਯਾਦ ਆ ਗਈ।

ਇੰਨੇ ਨੂੰ ਆਪਣੀ ਨੀਂਦ ਪੂਰੀ ਕਰਕੇ ਅਮਰੀਕਨ ਬੀਬੀ ਵੀ ਠੀਕ ਹੋ ਕੇ ਬੈਠ ਗਈ। ਹੁਣ ਉਹ ਪਹਿਲਾਂ ਤੋਂ ਵੱਖਰੀ ਜਿਵੇਂ ਕੋਈ ਹੋਰ ਬੀਬੀ ਸੀ। ਨਿੱਕੀਆਂ-ਨਿੱਕੀਆਂ ਪੁੱਛਾਂ ਪੁੱਛਦੀ ਉਹ ਗੱਲਬਾਤ 'ਚ ਰੁਚੀ ਲੈਣ ਲੱਗੀ। ਭਾਵੇਂ ਪੜ੍ਹੀ-ਲਿਖੀ ਸੀ ਪਰ ਭਾਰਤ ਬਾਰੇ ਉਸ ਨੂੰ ਮਸਾਂ ਹੀ ਮਾਮੂਲੀ ਜਾਣਕਾਰੀ ਸੀ ਅਤੇ ਪੰਜਾਬ ਤੇ ਸਿੱਖੀ ਸਬੰਧੀ ਤਾਂ ਇੱਲ ਦਾ ਨਾਂ ਕੋਕੋ ਵੀ ਨਹੀਂ ਸੀ ਪਤਾ। ਇਸ ਲਈ ਸੁਭਾਵਕ ਹੀ ਸੀ ਕਿ ਉਹ ਸਿਰ ਉੱਤੇ ਪੱਗ ਬੰਨ੍ਹੀ ਬੈਠੇ ਬੰਦੇ ਨੂੰ ਲਾਦਿਨ ਜਾਂ ਕੁਝ ਵੀ ਹੋਰ ਸਮਝ ਲੈਂਦੀ। ਫਿਰ ਵੀ ਸ਼ਾਇਦ ਮੇਰੀ ਪੋਚਵੀਂ ਪੱਗ ਦਾ ਵੱਖਰਾ ਜਿਹਾ ਸਟਾਈਲ ਵੇਖ ਕੇ ਉਸ ਦੀ ਰੁਚੀ ਪੱਗ ਬੰਨ੍ਹਣ ਦੇ 'ਆਰਟ' ਬਾਰੇ ਜਾਨਣ ਵਿਚ ਜ਼ਰੂਰ ਪੈਦਾ ਹੋ ਗਈ ਸੀ। ਮੈਂ ਹੁੱਬ ਕੇ ਦੱਸਿਆ ਕਿ ਮੇਰੇ ਬੰਨ੍ਹੀ ਪੱਗ ਦੇ ਸਟਾਈਲ ਨੂੰ ਪੰਜਾਬ ਵਿਚ 'ਪਟਿਆਲਾ ਸ਼ਾਹੀ' ਆਖਦੇ ਹਨ। ਜਦੋਂ ਪਟਿਆਲਾ ਅਤੇ ਸ਼ਾਹੀ ਦੇ ਅਰਥ ਦੱਸੇ ਤਾਂ ਉਹ ਸਗੋਂ ਹੋਰ ਭੰਬਲ਼ਭੂਸੇ 'ਚ ਫਸ ਗਈ।

'ਯੂ ਮੀਨ, ਯੂ ਆਰ ਫਰੌਮ ਐਂਪਰਰਜ਼ ਫੈਮਿਲੀ... ਰਾਈਟ?' ਉਸ ਨੇ ਹੈਰਾਨ ਹੋ ਕੇ ਜਾਨਣਾ ਚਾਹਿਆ। ਜਦੋਂ ਮੈਂ 'ਨੋ' ਕਿਹਾ ਤਾਂ 'ਪਟਿਆਲਾ ਸ਼ਾਹੀ' ਅਤੇ 'ਸਿੱਖ ਸਟਾਈਲ' ਦੀ ਸਾਂਝ ਅਤੇ ਵਖਰੇਵਾਂ ਉਸ ਲਈ ਅਲਜ਼ਬਰੇ ਦਾ ਸੁਆਲ ਬਣ ਗਿਆ। ਇਸ ਲਈ ਉਸ ਨੇ ਉੱਤਰ ਲੱਭਣ ਲਈ ਮਗਜ਼-ਪੱਚੀ ਕਰਨੀ ਛੱਡ ਕੇ ਸਿੱਧਾ ਜਿਹਾ ਸਵਾਲ ਪੁੱਛਿਆ ਕਿ ਕੀ ਇੰਡੀਆ 'ਚ ਘੁੰਮਣਾ 'ਸੇਫ਼' ਹੈ? ਮੈਂ ਹਾਂ ਵਿਚ ਜਵਾਬ ਦਿੱਤਾ ਤਾਂ ਉਸ ਨੇ ਮਨ ਸਾਂਝਾ ਕੀਤਾ ਕਿ ਉਸ ਨੂੰ 'ਇੰਡੀਆ' ਜਾਣ ਦੀ ਕਦੇ ਵੀ 'ਕਰਿਓਸਟੀ' ਨਹੀਂ ਹੋਈ ਪਰ ਹੁਣ ਵਿਚਾਰ ਕੁਝ-ਕੁਝ ਬਦਲ ਰਹੇ ਸਨ। ਉਸ ਨੇ ਦੱਸਿਆ, 'ਬੱਟ ਨਾਓ ਆਈ ਵਿੱਲ ਟ੍ਰਾਈ ਟੂ ਥਿੰਕ ਅਦਰ-ਵੇ ਆਲਸੋ...।' ਸ਼ਾਇਦ ਇਹ ਸਾਡੀਆਂ ਗੱਲਾਂ-ਬਾਤਾਂ ਦਾ ਹੀ ਅਸਰ ਸੀ ਕਿ ਹੁਣ ਉਹ ਭਾਰਤ ਅਤੇ ਪੱਗ ਵਾਲ਼ਿਆਂ ਬਾਰੇ ਕੁਝ ਨਾ ਕੁਝ ਭਰੱਪਣ ਭਰੇ ਭਾਵਾਂ ਨਾਲ਼ ਸੋਚਣ ਲੱਗ ਪਈ ਸੀ।

ਇੰਮੀਗਰੇਸ਼ਨ ਵਾਲ਼ੇ ਹਾਲ ਵਿਚ ਅਮਰੀਕਨ ਬੀਬੀ ਤਾਂ ਮੈਨੂੰ ਬਾਏ ਕਰਕੇ ਸਪੈਸ਼ਲ ਐਂਟਰੀ ਰਾਹੀਂ ਝੱਟ ਦੜਦੜਾਂਦੀ ਲੰਘ ਗਈ ਅਤੇ ਮੈਂ 'ਗਲੋਬਲ ਪੈਸੰਜਰਜ਼' ਦੇ ਬੋਰਡ ਵਾਲ਼ੀ ਕਤਾਰ ਵਿਚ ਖੜ੍ਹ ਗਿਆ। ਅਜੇ ਦੋ ਕਦਮ ਹੀ ਤੁਰਿਆ ਸਾਂ ਕਿ ਫਿਰ ਇੱਕ ਨੌਜਵਾਨ ਗਾਰਡ ਨੇ ਦੱਸਿਆ ਕਿ ਇਹ ਕਤਾਰ ਯੂਰਪ ਵਾਲ਼ਿਆਂ ਲਈ ਹੈ, ਇੰਡੀਅਨ ਪਾਸਪੋਰਟ ਵਾਲ਼ਿਆਂ ਨੇ ਪਰ੍ਹੇ ਲੱਗੇ ਕਾਊਂਟਰਾਂ ਵੱਲ ਦੀ ਲੰਘਣਾ ਹੈ। ਛਿੱਥਾ ਜਿਹਾ ਹੋ ਕੇ ਮੈਂ ਓਧਰ ਨੂੰ ਗਿਆ ਤਾਂ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਜਿੱਥੇ ਲੰਮੀਆਂ ਕਤਾਰਾਂ ਹੁੰਦੀਆਂ ਸਨ, ਘੰਟਾ-ਡੇਢ ਘੰਟਾ ਇੰਮੀਗਰੇਸ਼ਨ ਦੀ ਕਲੀਅਰੈਂਸ ਉੱਤੇ ਲੱਗ ਜਾਂਦਾ ਸੀ, ਉਥੇ ਤਾਂ ਅੱਜ ਮੂਲੋਂ ਹੀ ਉਜਾੜ ਪਿਆ ਦਿਸਦਾ ਸੀ; ਦਸ-ਪੰਦਰਾਂ ਕਾਊਂਟਰਾਂ ਉੱਤੇ ਇੰਮੀਗਰੇਸ਼ਨ ਅਫ਼ਸਰਾਂ ਦੀ ਵਿਹਲੇ ਬੈਠੇ ਮੱਖੀਆਂ ਮਾਰਨ ਵਾਲ਼ੀ ਹਾਲਤ ਸੀ। ਭਾਰਤੀ ਵਿਦਿਆਰਥੀ ਤਾਂ ਇੱਕ ਵੀ ਨਹੀਂ ਸੀ ਦਿਸਦਾ। ਟਰੰਪ ਦੀਆਂ ਨਵੀਆਂ ਪਰਵਾਸੀ-ਵਿਰੋਧੀ ਇੰਮੀਗਰੇਸ਼ਨ ਨੀਤੀਆਂ ਦਾ ਅਸਰ ਪ੍ਰਤੱਖ ਸੀ। ਮੈਂ ਇੱਕ ਮਿੰਟ ਵਿਚ ਹੀ 'ਕਲੀਅਰ' ਹੋ ਕੇ ਲੱਗੇਜ ਕਲੇਮ ਵਾਲ਼ੇ ਹਾਲ 'ਚ ਪਹੁੰਚ ਗਿਆ। ਬੇਟੇ ਗੁਣਵੰਤ ਹੋਰਾਂ ਨੂੰ ਫੋਨ ਕੀਤਾ ਤਾਂ ਉਹ ਅਜੇ ਘਰੋਂ ਹੀ ਨਹੀਂ ਚੱਲੇ ਸਨ। ਉਹ ਵੀ ਅਨੁਮਾਨ ਲਾਈ ਬੈਠੇ ਸਨ ਕਿ ਸਭ ਕੁਝ ਠੀਕ-ਠਾਕ ਵੀ ਹੋਇਆ ਤਾਂ ਵੀ ਅਮਰੀਕਾ ਵਾਲ਼ੇ ਘੱਟੋ-ਘੱਟ ਘੰਟਾ ਤਾਂ ਇੰਮੀਗਰੇਸ਼ਨ ਕਲੀਅਰੈਂਸ ਉੱਤੇ ਹੀ ਲਾਉਣਗੇ।

ਫਿਰ ਅਗਲੇ ਦਿਨਾਂ ਵਿਚ ਤਾਂ ਸਭ ਕੁਝ ਚਿੱਟੇ ਦਿਨ ਵਾਂਗ ਹੀ ਸਪੱਸ਼ਟ ਹੋ ਗਿਆ। ਇਸ ਵਾਰ ਤਾਂ ਅੰਗਰੇਜ਼ੀ ਵਾਲ਼ਿਆਂ ਦੇ ਕਹਿਣ ਵਾਂਗ 'ਸੀ-ਚੇਂਜ' ਵਾਲ਼ੀ ਗੱਲ ਹੋਈ ਪਈ ਸੀ। ਅਜੇ ਦੋ ਸਾਲ ਪਹਿਲਾਂ 2023 ਦੇ ਅਗਸਤ-ਸਤੰਬਰ ਵਿਚ ਤਾਂ ਮੈਂ ਅਮਰੀਕਾ ਹੋ ਕੇ ਗਿਆ ਸਾਂ। ਉਦੋਂ ਚਾਰੇ ਪਾਸੇ ਇਹ ਚਰਚਾ ਸੀ ਕਿ ਮੈਕਸੀਕੋ ਦੇ ਬਾਰਡਰ ਤੋਂ ਹਜ਼ਾਰਾਂ ਲੋਕ ਰੋਜ਼ ਗ਼ੈਰ-ਕਾਨੂੰਨੀ ਢੰਗ ਨਾਲ਼ ਬਾਰਡਰ ਲੰਘ ਕੇ ਅਮਰੀਕਾ 'ਚ ਦਾਖ਼ਲ ਹੁੰਦੇ ਸਨ ਪਰ ਹੁਣ ਤਾਂ ਅਗਲਿਆਂ ਨੇ ਉੱਕਾ ਹੀ ਬੰਨ੍ਹ ਮਾਰ ਦਿੱਤਾ ਸੀ ਅਤੇ ਚਿੜੀ ਨਹੀਂ ਸੀ ਫੜਕਦੀ। ਇਸ ਦਾ ਮਤਲਬ ਸਪੱਸ਼ਟ ਸੀ ਕਿ ਉਹੀ ਹੁੰਦਾ ਹੈ ਜੋ 'ਮਨਜ਼ੂਰੇ-ਹਕੂਮਤ' ਹੁੰਦਾ ਹੈ। ਟਰੰਪ ਦੀ ਸੱਜੇ-ਪੱਖੀ ਪਾਰਟੀ ਦੀ ਜਿੱਤ ਲਈ ਜੇ ਹੁਣ ਪਰਵਾਸੀਆਂ ਉੱਤੇ ਪਰਸੂ ਰਾਮ ਵਾਲ਼ਾ ਕੁਹਾੜਾ ਚਲਾਉਣਾ ਜ਼ਰੂਰੀ ਸੀ ਤਾਂ ਚਲਾਇਆ ਜਾ ਰਿਹਾ ਸੀ। ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਸੀ। ਆਈ.ਸੀ.ਈ. (ਿਮਮਗਿਰਅਟੋਿਨ ਅਨਦ ਛੁਸ- ਟੋਮਸ ਓਨੋ'ਰਚਇਮਇਨਟ) ਮਹਿਕਮੇ ਵਾਲ਼ੇ ਪਰਵਾਸੀਆਂ ਮਗਰ ਹਰਲ-ਹਰਲ ਕਰਦੇ ਫਿਰਦੇ ਸਨ, ਫੜੋ-ਫੜੀ ਅਤੇ ਡਿਪੋਰਟੇਸ਼ਨ ਦਾ ਸਿਲਸਿਲਾ ਜਾਰੀ ਸੀ। ਬੇੜੀਆਂ, ਹੱਥਕੜੀਆਂ ਨਾਲ਼ ਨੂੜੇ ਪਰਵਾਸੀਆਂ ਦੇ ਜਹਾਜ਼ ਭਰ-ਭਰ ਕੇ ਆਏ ਦਿਨ ਉਨ੍ਹਾਂ ਦੀ ਜਨਮ-ਭੂਮੀ ਵੱਲ ਭੇਜੇ ਜਾ ਰਹੇ ਸਨ। ਚਾਰੇ ਪਾਸੇ ਸਹਿਮ ਸੀ। ਮਹਿਫ਼ਲਾਂ 'ਚ ਇੱਕੋ ਹੀ ਵਿਸ਼ਾ ਛਿੱਥਿਆ ਜਾਣ ਲੱਗਾ ਸੀ ਕਿ ਅਮਰੀਕਾ-ਨਿਕਾਲ਼ੇ ਵਾਲ਼ਾ ਅਜਰਾਈਲ ਫਰਿਸ਼ਤਾ ਅੱਜ ਕਿਸ ਦੇ ਘਰ ਦਸਤਕ ਦੇਣ ਵਾਲ਼ਾ ਹੈ, ਕੋਈ ਨਹੀਂ ਜਾਣਦਾ। ਆਪਣੀ ਯਾਤਰਾ ਬਾਰੇ ਸੋਚਿਆ ਤਾਂ ਮਹਿਸੂਸ ਹੋਇਆ ਕਿ ਯੂਰਪ ਦੀ ਬੇਫ਼ਿਕਰੀ ਵਾਲ਼ੀ ਖੀਰ ਉੱਤੇ ਇਹ ਕੇਹੀ ਸਹਿਮ ਵਾਲ਼ੀ ਅਮਰੀਕੀ ਸਵਾਹ ਧੂੜੀ ਗਈ ਸੀ। **(ਚੱਲਦਾ)**

# 'ਕਾਪੀ-ਪੇਸਟ' ਦੀ ਖੇਡ: ਅਖ਼ਬਾਰੀ ਪੰਨਿਆਂ 'ਚੋਂ ਗੁਆਚਦਾ ਅਸਲ ਲੇਖਕ

ਅੱਜ-ਕੱਲ੍ਹ ਜਦੋਂ ਵੀ ਕੋਈ ਅਖ਼ਬਾਰ ਹੱਥ ਵਿਚ ਆਉਂਦਾ ਹੈ, ਖ਼ਾਸ ਕਰਕੇ ਸੰਪਾਦਕੀ ਜਾਂ ਵਿਚਾਰ ਪੰਨਾ ਵੇਖਦਾ ਹਾਂ ਤਾਂ ਏ.ਆਈ. ਦੀ ਮਦਦ ਨਾਲ ਤਿਆਰ ਕੀਤੀਆਂ ਲਿਖਤਾਂ ਵੱਲ ਧਿਆਨ ਚਲਾ ਹੀ ਜਾਂਦਾ ਹੈ। ਲੇਖਾਂ ਦੇ ਵਿਸ਼ੇ ਭਾਵੇਂ ਵੱਖ-ਵੱਖ ਹੋਣ, ਭਾਸ਼ਾ ਅਤੇ ਲਿਖਣ ਦਾ ਢੰਗ ਵੀ ਪ੍ਰਭਾਵਸ਼ਾਲੀ ਹੋਵੇ, ਪਰ ਕਈ ਵਾਰ ਇਹ ਮਹਿਸੂਸ ਹੁੰਦਾ ਹੈ ਕਿ ਆਪਣੀ ਸੋਚ ਅਤੇ ਆਪਣੇ ਤਜਰਬੇ

**ਕੁਲਬੀਰ ਸ਼ਰਮਾ**

ਵਿਚੋਂ ਲਿਖਣ ਵਾਲੀ ਉਹ ਨਿੱਜੀ ਆਵਾਜ਼ ਹੌਲੀ-ਹੌਲੀ ਘੱਟ ਰਹੀ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ (ਏ) ਕੁਝ ਹੀ ਪਲਾਂ ਵਿਚ ਕਿਸੇ ਵੀ ਵਿਸ਼ੇ ਉੱਤੇ ਸੁਚੱਜਾ, ਸਪਸ਼ਟ ਅਤੇ ਪ੍ਰਭਾਵਸ਼ਾਲੀ ਲੇਖ ਤਿਆਰ ਕਰ ਸਕਦੀ ਹੈ। ਸ਼ਬਦ ਸੋਹਣੇ ਹੁੰਦੇ ਹਨ, ਵਿਚਾਰ ਸਲੀਕੇ ਨਾਲ ਪੇਸ਼ ਕੀਤੇ ਹੁੰਦੇ ਹਨ ਅਤੇ ਲੇਖ ਪੜ੍ਹਨ ਵਿਚ ਵੀ ਵਧੀਆ ਲੱਗਦਾ ਹੈ। ਪਰ ਇਸ ਸਹੂਲਤ ਦੇ ਨਾਲ ਇੱਕ ਗੱਲ ਬਾਰੇ ਸੋਚਣਾ ਵੀ ਜ਼ਰੂਰੀ ਹੈ—ਜੇ ਲਿਖਤ ਹੀ ਕਿਸੇ ਹੋਰ ਤੋਂ ਤਿਆਰ ਕਰਵਾ ਲਈ, ਤਾਂ ਉਸ ਵਿਚ ਸਾਡੀ ਆਪਣੀ ਸੋਚ ਕਿੱਥੇ ਰਹਿ ਗਈ?

ਮੈਂ ਏ.ਆਈ. ਦੇ ਵਿਰੁੱਧ ਨਹੀਂ ਹਾਂ। ਇਸ ਦੀ ਮਦਦ ਲੈਣੀ, ਕਿਸੇ ਲੇਖ ਦੀ ਭਾਸ਼ਾ ਸੁਧਾਰਨੀ, ਵਿਚਾਰਾਂ ਨੂੰ ਸਹੀ ਢੰਗ ਨਾਲ ਪੇਸ਼ ਕਰਨਾ ਜਾਂ ਕਿਸੇ ਗੱਲ ਨੂੰ ਹੋਰ ਸਪਸ਼ਟ ਬਣਾਉਣਾ ਗਲਤ ਨਹੀਂ। ਪਰ ਜਦੋਂ ਆਪਣਾ ਪੂਰਾ ਵਿਚਾਰ, ਆਪਣਾ ਤਜਰਬਾ ਅਤੇ ਆਪਣੀ ਗੱਲ ਵੀ ਏ.ਆਈ. ਦੇ ਹਵਾਲੇ ਕਰ ਦਿੱਤੀ ਜਾਵੇ ਅਤੇ ਤਿਆਰ ਲਿਖਤ ਨੂੰ ਆਪਣੀ ਲਿਖਤ ਵਜੋਂ ਪੇਸ਼ ਕੀਤਾ ਜਾਵੇ, ਤਾਂ ਇਹ ਗੱਲ ਜ਼ਰੂਰ ਸੋਚਣ ਲਈ ਮਜਬੂਰ ਕਰਦੀ ਹੈ। ਇੱਕ ਲੇਖਕ ਕੋਲ ਸਭ ਤੋਂ ਵੱਡੀ ਚੀਜ਼ ਉਸਦੀ ਆਪਣੀ ਸੋਚ ਹੁੰਦੀ ਹੈ। ਉਹ ਆਪਣੇ ਆਲੇ-ਦੁਆਲੇ ਨੂੰ ਵੇਖਦਾ ਹੈ, ਲੋਕਾਂ ਦੀ ਜ਼ਿੰਦਗੀ ਨੂੰ ਸਮਝਦਾ ਹੈ, ਦੁੱਖ-ਤਕਲੀਫ਼ਾਂ ਨੂੰ ਮਹਿਸੂਸ ਕਰਦਾ ਹੈ, ਆਪਣੇ ਦੇਸ਼ ਅਤੇ ਸਮਾਜ ਦੀਆਂ ਸਮੱਸਿਆਵਾਂ ਨੂੰ ਆਪਣੀ ਨਜ਼ਰ ਨਾਲ ਵੇਖਦਾ ਹੈ ਅਤੇ ਫਿਰ ਆਪਣੀ ਕਲਮ ਰਾਹੀਂ ਉਹ ਗੱਲ ਸਾਹਮਣੇ ਲਿਆਉਂਦਾ ਹੈ। ਇਹ ਨਜ਼ਰੀਆ ਕੋਈ ਮਸ਼ੀਨ ਪੂਰੀ ਤਰ੍ਹਾਂ ਨਹੀਂ ਦੇ ਸਕਦੀ, ਕਿਉਂਕਿ ਮਨੁੱਖ ਦੀ ਜ਼ਿੰਦਗੀ ਦੇ ਤਜਰਬੇ ਉਸਦੇ ਆਪਣੇ ਹੁੰਦੇ ਹਨ।

ਮੈਨੂੰ ਅੱਜ ਵੀ ਆਪਣੇ ਨਾਨਾ ਜੀ ਸਵਰਗਵਾਸੀ ਹਰਦਿਆਲ ਚੰਦ ਵੈਦ ਜੀ ਯਾਦ ਆਉਂਦੇ ਹਨ। ਉਨ੍ਹਾਂ ਨੂੰ ਅਖ਼ਬਾਰ ਪੜ੍ਹਨ ਦਾ ਬਹੁਤ ਸ਼ੌਕ ਸੀ। ਸਾਡੇ ਘਰ ਵਿਚ ਚਾਰ-ਪੰਜ ਅਖ਼ਬਾਰ ਆਉਂਦੇ ਸਨ। ਉਹ ਅਖ਼ਬਾਰਾਂ ਦੇ ਨਾਲ ਨਾਵਲ, ਲੇਖ ਅਤੇ ਧਾਰਮਿਕ ਗ੍ਰੰਥ ਵੀ ਪੜ੍ਹਦੇ ਸਨ। ਘਰ ਵਿਚ ਅਖ਼ਬਾਰ ਆਉਣ ਕਰਕੇ ਜਦੋਂ ਵੀ ਮੈਨੂੰ ਥੋੜ੍ਹਾ ਸਮਾਂ ਮਿਲਦਾ, ਮੈਂ ਵੀ ਅਖ਼ਬਾਰ ਨੂੰ ਇੱਕ ਨਜ਼ਰ ਜ਼ਰੂਰ ਮਾਰ ਲੈਂਦਾ। ਉਸ ਸਮੇਂ ਸੰਪਾਦਕੀ ਅਤੇ ਵਿਚਾਰ ਪੰਨੇ ਮੇਰੇ ਲਈ ਖ਼ਾਸ ਦਿਲਚਸਪੀ ਵਾਲੇ ਹੁੰਦੇ ਸਨ। ਵੱਖ-ਵੱਖ ਅਖ਼ਬਾਰਾਂ ਵਿਚ ਵੱਖ-ਵੱਖ ਲੇਖਕਾਂ ਦੀ ਆਪਣੀ-ਆਪਣੀ ਸੋਚ ਪੜ੍ਹਨ ਨੂੰ ਮਿਲਦੀ ਸੀ। ਕਿਸੇ ਦੀ ਗੱਲ ਨਾਲ ਸਹਿਮਤ ਹੁੰਦਾ, ਕਿਸੇ ਨਾਲ ਨਹੀਂ, ਪਰ ਹਰ ਲੇਖ ਕੁਝ ਨਾ ਕੁਝ ਸੋਚਣ ਲਈ ਜ਼ਰੂਰ ਦੇ ਜਾਂਦਾ ਸੀ। ਉੱਥੋਂ ਹੀ ਸ਼ਾਇਦ ਮੈਨੂੰ ਪੜ੍ਹਨ ਅਤੇ ਆਪਣੇ ਵਿਚਾਰ ਲਿਖਣ ਦੀ ਆਦਤ ਪਈ।

ਅੱਜ ਜਦੋਂ ਮੈਂ ਖ਼ੁਦ ਲੇਖ ਲਿਖਦਾ ਹਾਂ ਤਾਂ ਅਕਸਰ ਮਹਿਸੂਸ ਕਰਦਾ ਹਾਂ ਕਿ ਲਿਖਣਾ ਸਿਰਫ਼ ਸ਼ਬਦ ਕਾਗਜ਼ ਉੱਤੇ ਉਤਾਰਨਾ ਨਹੀਂ। ਲਿਖਣ ਤੋਂ ਪਹਿਲਾਂ ਬੰਦਾ ਸੋਚਦਾ ਹੈ। ਕਿਸੇ ਵਿਸ਼ੇ ਦੇ ਕਈ ਪੱਖਾਂ ਬਾਰੇ ਵਿਚਾਰ ਕਰਦਾ ਹੈ। ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਨੂੰ ਯਾਦ ਕਰਦਾ ਹੈ। ਕਈ ਵਾਰ ਇੱਕ ਛੋਟੀ ਜਿਹੀ ਘਟਨਾ ਵੀ ਲੇਖ ਦਾ ਵਿਸ਼ਾ ਬਣ ਜਾਂਦੀ ਹੈ। ਇਹੀ ਤਾਂ ਲਿਖਣ ਦੀ ਖ਼ੂਬਸੂਰਤੀ ਹੈ। ਜਦੋਂ ਅਸੀਂ ਆਪਣੇ ਹੱਥ ਨਾਲ ਲਿਖਦੇ ਹਾਂ ਤਾਂ ਸਾਡੀ ਸੋਚ ਵੀ ਉਸੇ ਪ੍ਰਕਿਰਿਆ ਵਿਚ ਵਿਕਸਤ ਹੁੰਦੀ ਹੈ। ਇੱਕ ਗੱਲ ਤੋਂ ਦੂਜੀ ਗੱਲ ਯਾਦ ਆਉਂਦੀ ਹੈ। ਕੋਈ ਨਵਾਂ ਵਿਚਾਰ ਮਨ ਵਿਚ ਜਨਮ ਲੈਂਦਾ ਹੈ। ਕਈ ਵਾਰ ਜੋ ਗੱਲ ਪਹਿਲਾਂ ਸਾਨੂੰ ਸਹੀ ਲੱਗਦੀ ਹੈ, ਲਿਖਦੇ-ਲਿਖਦੇ ਉਸ ਬਾਰੇ ਸਾਡੀ ਸੋਚ ਹੀ ਬਦਲ ਜਾਂਦੀ ਹੈ। ਇਹ ਸਾਰਾ ਕੁਝ ਲਿਖਣ ਦੀ ਪ੍ਰਕਿਰਿਆ ਦਾ ਹਿੱਸਾ ਹੈ। ਪਰ ਜੇ ਅਸੀਂ ਹਰ ਵਾਰ ਸਿਰਫ਼ ਵਿਸ਼ਾ ਦੱਸ ਕੇ ਤਿਆਰ ਲੇਖ ਲੈ ਲਈਏ, ਤਾਂ ਕੀ ਅਸੀਂ ਆਪਣੇ ਅੰਦਰ ਚੱਲ ਰਹੀ ਇਸ ਸੋਚ ਦੀ ਪ੍ਰਕਿਰਿਆ ਨੂੰ ਹੌਲੀ-ਹੌਲੀ ਖ਼ਤਮ ਨਹੀਂ ਕਰ ਰਹੇ?

ਅੱਜ ਕਿਸੇ ਕੋਲ ਸਮੇਂ ਦੀ ਘਾਟ ਹੈ, ਕਿਸੇ ਕੋਲ ਸ਼ਬਦਾਂ ਦੀ। ਕਿਸੇ ਨੂੰ ਲੱਗਦਾ ਹੈ ਕਿ ਉਸਦੀ ਲਿਖਤ ਇੰਨੀ ਪ੍ਰਭਾਵਸ਼ਾਲੀ ਨਹੀਂ। ਏ.ਆਈ. ਇਹ ਮੁਸ਼ਕਲਾਂ ਕੁਝ ਪਲਾਂ ਵਿਚ ਦੂਰ ਕਰ ਦਿੰਦੀ ਹੈ। ਪਰ ਲੇਖਕ ਬਣਨ ਦੀ ਸਭ ਤੋਂ ਵੱਡੀ ਖ਼ੂਬੀ ਸੁੰਦਰ ਸ਼ਬਦ ਨਹੀਂ, ਸਗੋਂ ਆਪਣੀ ਗੱਲ ਆਪਣੇ ਢੰਗ ਨਾਲ ਕਹਿਣਾ ਹੈ। ਹੋ ਸਕਦਾ ਹੈ ਸਾਡੀ ਲਿਖਤ ਵਿਚ ਵਿਆਕਰਨ ਦੀਆਂ ਗਲਤੀਆਂ ਹੋਣ। ਹੋ ਸਕਦਾ ਹੈ ਸਾਡੇ ਵਾਕ ਏ.ਅਈ. ਵਾਂਗ ਬਿਲਕੁਲ ਸੁਚੱਜੇ ਨਾ ਹੋਣ। ਹੋ ਸਕਦਾ ਹੈ, ਸਾਡੇ ਸ਼ਬਦ ਬਹੁਤ ਸਧਾਰਨ ਹੋਣ। ਪਰ ਜੇ ਉਨ੍ਹਾਂ ਵਿਚ ਸਾਡਾ ਤਜਰਬਾ, ਸਾਡਾ ਅਹਿਸਾਸ ਅਤੇ ਸਾਡੀ ਆਪਣੀ ਸੋਚ ਹੈ ਤਾਂ ਉਹ ਲਿਖਤ ਸਾਡੇ ਨਾਲ ਜੁੜੀ ਹੋਈ ਹੈ। ਕਿਸੇ ਪਿੰਡ ਦਾ ਲੇਖਕ ਆਪਣੇ ਪਿੰਡ ਦੀ ਗਲੀ ਵਿਚ ਖੜ੍ਹ ਕੇ ਜੋ ਦੇਖ ਸਕਦਾ ਹੈ, ਉਹ ਉਸਦੀ ਆਪਣੀ ਨਜ਼ਰ ਹੈ। ਕਿਸੇ ਕਿਸਾਨ ਦੇ ਘਰ ਦੀ ਚਿੰਤਾ, ਕਿਸੇ ਮਜ਼ਦੂਰ ਦੀ ਮਿਹਨਤ, ਕਿਸੇ ਮਾਂ ਦੀ ਚਿੰਤਾ, ਕਿਸੇ ਨੌਜਵਾਨ ਦੀ ਬੇਰੁਜ਼ਗਾਰੀ, ਕਿਸੇ ਬਜ਼ੁਰਗ ਦੀ ਇਕੱਲਤਾ ਜਾਂ ਵਿਦੇਸ਼ ਗਏ ਬੱਚੇ ਦੀ ਉਡੀਕ—ਇਨ੍ਹਾਂ ਗੱਲਾਂ ਨੂੰ ਮਹਿਸੂਸ ਕਰਕੇ ਲਿਖਣ ਵਾਲਾ ਵਿਅਕਤੀ ਆਪਣੇ ਤਜਰਬੇ ਵਿਚੋਂ ਲਿਖਦਾ ਹੈ।

ਇੱਕ ਮਸ਼ੀਨ ਜਾਣਕਾਰੀ ਦੇ ਸਕਦੀ ਹੈ, ਭਾਸ਼ਾ ਨੂੰ ਸੁੰਦਰ ਬਣਾ ਸਕਦੀ ਹੈ ਅਤੇ ਵਿਚਾਰਾਂ ਨੂੰ ਸਲੀਕੇ ਨਾਲ ਪੇਸ਼ ਕਰ ਸਕਦੀ ਹੈ। ਪਰ ਸਾਡੇ ਆਪਣੇ ਜੀਵਨ ਦੀ ਉਹ ਯਾਦ, ਉਹ ਪਲ ਅਤੇ ਉਹ ਅਹਿਸਾਸ ਸਾਡੇ ਕੋਲ ਹੀ ਹੁੰਦੇ ਹਨ। ਇਸ ਲਈ ਗੱਲਏ.ਆਈ. ਨੂੰ ਚੰਗੀ ਜਾਂ ਮਾੜੀ ਕਹਿਣ ਦੀ ਨਹੀਂ, ਗੱਲ ਇਸਦੀ ਵਰਤੋਂ ਦੀ ਹੈ। ਜੇ ਇਹ ਸਾਡੀ ਕਲਮ ਦੀ ਮਦਦਗਾਰ ਬਣੇ ਤਾਂ ਇਹ ਤਕਨਾਲੋਜੀ ਦਾ ਸਹੀ ਲਾਭ ਹੈ। ਪਰ ਜੇ ਕਲਮ ਸਾਡੇ ਹੱਥ ਵਿਚ ਹੋਣ ਦੇ ਬਾਵਜੂਦ ਸੋਚ ਵੀ ਏ. ਆਈ. ਕਰੇ, ਲਿਖਤ ਵੀ ਉਹ ਤਿਆਰ ਕਰੇ ਅਤੇ ਅਸੀਂ ਸਿਰਫ਼ ਆਪਣਾ ਨਾਮ ਲਾ ਕੇ ਉਸਨੂੰ ਅੱਗੇ ਭੇਜ ਦੇਈਏ, ਤਾਂ ਇਹ ਸਿਰਫ਼ ਲਿਖਤ ਦਾ ਮਸਲਾ ਨਹੀਂ ਰਹਿੰਦਾ—ਇਹ ਸਾਡੀ ਆਪਣੀ ਸੋਚਣ ਦੀ ਆਦਤ ਦਾ ਵੀ ਮਸਲਾ ਬਣ ਜਾਂਦਾ ਹੈ।

ਅਖ਼ਬਾਰ ਸਿਰਫ਼ ਖ਼ਬਰਾਂ ਦਾ ਕਾਗਜ਼ ਨਹੀਂ ਹੁੰਦਾ। ਇਸਦੇ ਵਿਚਾਰ ਪੰਨੇ ਸਮਾਜ ਦੀ ਸੋਚ ਦਾ ਇੱਕ ਹਿੱਸਾ ਹੁੰਦੇ ਹਨ। ਇੱਥੇ ਵੱਖ-ਵੱਖ ਲੋਕਾਂ ਦੀਆਂ ਵੱਖ-ਵੱਖ ਆਵਾਜ਼ਾਂ ਸੁਣਨ ਨੂੰ ਮਿਲਣੀਆਂ ਚਾਹੀਦੀਆਂ ਹਨ। ਜੇ ਹਰ ਲੇਖ ਇੱਕੋ ਜਿਹੀ ਭਾਸ਼ਾ, ਇੱਕੋ ਜਿਹਾ ਅੰਦਾਜ਼ ਅਤੇ ਇੱਕੋ ਤਰ੍ਹਾਂ ਦੀ ਬਣਤਰ ਲੈ ਕੇ ਆਵੇ, ਤਾਂ ਉਹ ਵੱਖਰਾਪਣ ਕਿੱਥੇ ਰਹੇਗਾ ਜੋ ਪਾਠਕ ਨੂੰ ਨਵੀਂ ਸੋਚ ਦਿੰਦਾ ਹੈ। ਭਾਸ਼ਾ ਸੁਧਾਰਨ ਜਾਂ ਸ਼ਬਦਾਂ ਨੂੰ ਸੋਹਣਾ ਬਣਾਉਣ ਲਈ ਇਸ ਦੀ ਮਦਦ ਲਈ ਜਾ ਸਕਦੀ ਹੈ, ਪਰ ਵਿਚਾਰ ਅਤੇ ਤਜਰਬਾ ਆਪਣਾ ਹੋਣਾ ਚਾਹੀਦਾ ਹੈ। ਆਖ਼ਰ ਲੇਖ ਦੀ ਪਛਾਣ ਉਸਦੇ ਸ਼ਬਦਾਂ ਅਤੇ ਉਸਦੀ ਸੋਚ ਨਾਲ ਹੁੰਦੀ ਹੈ।

# ਇਹੁ ਜਨਮੁ ਤੁਮਹਾਰੇ ਲੇਖੇ !

***ਪੰਜਾਬੀ ਸਾਹਿਤ ਨੂੰ ਕਣਦਾਰ ਤੇ ਯਾਦਗਾਰੀ ਕਹਾਣੀਆਂ ਅਤੇ ਇਕ ਨਿੱਗਰ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਦੇਣ ਵਾਲੇ ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਇਸ ਨਾਵਲ (ਜੋ ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਆਧਾਰਿਤ ਹੈ) ਨਾਲ ਉਨ੍ਹਾਂ ਸਾਹਿਤਕ ਹਲਕਿਆਂ ਵਿਚ ਵਾਹਵਾ ਹਲਚਲ ਮਚਾਈ ਸੀ। ਨਾਵਲ ਦੀ 27ਵੀਂ ਕਿਸ਼ਤ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***




## ਕਿਸ਼ਤ - 27

ਤਨੇਜਾ ਬਾਣੀਆਂ ਦੇ ਘਰ ਜੰਮਿਆ ਤਾਂ ਨਹੀਂ ਸੀ ਪਰ ਪੇਸ਼ਾ ਤਾਂ ਬਾਣੀਆਂ ਵਾਲਾ ਹੀ ਸੀ। ਉਸ ਨੇ ਬਾਣੀਆਗੀਰੀ ਕੀਤੀ, "ਜਗਦੀਪ ਜੀ, ਪਹਿਲੀ ਪੁਸਤਕ ਹਨੇਰੇ ਵਿਚ ਚਲਾਇਆ ਤੀਰ ਹੁੰਦੀ ਹੈ। ਪਰਚਾਰ ਵਾਸਤੇ ਖਰਚ ਕਰਨਾ ਪੈਂਦਾ ਹੈ। ਦੁਕਾਨਦਾਰ ਸੌ ਲਾਉਂਦਾ ਹੈ ਤਾਂ ਇਕ ਸੌ ਪੰਜ ਹੋਣ ਦੀ ਆਸ ਨਾਲ। ਪਹਿਲੀ ਪੁਸਤਕ ਤੋਂ ਡਰ ਹੁੰਦਾ ਹੈ, ਕਿਤੇ ਸੌ ਦੇ ਨੱਬੇ-ਪਚਾਨਵੇਂ ਹੀ ਨਾ ਰਹਿ ਜਾਣ! ਇਸ ਵਾਰ ਇਹੋ ਪਰਵਾਨ ਕਰੋ। ਪਾਠਕਾਂ ਦਾ ਹੁੰਗਾਰਾ ਦੇਖਦੇ ਹਾਂ। ਪਾਠਕ ਉਤਸਾਹ ਦਿਖਾਉਣ, ਅਗਲੀ ਪੁਸਤਕ ਦੇ ਦਸ ਪਰਸੈਂਟ ਦਿੰਦਿਆਂ ਵੀ ਮੈਨੂੰ ਕੋਈ ਸੰਕੋਚ ਨਹੀਂ ਹੋਵੇਗਾ।... ਜਗਦੀਪ ਜੀ, ਮੇਰਾ ਧੰਦਾ ਜ਼ਰੂਰ ਬਾਣੀਆਂ ਵਾਲਾ ਹੈ ਪਰ ਵਰਤੋਂ-ਵਿਹਾਰ ਵਿਚ ਮੈਂ ਬਾਣੀਆ ਨਹੀਂ। ਜੋ ਇਕਰਾਰ ਕਰ ਲਿਆ, ਪ੍ਰਾਣ ਜਾਏਂ ਪਰ ਵਚਨ ਨਾ ਜਾਏ! ਹੋਰਨਾਂ ਪ੍ਰਕਾਸ਼ਕਾਂ ਦੇ ਉਲਟ ਮੇਰਾ ਅਸੂਲ ਹੈ, ਜੇ ਮੈਨੂੰ ਫ਼ਾਇਦਾ ਹੁੰਦਾ ਹੈ, ਉਸ ਵਿਚੋਂ ਹਿੱਸਾ ਲੇਖਕ ਨੂੰ ਵੀ ਮਿਲਣਾ ਹੀ ਚਾਹੀਦਾ ਹੈ।"

ਹਰਵਿੰਦਰ ਨੂੰ ਬੈਠਾ ਦੇਖ ਉਸ ਨੇ ਚੈਕ ਫੜ ਲਿਆ, "ਠੀਕ ਹੈ, ਹਿੰਦੀ ਵਿਚ ਪਹਿਲੀ ਪੁਸਤਕ ਹੈ, ਦੇਖਦੇ ਹਾਂ, ਪਾਠਕ ਕਿਵੇਂ ਲੈਂਦੇ ਨੇ।"



**ਗੁਰਬਚਨ ਸਿੰਘ ਭੁੱਲਰ**
**ਫੋਨ:+91 8076363058**
**bhullargs@gmail.com**

ਹੱਸ ਕੇ ਕਹਿਣ ਲੱਗੀ, "ਮੇਰੀ ਦੁਆ ਹੈ, ਤਨੇਜਾ ਜੀ, ਰੱਬ ਤੁਹਾਡੇ ਸੌ ਦੇ ਇਕ ਸੌ ਪੰਜ ਹੀ ਨਹੀਂ, ਇਕ ਸੌ ਦਸ, ਵੀਹ, ਤੀਹ ਕਰੇ। ਤੁਹਾਨੂੰ ਵੀ ਫ਼ਾਇਦਾ ਤੇ ਮੈਨੂੰ ਵੀ ਫ਼ਾਇਦਾ!"

ਉਸ ਨੇ ਤੁਰਨ ਲਈ ਹੱਥ ਜੋੜੇ ਤਾਂ ਜਗਦੀਪ ਨੂੰ ਇਹ ਕਹਿਣਾ ਵੀ ਚੇਤੇ ਆ ਗਿਆ, "ਤਨੇਜਾ ਜੀ, ਇਕ ਤਾਂ ਛਾਪਣ ਵਿਚ ਦੇਰ ਬਹੁਤੀ ਨਾ ਲਾਉਣੀ ਤੇ ਛਾਪਣੀ ਵੀ ਸੁਹਣੀ।"

ਤੁਰੇ ਜਾਂਦੇ ਤਨੇਜਾ ਨੇ ਪੈਰ ਮਲ਼ੇ, "ਸਾਡੀਆਂ ਕੋਈ ਪੁਸਤਕਾਂ ਸ਼ਾਇਦ ਤੁਹਾਡੀ ਨਜ਼ਰੋਂ ਲੰਘੀਆਂ ਹੋਣ। ਅਸੀਂ ਹਰੇਕ ਪੁਸਤਕ ਹੀ ਪੂਰੇ ਸ਼ੌਕ ਨਾਲ ਛਾਪਦੇ ਹਾਂ। ਤੇ ਦੇਰ ਸਾਡੇ ਕਾਰੋਬਾਰ ਦਾ ਹਿੱਸਾ ਨਹੀਂ। ਕੰਮ ਵਿਚ ਸੁਸਤੀ ਕਰਾਂਗੇ ਤਾਂ ਖਾਵਾਂਗੇ ਕਿਥੋਂ!" ਉਹ "ਹਾਂ ਸੱਚ, ਇਕ ਗੱਲ ਹੋਰ" ਆਖ ਕੇ ਮੁੜ ਸੋਫ਼ੇ ਉੱਤੇ ਆ ਬੈਠਾ। "ਜਗਦੀਪ ਜੀ, ਜੇ ਪੁਸਤਕ ਉੱਤੇ ਅਨੁਵਾਦਕ ਦਾ ਨਾਂ ਨਾ ਦੇਈਏ, ਬਹੁਤ ਠੀਕ ਰਹੇ। ਅਨੁਵਾਦ ਕਿੰਨੇ ਵੀ ਚੰਗੇ ਲੇਖਕ ਦਾ ਹੋਵੇ, ਪਾਠਕਾਂ ਲਈ ਮੂਲ ਸਾਹਿਤ ਤੋਂ ਮਗਰੋਂ ਦੋਇਮ ਦਰਜੇ ਦਾ ਹੀ ਰਹਿੰਦਾ ਹੈ। ਅਨੁਵਾਦਕ ਦਾ ਨਾਂ ਨਹੀਂ ਹੋਵੇਗਾ ਤਾਂ ਬਹੁਤੇ ਪਾਠਕ ਤੁਹਾਨੂੰ ਹਿੰਦੀ ਦੀ ਮੌਲਕ ਲੇਖਿਕਾ ਹੀ ਮੰਨਣਗੇ।"

"ਪਰ ਤਨੇਜਾ ਜੀ, ਨਾਂ ਦੇ ਲਾਲਚ ਤੋਂ ਬਿਨਾਂ ਉਹ ਅਨੁਵਾਦ ਕਰੇਗਾ ਹੀ ਕਿਉਂ?"

"ਉਸ ਨੂੰ ਵਰਚਾਉਣਾ ਤੁਹਾਡਾ ਕੰਮ ਹੈ। ਥੋੜ੍ਹੇ-ਬਹੁਤੇ ਪੈਸੇ ਦੇ ਦਿਉ ਜਾਂ ਕੋਈ ਸਾਹਿਤਕ ਮਦਦ ਕਰ ਦਿਉ। ਮਿਸਾਲ ਵਜੋਂ, ਜੇ ਉਹ ਮਾੜਾ-ਮੋਟਾ ਲਿਖਦਾ ਹੈ, ਆਪਣੇ ਅਸਰ-ਰਸੂਖ ਨਾਲ ਰਸਾਲਿਆਂ ਵਿਚ ਛਪਵਾ ਦਿਉ। ਇਹ ਤੁਸੀਂ ਦੇਖੋ, ਕੀ ਕਰਨਾ ਹੈ। ਨਹੀਂ ਫੇਰ ਮੈਂ ਉਸ ਦਾ ਨਾਂ ਤਾਂ ਛਾਪ ਦੇਵਾਂਗਾ ਪਰ ਰਹੇਗਾ ਆਪਣੇ ਦੋਵਾਂ ਲਈ ਘਾਟੇ ਵਾਲਾ ਸੌਦਾ।... ਹਾਂ, ਚੰਗਾ ਚੇਤੇ ਆਇਆ। ਸਾਡਾ ਪਰੂਫ਼ਰੀਡਰ ਭਾਸ਼ਾ ਦੇ ਪੱਖੋਂ ਬਹੁਤ ਸਿਆਣਾ ਹੈ। ਫ਼ਾਈਨਲ ਪਰੂਫ਼ ਤੁਸੀਂ ਆਪ ਪੜ੍ਹਨਾ ਚਾਹੋਗੇ ਕਿ ਨਹੀਂ?"

ਜਗਦੀਪ ਬੋਲੀ, "ਤਨੇਜਾ ਜੀ, ਮੈਨੂੰ ਏਨੀ ਹਿੰਦੀ ਕਿਥੇ ਆਉਂਦੀ ਹੈ। ਉਹ ਵੀ ਹਿੰਦੀ ਦੇ ਅੱਧੇ-ਪੌਣੇ ਅੱਖਰ! ਜੇ ਤੁਹਾਨੂੰ ਆਪਣੇ ਪਰੂਫ਼ਰੀਡਰ ਉੱਤੇ ਏਨਾ ਭਰੋਸਾ ਹੈ, ਉਸੇ ਤੋਂ ਫ਼ਾਈਨਲ ਕਰਵਾ ਲਵੋ। ਜ਼ਰਾ ਸਾਵਧਾਨ ਹੋਰ ਕਰ ਦੇਣਾ।"

ਉਹ ਖੜ੍ਹਾ ਹੋਇਆ, "ਇਹ ਚਿੰਤਾ ਤਾਂ ਤੁਸੀਂ ਬਿਲਕੁਲ ਨਾ ਕਰੋ।"

ਤਨੇਜਾ ਗਏ ਤੋਂ ਜਗਦੀਪ ਨੇ ਪੁੱਛਿਆ, "ਕਿਉਂ ਹਰਵਿੰਦਰ, ਤੈਨੂੰ ਸਭ ਕੁਛ ਕਿਵੇਂ ਲੱਗਿਆ?"

ਉਹ ਪੂਰੇ ਉਤਸਾਹ ਵਿਚ ਸੀ, "ਦੀਦੀ, ਤਨੇਜਾ ਵਧੀਆ ਰਿਹਾ। ਉਸ ਨੇ ਕੋਈ ਲੀਚੜਪੁਣਾ ਨਹੀਂ ਦਿਖਾਇਆ। ਸਗੋਂ ਅਨੁਵਾਦਕ ਵਾਲਾ ਬਿਲਕੁਲ ਨਵਾਂ ਗੁਰ ਦੱਸ ਦਿੱਤਾ। ਸ਼ਰਤਾਂ ਵਾਜਬ ਨੇ। ਇਸ ਤੋਂ ਚੰਗੀਆਂ ਹੋਰ ਕੀ ਹੋ ਸਕਦੀਆਂ ਨੇ! ਤੁਹਾਨੂੰ ਮੌਲਕ ਹਿੰਦੀ ਲੇਖਕਾਂ ਦੇ ਬਰਾਬਰ ਰੱਖ ਲਿਆ। ਹਿੰਦੀ ਵਾਲੇ ਠੀਕ ਕਹਿੰਦੇ ਨੇ, ਇਹ ਬੰਦਾ ਜ਼ਬਾਨ ਦਾ ਪੱਕਾ ਹੈ। ਦੇਖਣਾ ਦੀਦੀ, ਇਹ ਤੁਹਾਡੀਆਂ ਸਭ ਪੁਸਤਕਾਂ ਛਾਪੇਗਾ। ਪਾਠਕ ਤਾਂ ਟੁੱਟ ਕੇ ਪੈਣਗੇ ਹੀ। ਅਗਲੀ ਪੁਸਤਕ ਨਾਵਲ ਦੇਵਾਂਗੇ ਤੇ ਰਾਇਲਟੀ ਦਸ ਮੰਗਾਂਗੇ। ਉਹ ਖ਼ੁਸ਼ ਹੋ ਕੇ ਦੇਵੇਗਾ। ਅਗਲੇਰੀ ਪੁਸਤਕ ਦੀ ਸਾਰੀ ਰਾਇਲਟੀ ਪਹਿਲਾਂ ਮੰਗਾਂਗੇ..."

ਜਗਦੀਪ ਹੱਸੀ, "ਫੇਰ ਕਵਿਤਾ ਕਰਨ ਲੱਗ ਪਿਆ, ਵਿੰਦੀ! ਬੱਸ ਕਰ, ਅਗਲੀਆਂ-ਅਗਲੇਰੀਆਂ ਪੁਸਤਕਾਂ ਦੀ ਰਾਇਲਟੀ ਦੇ ਤੇਰੇ ਲਿਆਂਦੇ ਇਹ ਚੈਕ ਹੁਣੇ ਕਿਥੇ ਸਾਂਭਦੀ ਫਿਰਾਂਗੀ!"

ਮਹੀਨੇ ਕੁ ਮਗਰੋਂ ਤਨੇਜਾ ਪਹਿਲਾਂ ਕਿਸੇ ਜ਼ਿਕਰ ਤੋਂ ਬਿਨਾਂ ਅਚਾਨਕ ਪੁਸਤਕ ਲੈ ਆਇਆ। ਉਸ ਨੇ 'ਸਰਪ੍ਰਾਈਜ਼' ਦੇਣ ਲਈ ਆਉਣ ਦਾ ਫ਼ੋਨ ਵੀ ਨਾ ਕੀਤਾ। ਸੋਚਿਆ, ਜੇ ਜਗਦੀਪ ਘਰ ਨਾ ਹੋਈ, ਪਰਤ ਆਵਾਂਗਾ।

ਜਗਦੀਪ ਨੇ ਸੁਨਹਿਰੀ ਕਾਗ਼ਜ਼ ਵਿਚ ਲਪੇਟੀ ਪੁਸਤਕ ਖੋਲ੍ਹੀ ਤਾਂ ਖ਼ੁਸ਼ ਹੋ ਗਈ। ਕਵਰ ਦੇਖ ਕੇ ਇਕ ਛਿਣ ਲਈ ਉਸ ਨੂੰ ਚਰਨਜੀਤ ਚੇਤੇ ਆਇਆ ਪਰ ਇਸ ਖ਼ੁਸ਼ੀ ਦੇ ਮੌਕੇ ਉਸ ਨੇ ਉਹ ਪਰੇ ਹਟਾ ਦਿੱਤਾ। ਖ਼ੁਸ਼ੀ ਤਨੇਜਾ ਨਾਲ ਸਾਂਝੀ ਕੀਤੀ, "ਤਨੇਜਾ ਜੀ, ਬਹੁਤ ਵਧੀਆ ਛਪੀ ਹੈ ਪੁਸਤਕ, ਤੁਹਾਡਾ ਸ਼ੁਕਰੀਆ!"

"ਚਲੋ, ਤੁਹਾਨੂੰ ਪੁਸਤਕ ਪਸੰਦ ਆਈ, ਜਗਦੀਪ ਜੀ, ਮੇਰੀ ਮਿਹਨਤ ਸਫਲ ਹੋਈ। ਜੇ ਸੰਭਵ ਹੋ ਸਕਿਆ ਤਾਂ ਸਾਡੇ ਦਫ਼ਤਰ ਵਿਚ ਹੀ ਜਾਂ ਫੇਰ ਕਿਸੇ ਸਾਹਿਤਿਕ ਜਾਂ ਸਾਂਸਕ੍ਰਿਤਿਕ ਸੰਸਥਾ ਵਿਚ ਰਿਲੀਜ਼ ਕਰਵਾਉਂਦੇ ਹਾਂ ਕਿਸੇ ਮਾੜੇ-ਮੋਟੇ ਲੇਖਕ ਜਾਂ ਅਲੇਖਕ ਬੰਦੇ-ਬੰਦੀ ਤੋਂ! ਰਿਲੀਜ਼ ਨਾਲ ਹੋਰ ਤਾਂ ਕੀ ਹੋਣਾ ਹੁੰਦਾ ਹੈ, ਖ਼ਬਰਾਂ ਛਪਦੀਆਂ ਨੇ ਤਾਂ ਲੋਕਾਂ ਨੂੰ ਪਤਾ ਲੱਗ ਜਾਂਦਾ ਹੈ, ਅਮਕੇ ਲੇਖਕ ਦੀ ਅਮਕੀ ਪੁਸਤਕ ਛਪੀ ਹੈ।"

ਪੰਜਾਬੀ ਵਿਚ ਪੁਸਤਕਾਂ ਇਉਂ ਰਿਲੀਜ਼ ਕਰਵਾਉਣ ਦਾ ਰਿਵਾਜ ਨਹੀਂ ਸੀ ਪਿਆ। ਜਗਦੀਪ ਨੂੰ ਇਹ ਸੁਣ ਕੇ ਬੜਾ ਚੰਗਾ ਲੱਗਿਆ। ਉਸਦਾ ਦਿਲ ਵੀ ਇਸ ਉੱਦਮ ਵਿਚ ਕੁਛ ਹਿੱਸਾ ਪਾਉਣ ਨੂੰ ਕੀਤਾ, "ਤੁਸੀਂ ਪਹਿਲਾਂ ਪਲਾਨ ਬਣਾ ਲਵੋ। ਪਰ ਤਨੇਜਾ ਜੀ, ਉਡਾਰੀ ਏਨੀ ਨੀਵੀਂ ਨਾ ਰੱਖੋ। ਕਿਸੇ ਮਾੜੇ-ਮੋਟੇ ਬੰਦੇ-ਬੰਦੀ ਨੂੰ ਨਹੀਂ, ਕਿਸੇ ਭਾਰੇ-ਗੌਰੇ ਨਾਂ ਨੂੰ ਬੁਲਾਉ। ਸੁਰਮੁਖ ਸਿੰਘ ਰਾਹੀ ਜੀ ਮੇਰੇ ਆਪਣੇ ਬਜ਼ੁਰਗ ਨੇ। ਜੇ ਚਾਹੋ, ਉਹਨਾਂ ਨੂੰ ਆਖ ਕੇ ਕੋਈ ਹਿੰਦੀ-ਭਾਸ਼ੀ ਮੰਤਰੀ-ਮੁੰਤਰੀ ਬੁਲਾ ਲਈਏ। ਪ੍ਰਧਾਨਗੀ ਰਾਹੀ ਜੀ ਤੋਂ ਕਰਵਾ ਕੇ ਉਹਨਾਂ ਦਾ ਮਾਣ ਵੀ ਰੱਖ ਲਵਾਂਗੇ ਤੇ ਪੁਸਤਕ ਮੰਤਰੀ ਤੋਂ ਰਿਲੀਜ਼ ਕਰਵਾ ਲਵਾਂਗੇ।"

ਤਨੇਜਾ ਤਾਂ ਹੈਰਾਨ ਹੀ ਰਹਿ ਗਿਆ, "ਜਗਦੀਪ ਜੀ, ਇਹ ਤਾਂ ਤੁਸੀਂ ਵਧੀਆ ਸੋਚਿਆ ਹੈ। ਜੇ ਅਜਿਹਾ ਹੋ ਜਾਵੇ, ਕਮਾਲ ਹੀ ਹੋ ਜਾਵੇ!"

"ਹੋ ਜਾਵੇਗਾ, ਤਨੇਜਾ ਜੀ, ਜ਼ਰੂਰ ਹੋ ਜਾਵੇਗਾ। ਹਾਂ, ਸਮਾਗਮ ਕਿਸੇ ਸਾਧਾਰਨ ਥਾਂ ਨਹੀਂ, ਕਿਸੇ ਵਾਜਬ ਥਾਂ ਕਰਵਾਉਣਾ ਪਵੇਗਾ, ਜਿਵੇਂ ਕਾਂਸਟੀਚਿਊਸ਼ਨ ਕਲੱਬ ਵਿਚ ਹੋ ਸਕਦਾ ਹੈ। ਨਾਲੇ ਕੁਛ ਚਾਹ-ਪਾਣੀ ਦਾ ਪ੍ਰਬੰਧ ਤਾਂ ਕਰਨਾ ਹੀ ਹੋਵੇਗਾ, ਭਾਵੇਂ ਬਿਸਕੁਟ-ਬਰਫ਼ੀ ਨਾਲ ਚਾਹ ਹੀ ਹੋਵੇ।"

ਤਨੇਜਾ ਧੰਨ ਹੋ ਗਿਆ, ਪਰ ਝੱਟ ਹੀ ਉਹਦੇ ਵਪਾਰੀ ਮਨ ਉੱਤੋਂ ਖਰਚ ਦਾ ਪਰਛਾਵਾਂ ਕਾਲੇ ਬੱਦਲ ਵਾਂਗ ਲੰਘਿਆ, 'ਜੇ ਸਾਰੀ ਪੁਸਤਕ ਵੀ ਵਿਕ ਜਾਵੇ, ਏਨਾ ਨਫ਼ਾ ਤਾਂ ਤਦ ਵੀ ਨਹੀਂ ਨਿਕਲਣਾ!' ਦੂਜੇ ਹੀ ਪਲ ਉਸ ਨੇ ਆਪਣੇ ਆਪ ਨੂੰ ਸਮਝੌਤੀ ਦਿੱਤੀ, 'ਤਨੇਜਾ, ਇਸ ਖਰਚੇ ਨੂੰ ਇਸੇ ਪੁਸਤਕ ਨਾਲ ਨਾ ਜੋੜ! ਇਸ ਨੂੰ ਸਮੁੱਚੇ ਕਾਰੋਬਾਰ ਦੀ ਮਸ਼ਹੂਰੀ ਵਾਸਤੇ ਕੀਤੀ ਇਨਵੈਸਟਮੈਂਟ ਸਮਝ।'

ਜਗਦੀਪ ਨੇ ਉਸ ਦੀ ਚੁੱਪ ਤੋੜੀ, "ਕਿਨ੍ਹਾਂ ਸੋਚਾਂ ਵਿਚ ਪੈ ਗਏ, ਤਨੇਜਾ ਜੀ?"

"ਨਹੀਂ, ਕੋਈ ਸੋਚਾਂ ਨਹੀਂ ਜੀ। ਪਰ ਮੈਂ ਖਰਚ ਦੀ ਸੋਚਦਾ ਸੀ। ਆਖ਼ਰ ਦੁਕਾਨਦਾਰ ਜੋ ਹੋਇਆ! ਏਨਾ ਨਫ਼ਾ ਤਾਂ ਸਾਰੀ ਪੁਸਤਕ ਵਿਕਿਆਂ ਵੀ ਨਹੀਂ ਹੋਣਾ! ਖ਼ੈਰ, ਦੇਖਦੇ ਹਾਂ, ਕੀ ਪਤਾ ਅਜਿਹੀ ਰਿਲੀਜ਼ ਦਾ ਤੁਹਾਡੀ ਪੁਸਤਕ ਦੀ ਵਿਕਰੀ ਉੱਤੇ ਚੰਗਾ ਅਸਰ ਪੈ ਹੀ ਜਾਵੇ!"

"ਤਨੇਜਾ ਜੀ, ਕਦੀ-ਕਦੀ ਮਾਰ ਵੀ ਖਾ ਲੈਣੀ ਚਾਹੀਦੀ ਹੈ। ਖਾਸ ਕਰ ਕੇ ਜੇ ਉਸ ਵਿਚੋਂ ਕੁੱਲ ਮਿਲਾ ਕੇ ਲਾਭ ਹੁੰਦਾ ਹੋਵੇ। ਮੈਨੂੰ ਤਾਂ ਪਾਠਕ ਹਿੰਦੀ ਲੇਖਿਕਾ ਵਜੋਂ ਜਾਣਨ ਲੱਗਣਗੇ ਹੀ, ਤੁਹਾਡੀ ਫ਼ਰਮ ਦਾ ਵੀ ਗੌਰਵ ਵਧੇਗਾ। ਹਰ ਵੇਲੇ ਬਰੀਕ ਹੀ ਨਹੀਂ ਕੱਤਣਾ ਚਾਹੀਦਾ। ਨਾਲੇ, ਇਹ ਤਾਂ ਇਕ ਵਾਰ ਦੀ ਇੰਟਰੋਡਕਟਰੀ ਇਨਵੈਸਟਮੈਂਟ ਹੈ, ਅੱਗੇ ਤੋਂ ਅਜਿਹੇ ਸਮਾਗਮ ਦੀ ਕੋਈ ਲੋੜ ਨਹੀਂ। ਅਗਲੀ ਵਾਰ ਤਾਂ, ਜਿਵੇਂ ਤੁਸੀਂ ਪਹਿਲਾਂ ਕਿਹਾ ਸੀ, ਖ਼ਬਰਾਂ ਛਪਵਾਉਣ ਦੇ ਉਦੇਸ਼ ਨਾਲ ਤੁਹਾਡੇ ਦਫ਼ਤਰ ਜਾਂ ਕਿਸੇ ਸੰਸਥਾ ਵਿਚ ਚਾਰ ਬੰਦੇ ਬੁਲਾਏ ਜਾ ਸਕਦੇ ਨੇ। ਨਾਲੇ ਮੇਰਾ ਨਾਵਲ ਹਿੰਦੀ ਵਿਚ ਤਿਆਰ ਹੀ ਸਮਝੋ। ਤਨੇਜਾ ਜੀ, ਉਹ ਵੀ ਤਾਂ ਤੁਸੀਂ ਹੀ ਛਾਪਣਾ ਹੈ।"

"ਤੁਹਾਡੀ ਪਲੇਠੀ ਪੁਸਤਕ ਹੈ, ਤੁਹਾਡੇ ਆਖਿਆਂ ਇਹ ਮਾਰ ਵੀ ਸਹਿ ਲੈਂਦੇ ਹਾਂ। ਪਰ ਮੇਰੀਆਂ ਇਹਨੀਂ ਥਾਂਈਂ ਕੋਈ ਵਾਕਫ਼ੀਅਤਾਂ ਨਹੀਂ ਜੀ", ਤਨੇਜਾ ਨੇ ਬੇਵਸੀ ਪ੍ਰਗਟਾਈ, "ਸਭ ਕੁਛ ਤੁਸੀਂ ਹੀ ਕਰਨਾ ਹੋਵੇਗਾ। ਇਹੋ ਜਿਹੇ ਭਾਰੇ-ਗੌਰੇ ਲੋਕ ਤਨੇਜਾ ਨੇ ਤਾਂ ਦੂਰੋਂ ਹੀ ਦੇਖੇ ਨੇ। ਸਾਡੀ ਪਹੁੰਚ ਉਹਨਾਂ ਤੱਕ ਕਿਥੇ! ਇਹ ਤਾਂ ਤੁਹਾਡੇ ਵਰਗੇ ਵੱਡੇ ਲੇਖਕਾਂ ਦੀਆਂ ਹੀ ਪਹੁੰਚਾਂ ਹੁੰਦੀਆਂ ਨੇ। ਮੈਂ ਤਾਂ ਬੱਸ ਫਸਿਆ-ਫਸਾਇਆ ਬਿਲ ਤਾਰ ਦਿਆਂਗਾ।"

ਜਗਦੀਪ ਹੱਸੀ, "ਤਨੇਜਾ ਜੀ, ਸਾਹਿਤ ਲਿਖਦੇ ਨਹੀਂ, ਛਾਪਦੇ ਤਾਂ ਹੋ, ਜਿਸ ਕਰਕੇ ਗੱਲਾਂ ਦੇ ਉਸਤਾਦ ਹੋ!... ਚਿੰਤਾ ਨਾ ਕਰੋ, ਸਭ ਕੁਛ ਹੋ ਜਾਵੇਗਾ। ਰਾਹੀ ਜੀ ਨੂੰ ਬੇਨਤੀ ਕਰਾਂਗੇ, ਉਹ ਕਿਸੇ ਮੰਤਰੀ ਨੂੰ ਵੀ ਫੜ ਲਿਆਉਣਗੇ ਤੇ ਕਾਂਸਟੀਚਿਊਸ਼ਨ ਕਲੱਬ ਵੀ ਬੁੱਕ ਕਰਵਾ ਦੇਣਗੇ।"

ਹਿੰਦੀ ਪੁਸਤਕ 'ਸਪਨੋਂ ਕੀ ਪਰਛਾਈਆਂ' ਦਾ ਪਾਠਕ-ਅਰਪਨ ਜਗਦੀਪ ਦੀ ਰੀਝ ਅਨੁਸਾਰ ਸਜਧਜ ਨਾਲ ਹੋ ਗਿਆ। ਕਾਂਸਟੀਚਿਊਸ਼ਨ ਕਲੱਬ ਪੂਰਾ ਭਰਿਆ ਹੋਇਆ ਸੀ। ਰਾਹੀ ਜੀ ਦੀ ਕਿਰਪਾ ਨਾਲ ਭਾਰਤ ਦਾ ਭਾਸ਼ਾ ਅਤੇ ਸਭਿਆਚਾਰ ਮੰਤਰੀ ਨਾ ਸਿਰਫ਼ ਆਇਆ ਹੀ ਸਗੋਂ ਖੁੱਲ੍ਹਾ ਸਮਾਂ ਰੱਖ ਕੇ ਆਇਆ। ਨਾ ਉਹਨੇ ਆਪ ਵਾਰ-ਵਾਰ ਘੜੀ ਦੇਖੀ, ਨਾ ਉਹਦੇ ਪਿਛੇ ਖਲੋਤੇ ਸੈਕਰੈਟਰੀ ਨੇ ਵਾਰ-ਵਾਰ ਝੁਕ ਕੇ ਉਹਦੇ ਕੰਨ ਵਿਚ ਕਿਸੇ ਹੋਰ ਪ੍ਰੋਗਰਾਮ ਦਾ ਚੇਤਾ ਕਰਵਾਇਆ।

ਮੰਚ ਹਰਵਿੰਦਰ ਨੇ ਬੜੇ ਸੁਚੱਜ ਨਾਲ ਸੰਭਾਲਿਆ। ਰੇਡੀਓ ਪ੍ਰੋਗਰਾਮ ਪੇਸ਼ ਕਰਦਿਆਂ ਨਾਪਿਆ-ਤੋਲਿਆ ਤੇ ਢੁੱਕਵਾਂ ਬੋਲਣ ਦਾ ਉਹਦਾ ਅਨੁਭਵ ਖ਼ੂਬ ਕੰਮ ਆਇਆ। ਰਾਹੀ ਜੀ ਨੇ ਗੱਲ ਜਗਦੀਪ ਨਾਲ ਪਰਿਵਾਰਕ ਸਾਂਝ ਤੋਂ ਸ਼ੁਰੂ ਕੀਤੀ ਤੇ ਉਹਨੂੰ ਬਰੀਕਬੀਨ ਕੋਮਲਭਾਵੀ ਲੇਖਿਕਾ ਕਹਿੰਦਿਆਂ ਉਹਦੀ ਰਚਨਾ ਨੂੰ ਵੱਡੇ ਸਮਾਜਕ ਮਹੱਤਵ ਵਾਲੀ ਆਖਿਆ। ਰਚਨਾਵਾਂ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਸਾਹਿਤ ਵਿਚ ਉਹਦੇ ਸਥਾਨ ਨੂੰ ਬਹੁਤ ਉੱਚਾ ਦੱਸਿਆ। ਹਿੰਦੀ ਦੇ ਪ੍ਰਮੁੱਖ ਆਲੋਚਕ ਮਿਸ਼ਰ ਜੀ ਨੇ ਜਗਦੀਪ ਦੀਆਂ ਕਹਾਣੀਆਂ ਵਿਚੋਂ ਉਦਾਹਰਨ ਦੇ ਕੇ ਪੁਸਤਕ ਨੂੰ ਹਿੰਦੀ ਸਾਹਿਤ ਵਿਚ ਹੀ ਨਹੀਂ ਬਲਕਿ ਸਮੁੱਚੇ ਭਾਰਤੀ ਸਾਹਿਤ ਵਿਚ ਕਦਰਜੋਗ ਵਾਧਾ ਕਿਹਾ।

ਮੰਤਰੀ ਜੀ ਨੇ ਪ੍ਰਕਾਸ਼ਕ ਦੀ ਭੇਟ ਕੀਤੀ ਪੁਸਤਕ ਦਾ ਸੁਨਹਿਰੀ ਕਾਗ਼ਜ਼, ਬਹੁਤੇ ਰਸਮੀ ਉਦਘਾਟਨੀਆਂ ਦੀ ਕਾਹਲ ਦੇ ਉਲਟ, ਪਾੜ ਕੇ ਨਹੀਂ, ਬੜੇ ਸਹਿਜ ਤੇ ਅਦਬ ਨਾਲ ਉਤਾਰਿਆ। ਜਿਉਂ ਹੀ ਉਹਨਾਂ ਨੇ ਪੁਸਤਕ ਦਰਸ਼ਕਾਂ ਸਾਹਮਣੇ ਉੱਚੀ ਕੀਤੀ, ਹਾਲ ਤਾੜੀਆਂ ਨਾਲ ਗੂੰਜ ਉੱਠਿਆ ਤੇ ਸਾਰੇ ਕੈਮਰਿਆਂ ਦੇ ਇਕੱਠੇ ਜਗੇ ਫ਼ਲੈਸ਼ਾਂ ਨੇ ਦੀਵਾਲੀ ਵਰਗਾ ਮਾਹੌਲ ਬਣਾ ਦਿੱਤਾ। ਜਿਲਦ ਪਲਟ ਕੇ ਉਹਨਾਂ ਨੇ ਆਪਣੇ ਦਸਖ਼ਤ ਕੀਤੇ ਤਾਂ ਅਜਿਹੀਆਂ ਰਸਮਾਂ ਦੇ ਜਾਣਕਾਰ ਸੈਕਰੈਟਰੀ ਨੇ ਕਾਹਲੇ ਕਦਮੀਂ ਅੱਗੇ ਵਧ ਕੇ ਪੁਸਤਕ ਫੜਦਿਆਂ ਝੁਕ ਕੇ ਰਾਹੀ ਜੀ ਨੂੰ ਦੇ ਦਿੱਤੀ। ਉਹਨਾਂ ਨੇ ਮੰਤਰੀ ਜੀ ਦੇ ਦਸਖ਼ਤ ਹੇਠ ਆਪਣੇ ਦਸਖ਼ਤ ਕੀਤੇ ਤੇ ਪੁਸਤਕ ਮਿਸ਼ਰ ਜੀ ਅੱਗੇ ਕਰ ਦਿੱਤੀ। ਮਹੱਤਵਪੂਰਨ ਵਿਅਕਤੀਆਂ ਦੇ ਦਸਖ਼ਤਾਂ ਵਾਲੀ ਇਹ ਪੁਸਤਕ ਸੈਕਰੈਟਰੀ ਨੇ, ਉਸ ਉੱਤੇ ਇਕ ਛੋਟਾ ਜਿਹਾ ਖ਼ੂਬਸੂਰਤ ਪੈਕਟ ਰੱਖ ਕੇ, ਅਦਬ ਨਾਲ ਦੂਹਰਾ ਹੁੰਦਿਆਂ ਫੇਰ ਮੰਤਰੀ ਜੀ ਦੇ ਸਾਹਮਣੇ ਮੇਜ਼ ਉੱਤੇ ਰੱਖ ਦਿੱਤੀ।

ਕਿਸੇ ਵੀ ਲੇਖਕ ਬਾਰੇ ਦਿੱਤੇ ਜਾ ਸਕਣ ਵਾਲੇ ਆਪਣੇ ਭਾਸ਼ਨ ਵਿਚ ਮੰਤਰੀ ਜੀ ਨੇ ਜਗਦੀਪ ਨੂੰ ਭਾਰਤੀ ਸਾਹਿਤ ਅਤੇ ਸਭਿਆਚਾਰ ਦੀ ਅਨਮੋਲ ਨਿਧੀ ਕਿਹਾ ਜਿਸ ਦੀ ਕਲਮੀ ਪ੍ਰਤਿਭਾ ਨੂੰ ਕਿਸੇ ਇਕ ਭਾਸ਼ਾ ਨਾਲ ਨਹੀਂ ਜੋੜਿਆ ਜਾ ਸਕਦਾ। ਉਹਨਾਂ ਦਾ ਵਿਚਾਰ ਸੀ, ਜੇ ਅੱਜ ਦੁਨੀਆ ਦੀਆਂ ਅੱਖਾਂ ਭਾਰਤ ਦਾ ਬੌਧਿਕ-ਸਭਿਆਚਾਰਕ ਜਲੌਅ ਦੇਖ ਕੇ ਚੁੰਧਿਆ ਰਹੀਆਂ ਹਨ, ਇਹ ਸਭ ਜਗਦੀਪ ਜੀ ਵਰਗੇ ਕਲਮਕਾਰਾਂ ਦੀ ਹੀ ਦੇਣ ਹੈ। ਪੁਸਤਕ ਦੇ ਨਾਂ ਨੂੰ ਉਹਨਾਂ ਨੇ ਬੜੀ ਚਤੁਰਾਈ ਨਾਲ ਵਰਤਿਆ, ਜਿਵੇਂ ਸਚਮੁੱਚ ਹੀ ਕਹਾਣੀਆਂ ਉੱਤੇ ਨਜ਼ਰ ਮਾਰ ਕੇ ਆਏ ਹੋਣ। "ਜੀਵਨ ਮੇਂ ਵਿਅਕਤੀ ਅਨੇਕ ਸਪਨੇ ਦੇਖਤਾ ਹੈ ਪ੍ਰੰਤੂ ਉਨਹੇਂ ਪਕੜ ਨਹੀਂ ਪਾਤਾ। ਇਸੀ ਤਰਹਿ ਪਰਛਾਈਉਂ ਕਾ ਸਾਮਨਾ ਤੋ ਹੋਤਾ ਰਹਿਤਾ ਹੈ ਮਗਰ ਵਹਿ ਭੀ ਪਕੜ ਮੇਂ ਨਹੀਂ ਆਤੀਂ। ਔਰ ਫਿਰ ਸਪਨੋਂ ਕੀ ਪਰਛਾਈਆਂ! ਉਨ ਕੋ ਪਕੜਨੇ ਕੀ ਤੋ ਸੋਚਨੇ ਕਾ ਹੀ ਸਾਹਸ ਕੌਨ ਕਰੇ। ਸਮਯ ਕੇ ਅਭਾਵ ਕੇ ਕਾਰਨ ਅਭੀ ਤੱਕ ਮੈਂ ਪੂਰੀ ਪੁਸਤਕ ਤੋ ਨਹੀਂ ਪੜ੍ਹ ਪਾਇਆ ਪ੍ਰੰਤੂ ਜੋ ਕੁਛ ਏਕ ਕਹਾਨੀਆਂ ਪੜ੍ਹੀ ਹੈਂ, ਉਨ ਕੇ ਆਧਾਰ ਪਰ ਨਿਰਸੰਕੋਚ ਕਹਿ ਸਕਤਾ ਹੂੰ, ਜਗਦੀਪ ਜੀ ਨੇ ਸਪਨੋਂ ਕੀ ਪਰਛਾਈਉਂ ਕੋ ਸ਼ਬਦੋਂ ਮੇਂ ਪਕੜਨੇ ਕੀ ਭੀ ਅਭੂਤਪੂਰਵ ਕਲਾ-ਕੌਸ਼ਲਤਾ ਦਿਖਾਈ ਹੈ। ਔਰ ਯਹ ਪੁਸਤਕ ਕੇਵਲ ਇਨ ਕੇ ਸਪਨੋਂ ਕੀ ਹੀ ਬਾਤ ਨਹੀਂ ਕਰ ਰਹੀ, ਸੰਪੂਰਨ ਨਾਰੀ ਜਾਤੀ ਕੇ ਸਪਨੋਂ ਕੀ ਪਰਛਾਈਉਂ ਕੀ ਕਥਾ ਔਰ ਵਿਥਿਆ ਹੈ। ਮੈਂ ਇਸ ਸਫਲਤਾ ਪਰ ਇਨ ਕੀ ਕਲਮ ਕੀ ਪ੍ਰਸ਼ੰਸ਼ਾ ਕਰਤਾ ਹੂੰ ਔਰ ਇਨ ਕੋ ਮੁਕਤ-ਕੰਠ ਬਧਾਈ ਭੇਟ ਕਰਤਾ ਹੂੰ!" ਇਹਨਾਂ ਰਸਮਾਂ ਦੇ ਜਾਣਕਾਰ ਰਾਹੀ ਜੀ ਨੇ ਤਾੜੀ ਦਾ ਆਰੰਭ ਕੀਤਾ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਿਆ।

ਭਾਸ਼ਨ ਦੇ ਅੰਤ ਵਿਚ ਮੰਤਰੀ ਜੀ ਜਗਦੀਪ ਨੂੰ ਪੁਸਤਕ ਤੇ ਪੈਕਟ ਭੇਟ ਕਰਨ ਲੱਗੇ ਤਾਂ ਉਹਨਾਂ ਨੇ ਪਿਛੇ ਦੇਖ ਕੇ ਇਸ਼ਾਰਾ ਕੀਤਾ। ਰਾਹੀ ਜੀ, ਮਿਸ਼ਰ ਜੀ ਤੇ ਤਨੇਜਾ ਉਹਨਾਂ ਦੇ ਨਾਲ ਆ ਖਲੋਤੇ। ਉਹਨਾਂ ਨੇ ਪੈਕਟ ਬਾਰੇ ਦੱਸਣਾ ਜ਼ਰੂਰੀ ਸਮਝਿਆ, "ਯਹ ਕਲਮ ਜਗਦੀਪ ਜੀ ਕੋ ਮੇਰੀ ਓਰ ਸੇ ਯਾ ਮੇਰੇ ਵਿਭਾਗ ਕੀ ਓਰ ਸੇ ਨਹੀਂ, ਮੈਂ ਤੋ ਕਹੂੰਗਾ, ਭਾਰਤ ਸਰਕਾਰ ਕੀ ਓਰ ਸੇ ਭੀ ਨਹੀਂ, ਪੂਰੇ ਦੇਸ਼ ਕੀ ਸਮੱਸਤ ਜਨਤਾ ਕੀ ਓਰ ਸੇ ਭੇਟ ਹੈ। ਮੁਝੇ ਹਰਸ਼ ਹੈ ਔਰ ਫ਼ਖ਼ਰ ਭੀ ਹੈ ਕਿ ਜਨਤਾ ਕੇ ਸਨੇਹ ਕੀ ਪ੍ਰਤੀਕ ਯਹ ਕਲਮ ਰਚਨਾਕਾਰ ਕੋ ਭੇਂਟ ਕਰਨੇ ਕਾ ਗੌਰਵਸ਼ਾਲੀ ਅਵਸਰ ਜਨਤਾ ਕਾ ਪ੍ਰਤੀਨਿਧੀ ਹੋਨੇ ਕੇ ਨਾਤੇ ਮੁਝੇ ਪ੍ਰਾਪਤ ਹੂਆ ਹੈ।" ਮੰਤਰੀ ਜੀ ਨੇ ਭਾਸ਼ਨ ਦੀ ਸਮਾਪਤੀ ਵਧੀਆ ਕਲਾਤਮਕ ਢੰਗ ਨਾਲ ਕਰਦਿਆਂ ਮੁੜ ਕੇ ਜਗਦੀਪ ਵੱਲ ਦੇਖਿਆ, "ਜਗਦੀਪ ਜੀ, ਮੈਂ ਸਪੱਸ਼ਟ ਕਰ ਦੂੰ, ਯਹ ਕਲਮ ਭਾਰਤੀ ਜਨਤਾ ਕੀ ਆਪ ਸੇ ਅਨੇਕੋਂ-ਅਨੇਕ ਉੱਤਮ ਰਚਨਾਉਂ ਕੀ ਇੱਛਾ ਔਰ ਉਮੀਦ ਕਾ ਪ੍ਰਤੀਕ ਹੈ! ਜਨਤਾ ਚਾਹੇਗੀ, ਆਪ ਉਸ ਕੀ ਭਾਵਨਾਉਂ ਕੋ ਸੁੰਦਰ ਸ਼ਬਦੋਂ ਮੇ ਪਿਰੋਤੇ ਰਹੇਂ!" ਪੁਸਤਕ ਤੇ ਕਲਮ ਭੇਟ ਕਰ ਕੇ ਜਿਉਂ ਹੀ ਉਹਨਾਂ ਨੇ ਆਪਣਾ ਹਾਰ ਉਤਾਰ ਕੇ ਜਗਦੀਪ ਦੇ ਹੱਥ ਦਿੱਤਾ, ਤਾੜੀਆਂ ਦਾ ਆਪਮੁਹਾਰੇ ਗੂੰਜਣਾ ਤੇ ਕੈਮਰਿਆਂ ਦਾ ਜਗਮਗਾਉਣਾ ਕੁਦਰਤੀ ਸੀ।

ਫੇਰ ਉਹਨਾਂ ਨੇ ਤਨੇਜਾ ਵੱਲ ਰੁਖ਼ ਕੀਤਾ ਤੇ ਮੇਜ਼ ਉੱਤੇ ਇਸੇ ਮੰਤਵ ਲਈ ਰੱਖਿਆ ਹਾਰ ਚੁਕਦਿਆਂ ਕਿਹਾ, "ਅਪਨੀ ਬਾਤ ਸਮਾਪਤ ਕਰਨੇ ਸੇ ਪਹਿਲੇ ਮੈਂ ਸ਼੍ਰੀ ਗਿਆਨ ਤਨੇਜਾ ਜੀ ਕੋ ਆਮੰਤ੍ਰਿਤ ਕਰਨਾ ਚਾਹੂੰਗਾ ਔਰ ਉਨ ਕੀ ਪ੍ਰਸ਼ੰਸ਼ਾ ਕਰਨੀ ਚਾਹੂੰਗਾ ਜਿਨ੍ਹੋਂ ਨੇ ਉਤਕ੍ਰਿਸ਼ਟ ਰਚਨਾਏਂ ਪਾਠਕੋਂ ਤੱਕ ਪਹੁੰਚਾਨੇ ਕਾ ਸੰਕਲਪ ਲੀਆ ਹੂਆ ਹੈ।" ਨੇੜੇ ਆਏ ਤਨੇਜਾ ਦੇ ਗਲ ਵਿਚ ਹਾਰ ਪਾਉਂਦਿਆਂ ਉਹ ਬੋਲੇ, "ਮੈਂ ਤਨੇਜਾ ਜੀ ਸੇ ਆਗ੍ਰਹਿ ਕਰਨਾ ਚਾਹੂੰਗਾ ਕਿ ਵਹਿ ਮੇਰੇ ਦੁਆਰਾ ਪਾਠਕੋਂ ਕੀ ਓਰ ਸੇ ਭੇਂਟ ਕੀ ਗਈ ਇਸ ਪੁਸ਼ਪਮਾਲਾ ਕੀ ਖ਼ੁਸ਼ਬੂ ਕੀ ਤਰਹਿ ਸਾਹਿਤਯ ਕੀ ਖ਼ੁਸ਼ਬੂ ਫ਼ੈਲਾਤੇ ਰਹੇਂ!"

ਜਗਦੀਪ ਨੂੰ ਅੱਜ ਦੇ ਜਲੌਅ ਨੇ ਭਾਵੁਕ ਕਰ ਦਿੱਤਾ। ਪੰਜਾਬੀ ਵਿਚ ਜੇ ਕੋਈ ਲੇਖਕ ਅਜਿਹਾ ਸਮਾਗਮ ਕਰਦਾ ਵੀ, ਉਹਨੇ ਸਾਰਾ ਜੁਗਾੜ ਕਰ ਕੇ ਆਪਣਾ ਸਿਰ ਆਪ ਹੀ ਗੁੰਦਣਾ ਹੁੰਦਾ। ਉਹ ਆਪ ਹੀ ਖਰਚ ਕਰਦਾ, ਆਪ ਹੀ ਕੁਛ ਮਿੱਤਰ ਲੇਖਕਾਂ ਤੇ ਆਲੋਚਕਾਂ ਦਾ ਇਕੱਠ ਕਰਦਾ ਤੇ ਅਨਬੋਲੀ ਸ਼ਰਤ ਪੂਰੀ ਕਰਦਿਆਂ ਆਪਣੀ ਜੇਬ ਵਿਚੋਂ ਉਹਨਾਂ ਦੀ ਆਥਣ ਨੂੰ ਰੰਗਲੀ ਬਣਾਉਂਦਾ। ਸਵੇਰ ਨੂੰ ਉਹ ਕੁੱਲ ਖਰਚੇ ਦਾ ਹਿਸਾਬ ਲਾ ਕੇ ਪਛਤਾਉਂਦਾ ਕਿ ਆਖ਼ਰ ਇਸ ਸਭ ਕੁਛ ਨਾਲ ਉਹਨੇ ਜਾਂ ਉਹਦੀ ਪੁਸਤਕ ਨੇ ਕੀ ਖੱਟਿਆ! ਇਸੇ ਕਰਕੇ ਭਾਵੁਕ ਹੋਈ ਜਗਦੀਪ ਨੂੰ ਮਾਈਕ ਵੱਲ ਜਾਂਦਿਆਂ ਜਿਵੇਂ ਕੁਛ ਸੁੱਝ ਹੀ ਨਹੀਂ ਸੀ ਰਿਹਾ, ਗੱਲ ਕਿਥੋਂ ਸ਼ੁਰੂ ਕਰੇ ਤੇ ਕੀ-ਕੀ ਕਹਿੰਦਿਆ ਕਿਥੇ ਸਮਾਪਤ ਕਰੇ। ਪਰ ਆਖ਼ਰ ਉਹ ਸ਼ਬਦਾਂ ਦੀ ਜਾਦੂਗਰ ਸੀ, ਵੇਦਾਂ-ਸ਼ਾਸਤਰਾਂ ਤੋਂ ਸ਼ੁਰੂ ਹੋਈਆਂ ਉਹਦੀਆਂ ਗੱਲਾਂ ਨੇ ਸਰੋਤਿਆਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਤਨੇਜਾ ਨੇ ਅਜਿਹਾ ਕੁਛ ਹੋਰ ਵੱਡੇ ਪ੍ਰਕਾਸ਼ਕਾਂ ਨਾਲ ਵਾਪਰਦਾ ਤਾਂ ਦੇਖਿਆ ਸੀ ਪਰ ਇਹ ਖ਼ਿਆਲ ਤਾਂ ਉਹਨੂੰ ਸੁਪਨੇ ਵਿਚ ਵੀ ਨਹੀਂ ਸੀ ਆਇਆ ਕਿ ਕਦੀ ਉਹ ਆਪ ਅਜਿਹੇ ਪ੍ਰਸੰਸਾ-ਭਰਪੂਰ ਰੌਣਕ-ਮੇਲੇ ਦਾ ਧੁਰਾ ਹੋਵੇਗਾ। ਮੰਤਰੀ ਦੇ ਉਹਨੂੰ ਪਾਏ ਹਾਰ ਸਦਕਾ ਤੇ ਉਸ ਬਾਰੇ ਬੋਲੇ ਸ਼ਬਦਾਂ ਸਦਕਾ ਤਾਂ ਉਤਸਾਹ ਨਾਲ ਉਹਦੇ ਪੈਰ ਧਰਤੀ ਦੀ ਥਾਂ ਹਵਾ ਵਿਚ ਟਿਕ ਰਹੇ ਸਨ। ਅਜਿਹੇ ਇਕੱਠ ਵਿਚ ਉਹਦੀ ਬੋਲਣ ਦੀ ਝਿਜਕ ਕੁਦਰਤੀ ਸੀ ਪਰ ਉਹ ਵੀ ਇਸੇ ਉਤਸਾਹ ਦੇ ਸਹਾਰੇ ਧੰਨਵਾਦੀ ਸ਼ਬਦ ਕਾਫ਼ੀ ਸੁਚੱਜ ਨਾਲ ਕਹਿ ਗਿਆ। ਉਹਨੇ ਇਹ ਐਲਾਨ ਵੀ ਕੀਤਾ ਕਿ ਸਮਾਰੋਹ ਦੀ ਰਸਮੀ ਸਮਾਪਤੀ ਤੋਂ ਮਗਰੋਂ ਜਗਦੀਪ ਜੀ ਕੁਛ ਸਮੇਂ ਲਈ ਮੰਚ ਉੱਤੇ ਸੁਸ਼ੋਭਿਤ ਰਹਿਣ ਦੀ ਕਿਰਪਾ ਕਰਨਗੇ ਤੇ 'ਸਪਨੋਂ ਕੀ ਪਰਛਾਈਆਂ' ਖਰੀਦਣ ਦੇ ਚਾਹਵਾਨ ਪਾਠਕਾਂ ਨੂੰ ਦਸਖ਼ਤ ਕਰ ਕੇ ਪੁਸਤਕ ਆਪਣੇ ਹੱਥੀਂ ਭੇਟ ਕਰਨਗੇ।

ਤਨੇਜਾ ਨੇ ਕੁਛ ਤਾਂ ਆਪਣੇ ਬੰਦਿਆਂ ਨੂੰ ਹੀ ਆਖ ਰਖਿਆ ਸੀ, ਕੁਛ ਹੋਰ ਪਾਠਕਾਂ ਨੇ ਵੀ ਲੇਖਕ ਦੇ ਦਸਖ਼ਤ ਦੇ ਲਾਲਚ ਵਿਚ ਪੁਸਤਕ ਖ਼ਰੀਦ ਲਈ। ਖ਼ਰੀਦਣ ਵਾਲਿਆਂ ਵਿਚ ਅਗਲੀਆਂ ਪੀੜ੍ਹੀਆਂ ਦੇ ਦੋ ਕੁ ਪੰਜਾਬੀ ਲੇਖਕ ਵੀ ਸਨ ਜੋ ਜਗਦੀਪ ਦੀ ਨਜ਼ਰ ਪੈਣਾ ਚਾਹੁੰਦੇ ਸਨ।

ਘਰ ਪਹੁੰਚਦਿਆਂ ਹੀ ਜਗਦੀਪ ਨੇ ਦਸਖ਼ਤਾਂ ਵਾਲੀ ਪੁਸਤਕ ਤੇ ਗੁਲਦਸਤਾ ਮੇਜ਼ ਉੱਤੇ ਰੱਖੇ ਤੇ ਸ਼ੀਸ਼ੇ ਅੱਗੇ ਖਲੋ ਕੇ ਬੋਲੀ, "ਅੱਜ ਮੈਂ ਬਹੁਤ ਖ਼ੁਸ਼ ਹਾਂ, ਬਹੁਤ-ਬਹੁਤ ਖ਼ੁਸ਼!" ਉਹਨੂੰ ਵਿਸ਼ਵਾਸ ਹੋ ਗਿਆ, ਹਿੰਦੀ ਦੇ ਮਾਰਗ ਉੱਤੇ ਸਾਹਿਤਕ ਸਫ਼ਰ ਉਸ ਨੂੰ ਬਹੁਤ ਅੱਗੇ ਲੈ ਜਾਵੇਗਾ।

ਗੁਰਮੁਖ ਸਿੰਘ ਨੀਤੀ ਵਜੋਂ ਹੀ ਸਾਹਿਤਕ ਸਮਾਗਮਾਂ ਵਿਚ ਨਹੀਂ ਸੀ ਜਾਂਦਾ। ਉਹਨੂੰ ਡਰ ਸੀ, ਲੋਕ ਕਹਿਣਗੇ, "ਅੱਛਾ, ਇਹ ਹੈ ਜਗਦੀਪ ਦਾ ਪਤੀ?" ਤੇ ਅੱਗੇ ਉਹ ਹੋਰ ਪਤਾ ਨਹੀਂ ਕੀ-ਕੀ ਸੋਚਣ ਤੇ ਇਕ ਦੂਜੇ ਨੂੰ ਕੀ-ਕੀ ਕਹਿਣ! ਅੱਜ ਵੀ ਉਹ, ਸਮਾਗਮ ਵਿਚ ਰਾਹੀ ਜੀ ਆਏ ਹੋਏ ਹੋਣ ਦੇ ਬਾਵਜੂਦ, ਨਹੀਂ ਸੀ ਗਿਆ। ਸ਼ਾਮ ਨੂੰ ਦੁਕਾਨ ਤੋਂ ਪਰਤਿਆ ਤਾਂ ਮੇਜ਼ ਉੱਤੇ ਹਿੰਦੀ ਪੁਸਤਕ ਤੇ ਗੁਲਦਸਤਾ ਦੇਖ ਕੇ ਬੋਲਿਆ, "ਮੁਬਾਰਕ ਹੋਵੇ, ਦੀਪੀ, ਪੰਜਾਬੀ ਤੋਂ ਬਾਹਰ ਫ਼ੈਲਣ ਦੀ ਤੇਰੀ ਰੀਝ ਪੂਰੀ ਹੋਣ ਦਾ ਸ਼ੁਭ-ਆਰੰਭ ਹੋਇਆ!"

###













# ਇਕ ਪਾਕਿਸਤਾਨ ਸਾਡੇ ਖ਼ੂਨ ਵਿਚ ਹੈ

1947 ਵਿਚ ਅਸੀਂ ਪੰਜਾਬੀਆਂ ਰੱਜਵੀਂ ਕੁੱਟ ਖਾਧੀ, ਲੱਖਾਂ ਬੰਦੇ ਮਰਵਾਏ। ਅਣਗਿਣਤ ਔਰਤਾਂ ਦੀਆਂ ਇੱਜ਼ਤਾਂ ਰੁਲੀਆਂ; ਅਨੇਕਾਂ ਨੇ ਖੂਹਾਂ 'ਚ ਛਾਲਾਂ ਮਾਰ ਜ਼ਿੰਦਗੀ ਵੇਚੀ ਤੇ ਅਸਮਤ ਖ਼ਰੀਦੀ। ਅਣਗਿਣਤ ਲੋਕ ਘਰੋਂ ਬੇਘਰ ਹੋਏ। ਉਹ ਬੇਸ਼ਰਮੀ ਦਾ ਨੰਗਾ ਨਾਚ ਸੀ। ਉਸਤੋਂ ਬਾਅਦ ਜਦੋਂ ਜੰਗਾਂ ਹੋਈਆਂ; ਦੋਹਾਂ ਪੰਜਾਬਾਂ ਆਪਣੇ ਲਹੂ ਨਾਲ ਧਰਤੀ ਦੋਬਾਰਾ ਰੰਗੀ। ਫਿਰ ਵੀ ਭਾਰਤੀ ਪੰਜਾਬੀਆਂ ਨੂੰ ਪਾਕਿਸਤਾਨੀ ਪੰਜਾਬ ਆਪਣਾ ਦੁਸ਼ਮਣ ਕਿਉਂ ਨਹੀਂ ਜਾਪਦਾ? ਅਸੀਂ ਗੁਰਦਵਾਰਿਆਂ ਦੇ ਦਰਸ਼ਨਾਂ ਲਈ ਜਾਂਦੇ ਹਾਂ, ਪਰ ਓਦਰਲੇ ਲੋਕਾਂ ਨਾਲ ਘੁਲ-ਮਿਲ ਕੇ ਸਕੂਨ ਕਿਉਂ ਮਿਲਦਾ ਹੈ? ਉਨ੍ਹਾਂ ਦਾ ਵੀ ਸਾਡੇ ਵਾਂਗ ਪਰਤਣ ਨੂੰ ਚਿੱਤ ਕਿਉਂ ਨਹੀਂ ਕਰਦਾ? ਜਦੋਂ ਕੋਈ ਭਾਰਤੀ ਨੇਤਾ ਪਾਕਿਸਤਾਨ ਨੂੰ ਨਰਕ ਕਹਿੰਦਾ ਹੈ ਤਾਂ ਸਾਨੂੰ ਪੰਜਾਬੀਆਂ ਨੂੰ ਤਕਲੀਫ਼ ਕਿਉਂ ਹੁੰਦੀ



**ਡਾ. ਆਤਮਜੀਤ**
atamjitplaywright@gmail.com

ਹੈ? ਸਾਡਾ ਜਿਹੜਾ ਵੀ ਅਦੀਬ ਪਾਕਿਸਤਾਨ ਵਿਚ ਜਾਂਦਾ ਹੈ, ਉੱਥੋਂ ਦਾ ਸਫ਼ਰਨਾਮਾ ਕਿਉਂ ਲਿਖਦਾ ਹੈ? ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' (1967) ਪੰਜਾਬੀ ਨਸਰ ਦੀ ਲਾਜਵਾਬ ਰਚਨਾ ਹੈ। ਵਰਿਆਮ ਸੰਧੂ ਦੀ 'ਵਗਦੀ ਸੀ ਰਾਵੀ' (2002) ਮਾਣ ਕਰਨ ਯੋਗ ਹੈ, ਜਗਤਾਰ ਨੇ 'ਪਸ਼ਾਵਰ ਤੋਂ ਸਿੰਧ ਤਕ' (2010) ਬਹੁਤ ਸਾਰੇ ਗੇੜਿਆਂ ਬਾਅਦ ਲਿਖਿਆ। ਇਵੇਂ ਹੀ ਸਵਰਨ ਸਿੰਘ ਨੇ 'ਨਾਵਣ ਚੱਲੇ ਤੀਰਥੀਂ' (1990) ਵਿਚ ਸਿੱਖ ਯਾਤਰੂਆਂ ਦੇ ਧਰਮ-ਪ੍ਰੇਮ ਤੋਂ ਪਰਦਾ ਚੁੱਕਿਆ ਹੈ। ਇਨ੍ਹਾਂ ਤੋਂ ਇਲਾਵਾ ਵੀ ਦਸ ਕੁ ਪਾਕਿਸਤਾਨੀ ਸਫ਼ਰਨਾਮੇ ਲਿਖੇ ਜਾ ਚੁੱਕੇ ਹਨ; ਰਵਿੰਦਰ ਸਹਿਰਾਅ ਦਾ 'ਲਾਹੌਰ ਨਾਲ ਗੱਲਾਂ' ਅਜੇ ਪਿਛਲੇ ਵਰ੍ਹੇ ਛਪਿਆ। 2026 ਅਜੇ ਚੱਲ ਰਿਹਾ ਹੈ, ਦੋ ਹੋਰ ਸਫ਼ਰਨਾਮੇ ਸਾਡੇ ਸਾਹਮਣੇ ਹਨ: ਰਜਵੰਤ ਕੌਰ ਸੰਧੂ ਦਾ 'ਮੇਰੇ ਪਿਤਾ ਦੀ ਕੁਰਸੀ' ਅਤੇ ਗੁਰਬਖ਼ਸ਼ ਭੰਡਾਲ ਦਾ 'ਲਾਹੌਰ ਦੀ ਫ਼ਿਜ਼ਾ ਤੇ ਕਰੂਜ਼ ਯਾਤਰਾ'। ਸਾਨੂੰ ਵਾਹਗਾ ਗ਼ੁਲਾਮ ਬਣਾਉਂਦਾ ਹੈ ਪਰ ਪੁਰਾਣੀ ਸਾਂਝ ਆਜ਼ਾਦ ਕਰਦੀ ਹੈ; ਉਸਦੀ ਕਲਪਨਾ ਕਰਕੇ ਵੀ ਖ਼ੁਸ਼ੀਆਂ ਨੂੰ ਖੰਭ ਲੱਗ ਜਾਂਦੇ ਹਨ। ਕੁਝ ਵਰ੍ਹੇ ਪਹਿਲਾਂ ਮੈਂ ਭਾਰਤੀ ਸਾਹਿਤ ਅਕਾਦਮੀ ਵਾਸਤੇ ਵੰਡ ਉਤੇ ਲਿਖੇ ਨਾਟਕਾਂ ਦੀ ਪੁਸਤਕ ਤਿਆਰ ਕੀਤੀ: Plays from a Fractured Land. ਅੰਦਾਜ਼ਾ ਸੀ ਕਿ 25-30 ਅਜਿਹੇ ਨਾਟਕ ਹੋਣਗੇ ਪਰ ਮੈਨੂੰ 112 ਨਾਟਕ ਮਿਲੇ; 8-10 ਰਹਿ ਵੀ ਗਏ ਹੋਣਗੇ। ਦਰਅਸਲ ਇਕ ਪਾਕਿਸਤਾਨ ਨਕਸ਼ੇ ਉਤੇ ਹੈ, ਤੇ ਦੂਸਰਾ ਸਾਡੇ ਅੰਦਰ। ਅੰਦਰਲਾ ਪਾਕਿਸਤਾਨ ਬਾਬਾ ਫ਼ਰੀਦ, ਗੁਰੂ ਨਾਨਕ, ਗੁਰੂ ਅਰਜਨ, ਸ਼ਾਹ ਹੁਸੈਨ, ਬਾਬਾ ਬੁਲ੍ਹੇ ਸ਼ਾਹ, ਸੱਯਦ ਵਾਰਿਸ ਸ਼ਾਹ, ਮਹਾਰਾਜਾ ਰਣਜੀਤ ਸਿੰਘ, ਦੁੱਲਾ ਭੱਟੀ, ਸ਼ਹੀਦ ਭਗਤ ਸਿੰਘ, ਫੀਰੋਜ਼ਦੀਨ ਸ਼ਰਫ਼, ਮੋਹਨ ਸਿੰਘ, ਅਮ੍ਰਿਤਾ ਪ੍ਰੀਤਮ, ਸਰ ਗੰਗਾ ਰਾਮ ਆਦਿਕ ਨਾਲ ਉੱਸਰਦਾ ਹੈ ਜਿਸ ਦੀਆਂ ਕੋਈ ਸਰਹੱਦਾਂ ਨਹੀਂ। ਸਾਡੀਆਂ ਯੂਨੀਵਰਸਿਟੀਆਂ ਵਿਚ ਉਧਰਲੇ ਅਦੀਬ ਪੜ੍ਹਾਏ ਜਾਂਦੇ ਹਨ ਤੇ ਓਧਰ ਸਾਡੇ। ਜਦ ਤਕ ਸਾਡੇ ਪੁਰਖਿਆਂ ਦਾ ਸਾਂਝਾ ਕੰਮ ਅਤੇ ਇਤਿਹਾਸ ਜ਼ਿੰਦਾ ਹੈ, ਸਾਡੇ ਅੰਦਰਲਾ ਪਾਕਿਸਤਾਨ ਜਿਊਂਦਾ ਰਹੇਗਾ।

ਸੁਭਾਵਿਕ ਹੀ ਹਰੇਕ ਸਫ਼ਰਨਾਮੇ ਵਿਚ ਕੁਝ ਨਾ ਕੁਝ ਦੁਹਰਾਅ ਤਾਂ ਹੋਵੇਗਾ ਹੀ। ਪਰ ਅਸੀਂ ਉਨ੍ਹਾਂ ਥਾਵਾਂ ਦਾ ਬਾਰ-ਬਾਰ ਜ਼ਿਕਰ ਪੜ੍ਹਦਿਆਂ ਥੱਕਦੇ ਨਹੀਂ ਕਿਉਂਕਿ ਹਰ ਲੇਖਕ ਉੱਥੋਂ ਦੇ ਕਿਸੇ ਨਵੇਂ ਬੰਦੇ ਨਾਲ ਘੁੰਮਦਾ ਹੈ ਤੇ ਲਗਪਗ ਹਰ ਯਾਤਰੂ ਆਪਣੇ ਪੁਰਖਿਆਂ ਦੇ ਜੱਦੀ ਘਰ ਨੂੰ ਵੀ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਉਂਜ ਵੀ ਪੰਜਾਬੀ ਲੇਖਕ ਇਕ-ਦੂਜੇ ਦੀ ਇੱਜ਼ਤ ਕਰਦੇ ਹਨ। ਇਸ ਲਈ ਨਕਸ਼ੇ ਦੇ ਪਾਕਿਸਤਾਨ ਜਾਣ ਲਈ ਰਾਵੀ ਉਤੇ ਭਾਵੇਂ ਇਕੋ ਪੁਲ ਹੈ ਪਰ ਲਫ਼ਜ਼ਾਂ ਦੇ ਅਣਗਿਣਤ ਪੁਲ ਬਣ ਜਾਂਦੇ ਹਨ ਜਿਹੜੇ ਸਾਨੂੰ ਸੱਜਰੇ ਢੰਗਾਂ ਨਾਲ ਏਧਰ-ਓਧਰ ਭੇਜਦੇ ਰਹਿੰਦੇ ਹਨ। ਜਿਵੇਂ ਪੇਕੇ, ਨਾਨਕੇ ਜਾਂ ਦਾਦਕੇ ਜਾਣ ਦਾ ਹਰ ਵਾਰ ਨਵਾਂ ਆਨੰਦ ਹੁੰਦਾ ਹੈ ਉਸੇ ਤਰ੍ਹਾਂ ਸਾਡਾ ਪਾਕਿਸਤਾਨ ਜਾਣਾ ਹਰ ਵਾਰ ਸੱਜਰਾ ਸਵਾਦ ਹੈ। ਜਿਊਂਦਾ ਖ਼ੂਨ ਕਦੇ ਵੀ ਪੁਰਾਣਾ ਨਹੀਂ ਹੁੰਦਾ।

ਰਜਵੰਤ ਕੌਰ ਦੀ ਕਿਤਾਬ ਦਾ ਸਭ ਤੋਂ ਸੁੱਚਾ ਹਿੱਸਾ ਉਹ ਹੈ ਜਦੋਂ ਉਹ ਕਿਲ੍ਹਾ ਗੁੱਜਰ ਸਿੰਘ ਥਾਣੇ ਵਿਚ ਜਾਂਦੀ ਹੈ। ਵੰਡ ਵੇਲੇ ਉੱਥੇ ਉਸਦਾ ਪਿਤਾ ਸਰਦਾਰ ਬੰਤ ਸਿੰਘ ਥਾਣੇਦਾਰ ਸੀ। ਵੰਡ ਪਿੱਛੋਂ ਕੁਝ ਚਿਰ ਬਾਅਦ ਉਹ ਇਕ ਦੁਰਘਟਨਾ ਵਿਚ ਫ਼ੌਤ ਹੋ ਗਿਆ; ਲੇਖਕਾ ਉਦੋਂ ਸਿਰਫ਼ ਡੇਢ ਵਰ੍ਹੇ ਦੀ ਬਾਲੜੀ ਸੀ। ਜਦੋਂ ਉਹ ਆਪਣੇ ਲੇਖਕ ਪਤੀ ਵਰਿਆਮ ਸੰਧੂ ਨਾਲ ਉੱਥੇ ਪਹੁੰਚਦੀ ਹੈ ਤਾਂ ਉਸਦੀ ਕੈਫ਼ੀਅਤ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ। ਉਸਦੀ ਸਾਰੀ ਦੁਨੀਆਂ ਸਿਮਟ ਕੇ ਉਸ ਥਾਣੇ ਵਿਚ 'ਕੱਠੀ ਹੋ ਜਾਂਦੀ ਹੈ। ਉੱਥੇ ਉਸ ਨੂੰ ਸਿਰਫ਼ ਆਪਣਾ ਬਾਪ ਦਿਸਦਾ ਹੈ; ਮੁਲਕ, ਸੂਬਾ, ਜ਼ਿਲ੍ਹਾ, ਪਿੰਡ, ਥਾਣਾ ਸਭ ਮਿਟ ਜਾਂਦੇ ਹਨ। ਉਸਦੇ ਸਨਮੁਖ ਸਿਰਫ਼ ਉਹ ਹੈ ਜਿਸਨੂੰ ਆਪਣੀ ਹਯਾਤੀ ਵਿਚ ਨਾ ਚੱਜ ਨਾਲ ਦੇਖ ਸਕੀ, ਨਾ ਰੱਜ ਕੇ ਮਿਲ ਸਕੀ। ਜਿਸ ਕੁਰਸੀ ਉਤੇ ਉਹ ਬਹਿੰਦਾ ਸੀ ਉੱਥੇ ਅੱਜ ਸੁਹਣਾ-ਸੁਨੱਖਾ ਛੇ-ਫ਼ੁੱਟਾ ਮੁਹੰਮਦ ਯੂਨਸ ਬੈਠਾ ਹੈ। ਪਰ ਬੇਬਸ ਰਜਵੰਤ ਉੱਥੇ ਆਪਣਾ ਬਾਬਲ ਵੇਖਣਾ ਚਾਹੁੰਦੀ ਹੈ। ਉਹ ਜਨਮਦਾਤੇ ਨੂੰ ਹੀ ਮਿਲਣ ਆਈ ਸੀ। ਝਕਦਿਆਂ ਜਦੋਂ ਕੁਰਸੀ ਨੂੰ ਹੱਥ ਲਾਉਣ ਦੀ ਇਜਾਜ਼ਤ ਮੰਗਦੀ ਹੈ ਤਾਂ ਮੁਹੰਮਦ ਯੂਨਸ ਉਸਨੂੰ ਮਾਂ ਕਹਿ ਕੇ ਕੁਰਸੀ ਉਤੇ ਬੈਠਾ ਦੇਂਦਾ ਹੈ। ਉਸਦੇ ਸੁੱਚੇ ਬੋਲ ਦੇਖੋ: "ਇਹ ਕੁਰਸੀ ਪਹਿਲਾਂ ਤੁਹਾਡੇ ਵਾਲਿਦ ਸਾਹਿਬ ਦੀ ਸੀ, ਹੁਣ ਤੁਹਾਡੇ ਬੇਟੇ ਦੀ ਹੈ। ਇਹ ਹਰ ਹਾਲਤ ਵਿਚ ਤੁਹਾਡੀ ਹੀ ਹੈ।" ਇਹ ਭਾਵੇਂ ਸਿਰਫ਼ ਸ਼ਬਦ ਹਨ ਪਰ ਇਸ ਵਿਚ ਸਾਡੀ ਡੂੰਘੀ ਸਾਂਝ ਦਾ ਡੀ.ਐਨ.ਏ. ਪਿਆ ਹੋਇਆ ਹੈ। ਆਖ਼ਰ ਯੂਨਸ ਭੱਟੀ ਅੰਦਰ ਵੀ ਤਾਂ ਉਹੋ ਪੰਜਾਬੀ ਖ਼ੂਨ ਹੈ। ਉਸਦੇ ਇਹ ਬੋਲ ਕਿ "ਇਹਨਾਂ ਦੇ ਫ਼ਾਦਰ ਸਾਹਿਬ ਸਾਡੀ ਫ਼ੈਮਲੀ ਦਾ ਹਿੱਸਾ ਸਨ" ਗੱਲ ਨੂੰ ਇਕ ਸਿਰੇ ਲਾ ਦੇਂਦੇ ਹਨ। ਇਸੇ ਲਈ ਰਜਵੰਤ ਕਹਿੰਦੀ ਹੈ: "ਮੈਂ ਇਸ ਕੁਰਸੀ ਨੂੰ ਸਲਾਮ ਕਰਦੀ ਹਾਂ; ਹੁਣ ਜਿਹੜੇ ਬੱਚੇ ਇਸ ਕੁਰਸੀ 'ਤੇ ਬੈਠੇ ਨੇ ਮੈਂ ਉਹਨਾਂ ਨੂੰ ਨਮਸਕਾਰ ਕਰਦੀ ਹਾਂ।"

ਅਫ਼ਜ਼ਲ ਸਾਹਿਰ ਦੇ ਜੱਦੀ ਅਤੇ ਲੇਖਕਾ ਦੇ ਪੇਕੇ ਪਿੰਡਾਂ ਦੀ ਸਾਂਝ ਕਰਕੇ ਸਾਹਿਰ ਸੰਧੂਆਂ ਨੂੰ ਮਾਸੀ-ਮਾਸੜ ਹੀ ਬੁਲਾਉਂਦਾ ਰਿਹਾ। ਜਜ਼ਬਾਤੀ ਸਾਂਝਾਂ ਦੇ ਅਨੇਕਾਂ ਹੋਰ ਛੋਟੇ-ਛੋਟੇ ਵੇਰਵਿਆਂ ਦੇ ਨਾਲ-ਨਾਲ 'ਮੇਰੇ ਪਿਤਾ ਦੀ ਕੁਰਸੀ' ਦਾ ਦੂਜਾ ਗੁਣ ਰਜਵੰਤ ਅਤੇ ਪਤੀ ਵਰਿਆਮ ਸੰਧੂ ਦੇ ਜੀਵਨ-ਦਰਸ਼ਨ ਵਿਚਲਾ ਇਹ ਟਕਰਾਅ ਹੈ ਕਿ ਆਸਥਾ ਦਾ ਮਹੱਤਵ ਜ਼ਿਆਦਾ ਹੁੰਦਾ ਹੈ ਜਾਂ ਵਿਗਿਆਨਕ ਸੋਚ ਦਾ। ਸਾਰੀ ਕਿਤਾਬ ਵਿਚ ਇਹ ਮੱਠਾ-ਮੱਠਾ ਵਖਰੇਵਾਂ ਵੱਡੇ ਸਰੋਵਰ ਦੇ ਪਾਣੀ ਦੀਆਂ ਛੋਟੀਆਂ-ਛੋਟੀਆਂ ਛੱਲਾਂ ਵਾਂਗ ਕਦੇ ਉਭਰਦਾ ਹੈ ਕਦੇ ਬਹਿ ਜਾਂਦਾ ਹੈ। ਰਜਵੰਤ ਸ਼ਰਧਾ ਦੇ ਹੱਕ ਵਿਚ ਭੁਗਤਦਿਆਂ ਵੀ ਉਸਨੂੰ ਵਿਗਿਆਨ ਵਿਚ ਆਤਮਸਾਤ ਕਰਨ ਦੇ ਯਤਨ ਕਰਦੀ ਹੈ। ਵਰਿਆਮ ਦੀ ਜ਼ਿੰਦਗੀ ਪ੍ਰਤੀ ਸੋਚ ਦਾ ਆਪਣਾ ਰੰਗ ਹੈ ਜਿਸਨੂੰ ਉਹ ਕਿਸੇ ਵੀ ਦਬਾਅ ਹੇਠ ਪੇਤਲਾ ਨਹੀਂ ਪੈਣ ਦੇਂਦਾ। ਇਕ ਗੁਰਦਵਾਰੇ ਵਿਚ ਦਰੱਖਤ ਦੀਆਂ ਟਾਹਣੀਆਂ ਨਾਲ ਬੰਨ੍ਹੀਆਂ ਲੀਰਾਂ, ਲੋਕਾਂ ਦੀਆਂ ਸੁੱਖਣਾਂ ਦੀਆਂ ਨਿਸ਼ਾਨੀਆਂ ਹਨ। ਸੰਧੂ ਅਨੁਸਾਰ ਉਹ ਵਹਿਮ ਹੈ ਪਰ ਰਜਵੰਤ ਕਹਿੰਦੀ ਹੈ ਕਿ ਜੇ ਕਿਸੇ ਨੂੰ ਦੂਜੇ ਦਾ ਨੁਕਸਾਨ ਕੀਤੇ ਬਗੈਰ ਸਕੂਨ ਮਿਲਦਾ ਹੈ ਤਾਂ ਕੀ ਹਰਜ ਹੈ। ਆਪੋ-ਆਪਣੇ ਵਿਸ਼ਵਾਸ ਹੁੰਦਿਆਂ ਵੀ ਦੰਪਤੀ ਦੀ ਖ਼ੂਬੀ ਇਹ ਹੈ ਕਿ ਦੋਵੇਂ ਇਕ-ਦੂਜੇ ਦੇ ਵਿਚਾਰਾਂ ਦੀ ਕਦਰ ਕਰਦੇ ਹਨ। ਮਸਲਾ ਤਾਂ ਮਨੋਵਿਗਿਆਨਕ ਹੈ ਜਿਸਨੂੰ ਸੰਧੂ ਮਨੋਵਿਗਿਆਨਕ ਹੱਦ ਤਕ ਸਵੀਕਾਰ ਵੀ ਕਰਦਾ ਹੈ। ਜਦੋਂ ਉਸਦੇ ਪਿੰਡ ਵਿਚ ਇਕ ਬੱਚੀ ਗੋਦ ਵਿਚ ਬੈਠਦੀ ਹੈ ਤਾਂ ਉਸਨੂੰ ਲਗਦਾ ਹੈ ਕਿ ਉਸਦਾ ਬਚਪਨ ਆਣ ਕੇ ਬੈਠ ਗਿਆ ਹੈ। ਇਹ ਆਨੰਦ ਇਕ ਤਸੱਲੀ ਹੈ। ਪਰ ਬੱਚੀ ਨੂੰ ਆਪਣਾ ਬਚਪਨ ਸਮਝ ਕੇ ਨਾਲ ਨਹੀਂ ਲਿਜਾਇਆ ਜਾ ਸਕਦਾ। ਇਸੇ ਲਈ ਲੇਖਕਾ ਬਹੁਤੀ ਥਾਈਂ ਪਤੀ ਨਾਲ ਸਹਿਮਤੀ ਦਰਜ ਕਰਦੀ ਹੈ। ਉਨ੍ਹਾਂ ਨੂੰ ਗ੍ਰੰਥੀ ਸਿੰਘ ਵੱਲੋਂ ਕੀਤੀ ਗੁਰੂ ਨਾਨਕ ਦੇ ਸੱਚੇ-ਸੌਦੇ ਦੀ ਵਿਆਖਿਆ ਸਹੀ ਲਗਦੀ ਹੈ। ਇਵੇਂ ਹੀ ਵਲੀ ਕੰਧਾਰੀ ਦੀ ਸਾਖੀ ਦਾ ਵੇਰਵਾ ਅਤੇ ਗੁਰਦਵਾਰਾ ਸੁਧਾਰ ਵੇਲੇ ਰੇਲਗੱਡੀ ਅੱਗੇ ਲੰਮੇ ਪੈਣ ਦੇ ਸਾਕੇ ਦੀ ਵਿਗਿਆਨਕ ਵਿਆਖਿਆ ਲਈ ਉਹ ਇਤਿਹਾਸਕਾਰ ਹਰਜਿੰਦਰ ਸਿੰਘ ਦਿਲਗੀਰ ਅਤੇ ਦੁੱਗਲ ਦੀ ਕਹਾਣੀ 'ਕਰਾਮਾਤ' ਦੀ ਸਹਾਇਤਾ ਲੈਂਦੇ ਹਨ। ਇਸੇ ਤਰ੍ਹਾਂ ਉਹ ਸਿੱਖ ਇਤਿਹਾਸ ਨੂੰ ਕਹਾਣੀਕਾਰ ਸੁਜਾਨ ਸਿੰਘ ਦੀ ਸਹਾਇਤਾ ਨਾਲ ਵੀ ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਖ਼ੂਬਸੂਰਤ ਕੋਸ਼ਿਸ਼ ਕਰਦੇ ਹਨ।

ਰਜਵੰਤ ਜਿੱਥੇ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ-ਦੀਦਾਰ ਕਰਵਾਉਂਦੀ ਹੈ ਉੱਥੇ ਵਰਿਆਮ ਕਾਰਨ ਅਸੀਂ ਫ਼ਖ਼ਰ ਜ਼ਮਾਂ, ਅਹਿਮਦ ਰਜ਼ਾ, ਮਸਊਦ ਸਾਕਿਬ, ਅਫ਼ਜ਼ਲ ਸਾਹਿਰ, ਇਲਿਆਸ ਘੁੰਮਣ, ਅਲੀ ਉਸਮਾਨ ਬਾਜਵਾ ਆਦਿਕ ਪਾਕਿਸਤਾਨੀ ਅਦੀਬਾਂ ਨੂੰ ਵੀ ਨੇੜਿਉਂ ਦੇਖਦੇ ਹਾਂ। ਵਰਿਆਮ ਸੰਧੂ ਹਰ ਅਰਥ ਵਿਚ ਵੱਡੇ ਕੱਦ ਵਾਲਾ ਅਦੀਬ ਹੋਣ ਕਾਰਨ ਸਾਰੇ ਸਫ਼ਰਨਾਮੇ ਵਿਚ ਛਾਇਆ ਰਹਿੰਦਾ ਹੈ; ਦਰਅਸਲ ਪਾਠਕ ਨੂੰ 'ਏਕ ਕੇ ਸਾਥ ਏਕ ਫ਼ਰੀ' ਲੇਖਕ ਮਿਲਦਾ ਹੈ। ਉਹ ਕਿਤਾਬ ਨੂੰ ਡੂੰਘਾਈ ਦੇਂਦਾ ਹੈ ਪਰ ਲੇਖਕਾ ਦੇ ਵਿਚਾਰਾਂ ਦੀ ਅਮੀਰੀ ਨੂੰ ਖੋਹਣ ਤੋਂ ਬਗੈਰ। ਇਸੇ ਲਈ ਉਹ ਬੜੇ ਸਟੀਕ ਪ੍ਰਸ਼ਨ ਵੀ ਉਠਾਉਂਦੀ ਹੈ ਜਿਵੇਂ ਅਜੇ ਤਕ ਅਸੀਂ ਨਨਕਾਣਾ ਸਾਹਿਬ ਵਿਖੇ ਭਾਈ ਮਰਦਾਨੇ ਦੀ ਕੋਈ ਯਾਦਗਾਰ ਨਹੀਂ ਬਣਾਈ? ਕਈ ਥਾਈਂ ਰਜਵੰਤ ਦੀ ਵਾਰਤਕ-ਸ਼ੈਲੀ ਦਾ ਤ੍ਰੀਮਤੀ ਸੁਹਜ ਬਹੁਤ ਉਘੜਵਾਂ ਹੈ। ਜਦੋਂ ਉਹ ਥਾਣੇ ਵਿਚ ਬਣੀ ਆਪਣੀ ਵੀਡੀਓ ਦੇਖਦੀ ਹੈ ਤਾਂ ਲਿਖਦੀ ਹੈ: "ਨੀਮ ਗੁਲਾਬੀ ਸੂਟ ਪਹਿਨੀ ਜਦੋਂ ਮੈਂ ਪੀਲੇ ਤੇ ਗੁਲਾਬੀ ਫੁੱਲ ਆਪਣੀ ਛਾਤੀ ਨਾਲ ਘੁੱਟੇ ਤਾਂ ਮੇਰੇ ਚਿਹਰੇ ਵਿਚ ਵੀ ਜਿਵੇਂ ਗ਼ੁਲਾਬ ਘੁਲ ਗਿਆ ਸੀ।"

ਗੁਰਬਖ਼ਸ਼ ਸਿੰਘ ਭੰਡਾਲ ਅਮਰੀਕਨ ਯੂਨੀਵਰਸਟੀ ਵਿਚ ਫ਼ਿਜ਼ਿਕਸ ਪੜ੍ਹਾਉਂਦਾ ਹੈ। ਉਹ ਮੂਲ ਰੂਪ ਵਿਚ ਵਾਰਤਕਕਾਰ ਹੈ ਪਰ ਤਬੀਅਤ ਵਿਚ ਕਾਵਿਕਤਾ ਭਰੀ ਹੋਈ ਹੈ। ਇਸੇ ਲਈ ਉਸਦੀ ਵਾਰਤਕ ਪਾਠਕ ਨੂੰ ਬਹੁਤ ਰਸੀਲੀ ਲਗਦੀ ਹੈ। ਇਹ ਰਸ ਪੁਸਤਕ 'ਲਾਹੌਰ ਦੀ ਫ਼ਿਜ਼ਾ ਤੇ ਕਰੂਜ਼ ਯਾਤਰਾ' ਵਿਚ ਵੀ ਮਿਲਦਾ ਹੈ। ਪਤਾ ਨਹੀਂ ਉਸਨੇ ਯੂਰਪ ਦੀ ਕਰੂਜ਼ ਯਾਤਰਾ ਨੂੰ ਪਾਕਿਸਤਾਨ ਨਾਲ ਕਿਉਂ ਜੋੜਿਆ ਹੈ; ਪੁਸਤਕ ਦਾ ਪਾਕਿਸਤਾਨੀ ਭਾਗ ਸੰਖੇਪ ਹੋਣ ਦੇ ਬਾਵਜੂਦ ਇਹ ਅਨਜੋੜ ਲਗਦਾ ਹੈ। ਪਰ ਭੰਡਾਲ ਦੇ ਸਫ਼ਰਨਾਮੇ ਦੀ ਵੱਡੀ ਵਿਲੱਖਣਤਾ ਉਸਦੀ ਉਹ ਕਾਵਿਕ ਕਲਪਨਾ ਹੈ ਜਿਹੜੀ ਵੱਖ-ਵੱਖ ਥਾਵਾਂ ਨੂੰ ਵੇਖਦਿਆਂ ਸਾਨੂੰ ਸਿੱਧਾ ਉੱਥੋਂ ਦੇ ਇਤਿਹਾਸ ਨਾਲ ਜੋੜਦੀ ਹੈ। ਕਈ ਵਾਰ ਉਹ ਇਤਿਹਾਸ ਦਾ ਵਰਣਨ ਕਰਦਿਆਂ ਥਾਵਾਂ ਦਾ ਮਾਨਵੀਕਰਨ ਕਰ ਦੇਂਦਾ ਹੈ ਅਤੇ ਉਹ ਆਪ ਬੋਲਦੀਆਂ ਪ੍ਰਤੀਤ ਹੁੰਦੀਆਂ ਹਨ। ਇਸੇ ਲਈ ਵੇਰਵਿਆਂ ਦੇ ਵਿਸਤਾਰ ਦੀ ਥਾਂ ਭਾਵੁਕਤਾ ਦਾ ਭਾਵ-ਮੰਡਲ ਭਾਰੂ ਹੈ। ਉਹ ਸਚਮੁਚ ਇਕ ਫ਼ਿਜ਼ਾ ਦਾ ਉਦੈ ਕਰਦਾ ਹੈ ਜਿਹੜੀ ਬਹੁਤ ਕੁਝ ਕਹਿੰਦੀ ਹੈ। ਬਾਰਡਰ ਦੀ ਲੀਕ ਆਖਦੀ ਹੈ ਕਿ ਉਹ ਤਾਂ ਸਿਰਫ਼ ਬੰਦਿਆਂ ਨੂੰ ਰੋਕਣ ਲਈ ਹੀ ਵਾਹੀ ਗਈ ਹੈ; ਉਹ ਪੰਛਿਆਂ ਦੀ ਪਰਵਾਜ਼, ਬੱਦਲਾਂ, ਪੌਣਾਂ ਤੇ ਦਰਿਆਵਾਂ ਨੂੰ ਨਹੀਂ ਰੋਕ ਸਕਦੀ। ਫਿਰ ਇਸ ਮਾਰਮਿਕ ਨਤੀਜੇ 'ਤੇ ਪਹੁੰਚਦਾ ਹੈ ਕਿ ਜਦੋਂ ਬੰਦੇ ਦਾ ਕੁਦਰਤ 'ਤੇ ਜ਼ੋਰ ਨਹੀਂ ਚੱਲਦਾ ਤਾਂ ਉਹ ਆਪਣਿਆਂ 'ਤੇ ਹੁਕਮ ਚਲਾਉਣ ਲਈ ਅਮਾਨਵੀ ਰਾਹ ਲੱਭਦਾ ਹੈ। ਲੇਖਕ ਕਲਪਨਾ ਕਰਦਾ ਹੈ ਕਿ ਵੰਡ ਤੋਂ ਬਾਅਦ ਪੰਜਾਬ ਯੂਨੀਵਰਸਟੀ ਕਿੰਨੀ ਉਦਾਸ ਹੋਈ ਹੋਵੇਗੀ। ਗੁਰਦਵਾਰਾ ਹਸਨ ਅਬਦਾਲ ਵਿਚ ਉਸਦੀ ਕਲਪਨਾ ਫਿਰ ਉਡਦੀ ਹੈ: "ਗੁਰੂ ਨਾਨਕ ਦੇਵ ਜੀ ਜਦ ਇਸ ਜਗ੍ਹਾ 'ਤੇ ਬਰਾਜਮਾਨ ਹੋ ਕੇ ਸੰਗਤ ਨੂੰ ਸੰਬੋਧਨ ਕਰਦੇ ਹੋਣਗੇ ਤਾਂ ਉਨ੍ਹਾਂ ਦੇ ਮੁੱਖ ਤੋਂ ਝਰਦਾ ਨੂਰ ਇਸ ਚੌਗਿਰਦੇ ਨੂੰ ਜਗਮਗਾਉਂਦਾ ਹੋਵੇਗਾ। ਨੂਰ ਵਿਚ ਭਿੱਜਾ ਹੋਇਆ ਸਮੁੱਚਾ ਹਸਨ ਅਬਦਾਲ ਉਨ੍ਹਾਂ ਦੀਆਂ ਰਹਿਮਤਾਂ ਅਤੇ ਗੁਰ-ਬੋਲਾਂ ਦਾ ਮੁਰੀਦ ਹੋਇਆ, ਆਪਣੇ ਆਪ ਨੂੰ ਧੰਨਭਾਗਾ ਸਮਝਦਾ ਹੋਵੇਗਾ।" ਵਾਰਤਕ ਵਿਚ ਕਾਵਿਕਤਾ ਦੇ ਨਾਲ-ਨਾਲ ਉਸਨੇ ਬਹੁਤ ਸਾਰੀਆਂ ਗੱਲਾਂ ਸਿੱਧੀਆਂ ਕਵਿਤਾ ਰਾਹੀਂ ਵੀ ਸਫ਼ਲਤਾ ਨਾਲ ਕਹੀਆਂ ਹਨ। 'ਲਾਹੌਰ ਦੀ ਫ਼ਿਜ਼ਾ' ਨਾਮੀ ਕਵਿਤਾ ਰਾਹੀਂ ਸ਼ਹਿਰ ਦੇ ਸਮੁੱਚੇ ਇਤਿਹਾਸ ਨੂੰ ਬੁਣਿਆ ਗਿਆ ਹੈ।

ਭਾਵੁਕਤਾ ਵਾਰਤਕਕਾਰ ਦਾ ਇਕ ਕਾਰਗਰ ਹਥਿਆਰ ਜ਼ਰੂਰ ਹੈ ਪਰ ਭੰਡਾਲ ਵਿਗਿਆਨੀ ਹੈ, ਪ੍ਰਸ਼ੰਸਾ ਅਤੇ ਪ੍ਰਸ਼ਨ ਕਰਨ ਦੀ ਤਾਕਤ ਨੂੰ ਛੱਡਦਾ ਨਹੀਂ। ਗੁਰਦਵਾਰਾ ਡੇਰਾ ਸਾਹਿਬ ਵਿਚ ਉਹ ਪ੍ਰਸ਼ੰਸਾ ਕਰਦਾ ਹੈ ਕਿ ਉੱਥੇ ਚਾਰ-ਚੁਫ਼ੇਰੇ ਹੋ ਰਹੀ ਉਸਾਰੀ ਦੇ ਬਾਵਜੂਦ ਪੰਜਵੇਂ ਗੁਰੂ ਦੇ ਸ਼ਹੀਦੀ ਅਸਥਾਨ ਨੂੰ ਹੂ-ਬ-ਹੂ ਸ਼ਕਲ ਵਿਚ ਸਾਂਭਿਆ ਗਿਆ ਹੈ। ਜੇ ਪੰਜਾਬ ਦੇ ਬਾਬਿਆਂ ਦਾ ਵੱਸ ਚੱਲਦਾ ਤਾਂ ਭਾਰਤੀ ਪੰਜਾਬ ਵਾਲਾ ਹਾਲ ਹੋਣਾ ਸੀ। ਹੁਣ ਨਾ ਫ਼ਤਿਹਗੜ੍ਹ ਸਾਹਿਬ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਾਲੀ ਪੁਰਾਣੀ ਕੰਧ ਲੱਭਦੀ ਹੈ ਤੇ ਨਾ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ। ਪਰ ਲੇਖਕ ਨੂੰ ਪਾਕਿਸਤਾਨੀਆਂ ਉਤੇ ਇਤਰਾਜ਼ ਹੈ ਕਿ ਉਹ ਸਿੱਖ ਮਰਿਆਦਾ ਤੋਂ ਉਲਟ ਗੁਰਦਵਾਰਾ ਪੰਜਾ ਸਾਹਿਬ ਦੇ ਕੰਪਲੈਕਸ ਵਿਚ ਪੈਰੀਂ ਜੁੱਤੀਆਂ ਪਾ ਕੇ ਘੁੰਮਦੇ ਹਨ। ਉਹ ਪਾਕਿਸਤਾਨ ਸਰਕਾਰ ਨੂੰ ਸਵਾਲ ਕਰਦਾ ਹੈ ਕਿ ਜਦੋਂ ਪਾਕਿਸਤਾਨ ਵਾਲੇ ਪਾਸਿਉਂ ਸਿੱਖਾਂ ਕੋਲੋਂ ਕਰਤਾਰਪੁਰ ਸਾਹਿਬ ਵਿਚ ਦਾਖ਼ਲ ਹੋਣ ਦੀ ਕੋਈ ਫ਼ੀਸ ਨਹੀਂ ਵਸੂਲੀ ਜਾਂਦੀ ਤਾਂ ਮੁਸਲਿਮ ਭਰਾਵਾਂ ਕੋਲੋਂ ਚਾਰ ਸੌ ਰੁਪਏ ਕਿਉਂ ਲਏ ਜਾਂਦੇ ਹਨ? ਭੰਡਾਲ ਸਾਡੇ ਪੰਜਾਬ ਵਰਗੇ ਉਨ੍ਹਾਂ ਫ਼ਰਾਡੀਆਂ ਦਾ ਜ਼ਿਕਰ ਵੀ ਕਰਦਾ ਹੈ ਜਿਹੜੇ ਭੋਲੇ-ਭਾਲੇ ਅਦੀਬਾਂ ਦੇ ਨਾਂ 'ਤੇ ਸਰਕਾਰੀ ਗਰਾਂਟਾਂ ਖਾਂਦੇ ਹਨ।

ਸਿੱਖ ਗੁਰਧਾਮਾਂ ਦੇ ਨਾਲ-ਨਾਲ ਭੰਡਾਲ ਨੇ ਬੁਲ੍ਹੇ ਸ਼ਾਹ ਦੀ ਦਰਗਾਹ ਦੇ ਦੀਦਾਰ ਵੀ ਕੀਤੇ ਅਤੇ ਉਸਦੇ ਮੁਰਸ਼ਦ ਬਾਬਾ ਸ਼ਾਹ ਇਨਾਇਤ ਅਲੀ ਦੀ ਦਰਗਾਹ ਦੇ ਵੀ। ਦਰਅਸਲ ਸ਼ਾਹ ਇਨਾਇਤ ਦੀ ਇਕ ਦਰਗਾਹ ਉਸਦੇ ਪਿੰਡ ਭੰਡਾਲ ਵਿਚ ਵੀ ਹੈ ਜਿੱਥੇ ਹਰ ਵਰ੍ਹੇ ਮੇਲਾ ਲਗਦਾ ਹੈ ਅਤੇ ਦੇਸ-ਵਿਦੇਸ਼ ਤੋਂ ਪੁਰਾਣੇ ਇਲਾਕਾ ਵਾਸੀ ਇਕੱਠੇ ਹੁੰਦੇ ਹਨ। ਪਿੰਡ ਦੇ ਜੱਟ-ਜ਼ਿਮੀਂਦਾਰਾਂ ਨੇ ਰੌਲਿਆਂ ਵਿਚ ਹਿਜਰਤ ਕਰਨ ਵਾਲੇ ਮੁਸਲਿਮ ਅਰਾਈਆਂ ਦਾ ਵਾਲ ਵੀ ਵਿੰਗਾ ਨਹੀਂ ਸੀ ਹੋਣ ਦਿੱਤਾ। ਪੰਜਾਬੀ ਦੇ ਸਾਰੇ ਪਾਕਿਸਤਾਨੀ ਸਫ਼ਰਨਾਮਿਆਂ ਵਾਂਗ ਇਸ ਵਿਚ ਵੀ ਅਸੀਂ ਪੰਜਾਬੀ ਦੇ ਕੁਝ ਲੇਖਕਾਂ ਨੂੰ ਮਿਲਦੇ ਹਾਂ ਜਿਨ੍ਹਾਂ ਵਿਚ ਅਸ਼ਰਫ਼ ਸੁਹੇਲ, ਨਬੀਲਾ ਰਹਿਮਾਨ, ਅਫ਼ਜ਼ਲ ਸਾਹਿਰ ਤੇ ਮੁਦੱਸਰ ਬੱਟ ਦੇ ਨਾਂ ਵਿਸ਼ੇਸ਼ ਹਨ। ਬੱਟ ਆਪਣੇ ਘਰ ਦੇ ਅੰਦਰ ਹੀ ਪੰਜਾਬੀ ਅਦੀਬਾਂ ਦੀਆਂ ਮਹਿਫ਼ਲਾਂ ਸਜਾਉਂਦਾ ਹੈ। ਘਰ ਦੀ ਉਪਰਲੀ ਮੰਜ਼ਿਲ 'ਤੇ 'ਗੁਰੂ ਨਾਨਕ ਆਡੀਟੋਰੀਅਮ' ਹੈ ਅਤੇ ਨਾਲ ਹੀ 'ਬਾਬਾ ਫ਼ਰੀਦ ਲਾਇਬਰੇਰੀ'। ਉੱਥੇ ਭੰਡਾਲ ਦੀ ਕਾਵਿ-ਪੁਸਤਕ 'ਜ਼ਿੰਦਗੀ' ਵੀ ਰਿਲੀਜ਼ ਕੀਤੀ ਗਈ ਜਿਸਦੀ ਸਦਾਰਤ ਇਲੀਆਸ ਘੁੰਮਣ ਵਰਗੇ ਅਦੀਬ ਨੇ ਕੀਤੀ। ਭੰਡਾਲ ਸਾਨੂੰ ਇਕਬਾਲ ਕੈਸਰ ਦੇ 'ਪੰਜਾਬੀ ਖੋਜਗੜ੍ਹ' ਵਿਚ ਵੀ ਲੈ ਜਾਂਦਾ ਹੈ ਅਤੇ ਉਸਦੀ ਪੰਜਾਬੀ ਬੋਲੀ ਅਤੇ ਸਕਾਫ਼ਤ ਨਾਲ ਭਰਪੂਰ ਵਾਬਸਤਗੀ ਦਾ ਸੁਨੇਹਾ ਵੀ ਉਸਾਰਦਾ ਹੈ।

ਠੀਕ ਹੈ ਕਿ ਜਦੋਂ ਸਿਆਸਤ ਚਾਹੇਗੀ, ਦੋਹਾਂ ਪੰਜਾਬਾਂ ਦੇ ਫੌਜੀ ਇਕ-ਦੂਜੇ ਦਾ ਖ਼ੂਨ ਫ਼ਿਰ ਡੋਲ੍ਹਣਗੇ। ਪਰ ਇਹ ਵੱਡਾ ਸੱਚ ਹੈ ਕਿ ਇਨ੍ਹਾਂ ਸਫ਼ਰਨਾਮਿਆਂ ਵਿਚ ਲੇਖਕਾਂ ਅਤੇ ਆਮ ਲੋਕਾਂ ਦਾ ਜੋ ਚਿਹਰਾ ਉਭਰਦਾ ਹੈ ਉਸ ਵਿਚ ਉਨ੍ਹਾਂ ਦਾ ਸਿਰਫ਼ ਭਰੱਪਣ ਅਤੇ ਪਿਆਰ ਦਿਸਦਾ ਹੈ ਕਿਉਂਕਿ ਉਹ ਆਮ ਜ਼ਿੰਦਗੀ ਵਿਚ ਸਿਆਸਤ ਅਤੇ ਮਜ਼੍ਹਬੀ ਜਨੂੰਨ ਦੀ ਗ੍ਰਿਫ਼ਤ ਵਿਚ ਨਹੀਂ ਹੁੰਦੇ। ਸਾਰੇ ਨਫ਼ਰਤੀ ਜ਼ਮੀਨ ਉਤੇ ਫੁੱਲ ਖਿੜਾਉਣ ਦਾ ਕੰਮ ਕਰਦੇ ਹਨ। ਜਦੋਂ ਪਾਕਿਸਤਾਨ ਬਾਰੇ ਕੋਈ ਨਵਾਂ ਸਫ਼ਰਨਾਮਾ ਛਪਦਾ ਹੈ, ਅਜਿਹੇ ਫੁੱਲਾਂ ਦੀ ਮਹਿਕ ਫ਼ਿਜ਼ਾ ਨੂੰ ਹੋਰ ਭਰਦੀ ਹੈ। ਭਾਰਤੀ ਪੰਜਾਬ ਵਾਸਤੇ ਤਾਂ ਇਹ ਖ਼ੁਸ਼ਬੂ ਸਦੀਵੀ ਹੈ ਕਿਉਂਕਿ ਬੋਲੀ, ਸਕਾਫ਼ਤ ਅਤੇ ਜੱਦੀ ਥਾਵਾਂ ਦੀ ਸਾਂਝ ਤੋਂ ਇਲਾਵਾ ਸਾਡੇ ਅਦਬ ਅਤੇ ਆਸਥਾ ਦੇ ਬਹੁਤ ਸਾਰੇ ਨਿਸ਼ਾਨ ਉਸ ਧਰਤੀ ਵਿਚ ਡੂੰਘੇ ਗੱਡੇ ਹੋਏ ਹਨ। ਡਾਕਟਰ ਜਗਤਾਰ ਨੇ ਪਾਕਿਸਤਾਨ ਤੋਂ ਵਾਪਸੀ ਵਕਤ ਲਿਖਿਆ ਸੀ:

ਰੁਕ ਗਏ ਸਰਹੱਦ 'ਤੇ ਆ ਕੇ ਯਾਰ ਦਰਿਆਵਾਂ ਜਹੇ

ਪਰ ਜੋ ਬੁਝ ਕੇ ਨਾ ਬੁਝੀ ਉਹ ਪਿਆਸ ਮੇਰੇ ਨਾਲ ਹੈ।

ਇਸੇ ਲਈ ਅਸੀਂ ਕਹਿੰਦੇ ਹਾਂ ਕਿ ਇਕ ਪਾਕਿਸਤਾਨ ਸਾਡੇ ਖ਼ੂਨ ਵਿਚ ਵੀ ਵਗਦਾ ਹੈ।

## ਨਹੀਂ, ਮੈਂ ਮੁਹੱਬਤ ਦੀ ਗੱਲ ਕਰ ਰਿਹਾ ਹਾਂ। ਤੁਹਾਨੂੰ ਭਲਾ ਸਿਆਸਤ ਦੀ ਕਿਉਂ ਲੱਗੀ !



**ਪਾਲੀ ਭੁਪਿੰਦਰ**

ਜੋ ਤੁਹਾਨੂੰ ਪਿਆਰ ਕਰਦੇ ਹਨ; ਤੁਸੀਂ ਉਨ੍ਹਾਂ ਨੂੰ ਨਾ ਵੀ ਨਜ਼ਰ ਆਓ, ਤਾਂ ਵੀ ਹਰ ਪਲ ਉਨ੍ਹਾਂ ਨੂੰ ਦਿੱਸਦੇ ਹੋ। ਉਹ ਜਿਵੇਂ ਕਹਿੰਦੇ ਨੇ, 'ਵੇ ਮੈਂ ਜਿਹੜੇ ਪਾਸੇ ਵੇਖਾਂ ਮੈਨੂੰ ਤੂੰ ਦਿੱਸਦਾ।'

ਜੋ ਤੁਹਾਨੂੰ ਨਜ਼ਰਅੰਦਾਜ਼ ਕਰਦੇ ਹਨ; ਭਾਵੇਂ ਉਹ ਤੁਹਾਨੂੰ ਨਾ ਵੀ ਵੇਖਣ, ਯਕੀਨ ਮੰਨੋ, ਤਾਂ ਵੀ ਹਰ ਪਲ ਤੁਸੀਂ ਉਨ੍ਹਾਂ ਨੂੰ ਦਿੱਸਦੇ ਹੋ। ਤਾਂ ਹੀ ਤਾਂ ਉਨ੍ਹਾਂ ਨੂੰ ਤੁਹਾਨੂੰ ਨਜ਼ਰਅੰਦਾਜ਼ ਕਰਨਾ ਪੈ ਰਿਹਾ ਹੈ। ਤੁਸੀਂ ਇਨ੍ਹਾਂ ਜ਼ਿਆਦਾ ਉਨ੍ਹਾਂ ਲਈ ਸੋਚਣ ਦਾ ਵਿਸ਼ਾ ਬਣ ਗਏ ਹੋ ਕਿ ਤੁਹਾਨੂੰ ਨਜ਼ਰਅੰਦਾਜ਼ ਕਰਨ ਲਈ ਉਨ੍ਹਾ ਨੂੰ ਜ਼ੋਰ ਲਾਉਣਾ ਪੈ ਰਿਹਾ ਹੈ।

ਕਿਸੇ ਪਿਆਰ ਕਰਨ ਵਾਲੇ ਨੂੰ ਤੁਸੀਂ ਹਰ ਪਲ ਨਜ਼ਰ ਆਓ, ਇਸ ਵਿਚ ਤੁਹਾਡੀ ਕੋਈ ਵਿਸ਼ੇਸ਼ਤਾ ਨਹੀਂ। ਇਹ ਉਸਦੇ ਪਿਆਰ ਦੀ ਸ਼ਿੱਦਤ ਹੈ ਕਿ ਤੁਸੀਂ ਉਸਨੂੰ ਹਰ ਪਲ ਨਜ਼ਰ ਆਉਂਦੇ ਹੋ। ਪਰ ਕਿਸੇ ਨਜ਼ਰਅੰਦਾਜ਼ ਕਰਨ ਵਾਲੇ ਨੂੰ ਗਾਰੇ-ਬਗਾਹੇ ਵੀ ਯਾਦ ਆਓ, ਇਹ ਤੁਹਾਡੀ ਤਾਕਤ ਹੈ। ਸਮਝੋ ਤੁਸੀਂ ਉਹ ਕੋਹੜ-ਕਿਰਲੀ ਹੋ, ਜੋ ਸੱਪ ਦੇ ਮੂੰਹ ਫੱਸ ਜਾਂਦੀ ਹੈ ਤੇ ਸੱਪ ਨਾ ਉਸਨੂੰ ਖਾਣ ਜੋਗਾ ਹੁੰਦਾ ਹੈ ਤੇ ਨਾ ਛੱਡਣ ਜੋਗਾ।

# ਆਰ ਯੂ ਐਨ ਇਮੀਗਰੈਂਟ?

ਅਮਰੀਕਾ ਦੀ ਰਾਜਨੀਤੀ ਨੇ ਸਾਰੇ ਵਿਸ਼ਵ ਦੀ ਰਾਜਨੀਤੀ ਵਿਚ ਇਕ ਵਾਰ ਤਾਂ ਹਲਚਲ ਸ਼ੁਰੂ ਕਰ ਦਿੱਤੀ ਹੈ। ਜਦੋਂ ਦੇ ਟਰੰਪ ਸਾਹਿਬ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ ਹਰ ਦੇਸ਼ ਨੂੰ ਆਪਣੇ ਦੇਸ ਦੀ ਹੋਣੀ ਬਾਰੇ ਨਵੇਂ ਸਿਰੇ ਤੋਂ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਦੇਸਾਂ ਦੇ ਆਪਣੇ ਗੱਠਜੋੜਾਂ ਦੇ ਨਵੇਂ ਸਮੀਕਰਣ ਬਣਨ ਲੱਗੇ ਹਨ। ਹਰ ਦੇਸ ਆਪਣੀ ਅਰਥ-ਵਿਵਸਥਾ ਨੂੰ ਠੁੰਮਣਾ ਦੇਣ ਲਈ ਨਵੇਂ ਕਾਨੂੰਨ ਨਵੇਂ ਪੈਂਤੜੇ ਘੜ ਰਿਹਾ ਹੈ ਇੰਮੀਗਰੇਸ਼ਨ ਕਾਨੂੰਨ ਸਖਤ ਕੀਤੇ ਜਾ ਰਹੇ ਹਨ। ਖਾਸ ਕਰਕੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀਆਂ ਇਮੀਗਰੈਂਟਸ ਨੂੰ ਲੈ ਕੇ ਨਵੀਆਂ ਤਬਦੀਲੀਆਂ ਤੋਂ ਦੇਸ ਪ੍ਰਭਾਵਿਤ ਹੋ ਰਹੇ ਹਨ।

**ਸੰਤੋਖ ਮਿਨਹਾਸ**

ਹਰ ਦੇਸ ਦੇ ਪਰਵਾਸੀ ਲੋਕਾਂ ਵਿਚ ਇੱਕ ਸਹਿਮ ਬਣਦਾ ਜਾ ਰਿਹਾ ਹੈ। ਪਰਵਾਸੀ ਲੋਕਾਂ ਦਾ ਅਰਥ-ਵਿਵਸਥਾ ਦੇ ਚੰਗੇ ਯੋਗਦਾਨ ਨੂੰ ਨਿਕਾਰ ਕੇ ਉਨ੍ਹਾਂ ਨੂੰ ਬੋਝ ਦਰਸਾਇਆ ਜਾ ਰਿਹਾ ਹੈ। ਵੱਖ ਵੱਖ ਦੇਸਾਂ ਵਿਚ ਪਰਵਾਸੀਆਂ ਵਿਰੁੱਧ ਮੁਜਾਹਰੇ ਹੋ ਰਹੇ ਹਨ। ਪਰਵਾਸੀ ਭਾਵੇਂ ਉਸ ਦੇ ਪੱਕੇ ਨਾਗਰਿਕ ਕਿਉਂ ਨਾ ਹੋਣ, ਉਨ੍ਹਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦੇ ਭਰਮ ਨੂੰ ਉਚੇਚੇ ਤੌਰ 'ਤੇ ਉਛਾਲਿਆ ਜਾ ਰਿਹਾ ਹੈ। ਇਹ ਵਰਤਾਰਾ ਭਾਵੇਂ ਨਵਾਂ ਨਹੀਂ ਹੈ, ਇਹ ਸਾਰਾ ਕੁਝ ਪਰਵਾਸ ਦੇ ਨਾਲ ਨਾਲ ਚਲਦਾ ਆਇਆ ਹੈ। ਪਰ ਜਿਸ ਰੂਪ ਵਿਚ ਹੁਣ ਉਭਰਿਆ ਹੈ ਇਹ ਚਿੰਤਾ ਵਿਸ਼ਾ ਬਣਦਾ ਜਾ ਰਿਹਾ ਹੈ।

ਆਮ ਤੌਰ 'ਤੇ ਏਹੀ ਮੰਨਿਆ ਜਾਂਦਾ ਹੈ ਕਿ ਇਸ ਦੇ ਆਰਥਿਕ ਕਾਰਨ ਹਨ ਕਿ ਪਰਵਾਸੀ ਲੋਕ ਆ ਕੇ ਸਸਤੀਆਂ ਦਰਾਂ 'ਤੇ ਕੰਮ ਕਰਕੇ ਰੁਜਗਾਰ ਖੋਹ ਲੈਂਦੇ ਹਨ। ਜਿਸ ਨਾਲ ਸਥਾਨਕ ਵਸਨੀਕਾਂ ਵਿਚ ਨਿਰਾਸ਼ਾ ਫੈਲਦੀ ਹੈ। ਕੀ ਇਸ ਸਾਰੇ ਵਰਤਾਰੇ ਪਿਛੇ ਮਨੁੱਖ ਦੇ ਅੰਦਰ ਵਸੇ ਆਪਣੇ ਰੰਗ-ਰੂਪ, ਚਮੜੀ ਆਪਣੇ ਕਲਚਰ ਆਪਣੀ ਭੂਮੀ, ਆਪਣਾ ਪਿੰਡ ਆਪਣੇ ਦੇਸ ਦੇ ਵਸਨੀਕ ਹੋਣ ਦੀ ਈਗੋ ਵੀ ਅਸਰ ਪਾਉਂਦੀ ਹੈ। ਉਹ ਇਸ ਗੱਲ ਨੂੰ ਆਪਣੇ ਸਵੈਮਾਨ ਨਾਲ ਜੋੜ ਕੇ ਵੀ ਵੇਖਦੇ ਹਨ। ਇਹ ਸੰਸਕਾਰ ਉਸ ਦੇ ਜਨਮ ਲੈਣ ਤੋਂ ਲੈ ਕੇ ਸਾਰੀ ਉਮਰ ਨਾਲ ਨਾਲ ਚਲਦੇ ਹਨ। ਇਸੇ ਲਈ ਸਥਾਨਕ ਲੋਕ ਬਾਹਰਲਿਆਂ ਨੂੰ ਉਹ ਸਵੀਕ੍ਰਿਤੀ ਨਹੀਂ ਦਿੰਦੇ ਜਿਹੜੀ ਮਨੁੱਖਤਾ ਦੇ ਆਧਾਰ ਤੇ ਉਹ ਹੱਕਦਾਰ ਹਨ। ਅਸਲ ਵਿਚ ਇਹ ਵਿੱਥ ਮਾਨਸਿਕ ਸੋਚ ਦੇ ਆਧਾਰ 'ਤੇ ਬਣਾਈ ਰੱਖਦੇ ਹਨ। ਭਾਰਤ ਵਰਗੇ ਤੇ ਹੋਰ ਅਵਿਕਸਤ ਦੇਸ਼ਾਂ ਵਿਚ ਤਾਂ ਇਹ ਵਿਤਕਰਾ ਹੋਰ ਵੀ ਡੂੰਘੀ ਖਾਈ ਵਰਗਾ ਹੈ। ਭਾਰਤ ਵਿਚ ਤਾਂ ਇਸ ਦਾ ਹੋਰ ਵੀ ਘਿਣਾਉਣਾ ਰੂਪ ਕਈ ਵਾਰ ਵੇਖਣ ਨੂੰ ਮਿਲ ਜਾਂਦਾ ਹੈ।

ਮਿਸਾਲ ਦੇ ਤੌਰ 'ਤੇ ਮੈਂ ਤੁਹਾਡੇ ਨਾਲ ਕੁਝ ਘਟਨਾਵਾਂ ਸਾਂਝੀਆਂ ਕਰਦਾ ਹਾਂ ਜਿਨ੍ਹਾਂ ਦਾ ਸੰਬੰਧ ਵੱਖ ਵੱਖ ਦੇਸ ਕਾਲ ਹੈ।

ਅਮਰੀਕਾ ਜਦੋਂ ਮੈਂ ਨਵਾਂ-ਨਵਾਂ ਆਇਆ ਸੀ। ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ। ਮੈਂ ਸਵੇਰੇ ਛੇ ਵਜੇ ਸਟੋਰ ਖੋਲ੍ਹਦਾ ਅਤੇ ਸ਼ਾਮ ਦੇ ਤਿੰਨ ਵਜੇ ਦੂਜੇ ਵਰਕਰ ਨੂੰ ਸਟੋਰ ਸੰਭਾਲ ਕੇ ਆਪਣੇ ਅਪਾਰਟਮੈਂਟ ਆ ਜਾਂਦਾ। ਗਰਮੀਆਂ ਦੇ ਦਿਨਾਂ ਵਿਚ ਸਵੇਰੇ ਛੇ ਵਜੇ ਕਾਫੀ ਚਾਨਣ ਹੁੰਦਾ ਸੀ, ਇਸ ਲਈ ਸਟੋਰ ਖੋਲ੍ਹਣ ਵੇਲੇ ਕੋਈ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਿਆ। ਹੋਮਲੈਸ, ਡਰੱਗੀ ਤੇ ਟਰੈਸ਼ ਫਰੋਲਣ ਵਾਲੇ ਭਾਵੇਂ ਸਟੋਰ ਦੇ ਆਸੇ ਪਾਸੇ ਘੁੰਮਦੇ ਰਹਿੰਦੇ ਸਨ। ਪਰ ਸਵੇਰ ਹੋਣ ਕਾਰਨ ਡਰ ਘੱਟ ਲੱਗਦਾ ਸੀ। ਸਿਆਲ ਹੁੰਦਿਆਂ ਹੀ ਸ਼ਾਮ ਨੂੰ ਹਨੇਰਾ ਛੇਤੀ ਉੱਤਰ ਆਉਂਦਾ ਹੈ ਅਤੇ ਸਵੇਰੇ ਸੂਰਜ ਵੀ ਲੇਟ ਦਿਖਾਈ ਦਿੰਦਾ ਹੈ। ਮੀਹਾਂ ਦਾ ਮੌਸਮ ਸ਼ੁਰੂ ਹੋਣ ਕਾਰਨ ਬੱਦਲਵਾਈ ਵੀ ਬਣੀ ਰਹਿੰਦੀ ਹੈ। ਸਰਦੀ ਦੇ ਦਿਨਾਂ ਵਿਚ ਵੱਡੇ-ਵੱਡੇ ਕੋਟਾਂ ਅਤੇ ਕੰਬਲਾਂ 'ਚ ਲਪੇਟੇ ਸਟੋਰ ਦੇ ਬਾਹਰੀ ਖੂੰਜਿਆਂ ਜਾਂ ਕੰਧ ਦਾ ਉਹਲਾ ਓਟੀ ਬੈਠੇ ਡਰੱਗੀ, ਹੋਮਲੈਸ ਆਮ ਹੀ ਮਿਲ ਜਾਂਦੇ ਹਨ। ਇਨ੍ਹਾਂ ਦੀਆਂ ਆਦਤਾਂ ਤੇ ਸੁਭਾਅ ਅੱਖੜ ਹੋਣ ਕਾਰਨ ਹਮੇਸ਼ਾ ਡਰ ਬਣਿਆ ਰਹਿੰਦਾ ਹੈ।

ਸਰਦੀਆਂ ਦਾ ਮੌਸਮ ਹੋਣ ਕਾਰਨ ਮੀਂਹ ਰਾਤ ਤੋਂ ਹੀ ਪੈ ਰਿਹਾ ਸੀ। ਸਵੇਰ ਵੇਲੇ ਜਦੋਂ ਮੈਂ ਸਟੋਰ ਖੋਲ੍ਹਣ ਪਹੁੰਚਿਆ ਤਾਂ ਵੇਖਿਆ, ਸਟੋਰ ਦੇ ਬਾਰ ਮੂਹਰੇ ਕੋਈ ਲੇਟਿਆ ਪਿਆ ਹੈ। ਮੀਂਹ ਦੀ ਵਾਛੜ ਤੋਂ ਬੱਚਣ ਲਈ ਟਰੈਸ਼ ਬੈਗ ਪਾੜ ਕੇ ਆਪਣੇ ਉੱਪਰ ਲਪੇਟੇ ਹੋਏ ਸਨ। ਪਹਿਲਾਂ ਤਾਂ ਮੈਂ ਉਸ ਦੇ ਕੋਲ ਜਾ ਕੇ ਉਠਾਉਣ ਬਾਰੇ ਸੋਚਿਆ, ਫਿਰ ਮੈਂ ਸੋਚਿਆ ਕਿਤੇ ਅੱਕਿਆ ਹਮਲਾ ਹੀ ਨਾ ਕਰ ਦੇਵੇ। ਇਹ ਆਮ ਹੀ ਟੋਕਣ 'ਤੇ ਹਮਲਾ ਕਰ ਦਿੰਦੇ ਹਨ। ਮੈਨੂੰ ਕਈ ਵਾਰਦਾਤਾਂ ਯਾਦ ਆਈਆਂ। ਮੈਂ ਕਾਰ ਵਿਚ ਬੈਠ ਕੇ ਹੀ ਹਾਰਨ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਨਾਲ ਹੀ ਉੱਚੀ ਦੇ ਕੇ ਬੋਲਿਆ, 'ਆਈ ਓਪਨ ਦਾ ਸਟੋਰ।' ਉਹ ਟੱਸ ਤੋਂ ਮੱਸ ਨਾ ਹੋਇਆ। ਮੈਂ ਦੁਬਾਰਾ ਹਾਰਨ ਮਾਰਿਆ ਤੇ ਆਖਿਆ, 'ਪਲੀਜ਼ ਸਟੈਂਡ ਅਪ, ਆਈ ਓਪਨ ਦਾ ਸਟੋਰ।' ਉਸ ਵੇਲੇ ਤੱਕ ਇੱਕ ਦੋ ਗਾਹਕ ਵੀ ਆ ਗਏ ਸਨ। ਉਹ ਉੱਠਿਆ ਤੇ ਆਪਣਾ ਨਿੱਕ-ਸੁੱਕ ਸਾਂਭ ਇੱਕ ਪਾਸੇ ਨੂੰ ਹੋ ਤੁਰਿਆ। ਮੈਨੂੰ ਸੁੱਖ ਦਾ ਸਾਹ ਆਇਆ।

ਮੈਂ ਆਸਾ-ਪਾਸਾ ਵੇਖ ਛੇਤੀ ਨਾਲ ਸਟੋਰ ਦਾ ਬੂਹਾ ਖੋਲ੍ਹਿਆ, ਅੰਦਰ ਵੜ੍ਹ ਕੇ ਝੱਟ ਲੌਕ ਲਾ ਲਿਆ। ਮੈਂ ਕੈਸ਼ ਰਜਿਸਟਰ ਤਿਆਰ ਕਰ ਕੇ ਅਤੇ ਕੌਫੀ ਵਗੈਰਾ ਬਣਾ ਕੇ ਗਾਹਕਾਂ ਲਈ ਸਟੋਰ ਖੋਲ੍ਹ ਦਿੱਤਾ। ਸਵੇਰ ਵੇਲੇ ਕੰਮਾਂ 'ਤੇ ਜਾਣ ਵਾਲੇ ਦੋ ਕੁ ਗਾਹਕ ਆਪਣਾ ਸਾਮਾਨ ਖ਼ਰੀਦ ਕੇ ਛੇਤੀ-ਛੇਤੀ ਸਟੋਰ 'ਤੋਂ ਬਾਹਰ ਚਲੇ ਗਏ। ਉਹ ਸਵੇਰ ਵਾਲਾ ਸ਼ਖਸ ਪਾਣੀ ਨਾਲ ਭਿੱਜਿਆ ਕੌਫੀ ਦਾ ਵੱਡਾ ਕੱਪ ਭਰ ਕੇ ਕਾਊਂਟਰ ਸਾਹਮਣੇ ਆ ਕੇ ਖੜ੍ਹਾ ਹੋ ਗਿਆ। ਉਸ ਨੇ ਪੈਸੇ ਕੱਢਣ ਲਈ ਆਪਣੇ ਕੱਪੜਿਆਂ ਦੀ ਕਾਫੀ ਫਰੋਲਾ-ਫਰਾਲੀ ਕੀਤੀ। ਉਸ ਦੇ ਕੱਪੜਿਆਂ 'ਚੋਂ ਪਾਣੀ ਦੇ ਛਿੱਟੇ ਫ਼ਰਸ਼ 'ਤੇ ਡਿੱਗ ਰਹੇ ਸਨ ਮੈਨੂੰ ਖਿਝ ਚੜ੍ਹ ਰਹੀ ਸੀ। ਸਵੇਰੇ-ਸਵੇਰੇ ਮੈਂ ਕਲੇਸ਼ ਤੋਂ ਡਰਦਾ ਚੁੱਪ ਸਾਂ। ਕਾਫੀ ਕੋਸ਼ਿਸ ਤੋਂ ਬਾਅਦ ਉਸ ਨੇ ਇੱਕ ਭਿੱਜਿਆ ਤੇ ਮੁੱਚੜਿਆ ਜਿਹਾ ਡਾਲਰ ਕਾਊਂਟਰ 'ਤੇ ਰੱਖਿਆ।

ਮੈਂ ਆਖਿਆ, 'ਦਿਸ ਇਜ਼ ਨਾਟ ਗੁੱਡ।'

'ਡਾਲਰ ਇਜ਼ ਏ ਡਾਲਰ, ਆਈ ਐਮ ਅਮੈਰੀਕਨ, ਆਈ ਨੋ ਵੈਰੀ ਵੈੱਲ।'



ਉਸ ਨੇ ਖਿਝ ਕੇ ਆਖਿਆ।

'ਆਈ ਐਮ ਆਲਸੋ ਅਮੈਰੀਕਨ' ਮੈਂ ਵੀ ਤਲਖੀ ਵਿਚ ਆਖਿਆ।

'ਯੂ ਆਰ ਨਾਟ ਅਮੈਰੀਕਨ, ਯੂ ਆਰ ਇੰਮੀਗਰੈਂਟਸ' ਆਖ , ਉਸ ਨੇ ਕੌਫ਼ੀ ਦਾ ਕੱਪ ਕਾਊਂਟਰ 'ਤੇ ਰੱਖ ਦਿੱਤਾ। ਕੌਫ਼ੀ ਉਹ ਪਹਿਲਾਂ ਹੀ ਜੂਠੀ ਕਰ ਚੁੱਕਾ ਸੀ। ਮਾਲਕ ਦਾ ਕਿਹਾ ਮੈਨੂੰ ਯਾਦ ਆਇਆ, ਕਦੇ ਗਾਹਕ ਨਾਲ ਖਹਿਬੜਨਾ ਨਹੀਂ। ਇਹ ਸਾਰਾ ਕੁਝ ਜਰਦਿਆਂ, ਮੈਂ ਕਿਹਾ, 'ਵੰਨ ਡਾਲਰ ਮੋਰ।'

'ਆਈ ਹੈਵ ਨਾਟ ਮੋਰ' ਉਸ ਨੇ ਖ਼ਾਲੀ ਹੱਥ ਵਿਖਾਉਂਦਿਆਂ ਕਿਹਾ।

' ਓਕੇ, ਨੈਕਸਟ ਟਾਈਮ ਗਿਵ ਮੀ। 'ਮੈਂ ਖਹਿੜਾ ਛਡਾਉਂਣ ਲਈ ਕਹਿ ਦਿੱਤਾ।

ਉਸ ਦਾ ਕਿਹਾ, 'ਯੂ ਆਰ ਇੰਮੀਗਰੈਂਟਸ' ਮੈਨੂੰ ਸਾਰਾ ਦਿਨ ਬੇਚੈਨ ਕਰਦਾ ਰਿਹਾ।

ਪੰਜਾਬੀ ਕਈ ਦਹਾਕਿਆ ਤੋਂ ਇੱਥੇ ਰਹਿ ਰਹੇ ਹਨ, ਇੱਥੋਂ ਦੇ ਸਟੀਜ਼ਨ ਹਨ। ਮਿਹਨਤਾਂ ਕਰ ਕੇ ਚੰਗੇ ਕਾਰੋਬਾਰ ਚਲਾ ਰਹੇ ਹਨ। ਟੈਕਸ ਭਰਦੇ ਹਨ। ਇੱਥੋਂ ਦੀ ਆਰਥਿਕਤਾ ਨੂੰ ਉੱਚੀ ਚੁੱਕਣ ਵਿਚ ਪੰਜਾਬੀਆਂ ਦਾ ਵੱਡਾ ਹੱਥ ਹੈ। ਇੱਕ ਸਾਧਾਰਨ ਡਰੱਗੀ ਮੰਗਤਾ, ਜਿਸ ਕੋਲ ਰਹਿਣ ਨੂੰ ਨਾ ਘਰ ਹੈ, ਨਾ ਕੋਲ ਖਾਣ-ਪੀਣ ਲਈ ਕੋਈ ਪੈਸਾ ਹੈ, ਫਿਰ ਵੀ ਆਪਣੇ ਆਪ ਨੂੰ ਸਾਡੇ ਨਾਲੋਂ ਉੱਤਮ ਸਮਝਦਾ ਹੈ। ਉਹ ਆਪਣੇ ਆਪ ਨੂੰ ਗੋਰੀ ਨਸਲ ਦਾ ਹੋਣ ਕਰਕੇ ਅਮਰੀਕਾ ਦਾ ਅਸਲ ਵਾਸੀ ਸਮਝਦਾ ਹੈ। ਭਾਵੇਂ ਉਸ ਦੇ ਵੱਡੇ-ਵਡੇਰੇ ਵੀ ਬਾਹਰੋਂ ਆਏ ਸਨ। ਇੱਥੇ ਬਹੁਤੇ ਲੋਕ ਗੋਰੀ ਨਸਲ ਦੇ ਹੋਣ ਕਰਕੇ ਆਪਣੇ-ਆਪ ਨੂੰ ਉਚੇਰੇ ਹੋਣ ਦਾ ਭਰਮ ਪਾਲੀ ਰੱਖਦੇ ਹਨ।

ਚਲੋ ਆਪਾਂ ਆਪਣੇ ਪੰਜਾਬ ਦੀ ਹੀ ਗੱਲ ਕਰ ਲੈਂਦੇ ਹਾਂ। ਆਮ ਲੋਕ ਪਰਵਾਸੀ ਮਜ਼ਦੂਰਾਂ ਨੂੰ ਆਦਰ ਦੀ ਨਿਗ੍ਹਾ ਨਾਲ ਨਹੀਂ ਵੇਖਦੇ। ਪੰਜਾਬੀ ਮਜ਼ਦੂਰ ਵੀ ਬਾਹਰੋਂ ਆਏ ਬਿਹਾਰੀ ਜਾਂ ਯੂ.ਪੀ ਦੇ ਮਜ਼ਦੂਰਾਂ ਨੂੰ ਆਪਣੇ ਨਾਲੋਂ ਹੇਠਲੇ ਦਰਜੇ ਦੇ ਸਮਝਦੇ ਹਨ। ਭਾਵੇਂ ਕੰਮ ਦੇ ਲਿਹਾਜ਼ ਨਾਲ ਦੋਹੇਂ ਬਰਾਬਰ ਹਨ। ਹੁਣ ਤਾਂ ਪਰਵਾਸੀ ਮਜ਼ਦੂਰਾਂ ਨੇ ਸ਼ਹਿਰਾਂ/ ਕਸਬਿਆਂ ਵਿਚ ਆਪਣੇ ਛੋਟੇ-ਛੋਟੇ ਕਾਰੋਬਾਰ ਵੀ ਕਰ ਲਏ ਹਨ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹ ਕੇ ਪੰਜਾਬੀ ਬੋਲਣੀ ਤੇ ਲਿੱਖਣੀ ਵੀ ਸਿਖ ਗਏ ਹਨ। ਫਿਰ ਵੀ ਪੰਜਾਬੀ ਉਨ੍ਹਾਂ ਨੂੰ ਆਪਣੇ ਹਾਣ ਦੇ ਨਹੀਂ ਸਮਝਦੇ। ਉਹ ਭਾਰਤ ਦੇ ਵਸਨੀਕ ਹੋਣ ਕਾਰਨ ਬਰਾਬਰ ਦੇ ਸ਼ਹਿਰੀ ਹਨ ਫਿਰ ਵੀ ਉਨ੍ਹਾਂ ਨੂੰ ਭਈਏ ਕਹਿ ਕੇ ਛੁਟਿਆਇਆ ਜਾਂਦਾ ਹੈ। ਉਨ੍ਹਾਂ ਨੂੰ ਪੰਜਾਬ ਵਿਚੋਂ ਭਜਾਉਣ ਦੀਆਂ ਕਈ ਵਾਰੀ ਅਵਾਜ਼ਾਂ ਵੀ ਉਠਦੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਹੋਰ ਸਟੇਟਾਂ ਵਿਚ ਵੀ ਜਿਵੇਂ ਮਹਾਂਰਾਸ਼ਟਰਾ ਵਿਚ ਵੀ ਗੈਰ ਮਰਾਠੀ ਮਜ਼ਦੂਰਾਂ ਵਿਰੁਧ ਆਵਾਜ਼ ਉੱਠਦੀ ਰਹਿੰਦੀ ਹੈ।

ਇਸੇ ਤਰਾਂ ਵੱਖ-ਵੱਖ ਦੇਸਾਂ ਵਿਚ ਪਰਵਾਸੀਆਂ ਵਿਰੁੱਧ ਉੱਥੋਂ ਦੇ ਲੋਕ ਮੁਜਾਹਰੇ ਕਰ ਰਹੇ ਹਨ। ਪਰਵਾਸੀਆਂ ਨੂੰ ਬਾਹਰ ਕੱਢਣ ਲਈ ਕਾਨੂੰਨੀ ਕਾਰਵਾਈਆਂ ਤੇਜ਼ ਹੋ ਰਹੀਆਂ ਹਨ। ਗੋਰੇ ਮੰਗਤੇ ਦਾ ਮੈਨੂੰ ਇਮੀਗਰੈਂਟਸ ਤੇ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਨੂੰ ਭਈਏ ਕਹਿਣਾ ਮਨੁੱਖ ਦੀ ਆਪਣੇ-ਆਪ ਨੂੰ ਉਚੇਰੇ ਸਮਝਣ ਦੇ ਭਰਮ ਦੀ ਫ਼ਿਤਰਤ ਹੈ। ਇਹ ਬਹੁ-ਗਿਣਤੀ ਦੀ ਘੱਟ-ਗਿਣਤੀ ਪ੍ਰਤੀ ਸੰਕੀਰਣ ਮਾਨਸਿਕਤਾ ਚੋਂ ਉਪਜਿਆ ਨਫ਼ਰਤ ਦਾ ਉਬਾਲ ਹੁੰਦਾ ਹੈ। ਜੇ ਕਿਸੇ ਬਾਹਰਲੇ ਦੇਸ਼ ਜਿਵੇਂ ਕਨੇਡਾ, ਅਮਰੀਕਾ ਸਾਡਾ ਕੋਈ ਪੰਜਾਬੀ ਐਮ ਪੀ, ਜਾਂ ਐਮ ਐ ਲਏ ਬਣ ਜਾਂਦਾਂ ਹੈ ਤਾਂ ਅਸੀਂ ਹੁਬ ਕੇ ਪ੍ਰਚਾਰ ਕਰਦੇ ਹਾਂ, ਇਸ ਨੂੰ ਵੱਡੀਆਂ ਪ੍ਰਾਪਤੀਆਂ ਵਿਚ ਗਿਣਦੇ ਹਾਂ। ਜੇ ਕੋਈ ਯੂ ਪੀ ਜਾਂ ਬਿਹਾਰੀ ਪੰਜਾਬ ਵਿਚ ਨਗਰ ਕੌਂਸਲਰ ਵੀ ਬਣ ਜਾਂਦਾਂ ਹੈ ਤਾਂ ਅਸੀਂ ਰੌਲ਼ਾ ਪੌਣ ਲੱਗ ਜਾਂਦੇ ਹਾਂ ਕਿ ਹੁਣ ਬਿਹਾਰੀ ਪੰਜਾਬ 'ਤੇ ਰਾਜ ਕਰਨਗੇ।

ਮੈਂ ਘਟਨਾ ਹੋਰ ਤੁਹਾਡੇ ਨਾਲ ਸਾਂਝੀ ਕਰ ਲੈਦਾਂ ਹਾਂ, ਇਹ ਗੱਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਉਬਾਮਾ ਅਮਰੀਕਾ ਦਾ ਨਵਾਂ ਨਵਾਂ ਰਾਸ਼ਟਰਪਤੀ ਬਣਿਆ ਸੀ। ਅਫਰੀਕਨ ਮੂਲ ਦਾ ਹੋਣ ਕਾਰਨ ਆਮ ਕਾਲੇ ਰੰਗ ਦੇ ਲੋਕਾਂ ਵਿਚ ਕਾਫ਼ੀ ਉਤਸ਼ਾਹ ਸੀ। ਪਹਿਲੀ ਵਾਰ ਕੋਈ ਕਾਲੇ ਰੰਗ ਦਾ ਬੰਦਾ ਰਾਸ਼ਟਰਪਤੀ ਬਣਿਆ ਸੀ। ਉਨ੍ਹਾਂ ਨੂੰ ਲਗਿਆ ਸੀ, ਅਸੀਂ ਵੀ ਗੋਰੇ ਲੋਕਾਂ 'ਤੇ ਰਾਜ ਕਰ ਸਕਦੇ ਹਾਂ। ਉਨ੍ਹਾਂ ਦੇ ਵਿਹਾਰ ਵਿਚ ਕਾਫ਼ੀ ਤਬਦੀਲੀ ਵੇਖਣ ਨੂੰ ਮਿਲ ਰਹੀ ਸੀ।

ਇੱਕ ਦਿਨ ਕੋਈ ਦੁਪਹਿਰ ਦਾ ਵੇਲਾ ਸੀ। ਲੰਚ ਬਰੇਕ ਹੋਣ ਕਾਰਨ ਸਟੋਰ 'ਤੇ ਕੋਈ ਗਾਹਕ ਨਹੀਂ ਸੀ। ਮੈਂ ਸ਼ੀਸ਼ੇ ਵਿਚ ਦੀ ਬਾਹਰ ਵੱਲ ਵੇਖਿਆ, ਦੋ ਕੁ ਗਾਹਕ ਗੈਸ ਪਾ ਰਹੇ ਸਨ। ਇੱਕ ਮਾੜਚੂ ਜਿਹਾ ਲੱਗਦਾ ਸ਼ਖ਼ਸ ਗੈਸ ਪਾ ਰਹੇ ਗਾਹਕ ਕੋਲੋਂ ਕੁਝ ਮੰਗ ਰਿਹਾ ਸੀ। ਦੂਜਾ ਆਦਮੀ ਮੋਢੇ 'ਤੇ ਟਰੈਸ਼ ਬੈਗ ਲਟਕਾਈ ਖ਼ਾਲੀ ਬੀਅਰ ਅਤੇ ਸੋਡੇ ਦੇ ਕੈਨ 'ਕੱਠੇ ਕਰ ਰਿਹਾ ਸੀ। ਕੁਝ ਚਿਰ ਬਾਅਦ ਕੈਨ 'ਕੱਠੇ ਕਰਨ ਵਾਲ਼ਾ ਸ਼ਖ਼ਸ ਟਰੈਸ਼ ਬੈਗ ਬਾਹਰ ਰੱਖ ਕੇ ਅੰਦਰ ਦਾਖਲ ਹੁੰਦਾ ਹੈ। ਕਾਊਂਟਰ 'ਤੇ ਫਿਫਟੀ ਸੈਂਟ ਸੁੱਟਣ ਦੇ ਲਹਿਜੇ ਵਿਚ ਮੇਰੇ ਮੂਹਰੇ ਰੱਖਦਾ ਹੈ, ਤੇ ਇੱਕ ਸਸਤੀ ਜਿਹੀ ਸਿਗਾਰ ਮੰਗਦਾ ਹੈ। ਮੈਂ ਪੈਸੇ ਘੱਟ ਹੋਣ ਕਾਰਨ ਨਾਂਹ ਕਰ ਦਿੰਦਾ ਹਾਂ, ਮੇਰੇ ਨਾਂਹ ਕਰਨ 'ਤੇ ਗੁੱਸੇ ਵਿਚ ਆਉਂਦਾ ਹੈ। ਗ਼ਲ ਵਿਚ ਪਾਈ ਓਬਾਮਾ ਦੀ ਫ਼ੋਟੋ ਵਿਖਾਉਂਦਾ ਹੈ। ਚੀਕ ਕੇ ਆਖਦਾ ਹੈ, 'ਯੂ ਨੋ।'

'ਆਈ ਨੋ' ਮੈਂ ਵੀ ਕੁਝ ਗਰਮ ਲਹਿਜੇ ਵਿਚ ਆਖਦਾ ਹਾਂ।

ਯੂ ਪੀਪਲ ਡੌਂਟ ਨੋ, ਵ੍ਹਈ ਆਰ ਦੀ ਪ੍ਰੈਜ਼ੀਡੈਂਟ ਆਫ ਦੀ ਆਮੈਰੀਕਾ, ਵਾਈਟ ਹਾਊਸ ਇਜ਼ ਨਾਉ ਆਵਰਜ਼।'

ਉਹ ਓਬਾਮਾ ਦੀ ਫ਼ੋਟੋ ਵਾਰ-ਵਾਰ ਮੇਰੇ ਅੱਗੇ ਕਰ ਕੇ ਵਿਖਾ ਰਿਹਾ ਸੀ। ਜਿਵੇਂ ਉਹ ਉਬਾਮਾ ਦਾ ਕੋਈ ਸਕਾ ਸਬੰਧੀ ਹੋਵੇ। ਮੈਂ ਕੁਝ ਨਰਮ ਪੈਂਦਿਆਂ ਆਖਿਆ, 'ਮੈਂ ਵੀ ਓਬਾਮਾ ਨੂੰ ਪਸੰਦ ਕਰਦਾ ਹਾਂ, ਸਾਡਾ ਵੀ ਉਹ ਰਾਸ਼ਟਰਪਤੀ ਹੈ। 'ਏਨਾਂ ਕਹਿਣ ਨਾਲ ਉਹ ਕੁਝ ਠੰਢਾ ਪੈ ਗਿਆ, ਸਾਹਮਣੇ ਪਈ ਸਿਗਾਰ ਵੱਲ ਇਸ਼ਾਰਾ ਕਰਕੇ ਫਿਰ ਮੰਗ ਕੀਤੀ। ਮੈਂ ਖਹਿੜਾ ਛੁਡਾਉਣ ਦੇ ਇਰਾਦੇ ਨਾਲ ਜਿਹੜੀ ਸਿਗਾਰ ਮੰਗਦਾ ਸੀ ਦੇ ਦਿੱਤੀ।

ਥੋੜ੍ਹੇ ਚਿਰ ਬਾਅਦ ਜਦੋਂ ਮੈਂ ਵੇਖਿਆ, ਉਹੀ ਵ੍ਹਈਟ ਹਾਊਸ ਦਾ ਵਸਨੀਕ ਫਿਰ ਕੈਨ 'ਕੱਠੇ ਕਰਨ ਲਈ ਟਰੈਸ਼ ਫ਼ਰੋਲ ਰਿਹਾ ਸੀ। ਮੈਂ ਸੋਚ ਰਿਹਾ ਸੀ ਭਾਵੇਂ ਕਾਲੀ ਚਮੜੀ ਵਾਲਾ ਓਬਾਮਾ ਹੋਵੇ ਜਾਂ ਗੋਰੀ ਚਮੜੀ ਵਾਲਾ ਟਰੰਪ ਹੋਵੇ , ਮੂੰਹ ਦੀ ਬੁਰਕੀ ਲਈ ਹੱਥਾਂ ਦੀ ਕਿਰਤ ਨੇ ਹੀ ਕੰਮ ਆਉਣੈ।

ਮੈਨੂੰ ਯਾਦ ਆਇਆ ਸਾਡੇ ਪਿੰਡ ਸਿਬੀਆਂ ਵਿਚ ਕਰਤਾਰਾ ਛੜਾ ਹੁੰਦਾ ਸੀ। ਉਸ ਕੋਲ ਕੁਲ ਮਿਲਾ ਕੇ ਇੱਕ ਕੋਠੜੀ, ਕਬੂਤਰਾਂ ਦਾ ਖੁੱਡਾ ਤੇ ਇੱਕ ਬਕਰੀ ਸੀ। ਉਹ ਜਦੋਂ ਵੀ ਸੱਥ ਵਿਚ ਬੈਠਦਾ, ਆਪਣੇ-ਆਪ ਨੂੰ ਖਾਨਦਾਨੀ ਬੰਦਾ ਆਖਦਾ। ਆਪਣਾ ਪਿਛੋਕੜ ਪਿੰਡ ਦੇ ਸਿਬੀਆ ਸਰਦਾਰਾਂ ਨਾਲ ਜੋੜਦਾ। ਮਾਣ ਨਾਲ ਆਖਦਾ, 'ਆਹ ਜਿਹੜੇ ਸੋਢੀ ਸਰਦਾਰ ਸੌ ਸੌ ਕਿਲਿਆਂ ਦੇ ਮਾਲਕ ਬਣੈ ਬੈਠੇ ਆ, ਸਾਡੇ ਵਡੇਰਿਆਂ ਨੇ ਇੰਨ੍ਹਾਂ ਨੂੰ ਦਾਨ ਵਿਚ ਦਿੱਤੇ ਸੀ, ਇਹ ਤਾਂ ਬਾਹਰੋਂ ਆਏ ਐ, ਅਸੀਂ ਤਾਂ ਇੱਥੋਂ ਦੇ ਜੱਦੀ ਸਰਦਾਰ ਆਂ।'

ਸਵਾਲ ਉਠਦੈ, ਹੁਣ ਇੰਨਾਂ ਦੋਹਾਂ ਘਟਨਾਵਾਂ ਵਿਚ ਅਮਰੀਕਾ ਵਿਚ ਬੈਠਾ ਟਰੈਸ਼ 'ਕੱਠੇ ਕਰਨ ਵਾਲਾ ਕਾਲਾ ਤੇ ਪੰਜਾਬ ਵਿਚ ਪਿੰਡ ਸਿਬੀਆਂ ਬੈਠਾ ਕਰਤਾਰਾ ਇੱਕੋ ਭਰਮ ਦੇ ਸ਼ਿਕਾਰ ਹਨ? ਕੀ ਪਰਵਾਸ ਪ੍ਰਤੀ ਮਨੁੱਖ ਦੀ ਸੋਚ, ਦੇਸ਼-ਕਾਲ ਤੋਂ ਮੁਕਤ, ਸਰਬਵਿਆਪੀ ਹੈ? ਤੁਸੀਂ ਕੀ ਸਮਝਦੇ ਹੋ?

# 'ਤੁਰੰਤ ਊਰਜਾ' ਦੇਣ ਵਾਲੇ ਐਨਰਜੀ ਡਰਿੰਕਸ ਸਿਹਤ ਲਈ ਮਿੱਠਾ ਜ਼ਹਿਰ

ਅੱਜ ਦੇ ਡਿਜੀਟਲ ਅਤੇ ਤੇਜ਼ ਰਫ਼ਤਾਰ ਯੁੱਗ ਵਿਚ 'ਇੰਸਟੈਂਟ ਐਨਰਜੀ' (ਤੁਰੰਤ ਊਰਜਾ) ਦਾ ਸੰਕਲਪ ਬਹੁਤ ਪ੍ਰਸਿੱਧ ਹੋ ਚੁੱਕਾ ਹੈ। ਖ਼ਾਸ ਕਰਕੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀ, ਆਈ.ਟੀ. ਸੈਕਟਰ ਵਿਚ ਰਾਤਾਂ ਨੂੰ ਕੰਮ ਕਰਨ ਵਾਲੇ ਪੇਸ਼ੇਵਰ, ਜਿਮ ਜਾਣ ਵਾਲੇ ਨੌਜਵਾਨ ਅਤੇ ਆਨਲਾਈਨ ਗੇਮਰਜ਼ ਇਸ

**ਡਾ. ਕ੍ਰਿਸ਼ਨ ਲਾਲ**
**ਫ਼ੋਨ: 62831-16797**

ਸ਼੍ਰੇਣੀ ਦੇ ਸਭ ਤੋਂ ਵੱਡੇ ਉਪਭੋਗਤਾ ਹਨ। ਪ੍ਰਭਾਵਸ਼ਾਲੀ ਮਾਰਕੀਟਿੰਗ, ਆਕਰਸ਼ਕ ਪੈਕੇਜਿੰਗ ਅਤੇ 'ਖੇਡਾਂ ਵਿਚ ਪ੍ਰਦਰਸ਼ਨ ਵਧਾਉਣ ਦੇ ਦਾਅਵਿਆਂ ਸਦਕਾ ਐਨਰਜੀ ਡਰਿੰਕਸ ਅੱਜ ਹਰ ਘਰ ਤੱਕ ਪਹੁੰਚ ਚੁੱਕੀਆਂ ਹਨ। ਪਰ ਮੈਡੀਕਲ ਵਿਗਿਆਨ ਅਤੇ ਵਿਸ਼ਵ ਸਿਹਤ ਸੰਗਠਨ ਦੀਆਂ ਹਾਲੀਆ ਰਿਪੋਰਟਾਂ ਇੱਕ ਬਹੁਤ ਹੀ ਡਰਾਉਣੀ ਤਸਵੀਰ ਪੇਸ਼ ਕਰਦੀਆਂ ਹਨ। ਇਹ ਪੀਣ ਵਾਲੇ ਪਦਾਰਥ ਸਰੀਰ ਨੂੰ ਅਸਲੀ ਊਰਜਾ ਦੇਣ ਦੀ ਬਜਾਏ, ਅੰਦਰੂਨੀ ਅੰਗਾਂ ਨੂੰ ਹੌਲੀ-ਹੌਲੀ ਖੋਖਲਾ ਕਰ ਰਹੇ ਹਨ।

ਆਮ ਖਪਤਕਾਰ ਐਨਰਜੀ ਡਰਿੰਕ ਨੂੰ ਇੱਕ ਸਾਧਾਰਨ ਕੋਲਡ ਡਰਿੰਕ ਵਾਂਗ ਸਮਝ ਕੇ ਪੀਂਦਾ ਹੈ, ਪਰ ਇਸ ਦਾ ਕੈਮੀਕਲ ਫਾਰਮੂਲੇਸ਼ਨ ਬਹੁਤ ਜ਼ਿਆਦਾ ਤਾਕਤਵਰ ਅਤੇ ਉਤੇਜਕ ਹੁੰਦਾ ਹੈ।

ਜਿੱਥੇ ਇੱਕ ਸਾਧਾਰਨ ਚਾਹ ਦੇ ਕੱਪ ਵਿਚ 20-30 ਮਿਲੀਗ੍ਰਾਮ ਅਤੇ ਕੌਫੀ ਵਿਚ 60-80 ਮਿਲੀਗ੍ਰਾਮ ਕੈਫੀਨ ਹੁੰਦੀ ਹੈ, ਉੱਥੇ ਐਨਰਜੀ ਡਰਿੰਕ ਦੇ ਇੱਕ ਕੈਨ ਵਿਚ 80 ਮਿਲੀਗ੍ਰਾਮ ਤੋਂ ਲੈ ਕੇ 300 ਮਿਲੀਗ੍ਰਾਮ ਤੱਕ ਸਿੰਥੇਟਿਕ ਕੈਫੀਨ ਹੁੰਦੀ ਹੈ, ਜੋ ਸਿੱਧਾ ਸਾਡੇ ਨਰਵਸ ਸਿਸਟਮ 'ਤੇ ਹਮਲਾ ਕਰਦੀ ਹੈ। ਇਸ ਤੋਂ ਇਲਾਵਾ, ਵਿਸ਼ਵ ਸਿਹਤ ਸੰਗਠਨ ਮੁਤਾਬਕ ਇੱਕ ਇਨਸਾਨ ਨੂੰ ਦਿਨ ਵਿਚ 25 ਗ੍ਰਾਮ (5 ਚਮਚ) ਤੋਂ ਵੱਧ ਖੰਡ ਨਹੀਂ ਖਾਣੀ ਚਾਹੀਦੀ, ਜਦੋਂ ਕਿ ਇੱਕ 500ਮਲ ਦੇ ਕੇਨ ਵਿਚ 45 ਤੋਂ 54 ਗ੍ਰਾਮ ਤੱਕ ਖੰਡ ਹੁੰਦੀ ਹੈ। ਯਾਨੀ ਇੱਕੋ ਵਾਰ ਵਿਚ ਦੋ ਦਿਨਾਂ ਦਾ ਕੋਟਾ ਸਰੀਰ ਵਿਚ ਚਲਾ ਜਾਂਦਾ ਹੈ। ਇਨ੍ਹਾਂ ਵਿਚ ਮਿਲਾਏ ਜਾਣ ਵਾਲੇ ਤੱਤ ਜਿਵੇਂ ਕਿ ਟੌਰੀਨ ਅਤੇ ਗੁਆਰਾਨਾ (ਜਿਸ ਵਿਚ ਕੌਫੀ ਨਾਲੋਂ ਦੁੱਗਣੀ ਕੈਫੀਨ ਹੁੰਦੀ ਹੈ ਇਸ ਨੂੰ ਜਾਨਲੇਵਾ ਹੱਦ ਤੱਕ ਵਧਾ ਦਿੰਦੇ ਹਨ, ਅਤੇ ਗਲੂਕੁਰੋਨੋਲੈਕਟਨ ਵਰਗੇ ਆਰਟੀਫੀਸ਼ੀਅਲ ਰੰਗ ਜਿਗਰ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਐਨਰਜੀ ਡਰਿੰਕ ਪੀਣ ਦੇ 24 ਘੰਟਿਆਂ ਦੇ ਅੰਦਰ ਹੀ ਸਰੀਰ ਵਿਚ ਸਭ ਤੋਂ ਵੱਡਾ ਅਤੇ ਖ਼ਤਰਨਾਕ ਬਦਲਾਅ ਦਿਲ ਦੇ ਸਿਸਟਮ ਵਿਚ ਦੇਖਿਆ ਜਾਂਦਾ ਹੈ। ਕੈਫੀਨ ਅਤੇ ਟੌਰੀਨ ਦਾ ਮਿਸ਼ਰਣ ਦਿਲ ਦੀਆਂ ਮਾਸਪੇਸ਼ੀਆਂ ਨੂੰ ਬਹੁਤ ਤੇਜ਼ੀ ਨਾਲ ਸੁੰਗੜਨ ਲਈ ਮਜਬੂਰ ਕਰਦਾ ਹੈ, ਜਿਸ ਨਾਲ ਦਿਲ ਦੀ ਧੜਕਣ ਅਚਾਨਕ ਅਸੰਤੁਲਿਤ ਹੋ ਕੇ 100 ਤੋਂ ਪਾਰ ਹੋ ਜਾਂਦੀ ਹੈ, ਜਿਸ ਨੂੰ ਮੈਡੀਕਲ ਭਾਸ਼ਾ ਵਿਚ 'ਟੈਚੀਕਾਰਡੀਆ' ਕਹਿੰਦੇ ਹਨ। ਇਸ ਦੇ ਨਾਲ ਹੀ, ਖੂਨ ਦੀਆਂ ਨਾੜੀਆਂ ਅਚਾਨਕ ਸੁੰਗੜ ਜਾਣ ਕਾਰਨ ਬਲੱਡ ਪ੍ਰੈਸ਼ਰ ਬਹੁਤ ਤੇਜ਼ੀ ਨਾਲ ਵਧਦਾ ਹੈ, ਜੋ ਬ੍ਰੇਨ ਹੈਮਰੇਜ ਜਾਂ ਹਾਰਟ ਅਟੈਕ ਦਾ ਕਾਰਨ ਬਣ ਸਕਦਾ ਹੈ। ਖੋਜਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਹ ਡਰਿੰਕਸ ਖੂਨ ਨੂੰ ਸੰਘਣਾ ਕਰਦੀਆਂ ਹਨ, ਜਿਸ ਨਾਲ ਨਾੜੀਆਂ ਵਿਚ ਬਲਾਕੇਜ ਜਾਂ ਖੂਨ ਦੇ ਥੱਕੇ ਜੰਮਣ ਦਾ ਖਤਰਾ ਕਈ ਗੁਣਾ ਵੱਧ ਜਾਂਦਾ ਹੈ।




ਇਹ ਡਰਿੰਕਸ ਦਿਮਾਗ ਵਿਚ ਅਡੈਨੋਸਾਈਨ' (ਉਹ ਕੈਮੀਕਲ ਜੋ ਸਾਨੂੰ ਥਕਾਵਟ ਦਾ ਅਹਿਸਾਸ ਕਰਵਾਉਂਦਾ ਹੈ) ਨੂੰ ਬਲਾਕ ਕਰਕੇ ਸਾਡੇ ਦਿਮਾਗ ਨੂੰ ਮੂਰਖ ਬਣਾਉਂਦੀਆਂ ਹਨ। ਰਾਤ ਨੂੰ ਇਸ ਦਾ ਸੇਵਨ ਕਰਨ ਨਾਲ ਸਰੀਰ ਦਾ ਕੁਦਰਤੀ ਸਲੀਪ ਸਾਈਕਲ ਪੂਰੀ ਤਰ੍ਹਾਂ ਤਬਾਹ ਹੋ ਜਾਂਦਾ ਹੈ ਅਤੇ ਇਨਸਮਨੀਆ (ਨੀਂਦ ਨਾ ਆਉਣਾ) ਦੀ ਬੀਮਾਰੀ ਲੱਗ ਜਾਂਦੀ ਹੈ। ਕੈਫੀਨ ਦੀ ਓਵਰਡੋਜ਼ ਕਾਰਨ ਸਰੀਰ ਵਿਚ 'ਐਡਰੇਨਾਲੀਨ' ਹਾਰਮੋਨ ਦਾ ਪੱਧਰ ਵਧਦਾ ਹੈ, ਜਿਸ ਨਾਲ ਬਿਨਾਂ ਕਿਸੇ ਕਾਰਨ ਘਬਰਾਹਟ, ਐਂਗਜ਼ਾਇਟੀ, ਹੱਥਾਂ ਦਾ ਕੰਬਣਾ ਅਤੇ ਚਿੜਚਿੜਾਪਨ ਪੈਦਾ ਹੁੰਦਾ ਹੈ। ਜਦੋਂ ਡਰਿੰਕ ਦਾ ਅਸਰ ਖ਼ਤਮ ਹੁੰਦਾ ਹੈ, ਤਾਂ ਬਲੱਡ ਸ਼ੂਗਰ ਅਚਾਨਕ ਡਿੱਗਦੀ ਹੈ, ਜਿਸ ਨਾਲ ਮੂਡ ਸਵਿੰਗਜ਼ ਹੁੰਦੇ ਹਨ ਅਤੇ ਲੰਬੇ ਸਮੇਂ ਵਿਚ ਇਨਸਾਨ ਡਿਪਰੈਸ਼ਨ ਦਾ ਸ਼ਿਕਾਰ ਹੋ ਸਕਦਾ ਹੈ।

ਪਾਚਨ ਪ੍ਰਣਾਲੀ ਅਤੇ ਗੁਰਦਿਆਂ 'ਤੇ ਵੀ ਇਸ ਦਾ ਬਹੁਤ ਘਾਤਕ ਅਸਰ ਪੈਂਦਾ ਹੈ। ਕੈਫੀਨ ਇੱਕ 'ਡਾਇਯੂਰੇਟਿਕ ਤੱਤ ਹੈ, ਜੋ ਸਰੀਰ ਵਿਚੋਂ ਪਾਣੀ ਨੂੰ ਪਿਸ਼ਾਬ ਰਾਹੀਂ ਬਾਹਰ ਕੱਢਦਾ ਹੈ। ਜਦੋਂ ਖਿਡਾਰੀ ਜਾਂ ਜਿਮ ਜਾਣ ਵਾਲੇ ਲੋਕ ਪਸੀਨਾ ਵਹਾਉਣ ਤੋਂ ਬਾਅਦ ਇਸ ਨੂੰ ਪੀਂਦੇ ਹਨ, ਤਾਂ ਸਰੀਰ ਵਿਚ ਭਿਆਨਕ ਡੀਹਾਈਡਰੇਸ਼ਨ (ਪਾਣੀ ਦੀ ਕਮੀ) ਹੋ ਜਾਂਦੀ ਹੈ। ਗੁਰਦਿਆਂ ਨੂੰ ਖੂਨ ਸਾਫ਼

*(ਬਾਕੀ ਅਗਲੇ ਸਫੇ 'ਤੇ)*

# ਬਾਬਾ ਸ਼ੇਖ ਫਰੀਦ ਜੀ ਦੀ ਮਾਨਵਵਾਦੀ ਦ੍ਰਿਸ਼ਟੀ

ਪੰਜਾਬੀ ਸਾਹਿਤ ਦੇ ਪਿਤਾਮਾ ਬਾਬਾ ਸ਼ੇਖ ਫਰੀਦ ਭਾਰਤ ਵਿਚ ਸੂਫੀਆਂ ਦੇ ਚਿਸ਼ਤੀ ਸਿਲਸਿਲੇ ਦੇ ਤੀਜੇ ਪ੍ਰਸਿੱਧ ਸੂਫੀ ਹੋਏ ਹਨ। ਆਪ ਦਾ ਜਨਮ 1173 ਈ. ਅਰਥਾਤ 1231 ਬਿਕ੍ਰਮੀ ਵਿਚ ਪਿੰਡ ਖੋਤਵਾਲ (ਮੁਲਤਾਨ) ਵਿਚ ਹੋਇਆ। ਬਾਬਾ ਫਰੀਦ ਦੀ ਪ੍ਰਮਾਣਿਕ ਰਚਨਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਮਿਲਦੀ ਹੈ, ਵਿਚ 112 ਸ਼ਲੋਕ ਅਤੇ ਚਾਰ ਸ਼ਬਦ ਸ਼ਾਮਲ ਹਨ। ਇਨ੍ਹਾਂ ਵਿਚੋਂ ਦੋ ਸ਼ਬਦ ਰਾਗ ਸੂਹੀ ਤੇ ਦੋ ਰਾਗ ਆਸਾ ਵਿਚ ਹਨ।

ਬਾਬਾ ਸ਼ੇਖ ਫਰੀਦ ਦੀ ਰਚਨਾ ਵਿਚੋਂ ਪ੍ਰਗਟ ਹੁੰਦਾ ਉਨ੍ਹਾਂ ਦਾ ਵਿਵਹਾਰ ਮਾਨਵਵਾਦੀ ਦ੍ਰਿਸ਼ਟੀ ਵਾਲਾ ਹੈ। ਆਪ ਦੇ ਨਿੱਗਰ, ਨਿੱਘੇ, ਜ਼ਿੰਦਗੀ ਦੀ ਲੋਅ ਨਾਲ ਧੜਕਦੇ ਵਿਚਾਰ/ਅਨੁਭਵ ਮਨੁੱਖੀ ਜੀਵਨ ਦੇ ਸੱਚ ਅਤੇ ਉਦੇਸ਼ ਦੀ ਥਾਹ ਪਾਉਂਦੇ ਹਨ। ਬਾਬਾ ਫਰੀਦ ਦੀ ਰਚਨਾ ਵਿਚ ਨਿੱਤ ਦੇ ਕਾਰਾਂ-ਵਿਹਾਰਾਂ, ਧੰਦਿਆਂ, ਰੁਝੇਵਿਆਂ, ਜੀਵਨ ਦੇ ਝਮੇਲਿਆਂ, ਜੀਵਨ ਦੇ ਮਨੋਰਥ ਆਦਿ ਮੂੰਹੋਂ ਬੋਲਦੇ ਅਨੇਕ



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
**ਫੋਨ: 98885-10185**

ਚਿੱਤਰ ਸਾਂਭੇ ਹੋਏ ਹਨ। ਜੀਵਨ ਦੇ ਇਨ੍ਹਾਂ ਵਿਹਾਰਾਂ ਦਾ ਪਾਸਾਰ ਬਾਲ ਦੇ ਜਨਮ ਸਮੇਂ ਉਸਦਾ ਨਾੜੂ ਕੱਟਣ ਦੇ ਸਮੇਂ ਤੋਂ ਲੈ ਕੇ ਮੌਤ ਪਿੱਛੋਂ ਪੰਛੀਆਂ ਦਾ ਆਲ੍ਹਣਾ ਬਣੀ ਖੋਪੜੀ ਦੇ ਦ੍ਰਿਸ਼ ਤੱਕ ਪੱਸਰਦਾ ਨਜ਼ਰ ਆਉਂਦਾ ਹੈ। ਪ੍ਰਸਿੱਧ ਵਿਦਵਾਨ ਡਾ.ਅਤਰ ਸਿੰਘ ਅਨੁਸਾਰ- 'ਫਰੀਦ ਬਾਣੀ ਵਿਚ ਮਨੁੱਖੀ ਸੰਸਕਾਰਾਂ, ਵਿਹਾਰਾਂ ਤੇ ਜਜ਼ਬਿਆਂ ਦੇ ਜਿਸ ਪ੍ਰਭਾਵ ਮੰਡਲ ਦੀ ਉਸਾਰੀ ਕੀਤੀ ਗਈ ਹੈ, ਉਸਦੀ ਮੂਲ ਸੁਰ ਜੀਵਨ ਤੋਂ ਤਿਆਗ ਤੇ ਉਪਰਾਮਤਾ ਦੀ ਹੈ। ਜੀਵਨ ਦੇ ਅੰਤਿਮ ਸਤਿ ਤੱਕ ਦੀ ਯਾਤਰਾ ਮਨੁੱਖੀ ਜੀਵਨ ਦੇ ਰੰਗ ਤਮਾਸ਼ਿਆਂ ਦੇ ਵਿਚੋਂ ਦੀ ਲੰਘ ਕੇ ਸੰਪੂਰਨ ਹੁੰਦੀ ਹੈ। ਫਰੀਦ ਬਾਣੀ ਭਿੰਨ ਭਿੰਨ ਜੀਵਨ ਸਥਿਤੀਆਂ ਦਾ ਅਜਿਹਾ ਵਰਨਣ ਹੈ ਜਿਸ ਵਿਚੋਂ ਸਮੁੱਚਾ ਮਨੁੱਖੀ ਵਿਹਾਰ ਖ਼ੁਦ ਅਰਥ ਬਣ ਕੇ ਉੱਭਰਦਾ ਹੈ।'

ਬਾਬਾ ਫਰੀਦ ਜੀਵ ਨੂੰ ਪਰਮ-ਜੋਤ 'ਤੋਂ ਨਿਖੜਿਆ ਅੰਸ਼ ਮੰਨਦੇ ਹਨ। ਮਨੁੱਖ ਨੂੰ ਜੀਵਨ ਇਸ ਲਈ ਮਿਲਿਆ ਹੈ ਕਿ ਉਹ ਆਪਣੇ ਅਸਲੇ ਨਾਲ, ਜਿਸਤੋਂ ਉਹ ਵਿਛੜਿਆ ਹੋਇਆ ਹੈ, ਬੰਦਗੀ ਦੁਆਰਾ ਮਿਲ ਸਕੇ! ਜੀਵਨ ਦੀਆਂ ਥੋੜ੍ਹ ਚਿਰੀਆਂ ਖ਼ੁਸ਼ੀਆਂ ਪ੍ਰਾਪਤ ਕਰਨਾ ਉਸਦਾ ਲਖ਼ਸ਼ ਨਹੀਂ ਹੋਣਾ ਚਾਹੀਦਾ, ਸਗੋਂ ਮਨੁੱਖਾ ਜੀਵਨ ਤਾਂ ਜੀਵਾਤਮਾ ਨੂੰ ਪਰਮਜੋਤ ਵਿਚ ਲੀਨ ਹੋਣ ਲਈ ਭਗਤੀ ਕਰਨ ਦਾ ਅਦੁੱਤੀ ਅਵਸਰ ਪ੍ਰਦਾਨ ਕਰਦਾ ਹੈ। ਬਾਬਾ ਫਰੀਦ ਅਨੁਸਾਰ 'ਵਿਸ ਗੰਦਲਾਂ' ਭਗਤੀ ਕਰਨ ਵਿਚ ਵੱਡੀ ਰੁਕਾਵਟ ਬਣਦੀਆਂ ਹਨ। ਪਰ ਸੱਚਾ ਸਾਧਕ ਦੁਨਿਆਵੀ ਕਾਰ-ਵਿਹਾਰ ਕਰਦਿਆਂ ਹੋਇਆਂ ਵੀ ਉਨ੍ਹਾਂ ਵਿਚ ਖੱਚਿਤ ਨਹੀਂ ਹੁੰਦਾ, ਕਿਉਂਜੋ ਉਸਦੀ ਬਿਰਤੀ ਕਿਸੇ ਉਚੇਰੇ ਮੰਡਲ ਵੱਲ ਲੱਗੀ ਰਹਿੰਦੀ ਹੈ। ਭਗਤ ਰੂਪੀ ਹੰਸ ਕੱਲਰੀ ਛੱਪੜੀ 'ਤੇ ਉਤਰ ਕੇ ਵੀ ਛੱਪੜੀ ਦਾ ਗੰਦਾ ਪਾਣੀ ਨਹੀਂ ਪੀਂਦਾ। ਬਾਬਾ ਫਰੀਦ ਅਨੁਸਾਰ ਭਗਤ ਉਨ੍ਹਾਂ ਪੰਖੀਆਂ ਸਮਾਨ ਹੁੰਦੇ ਹਨ, ਜਿਨ੍ਹਾਂ ਦਾ ਵਾਸਾ ਜੰਗਲਾਂ ਵਿਚ ਹੁੰਦਾ ਹੈ, ਉਹ ਰੋੜ ਚੁਗਦੇ ਹਨ, ਧਰਤੀ 'ਤੇ ਵੱਸਦੇ ਹਨ ਪਰ ਰੱਬ ਦਾ ਆਸਰਾ ਨਹੀਂ ਛੱਡਦੇ। ਅਸਲ ਵਿਚ, ਸੱਚਾ ਭਗਤ ਉਹੀ ਹੈ ਜਿਸ ਨੂੰ ਪ੍ਰਭੂ ਨਾਲ ਦਿਲੋਂ ਪਿਆਰ ਹੈ, ਜਿਹੜਾ ਪ੍ਰਭੂ ਪਿਆਰ ਨੂੰ ਆਪਣੇ ਨਿੱਤ ਦੇ ਵਿਹਾਰ ਤੇ ਅਭਿਆਸ ਵਿਚ ਢਾਲ ਲੈਂਦਾ ਹੈ। ਅਜਿਹਾ ਭਗਤ ਉਹ ਹੀ ਹੋ ਸਕਦਾ ਹੈ, ਜਿਸਨੂੰ ਪ੍ਰਭੂ ਨੇ ਆਪਣੀ ਕਿਰਪਾ ਦੁਆਰਾ ਆਪਣੇ ਲੜ ਲਾ ਲਿਆ ਹੈ। ਅਜਿਹੇ ਭਗਤਾਂ ਦਾ ਇਸ ਲੋਕ ਵਿਚ ਆਗਮਨ ਧੰਨ ਹੈ ਤੇ ਉਨ੍ਹਾਂ ਦੀ ਜਣਨੀ ਵੀ ਧੰਨ ਹੈ।

ਬਾਬਾ ਫਰੀਦ ਸਮਕਾਲੀਨ ਸਮਾਜਿਕ, ਆਰਥਕ, ਸੱਭਿਆਚਾਰਕ ਕੀਮਤਾਂ ਉਪਰ ਟਿਪਣੀਆਂ ਕਰਦਿਆਂ ਵੀ ਸਾਦਗੀ ਭਰਪੂਰ ਜੀਵਨ ਨੂੰ ਤਰਜੀਹ ਦਿੰਦੇ ਹਨ। ਅਜਿਹਾ ਸਾਧਾਰਨ ਜੀਵਨ 'ਉਸਦੀ' ਪ੍ਰਾਪਤੀ ਲਈ ਬਲ ਪ੍ਰਦਾਨ ਕਰਦਾ ਹੈ। ਸਾਧਾਰਨ ਮਨੁੱਖ ਮੋਟੀ ਠੁੱਲ੍ਹੀ ਪੁਸ਼ਾਕ ਪਹਿਨਦਾ ਹੈ, ਜਿਸਦੇ ਕੱਪੜੇ ਦੀਆਂ ਕੰਨੀਆਂ ਤੋਪਿਆਂ ਨਾਲ ਸੀਤੀਆਂ ਹੁੰਦੀਆਂ ਹਨ। ਰੁੱਖੀ-ਸੁੱਕੀ ਖਾਣ ਅਰਥਾਤ ਸਾਦਾ ਭੋਜਨ ਖਾਣ ਲਈ ਕਹਿੰਦੇ ਹਨ। ਅਮੀਰ ਜਮਾਤ ਦੇ ਵਿਲਾਸਮੱਈ ਜੀਵਨ ਤੇ ਐਸ਼ੋ ਇਸ਼ਰਤ ਵਿਚ ਗਲਤਾਨ ਹੋ ਕੇ ਜੀਉਣ ਦੀ ਨਿਖੇਧੀ ਕਰਦੇ ਹਨ। ਅਮੀਰ/ਵੱਡੇ ਲੋਕਾਂ ਵੱਲੋਂ ਖਾਧੇ ਜਾਂਦੇ ਕੀਮਤੀ ਤੇ ਸਵਾਦਿਸ਼ਟ ਪਕਵਾਨ ਸਰੀਰ ਨੂੰ ਵਿਕਾਰੀ ਬਣਾਉਂਦੇ ਹਨ:

ਫਰੀਦਾ ਰੋਟੀ ਮੇਰੀ ਕਾਠ ਦੀ ਲਾਵਣੁ ਮੇਰੀ ਭੁਖ।
ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁਖ।

ਅਸਾਵੀਂ ਆਰਥਿਕ ਵੰਡ ਹੋਣ ਕਰਕੇ ਕੋਈ ਬਹੁਤ ਅਮੀਰ ਹੈ ਤੇ ਕੋਈ ਬਹੁਤ ਗ਼ਰੀਬ। ਜਦੋਂ ਬਾਬਾ ਫਰੀਦ- 'ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣ' ਕਹਿੰਦੇ ਹਨ ਤਾਂ ਬਹੁਤੇ ਆਟੇ ਜਾਂ ਅੰਨ ਨੂੰ ਅਮੀਰੀ ਦਾ ਪ੍ਰਤੀਕ ਦੱਸਦੇ ਹਨ। ਜਦ ਕਿ ਪਲੇਥਣ ਤੱਕ ਦਾ ਨਾ ਹੋਣਾ ਅਤਿ ਦੀ ਗ਼ਰੀਬੀ ਨੂੰ ਦਰਸਾਉਂਦਾ ਹੈ। ਉੱਚੇ ਮਹਿਲ-ਮਾੜੀਆਂ ਅਮੀਰ ਹੀ ਬਣਾਉਂਦੇ ਹਨ। ਇਹ ਉਸਾਰੀ ਝੂਠੀ ਹੈ ਕਿਉਂ ਜੋ ਇਹ ਹੱਕ ਹਲਾਲ ਦੀ ਕਮਾਈ ਨਾਲ ਨਹੀਂ, ਸਗੋਂ ਪਰਾਏ ਹੱਕ ਮਾਰ ਕੇ ਕੀਤੀ ਗਈ ਹੈ। ਬਾਬਾ ਫਰੀਦ ਅਮੀਰੀ ਦੇ ਸੁੱਖਾਂ ਨੂੰ ਤਿਆਗ ਕੇ ਧੀਰਜ, ਸਬਰ, ਸ਼ੁਕਰ, ਰਜ਼ਾ, ਨਿਮਰਤਾ ਅਤੇ ਭਰਮ ਨਿਵਾਰਣ ਵਾਲਾ ਜੀਵਨ/ਵਿਹਾਰ ਧਾਰਨ ਕਰਨ 'ਤੇ ਬਲ ਦਿੰਦੇ ਹਨ।

ਉਨ੍ਹਾਂ ਅਨੁਸਾਰ-ਭਗਤੀ ਮਾਰਗ ਦਾ ਪਾਂਧੀ ਆਪਣੇ ਤਨ ਨੂੰ ਬਿਰਹੋਂ ਦੀ ਅਗਨੀ ਵਿਚ ਤਪਾਉਂਦਾ ਹੈ, ਹੱਡਾਂ ਦਾ ਬਾਲਣ ਬਾਲਦਾ ਹੈ, ਪੈਰਾਂ ਦੇ ਸੱਤਿਆਹੀਣ ਹੋਣ 'ਤੇ ਸਿਰ ਭਾਰ ਤੁਰ ਕੇ ਵੀ ਪ੍ਰਭੂ ਪ੍ਰਾਪਤੀ ਲਈ ਤਾਂਘਦਾ ਰਹਿੰਦਾ ਹੈ। ਸੰਸਾਰ ਰੂਪੀ ਤਲਾਬ ਵਿਚ ਮਨੁੱਖ ਕਿਸੇ ਅਜਿਹੇ ਪੰਛੀ ਦੀ ਨਿਆਈਂ ਹੈ, ਜਿਸਨੂੰ ਫਸਾਉਣ ਵਾਲੇ ਅਨੇਕਾਂ ਜਾਲ ਮੌਜੂਦ ਹਨ। ਜੀਵਾਤਮਾ ਸਰੀਰ ਰੂਪੀ ਤਲਾਬ ਦੀਆਂ ਵਿਕਾਰ ਰੂਪੀ ਲਹਿਰਾਂ ਵਿਚ ਘਿਰੇ ਹੋਣ ਦੇ ਬਾਵਜੂਦ ਵੀ ਪ੍ਰਭੂ ਮਿਲਾਪ ਦੀ ਆਸ ਨਹੀਂ ਛੱਡਦੀ।

ਬਾਬਾ ਫਰੀਦ ਦੀ ਬਾਣੀ ਨੂੰ ਸਮਝਣ ਦਾ ਯਤਨ ਕਰੀਏ ਤਾਂ ਉਨ੍ਹਾਂ ਦੇ ਵਿਹਾਰ ਦਾ ਲੋਭ ਲਾਲਚ ਦੀ ਦੁਨੀਆ ਨਾਲ ਤੀਬਰ ਵਿਰੋਧ ਹੈ। ਬਾਬਾ ਜੀ ਅਨੁਸਾਰ ਜਿਥੇ ਲੋਭ ਹੈ, ਉਥੇ ਪ੍ਰੇਮ ਨਹੀਂ ਹੁੰਦਾ। ਜੇ ਹੁੰਦਾ ਹੈ ਤਾਂ ਕੂੜਾ, ਕੱਚਾ, ਛਲਾਵੇ ਭਰਪੂਰ ਤੇ ਥੋੜ੍ਹ ਚਿਰਾ ਹੋਵੇਗਾ। ਪ੍ਰਭੂ ਭਗਤੀ ਦਾ ਆਧਾਰ ਤਾਂ ਚਿਰ ਸਥਾਈ ਪ੍ਰੇਮ ਹੈ। ਪ੍ਰਭੂ ਤਾਂ ਹਿਰਦੇ ਵਿਚ ਵੱਸਦਾ ਹੈ, ਜਿਸਨੇ ਵੀ ਉਸਦੇ ਅਗੰਮੀ ਰੂਪ ਦੀ ਝਲਕ ਪਾਉਣੀ ਹੈ, ਹਿਰਦੇ ਦੇ ਅੰਦਰੋਂ ਹੀ ਪਾਈ ਜਾ ਸਕਦੀ ਹੈ। ਉਸਨੂੰ ਬਾਹਰ ਲੱਭਣਾ ਵਿਅਰਥ ਹੈ।

ਬਾਬਾ ਫਰੀਦ ਨੇ ਆਪਣੀ ਬਾਣੀ ਵਿਚ ਮੌਤ ਦਾ ਜ਼ਿਕਰ/ਚਿੰਤਨ ਅਨੇਕ ਥਾਈਂ ਕੀਤਾ ਹੈ। ਮੌਤ ਦੇ ਜ਼ਿਕਰ ਦਾ ਇਹ ਅਰਥ ਨਹੀਂ ਉਹ ਮਨੁੱਖ ਨੂੰ ਮੌਤ ਦਾ ਭਿਆਨਕ ਦ੍ਰਿਸ਼ ਵਿਖਾ ਕੇ ਜੀਵਨ ਤੋਂ ਮੁੱਖ ਮੋੜ ਲੈਣ ਲਈ ਜਾਂ ਨਿਰਾਸ਼ ਹੋ ਕੇ ਬੈਠ ਜਾਣ ਲਈ ਕਹਿੰਦੇ ਹਨ। ਸਗੋਂ ਉਹ ਤਾਂ ਮਾਇਆ ਵਿਚ ਗ੍ਰਸੇ ਮਨੁੱਖ ਨੂੰ ਜ਼ਿੰਦਗੀ ਦੀ ਕੌੜੀ ਸਚਾਈ ਤੋਂ ਜਾਣੂੰ ਕਰਵਾ ਕੇ ਇਹ ਦੱਸਣਾ ਚਾਹੁੰਦੇ ਹਨ ਕਿ ਜਿਨ੍ਹਾਂ ਵਿਕਾਰਾਂ ਵਿਚ ਫਸ ਕੇ ਉਹ ਆਪਣੇ ਸ਼ਹੁ ਨੂੰ ਭੁਲਾ ਬੈਠਾ ਹੈ, ਉਨ੍ਹਾਂ ਦੀ ਕੋਈ ਸਥਿਰਤਾ ਨਹੀਂ ਹੈ। ਅੰਤ ਵਿਚ ਸਭ ਕੁਝ ਇਥੇ ਹੀ ਰਹਿ ਜਾਣਾ ਹੈ। ਪਾਪਾਂ, ਵਿਕਾਰਾਂ, ਦੁਰਾਚਾਰਾਂ ਆਦਿ ਦੀ ਦਲਦਲ ਵਿਚ ਫਸੇ ਮਨੁੱਖ ਨੂੰ ਜੀਵਨ ਦਾ ਅਸਲ ਪ੍ਰਯੋਜਨ ਸਮਝਾਉਂਦੇ ਹਨ। ਮੌਤ ਨੂੰ ਯਾਦ ਕਰਵਾ ਕੇ, ਮੌਤ ਤੋਂ ਪਾਰਲੇ ਜੀਵਨ ਦੀ ਕਲਪਨਾ ਕਰਕੇ ਜ਼ਿੰਦਗੀ ਦਾ ਮਹੱਤਵ/ਮਨੋਰਥ ਸਮਝਾਉਂਦੇ ਹਨ ਤੇ ਆਤਮ-ਸ਼ੁੱਧੀ ਲਈ ਪ੍ਰੇਰਦੇ ਹਨ। ਮਨੁੱਖ ਅੰਦਰ ਪ੍ਰਭੂ ਮਿਲਾਪ ਦੀ ਆਸ਼ਾ ਦੀ ਕਿਰਨ ਜਗਾਉਣ ਦੇ ਉਪਰਾਲੇ ਵੀ ਕਰਦੇ ਹਨ ਤੇ ਨੈਤਿਕ ਤੇ ਮਾਨਵਵਾਦੀ ਝੁਕਾਅ ਵੀ ਪੈਦਾ ਕਰਦੇ ਹਨ।

ਬਾਬਾ ਫਰੀਦ ਦਾ ਵਿਹਾਰ ਜੀਵਨ ਤੋਂ ਭਾਂਜ ਮੰਨਣ ਵਾਲਾ ਨਹੀਂ। ਸਗੋਂ ਉਹ ਤਾਂ ਮਨੁੱਖ ਦੀ ਸੂਝ ਨੂੰ ਕੁਰੇਦਣ ਦੇ ਯਤਨ ਵਿਚ ਰਹਿੰਦੇ ਹਨ। ਮਨੁੱਖ ਨੂੰ ਉਹ ਜੀਵਨ ਦੀ ਅਸਲ ਖੱਟੀ ਖੱਟਣ ਦੇ ਵੇਲੇ ਦੀ ਯਾਦ ਦਵਾਉਂਦੇ ਰਹਿੰਦੇ ਹਨ। ਗੁਜ਼ਰਦੇ ਜਾ ਰਹੇ ਕੀਮਤੀ ਸਮੇਂ ਬਾਰੇ ਸੁਚੇਤ ਕਰਕੇ, ਜੀਵਨ ਦੀਆਂ ਰੰਗ-ਖ਼ੁਸ਼ੀਆਂ ਦੀ ਅਸਥਿਰਤਾ ਦਾ ਬੋਧ ਕਰਵਾ ਕੇ ਮਨੁੱਖ ਨੂੰ ਪ੍ਰਭੂ ਪ੍ਰੇਮ ਵੱਲ ਮੁੜਨ ਦੀ ਪ੍ਰੇਰਨਾ ਦਿੰਦੇ ਹਨ। ਸੱਚੀ-ਸੁੱਚੀ ਕਿਰਤ ਅਤੇ ਸਾਤਵਿਕ ਕਰਮ ਕਰਨ ਲਈ ਕਹਿੰਦੇ ਹਨ।

ਬਾਬਾ ਫਰੀਦ ਦੀ ਬਾਣੀ ਸੱਚ ਕਹਿਣ ਦੀ ਦਲੇਰੀ ਦਾ ਪ੍ਰਤੱਖ ਪ੍ਰਮਾਣ ਹੈ। ਉਹ ਸਿਰਫ ਸਿੱਖਿਆ ਹੀ ਨਹੀਂ ਦਿੰਦੇ ਸਗੋਂ ਸੱਚ ਨੂੰ ਵਿਹਾਰ ਵਿਚ ਢਾਲਣ ਦੇ ਢੰਗ ਤਰੀਕੇ ਵੀ ਸਮਝਾਉਂਦੇ ਹਨ। ਉਹ ਜੀਵਨ ਦੇ ਗਿਆਨ ਦੀ ਵਿਆਪਕ ਸੋਝੀ ਕਰਵਾ ਕੇ ਪ੍ਰਤੱਖ ਪਿੱਛੇ ਛੁਪੇ ਡੂੰਘੇ ਅਰਥਾਂ ਦੀ ਪਛਾਣ ਕਰਨ ਦੀ ਪ੍ਰੇਰਨਾ ਵੀ ਦਿੰਦੇ ਹਨ। ਬਾਹਰੀ ਵਿਖਾਵੇ ਨੂੰ ਉਸਦੇ ਅੰਦਰਲੇ ਯਥਾਰਥ ਦੇ ਸਨਮੁੱਖ ਲਿਆ ਕੇ ਮਨੁੱਖ ਨੂੰ ਅਸਲੀਅਤ ਤੋਂ ਜਾਣੂੰ ਕਰਾਉਂਦੇ ਹਨ।

ਉਨ੍ਹਾਂ ਦੀ ਧਾਰਨਾ ਹੈ ਕਿ ਨਿਰਾਸ਼ਾਵਾਦੀ ਮਨੁੱਖ ਦਾ ਵਿਹਾਰ ਕਦੇ ਵੀ ਮਾਨਵਵਾਦੀ ਨਹੀਂ ਹੋ ਸਕਦਾ। ਨਿਰਾਸ਼ਾਵਾਦੀ ਮਨੁੱਖ ਦੁਨੀਆ ਦੇ ਵਿਹਾਰ ਤੋਂ ਤੰਗ ਆ ਕੇ ਸਭ ਨੂੰ ਨਫਰਤ ਕਰਦਾ ਹੈ। ਉਹ ਨਫਰਤ ਕਰਨ ਵਾਲਿਆਂ ਪ੍ਰਤੀ ਵੀ ਪ੍ਰੇਮ ਭਾਵਨਾ ਪ੍ਰਗਟ ਕਰਦੇ ਹਨ ਤੇ ਨਿਮਰਤਾ ਨਾਲ ਪੇਸ਼ ਆਉਂਦੇ ਹਨ। ਉਹ ਮਨੁੱਖ ਨੂੰ ਹਮੇਸ਼ਾ ਨਿਮਰ ਲਹਿਜਾ ਅਪਨਾਉਣ ਤੇ ਨੇਕੀ ਦੇ ਰਸਤੇ 'ਤੇ ਚੱਲਣ ਦੀ ਸਲਾਹ ਦਿੰਦੇ ਹਨ:

ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ।
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।

ਬਾਬਾ ਫਰੀਦ ਦੀ ਬਾਣੀ ਵਿਚੋਂ ਪੰਜਾਬੀ ਸੱਭਿਆਚਾਰ ਦੀਆਂ ਕਈ ਝਲਕੀਆਂ ਵੀ ਮਿਲ ਜਾਂਦੀਆਂ ਹਨ। ਵਿਆਹ ਦੇ ਦਿਨ ਲਈ ਸਾਹਾ ਕਢਾਉਣ ਦੀ ਗੱਲ, ਵਿਆਹ ਤੋਂ ਬਾਅਦ 'ਤਿਲ ਖੇਡਣ' ਦੀ ਰਸਮ ਵੱਲ ਸੰਕੇਤ ਕਰਨ ਤੋਂ ਉਨ੍ਹਾਂ ਦੀ ਤੀਖਣ ਸੱਭਿਆਚਾਰਕ ਸੂਝ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਨਵੀਂ ਵਿਆਹੀ ਲੜਕੀ ਜਦੋਂ ਆਪਣੇ ਪੇਕੇ ਘਰੋਂ ਵਿਦਾ ਹੋਣ ਲੱਗਦੀ ਸੀ ਤਾਂ ਲਾੜੇ-ਲਾੜੀ ਨੂੰ ਪਲੰਘ 'ਤੇ ਬਿਠਾ ਕੇ ਲਾੜੇ ਦੇ ਲੜ ਤੇ ਲਾੜੀ ਦੇ ਦੁਪੱਟੇ ਨੂੰ ਗੰਢ ਮਾਰੀ ਜਾਂਦੀ ਸੀ। ਇਹ ਰਸਮ ਦੋਹਾਂ ਦੇ ਪਿਆਰ ਦੀ ਗੰਢ ਪੀਡੀ ਗੰਢੀ ਰਹਿਣ ਦਾ ਸੰਕੇਤ ਸਮਝੀ ਜਾਂਦੀ ਸੀ। ਇਸ ਨੂੰ 'ਗੰਢ ਚਿਤ੍ਰਾਵਾ' ਕਿਹਾ ਜਾਂਦਾ ਸੀ। ਬਾਬਾ ਫਰੀਦ ਇਸ ਰਸਮ ਨੂੰ ਰੱਬੀ ਪਿਆਰ ਲਈ ਅੰਕਿਤ ਕਰਦਿਆਂ ਲਿਖਦੇ ਹਨ:

ਜੇ ਜਾਣਾ ਲੜ ਛਿਜਣਾ ਪੀਡੀ ਪਾਈ ਗੰਢਿ ।
ਤੈ ਜੇਵਡ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ।

ਸਮਾਜਿਕ ਸੱਭਿਆਚਾਰਕ ਰਿਸ਼ਤਿਆਂ ਵਿਚੋਂ ਪਤੀ-ਪਤਨੀ ਦਾ ਰਿਸ਼ਤਾ ਸਰਵੋਤਮ ਹੈ। ਬਾਬਾ ਫਰੀਦ ਨੇ ਆਪਣੇ ਕਈ ਸ਼ਲੋਕਾਂ ਵਿਚ ਇਸ ਰਿਸ਼ਤੇ ਨੂੰ ਵਿਸ਼ੇਸ਼ ਤੌਰ 'ਤੇ ਬਿੰਬ ਵਜੋਂ ਵਰਤਿਆ ਹੈ-'ਜੇ ਜਾਣਾ ਸਹੁ ਨੰਢੜਾ ਤਾ ਥੋੜਾ ਮਾਣੁ ਕਰੀ'।

ਜਦੋਂ 'ਛੈਲ ਲੰਘੇਦੇ ਪਾਰਿ ਗੋਰੀ ਮਨ ਧੀਰਿਆ' ਲਿਖਦੇ ਹਨ ਤਾਂ ਪੰਜਾਬੀ ਸੱਭਿਆਚਾਰ ਵਿਚ ਗੋਰੀ ਅਤੇ ਛੈਲ ਦੇ ਰਿਸ਼ਤੇ ਨੂੰ, ਭਾਵ ਵਿਅੰਜਨਾਂ ਲਈ ਉਹ ਬਿੰਬ ਦੇ ਤੌਰ 'ਤੇ ਵਰਤਦੇ ਹਨ। ਇਥੇ 'ਛੈਲ' ਸੰਤ ਆਤਮਾ ਦਾ ਲਖਾਇਕ ਹੈ। ਬਾਬਾ ਫਰੀਦ ਦੀਆਂ ਨਜ਼ਰਾਂ ਵਿਚ ਸਾਹਿਬ ਮਾਲਕ ਹੈ ਤੇ ਮਨੁੱਖ ਉਸਦਾ ਚਾਕਰ। ਇਸੇ ਲਈ ਮਨੁੱਖ ਨੂੰ 'ਸਾਹਿਬ' ਦੀ ਚਾਕਰੀ ਕਰਨ ਲਈ ਆਖਦੇ ਹਨ।

ਅਧਿਆਤਮਕ ਕਾਵਿ ਵਿਚ ਮਨੁੱਖ ਦੀ ਅਸਲ ਕਮਾਈ ਰੱਬ ਦੀ ਬੰਦਗੀ ਕਰਨ ਨੂੰ ਮੰਨਿਆ ਗਿਆ ਹੈ। ਇਹ ਕਮਾਈ ਸਮੇਂ ਸਿਰ ਕੀਤੀ ਜਾਣੀ ਚਾਹੀਦੀ ਹੈ:

ਫਰੀਦਾ ਜਾ ਤਉ ਖਟਣ ਵੇਲ ਤਾ ਤੂ ਰਤਾ ਦੁਨੀ ਸਿਉ।

ਬਾਬਾ ਫਰੀਦ ਨੇ ਵਪਾਰ, ਖੇਤੀ, ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਵਸਤਾਂ ਜਿਵੇਂ ਪਿਆਲੇ, ਕੁੰਨੇ, ਮਟਕੀ, ਬਾਲਣ, ਤੰਦੂਰ, ਕੱਪੜੇ, ਲੜ, ਰੇਸ਼ਮ, ਪੱਗ, ਬੇੜਾ, ਮਲਾਹ, ਚਿੱਲਾ, ਤੀਰ, ਕਮਾਨ, ਘਾਹ ਆਦਿ ਦਾ ਜ਼ਿਕਰ ਵੀ ਕੀਤਾ ਹੈ। ਇਹ ਵਸਤਾਂ ਪੰਜਾਬੀ ਸੱਭਿਆਚਾਰ ਦਾ ਅਟੁੱਟ ਅੰਗ ਹਨ।

ਮੁਸਲਮਾਨੀ ਧਾਰਮਿਕ ਵਿਸ਼ਵਾਸਾਂ ਨਾਲ ਸਬੰਧਿਤ ਬੜੀਆਂ ਅਰਥ ਭਰਪੂਰ ਗੱਲਾਂ ਨੂੰ ਬਾਬਾ ਫਰੀਦ ਨੇ ਭਾਵ ਯੁਕਤ



ਸੰਕੇਤਾਂ ਰਾਹੀਂ ਪੇਸ਼ ਕੀਤਾ ਹੈ। ਕੁਝ ਬਿੰਬ ਵੇਖਣਯੋਗ ਹਨ-ਉਜ਼ੂ, ਤਸਬੀ, ਨਮਾਜ਼, ਮਸੀਤ, ਨਉਬਤ, ਕਬਰ, ਗੋਰ ਆਦਿ। ਸਹੁਰਾ ਘਰ, ਪੇਕਾ ਘਰ, ਹੰਸ, ਸਰਵਰ, ਛੱਪੜੀ, ਦੋਹਾਗਣ, ਕੋਠੇ, ਮੰਡਪ, ਮਾੜੀਆ ਆਦਿ ਸ਼ਬਦ ਤੇ ਸੰਕਲਪਾਂ ਦੀ ਵਰਤੋਂ ਕਈ ਥਾਈਂ ਕਰਦੇ ਹਨ। ਅਜਿਹੇ ਸ਼ਬਦ ਪੰਜਾਬੀ ਸੱਭਿਆਚਾਰ ਵਿਚ ਰਚੇ-ਮਿਚੇ ਹਨ। ਸਮੇਂ ਦੀ ਲੋੜ ਅਨੁਸਾਰ ਬਾਬਾ ਫਰੀਦ ਵਿਭਿੰਨ ਧਰਮਾਂ, ਸਮਾਜਾਂ ਤੇ ਸੱਭਿਆਚਾਰਾਂ ਵਿਚ ਪੁਲ ਬਣਦੇ ਹਨ ਤੇ ਬਿਖਰਦੇ ਮਨੁੱਖ ਨੂੰ ਮਿਲ-ਜੁਲ ਕੇ, ਜੁੜ ਕੇ ਰਹਿਣ ਦਾ ਸੁਨੇਹਾ ਦਿੰਦੇ ਹਨ। ਉਨ੍ਹਾਂ ਸੇਵਾ ਭਾਵਨਾ, ਵਿਸ਼ਾਲ ਮਾਨਵੀ ਆਧਾਰ ਤੇ ਵਿਸ਼ਵਾਰਥੀ ਦ੍ਰਿਸ਼ਟੀ ਨੇ ਪ੍ਰਸਪਰ ਪਿਆਰ, ਮਿਲਵਰਤਨ, ਸਦਭਾਵਨਾ, ਸੋਝੀ ਤੇ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਹੈ। ਬਾਬਾ ਫਰੀਦ ਦੀ ਨਿਮਰਤਾ, ਸਵੈਮਾਣ, ਸਵੈ-ਵਿਸ਼ਵਾਸ, ਨੇਕ-ਨੀਅਤੀ, ਸਾਫ਼ਗੋਈ ਆਦਿ ਨੇ ਪੰਜਾਬੀ ਸੁਭਾਅ ਨੂੰ ਘੜਨ/ਢਾਲਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਰੱਬ ਤੋਂ ਬੰਦਗੀ ਦੀ ਖੈਰ ਮੰਗਣ ਵਾਲੇ ਬਾਬਾ ਫਰੀਦ ਨੇ ਅਜਿਹੀ ਮੰਗ ਵੀ ਮੰਗੀ ਜੋ ਪੰਜਾਬੀ ਸੁਭਾਅ ਦੀ ਖਾਸੀਅਤ ਬਣ ਗਈ:

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।

ਮਨੁੱਖ ਨੂੰ ਪਿਆਰ, ਮਿੱਠਤ, ਭਰੱਪਣ, ਸਹਿਨਸ਼ੀਲਤਾ ਆਦਿ ਦਾ ਜੋ ਸੰਦੇਸ਼/ਉਪਦੇਸ਼ ਬਾਬਾ ਫਰੀਦ ਨੇ ਦਿੱਤਾ ਹੈ, ਉਹ ਉਨ੍ਹਾਂ ਦੇ ਵਿਰਸੇ ਦਾ ਵਡਮੁੱਲਾ ਅੰਗ ਬਣ ਗਿਆ ਹੈ:

ਇਕ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ।
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।

ਬਾਬਾ ਫਰੀਦ ਦਾ ਵਿਹਾਰ ਤੇ ਇਖ਼ਲਾਕ ਸਿਧਾਂਤ ਜਿਨ੍ਹਾਂ ਅਸੂਲਾਂ ਦੇ ਆਧਾਰ ਉਪਰ ਉਸਰਦਾ ਹੈ ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ :

ਉਹ ਮਨੁੱਖ ਨੂੰ ਰੱਬ ਲਈ ਤਾਂਘ ਰੱਖਣ ਤੇ ਪ੍ਰੀਤ ਕਰਨ, ਤਨ ਤੇ ਮਨ ਦੀ ਗ਼ਰੀਬੀ ਤੇ ਫੱਕਰਪੁਣਾ ਧਾਰਨ ਕਰਨ, ਕੇਵਲ ਇਕ ਰੱਬ ਦਾ ਆਸਰਾ ਮੰਨਣ ਤੇ ਉਸੇ ਉਪਰ ਭਰੋਸਾ ਰੱਖਣ ਲਈ ਕਹਿੰਦੇ ਹਨ। ਤਿਆਗ ਤੇ ਉਦਾਸੀ, ਸਬਰ, ਰੱਬ ਦੀ ਨਿਰੰਤਰ ਯਾਦ ਤੇ ਸਿਮਰਨ ਕਰਨ ਦਾ ਸੁਨੇਹਾ ਵੀ ਦਿੰਦੇ ਹਨ। ਖਿਮਾ ਕਰਨ ਜਾਂ ਬੁਰੇ ਦਾ ਭਲਾ ਕਰਨ ਜਿਹੇ ਗੁਣ ਧਾਰਨ ਕਰਨ ਦੀ ਲੋੜ 'ਤੇ ਵੀ ਬਲ ਦਿੰਦੇ ਹਨ। ਮੁਹੱਬਤ ਨੂੰ ਜ਼ਿੰਦਗੀ ਦਾ ਸਾਰ ਤੱਤ ਤੇ ਇਸੇ ਨੂੰ ਮਨੁੱਖੀ ਜੀਵਨ ਦਾ ਮਨੋਰਥ ਮੰਨਦੇ ਹਨ। ਸੂਫੀ ਰਹੱਸਵਾਦ ਅਨੁਸਾਰ ਸ੍ਰਿਸ਼ਟੀ ਰਚਨਾ ਕੇਵਲ ਰੱਬ ਦੇ ਇਸ਼ਕ ਲਈ ਹੀ ਰਚੀ ਗਈ ਹੈ।

ਉਨ੍ਹਾਂ ਦਾ ਮੁੱਖ ਮਨੋਰਥ ਰੱਬ ਦੇ ਬੰਦਿਆਂ ਨੂੰ ਪ੍ਰਭੂ-ਪ੍ਰੇਮ ਤੇ ਪ੍ਰਸਪਰ ਪਿਆਰ ਦੀ ਲੜੀ ਵਿਚ ਪਰੋਣਾ ਹੈ। 'ਹੁਣ' ਦਾ ਨਹੀਂ, 'ਕੱਲ੍ਹ' ਦਾ ਫਿਕਰ ਹੈ। ਮਨੁੱਖ ਨੂੰ ਅੱਜ ਦੇ ਵਕਤੀ ਸੁੱਖ ਜਾਂ ਖ਼ੁਸ਼ੀ ਵਿਚ ਗੜੂੰਦ ਹੋ ਕੇ ਆਪਣੇ 'ਕੱਲ੍ਹ' ਨੂੰ ਨਹੀਂ ਵਿਗਾੜਨਾ ਚਾਹੀਦਾ, ਸਗੋਂ ਅੱਜ ਨੂੰ ਸੰਭਾਲ ਕੇ ਕੱਲ੍ਹ ਨੂੰ ਸੰਵਾਰਨਾ ਚਾਹੀਦਾ ਹੈ। ਆਪਣੀ ਬਾਣੀ ਵਿਚ ਸਮੇਂ ਦੀ ਸਮਾਜਿਕ ਧਾਰਾ ਨੂੰ ਸੋਧਣ, ਨਵੀਂ ਸੇਧ ਦੇਣ ਅਤੇ ਮਨੁੱਖੀ ਭਾਈਚਾਰੇ ਲਈ ਨਵਾਂ ਵਾਤਾਵਰਨ ਉਸਾਰਨ ਵਾਸਤੇ ਵੀ ਕਿਹਾ ਹੈ।

ਬਾਬਾ ਫਰੀਦ ਦਾ ਬਹੁਤਾ ਜੀਵਨ ਪੰਜਾਬੀ ਬੋਲਦੇ ਇਲਾਕਿਆਂ ਵਿਚ ਬੀਤਿਆ। ਪੰਜਾਬੀ ਨਾਲ ਬਹੁਤ ਕਰੀਬੀ ਤੇ ਡੂੰਘਾ ਰਿਸ਼ਤਾ ਹੋਣ ਕਾਰਨ ਉਨ੍ਹਾਂ ਦੀ ਬਾਣੀ ਵਿਚ ਪੰਜਾਬੀ ਭਾਸ਼ਾ ਦੀ ਮਿੱਠਾਸ ਅਤੇ ਲੋਕ ਭਾਸ਼ਾ ਦੇ ਗੂੜ੍ਹੇ ਤੱਤ ਮੌਜੂਦ ਹਨ। ਫਰੀਦ ਬਾਣੀ ਨੂੰ ਪੰਜਾਬੀ ਦੀਆਂ ਪੁਰਾਣੀਆਂ ਤੇ ਪ੍ਰਮਾਣਿਕ ਕਿਰਤਾਂ ਵਿਚੋਂ ਹੋਣ ਦਾ ਮਾਣ ਹਾਸਲ ਹੈ। ਫਰੀਦ ਬਾਣੀ ਮਨੁੱਖੀ ਜੀਵਨ ਦੇ ਮਨੋਰਥ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ।

---

***(ਪਿਛਲੇ ਸਫੇ ਦਾ ਬਾਕੀ)***

ਕਰਨ ਲਈ ਲੋੜੀਂਦਾ ਪਾਣੀ ਨਹੀਂ ਮਿਲਦਾ, ਜਿਸ ਨਾਲ ਪੱਥਰੀ ਅਤੇ ਕਿਡਨੀ ਫੇਲ੍ਹ ਹੋਣ ਦੀ ਨੌਬਤ ਆ ਸਕਦੀ ਹੈ। ਇਨ੍ਹਾਂ ਡਰਿੰਕਸ ਦਾ ਬਹੁਤ ਜ਼ਿਆਦਾ ਐਸਿਡਿਕ ਹੋਣਾ ਪੇਟ ਦੀ ਅੰਦਰੂਨੀ ਪਰਤ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜਿਸ ਨਾਲ ਗੈਸਟਿਕ ਅਲਸਰ ਅਤੇ ਛਾਤੀ ਵਿਚ ਜਲਣ ਹੁੰਦੀ ਹੈ। ਰੋਜ਼ਾਨਾ ਇੰਨੀ ਵੱਧ ਸ਼ੂਗਰ ਲੈਣ ਨਾਲ ਨੌਜਵਾਨ ਉਮਰ ਵਿਚ ਹੀ ਟਾਈਪ-2 ਸ਼ੂਗਰ ਦੀ ਬੀਮਾਰੀ ਲੱਗ ਜਾਂਦੀ ਹੈ, ਅਤੇ ਜ਼ਿਆਦਾ ਕੈਫੀਨ ਸਰੀਰ ਵਿਚ ਕੈਲਸ਼ੀਅਮ ਦੇ ਜਜ਼ਬ ਹੋਣ ਦੀ ਪ੍ਰਕਿਰਿਆ ਨੂੰ ਰੋਕ ਕੇ ਹੱਡੀਆਂ ਅਤੇ ਦੰਦਾਂ ਨੂੰ ਕਮਜ਼ੋਰ ਕਰ ਦਿੰਦੀ ਹੈ।

ਐਨਰਜੀ ਡਰਿੰਕਸ ਦਾ ਕਾਰੋਬਾਰ ਦੁਨੀਆ ਭਰ ਵਿਚ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸੈਕਟਰ ਬਣ ਚੁੱਕਾ ਹੈ, ਜਿਸ ਦੀ ਮਾਰਕੀਟ ਵੈਲਿਊ 83.31 ਅਰਬ ਡਾਲਰ ਨੂੰ ਪਾਰ ਕਰ ਗਈ ਹੈ। ਰੈੱਡ ਬੁੱਲ ਵਰਗੇ ਵੱਡੇ ਬ੍ਰੈਂਡ ਖ਼ੁਦ ਨੂੰ ਐਡਵੈਂਚਰ ਸਪੋਰਟਸ ਅਤੇ ਫਾਰਮੂਲਾ 1 ਰੇਸਿੰਗ ਰਾਹੀਂ ਨੌਜਵਾਨਾਂ ਦੇ ਆਈਕਨ ਵਜੋਂ ਪੇਸ਼ ਕਰਦੇ ਹਨ। ਮੋਨਸਟਰ ਵਰਗੀਆਂ ਕੰਪਨੀਆਂ ਵੱਡੇ ਕੈਨਾਂ ਵਿਚ ਰੋਜ਼ਾਨਾ ਲੋੜ ਨਾਲੋਂ ਦੁੱਗਣੀ ਕੈਫੀਨ ਅਤੇ ਖੰਡ ਵੇਚ ਰਹੀਆਂ ਹਨ। ਉੱਥੇ ਹੀ ਪੈਪਸੀਕੋ ਨੇ 'ਸਟਿੰਗ' ਨੂੰ ਮਾਤਰ 20 ਰੁਪਏ ਵਰਗੀ ਸਸਤੀ ਕੀਮਤ 'ਤੇ ਲਾਂਚ ਕਰਕੇ ਇਸ ਨੂੰ ਛੋਟੇ ਬੱਚਿਆਂ ਅਤੇ ਮਜ਼ਦੂਰਾਂ ਤੱਕ ਪਹੁੰਚਾ ਦਿੱਤਾ ਹੈ। ਇਹ ਸਾਰੀਆਂ ਕੰਪਨੀਆਂ ਆਪਣੇ ਡਰਿੰਕਸ ਉੱਤੇ 'ਵਿਟਾਮਿਨ ਬੀ3, ਬੀ6, ਬੀ12' ਅਤੇ 'ਜਿਨਸੇਂਗ' ਵਰਗੇ ਸ਼ਬਦਾਂ ਨੂੰ ਵੱਡਾ-ਵੱਡਾ ਲਿਖ ਕੇ ਗਾਹਕਾਂ ਨੂੰ ਗੁੰਮਰਾਹ ਕਰਦੀਆਂ ਹਨ ਤਾਂ ਜੋ ਲੋਕ ਇਸ ਨੂੰ ਹੈਲਥ ਡਰਿੰਕ ਸਮਝਣ, ਜਦੋਂ ਕਿ ਇਨ੍ਹਾਂ ਵਿਟਾਮਿਨਾਂ ਦਾ ਫ਼ਾਇਦਾ ਕੈਫੀਨ ਅਤੇ ਖੰਡ ਦੇ ਨੁਕਸਾਨ ਅੱਗੇ ਬਿਲਕੁਲ ਜ਼ੀਰੋ ਹੁੰਦਾ ਹੈ।

ਸਾਲ 2026 ਵਿਚ ਐਨਰਜੀ ਡਰਿੰਕਸ ਦੇ ਖ਼ਿਲਾਫ਼ ਭਾਰਤ ਵਿਚ ਬਹੁਤ ਵੱਡੀਆਂ ਰੈਗੂਲੇਟਰੀ ਕਾਰਵਾਈਆਂ ਹੋਈਆਂ ਹਨ। ਭਾਰਤੀ ਖਾਧ ਸੁਰੱਖਿਆ ਅਤੇ ਮਾਨਕ ਅਥਾਰਟੀ (ਐੱਫ.ਐੱਸ.ਐੱਸ.ਏ.ਆਈ.) ਨੇ ਦੇਸ਼ ਦੇ ਪ੍ਰਮੁੱਖ ਬ੍ਰੈਂਡਾਂ ਨੂੰ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਲਈ ਸਖ਼ਤ ਨੋਟਿਸ ਜਾਰੀ ਕੀਤੇ ਹਨ। ਐੱਫ.ਐੱਸ.ਐੱਸ.ਏ.ਆਈ ਨੇ ਸਾਫ਼ ਕਿਹਾ ਹੈ ਕਿ ਭਾਰਤੀ ਕਾਨੂੰਨ ਵਿਚ 'ਐਨਰਜੀ ਡਰਿੰਕ' ਨਾਮ ਦਾ ਕੋਈ ਮਾਨਕ ਨਹੀਂ ਹੈ ਅਤੇ ਕੰਪਨੀਆਂ ਦੇ ਦਾਅਵਿਆਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਹੁਣ ਇਨ੍ਹਾਂ ਡਰਿੰਕਸ ਨੂੰ 'ਕੈਫੀਨੇਟਿਡ ਬੇਵਰੇਜ' ਲਿਖਣਾ ਪਵੇਗਾ ਅਤੇ ਕੈਨ ਦੇ ਉੱਪਰ ਸਪੱਸ਼ਟ ਚੇਤਾਵਨੀ ਲਿਖਣੀ ਲਾਜ਼ਮੀ ਹੋਵੇਗੀ ਕਿ ਇਹ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਉਚਿਤ ਨਹੀਂ ਹੈ। ਹਾਰਵਰਡ ਹੈਲਥ ਦੀਆਂ ਰਿਪੋਰਟਾਂ ਮੁਤਾਬਕ, ਰੋਜ਼ਾਨਾ ਇਨ੍ਹਾਂ ਨੂੰ ਪੀਣ ਵਾਲੇ ਨੌਜਵਾਨਾਂ ਦੀਆਂ ਨਾੜੀਆਂ ਦੀ ਅੰਦਰੂਨੀ ਪਰਤ ਖ਼ਰਾਬ ਹੋ ਰਹੀ ਹੈ, ਅਤੇ 'ਕੈਫੀਨ ਟੌਕਸਿਸਿਟੀ' ਦੇ ਕਾਰਨ ਬੱਚਿਆਂ ਵਿਚ ਉਲਟੀਆਂ, ਹਲੂਸੀਨੇਸ਼ਨ (ਭਰਮ ਹੋਣਾ) ਅਤੇ ਦਿਲ ਦੇ ਦੌਰੇ ਦੇ ਮਾਮਲੇ 40 ਪ੍ਰਤੀਸ਼ਤ ਤੱਕ ਵਧੇ ਹਨ।

ਸਿਹਤ ਮਾਹਰਾਂ ਨੇ ਦੋ ਸਥਿਤੀਆਂ ਵਿਚ ਐਨਰਜੀ ਡਰਿੰਕਸ ਦੇ ਸੇਵਨ ਨੂੰ ਬੇਹੱਦ ਜਾਨਲੇਵਾ ਦੱਸਿਆ ਹੈ: ਸ਼ਰਾਬ ਦੇ ਨਾਲ ਮਿਲਾ ਕੇ ਪੀਣਾ: ਅੱਜ-ਕੱਲ੍ਹ ਪਾਰਟੀਆਂ ਵਿਚ ਸ਼ਰਾਬ ਦੇ ਅੰਦਰ ਰੈੱਡ ਬੁਲ ਜਾਂ ਮੋਨਸਟਰ ਮਿਲਾ ਕੇ ਪੀਣ ਦਾ ਫੈਸ਼ਨ ਹੈ। ਸ਼ਰਾਬ ਇੱਕ 'ਡਿਪਰੈਸ਼ਨਟ' (ਸਰੀਰ ਨੂੰ ਸ਼ਾਂਤ ਕਰਨ ਵਾਲੀ) ਹੈ ਅਤੇ ਐਨਰਜੀ ਡਰਿੰਕ ਇੱਕ 'ਸਟਿਮੂਲੈਂਟ'(ਸਰੀਰ ਨੂੰ ਉਤੇਜਿਤ ਕਰਨ ਵਾਲੀ) ਹੈ। ਜਦੋਂ ਇਹ ਦੋਵੇਂ ਇਕੱਠੇ ਮਿਲਦੇ ਹਨ, ਤਾਂ ਦਿਮਾਗ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਵਿਅਕਤੀ ਨੂੰ ਨਸ਼ੇ ਦਾ ਅਹਿਸਾਸ ਨਹੀਂ ਹੁੰਦਾ, ਜਿਸ ਨਾਲ 'ਅਲਕੋਹਲ ਪੋਇਜ਼ਨਿੰਗ' ਅਤੇ ਅਚਾਨਕ ਹਾਰਟ ਫੇਲ੍ਹ ਹੋਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਭਾਰੀ ਵਰਕਆਊਟ (ਜ਼ੋਰਦਾਰ ਕਸਰਤ) ਤੋਂ ਬਾਅਦ ਪੀਣਾ: ਜਿਮ ਵਿਚ ਭਾਰੀ ਕਸਰਤ ਕਰਨ ਤੋਂ ਤੁਰੰਤ ਬਾਅਦ ਦਿਲ ਪਹਿਲਾਂ ਹੀ ਬਹੁਤ ਤੇਜ਼ ਧੜਕ ਰਿਹਾ ਹੁੰਦਾ ਹੈ। ਉਸ ਸਮੇਂ ਅਜਿਹੀ ਹਾਈ-ਕੈਫੀਨ ਡਰਿੰਕ ਪੀਣ ਨਾਲ ਦਿਲ 'ਤੇ ਦਬਾਅ ਇੰਨਾ ਵੱਧ ਜਾਂਦਾ ਹੈ ਕਿ ਕਾਰਡੀਅਕ ਅਰੈਸਟ ਹੋ ਸਕਦਾ ਹੈ।

ਐਨਰਜੀ ਡਰਿੰਕਸ ਅਸਲ ਵਿਚ ਸਿਹਤ ਲਈ ਇੱਕ 'ਮਿੱਠਾ ਜ਼ਹਿਰ' ਹਨ, ਜੋ ਸਰੀਰ ਨੂੰ ਕੋਈ ਅਸਲੀ ਕੈਲੋਰੀ ਜਾਂ ਪੋਸ਼ਣ ਨਹੀਂ ਦਿੰਦੀਆਂ, ਬਲਕਿ ਸਿਰਫ਼ ਦਿਮਾਗ ਨੂੰ ਕੁਝ ਸਮੇਂ ਲਈ ਝੂਠੀ ਊਰਜਾ ਦਾ ਅਹਿਸਾਸ ਕਰਵਾਉਂਦੀਆਂ ਹਨ। ਜੇਕਰ ਤੁਹਾਨੂੰ ਸੱਚਮੁੱਚ ਊਰਜਾ ਦੀ ਲੋੜ ਹੈ, ਤਾਂ ਨਕਲੀ ਕੈਮੀਕਲਜ਼ ਦੀ ਬਜਾਏ ਕੁਦਰਤੀ ਚੀਜ਼ਾਂ ਵੱਲ ਮੁੜਨਾ ਚਾਹੀਦਾ ਹੈ: ਕੁਦਰਤੀ ਇਲੈਕਟ੍ਰੋਲਾਈਟਸ ਨਾਲ ਭਰਪੂਰ ਤਾਜ਼ਾ ਨਾਰੀਅਲ ਪਾਣੀ। ਘਰ ਦੀ ਬਣੀ ਨਿੰਬੂ ਕਾਂਜੀ ਜਾਂ ਪੁਦੀਨੇ ਦਾ ਰਸ। ਤਾਜ਼ੇ ਫ਼ਲਾਂ ਦਾ ਜੂਸ। ਇਸ ਦੇ ਨਾਲ ਹੀ ਪੂਰੇ ਦਿਨ ਵਿਚ ਭਰਪੂਰ ਪਾਣੀ ਪੀਣਾ ਅਤੇ 7-8 ਘੰਟਿਆਂ ਦੀ ਚੰਗੀ ਨੀਂਦ ਲੈਣੀ ਚਾਹੀਦੀ ਹੈ, ਕਿਉਂਕਿ ਡੀਹਾਈਡਰੇਸ਼ਨ ਅਤੇ ਨੀਂਦ ਦੀ ਕਮੀ ਹੀ ਸਰੀਰਕ ਥਕਾਵਟ ਦਾ ਮੁੱਖ ਕਾਰਨ ਹੁੰਦੀ ਹੈ। ਆਪਣੇ ਸਰੀਰ ਦੀ ਕੁਦਰਤੀ ਊਰਜਾ ਦਾ ਸਤਿਕਾਰ ਕਰੋ ਅਤੇ ਇਨ੍ਹਾਂ ਡੱਬਾ-ਬੰਦ ਕੈਮੀਕਲਾਂ ਤੋਂ ਦੂਰ ਰਹਿ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਦੀ ਰੱਖਿਆ ਕਰੋ।

# ਚੇਤਿਆਂ ‘ਚ ਵਸਿਆ ਬਚਪਨ ਵਾਲਾ ਘਰ

ਘਰ ਇਕੱਲੇ ਇੱਟਾਂ, ਗਾਰੇ, ਸੀਮੈਂਟ ਅਤੇ ਲੋਹੇ ਨਾਲ ਹੀ ਨਹੀਂ ਬਣਦੇ, ਸਗੋਂ ਘਰ ਹਾਸਿਆਂ, ਰੌਣਕਾਂ, ਰਿਸ਼ਤਿਆਂ, ਮੋਹ, ਮਮਤਾ ਅਤੇ ਯਾਦਾਂ ਨਾਲ ਬਣਦੇ ਹਨ। ਉਹ ਘਰ ਭਾਵੇਂ ਸਮੇਂ ਦੀ ਧੂੜ ਵਿਚ ਕਿਤੇ ਪਿੱਛੇ ਰਹਿ ਜਾਣ, ਉਨ੍ਹਾਂ ਦੀਆਂ ਕੰਧਾਂ ਢਹਿ ਜਾਣ, ਦਰਵਾਜ਼ੇ ਬਦਲ ਜਾਣ ਅਤੇ ਉਨ੍ਹਾਂ ਦੀ ਥਾਂ ਨਵੀਆਂ ਇਮਾਰਤਾਂ ਖੜ੍ਹੀਆਂ ਹੋ ਜਾਣ, ਪਰ ਉਹ ਮਨੁੱਖ ਦੇ ਅੰਦਰੋਂ ਕਦੇ ਨਹੀਂ ਢਹਿੰਦੇ। ਮੇਰੇ ਬਚਪਨ ਦਾ ਘਰ ਵੀ ਮੇਰੇ ਲਈ ਅਜਿਹਾ ਹੀ ਘਰ ਹੈ।

ਅੱਜ ਉਸ ਥਾਂ ’ਤੇ ਭਾਵੇਂ ਅਸੀਂ ਇੱਕ ਵੱਡੀ ਕੋਠੀਨੁਮਾ ਇਮਾਰਤ ਖੜ੍ਹੀ ਕਰ ਲਈ ਹੈ ਤੇ ਘਰ ਦੀਆਂ ਕੰਧਾਂ ਉੱਚੀਆਂ ਹੋ ਗਈਆਂ ਹਨ, ਕਮਰੇ ਵਧ ਗਏ ਹਨ, ਸਹੂਲਤਾਂ ਵਧ ਗਈਆਂ ਹਨ ਅਤੇ ਘਰ ਦਾ ਰੂਪ ਬਦਲ ਗਿਆ ਹੈ। ਜੇ ਕੋਈ ਅੱਜ ਉਸ ਘਰ ਨੂੰ ਵੇਖੇ ਤਾਂ ਸ਼ਾਇਦ ਉਸ ਨੂੰ ਇਹ ਵਿਸ਼ਵਾਸ ਵੀ ਨਾ ਆਵੇ ਕਿ ਕਦੇ ਇੱਥੇ ਇੱਕ ਨਿੱਕਾ ਜਿਹਾ ਕੱਚਾ-ਪੱਕਾ ਘਰ ਹੁੰਦਾ ਸੀ, ਜਿਸ ਵਿਚ ਜਗ੍ਹਾ ਘੱਟ ਸੀ, ਪਰ ਦਿਲਾਂ ਵਿਚ ਬੇਅੰਤ ਥਾਂ ਸੀ। ਪਰ ਮੇਰੀਆਂ ਅੱਖਾਂ ਜਦੋਂ ਉਸ ਘਰ ਨੂੰ ਲੱਭਦੀਆਂ ਹਨ, ਤਾਂ ਉਹ ਨਵੀਂ ਕੋਠੀ ਨੂੰ ਨਹੀਂ ਵੇਖਦੀਆਂ। ਮੇਰੀਆਂ ਅੱਖਾਂ ਅੱਜ ਵੀ ਉਸੇ ਪੁਰਾਣੇ ਘਰ ਦੀਆਂ ਮਿੱਟੀ-ਰੰਗੀਆਂ ਕੰਧਾਂ, ਪੁਰਾਣੇ ਦਰਵਾਜ਼ਿਆਂ, ਤੰਗ ਵਿਹੜੇ ਅਤੇ ਬਰਾਂਡੇ ਨੂੰ ਲੱਭਦੀਆਂ ਹਨ।

**ਮਨਜੀਤ ਮਾਨ**

ਮੇਰੇ ਸੁਪਨਿਆਂ ਵਿਚ ਵੀ ਅਕਸਰ ਉਹੀ ਘਰ ਆਉਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਸੁਪਨਿਆਂ ਵਿਚ ਘਰ ਕਦੇ ਨਵਾਂ ਨਹੀਂ ਹੁੰਦਾ, ਉੱਥੇ ਅੱਜ ਦੀ ਕੋਠੀ ਨਹੀਂ ਹੁੰਦੀ। ਉੱਥੇ ਮੇਰਾ ਬਚਪਨ ਹੁੰਦਾ ਹੈ; ਉਹੀ ਛੋਟਾ ਜਿਹਾ ਵਿਹੜਾ, ਉਹੀ ਬਰਾਂਡਾ, ਉਹੀ ਪੁਰਾਣੇ ਦਰਵਾਜ਼ੇ ਅਤੇ ਉਨ੍ਹਾਂ ਦਰਵਾਜ਼ਿਆਂ ਦੇ ਪਿੱਛੇ ਉਹੀ ਆਪਣੇ ਲੋਕ ਹੁੰਦੇ ਹਨ। ਸ਼ਾਇਦ ਮਨ ਦੀ ਆਪਣੀ ਇੱਕ ਦੁਨੀਆ ਹੁੰਦੀ ਹੈ, ਜਿੱਥੇ ਸਮਾਂ ਆਪਣੀ ਰਫ਼ਤਾਰ ਭੁੱਲ ਜਾਂਦਾ ਹੈ। ਸਰੀਰ ਭਾਵੇਂ ਉਮਰ ਦੇ ਕਈ ਪੜਾਅ ਪਾਰ ਕਰ ਜਾਵੇ, ਪਰ ਮਨ ਕਈ ਵਾਰ ਉੱਥੇ ਹੀ ਵਾਪਸ ਚਲਾ ਜਾਂਦਾ ਹੈ ਜਿੱਥੇ ਉਸ ਨੇ ਪਹਿਲੀ ਵਾਰ ਆਪਣਾ ਘਰ ਮਹਿਸੂਸ ਕੀਤਾ ਸੀ।

ਉਹ ਘਰ ਬਹੁਤ ਵੱਡਾ ਨਹੀਂ ਸੀ। ਸੱਚ ਪੁੱਛੋ ਤਾਂ ਅੱਜ ਦੇ ਸਮੇਂ ਦੇ ਹਿਸਾਬ ਨਾਲ ਉਸ ਨੂੰ ਘਰ ਕਹਿਣ ਤੋਂ ਪਹਿਲਾਂ ਕੋਈ ਸ਼ਾਇਦ ਉਸ ਦੀਆਂ ਘਾਟਾਂ ਗਿਣਾਉਣ ਲੱਗ ਪਵੇ। ਘਰ ਵਿਚ ਦੋ ਸਬਾਤਾਂ ਸਨ। ਇੱਕ ਸਬਾਤ ਤੂੜੀ ਨਾਲ ਭਰੀ ਰਹਿੰਦੀ ਸੀ ਅਤੇ ਦੂਜੀ ਵਿਚ ਪੇਟੀਆਂ, ਅਨਾਜ ਤੇ ਘਰ ਦਾ ਹੋਰ ਸਾਮਾਨ ਰੱਖਿਆ ਹੁੰਦਾ ਸੀ। ਇਨ੍ਹਾਂ ਦੇ ਅੱਗੇ ਬਰਾਂਡਾ ਸੀ। ਬਰਾਂਡੇ ਤੋਂ ਅੱਗੇ ਨਿੱਕੀ ਜਿਹੀ ਰਸੋਈ ਅਤੇ ਉਸ ਨਾਲ ਜੁੜਿਆ ਹੋਇਆ ਭੀੜਾ ਜਿਹਾ ਵਿਹੜਾ ਸੀ। ਵਿਹੜੇ ਦੇ ਸਿਰੇ ’ਤੇ ਘਰ ਦਾ ਮੁੱਖ ਦਰਵਾਜ਼ਾ ਸੀ।

ਘਰ ਵਿਚ ਜਗ੍ਹਾ ਘੱਟ ਸੀ, ਪਰ ਉਸ ਵਿਚ ਜੀਵਨ ਬਹੁਤ ਸੀ।

ਅੱਜ ਜਦੋਂ ਵੱਡੀਆਂ ਕੋਠੀਆਂ ਵਿਚ ਇੱਕ-ਇੱਕ ਬੰਦੇ ਲਈ ਵੱਖਰਾ ਕਮਰਾ ਹੁੰਦਾ ਹੈ, ਤਾਂ ਕਈ ਵਾਰ ਉਹ ਕਮਰੇ ਵੀ ਖਾਲੀ ਪਏ ਰਹਿੰਦੇ ਹਨ। ਸਾਡੇ ਘਰ ਵਿਚ ਕਮਰੇ ਘੱਟ ਸਨ, ਪਰ ਇਕੱਲਾਪਣ ਨਹੀਂ ਸੀ। ਸਾਨੂੰ ਇਕੱਲੇ ਰਹਿਣ ਦੀ ਆਦਤ ਨਹੀਂ ਸੀ। ਇੱਕ ਦੇ ਸਾਹ ਵਿਚ ਦੂਜੇ ਦਾ ਸਾਹ ਮਿਲਦਾ ਸੀ। ਕਿਸੇ ਦੀ ਹਾਸੀ ਸਾਰੇ ਘਰ ਦੀ ਹਾਸੀ ਬਣ ਜਾਂਦੀ ਸੀ ਅਤੇ ਕਿਸੇ ਦੀ ਉਦਾਸੀ ਸਾਰੇ ਪਰਿਵਾਰ ਦੀ ਉਦਾਸੀ।

ਗਰਮੀਆਂ ਵਿਚ ਦੁਪਹਿਰ ਦੀ ਤਪਦੀ ਧੁੱਪ ਤੋਂ ਬਚਣ ਲਈ ਬਰਾਂਡਾ ਹੀ ਸਾਡਾ ਆਸਰਾ ਹੁੰਦਾ ਸੀ। ਉੱਥੇ ਬੈਠ ਕੇ ਗੱਲਾਂ ਹੁੰਦੀਆਂ, ਪੱਖੇ ਦੀ ਹਵਾ ਖਾਧੀ ਜਾਂਦੀ, ਕਦੇ ਕੋਈ ਪੁਰਾਣੀ ਗੱਲ ਛਿੜ ਜਾਂਦੀ ਅਤੇ ਕਦੇ ਬਿਨਾਂ ਕਿਸੇ ਕਾਰਨ ਹਾਸਾ ਸ਼ੁਰੂ ਹੋ ਜਾਂਦਾ। ਰਾਤ ਨੂੰ ਵੀ ਕਈ ਵਾਰ ਉਹੀ ਬਰਾਂਡਾ ਸਾਡਾ ਸੌਣ ਵਾਲਾ ਕਮਰਾ ਬਣ ਜਾਂਦਾ। ਮੰਜੇ ਡਾਹੇ ਜਾਂਦੇ, ਕਿਸੇ ਦਾ ਸਿਰ ਕਿਸੇ ਦੇ ਪੈਰਾਂ ਕੋਲ ਹੁੰਦਾ ਅਤੇ ਕਿਸੇ ਦੀ ਜਗ੍ਹਾ ਕਿਸੇ ਹੋਰ ਨਾਲ ਸਾਂਝੀ ਹੋ ਜਾਂਦੀ। ਪਰ ਕਿਸੇ ਨੂੰ ਇਹ ਗਿਲਾ ਨਹੀਂ ਸੀ ਕਿ ਮੇਰੀ ਜਗ੍ਹਾ ਘੱਟ ਹੈ। ਉਸ ਵੇਲੇ ਜਗ੍ਹਾ ਨਾਲੋਂ ਨੇੜਤਾ ਦੀ ਕੀਮਤ ਵੱਧ ਸੀ।

ਸਿਆਲਾਂ ਵਿਚ ਤਾਂ ਘਰ ਦਾ ਹਰ ਇੰਚ ਕੀਮਤੀ ਹੋ ਜਾਂਦਾ ਸੀ। ਪੋਹ-ਮਾਘ ਦੀਆਂ ਕੜਾਕੇ ਦੀਆਂ ਰਾਤਾਂ ਵਿਚ ਠੰਢੀ ਹਵਾ ਨੂੰ ਅੰਦਰ ਆਉਣ ਤੋਂ ਰੋਕਣ ਲਈ ਬਰਾਂਡੇ ਦੇ ਪਾਸਿਆਂ ਨੂੰ ਪੱਲੀਆਂ ਨਾਲ ਬੰਦ ਕਰ ਦਿੱਤਾ ਜਾਂਦਾ। ਜਦੋਂ ਕੋਈ ਰਿਸ਼ਤੇਦਾਰ ਰਾਤ ਰਹਿਣ ਆ ਜਾਂਦਾ, ਤਾਂ ਘਰ ਦੀ ਥੋੜ੍ਹੀ ਜਿਹੀ ਜਗ੍ਹਾ ਹੋਰ ਵੀ ਛੋਟੀ ਲੱਗਣ ਲੱਗਦੀ। ਪਰ ਅਜੀਬ ਗੱਲ ਇਹ ਸੀ ਕਿ ਘਰ ਭੀੜਾ ਹੋਣ ਦੇ ਬਾਵਜੂਦ ਦਿਲ ਕਦੇ ਨਹੀਂ ਸੀ ਭਰਦਾ। ਉਲਟਾ, ਜਿੰਨੇ ਵੱਧ ਜੀਅ ਇਕੱਠੇ ਹੁੰਦੇ, ਘਰ ਓਨਾ ਹੀ ਜਿਊਂਦਾ ਲੱਗਦਾ।

ਅੱਜ ਜਦੋਂ ਕਦੇ ਪੁਰਾਣੇ ਦਿਨ ਯਾਦ ਆਉਂਦੇ ਹਨ, ਤਾਂ ਸਮਝ ਆਉਂਦੀ ਹੈ ਕਿ ਘਰ ਦੀ ਖ਼ੁਸ਼ੀ ਉਸ ਦੇ ਆਕਾਰ ਵਿਚ ਨਹੀਂ ਹੁੰਦੀ, ਸਗੋਂ ਉਸ ਵਿਚ ਵੱਸਦੇ ਲੋਕਾਂ ਦੇ ਰਿਸ਼ਤਿਆਂ ਵਿਚ ਹੁੰਦੀ ਹੈ।

ਉਸ ਘਰ ਨਾਲ ਜੁੜੀਆਂ ਯਾਦਾਂ ਵਿਚ ਸਾਡੇ ਪਸ਼ੂ ਵੀ ਸ਼ਾਮਲ ਹਨ। ਘਰ ਛੋਟਾ ਸੀ, ਇਸ ਲਈ ਪਸ਼ੂ ਵੀ ਗਿਣਤੀ ਦੇ ਹੀ ਰੱਖੇ ਜਾਂਦੇ ਸਨ। ਗਰਮੀਆਂ ਵਿਚ ਉਹ ਵਿਹੜੇ ਵਿਚ ਵੱਖ-ਵੱਖ ਕਿੱਲਿਆਂ ਨਾਲ ਬੱਝੇ ਰਹਿੰਦੇ। ਸਿਆਲ ਆਉਂਦੇ ਤਾਂ ਉਨ੍ਹਾਂ ਲਈ ਵੀ ਥਾਂ ਬਣਾਉਣੀ ਪੈਂਦੀ। ਇੱਕ ਸਾਲ ਦੋਵੇਂ ਮੱਝਾਂ ਇਕੱਠੀਆਂ ਸੂ ਪਈਆਂ, ਤਾਂ ਪਸ਼ੂਆਂ ਦੀ ਗਿਣਤੀ ਵਧ ਗਈ। ਘਰ ਵਿਚ ਜਗ੍ਹਾ ਪਹਿਲਾਂ ਹੀ ਘੱਟ ਸੀ, ਪਰ ਪਰਿਵਾਰ ਨੇ ਉਸ ਦਾ ਵੀ ਹੱਲ ਕੱਢ ਲਿਆ। ਤੂੜੀ ਘੱਟ ਹੋਣ ਕਾਰਨ ਤੂੜੀ ਵਾਲੀ ਸਬਾਤ ਵਿਚ ਜਗ੍ਹਾ ਬਣ ਗਈ ਅਤੇ ਸਾਡਾ ਬਲਦ ਵੀ ਉੱਥੇ ਹੀ ਬੰਨ੍ਹ ਦਿੱਤਾ ਗਿਆ।

ਉਸੇ ਘਰ ਦੀ ਇੱਕ ਘਟਨਾ ਅੱਜ ਵੀ ਸਾਡੇ ਪਰਿਵਾਰ ਵਿਚ ਹਾਸੇ ਦਾ ਕਾਰਨ ਬਣ ਜਾਂਦੀ ਹੈ। ਇੱਕ ਵਾਰ ਮਾਮੀ ਜੀ ਰਾਤ ਰਹਿਣ ਆਏ। ਸਾਰਾ ਦਿਨ ਗੱਲਾਂ-ਬਾਤਾਂ ਨਾਲ ਘਰ ਵਿਚ ਰੌਣਕ ਰਹੀ। ਰਾਤ ਨੂੰ ਰੋਟੀ ਖਾਣ ਤੋਂ ਬਾਅਦ ਸਾਰੇ ਬਰਾਂਡੇ ਵਿਚ ਸੌਣ ਦੀ ਤਿਆਰੀ ਕਰਨ ਲੱਗੇ। ਬੇਬੇ ਨੇ ਮਾਮੀ ਲਈ ਸਬਾਤ ਵਿਚ ਮੰਜਾ ਡਾਹ ਦਿੱਤਾ। ਮਾਮੀ ਨੂੰ ਇਹ ਪਤਾ ਹੀ ਨਾ ਲੱਗਾ ਕਿ ਉਸ ਦੇ ਸਿਰਹਾਣੇ ਵਾਲੀ ਸਬਾਤ ਵਿਚ ਬਲਦ ਵੀ ਬੱਝਾ ਹੋਇਆ ਹੈ।

ਰਾਤ ਲੰਘ ਗਈ। ਸਵੇਰੇ ਮਾਮੀ ਨੇ ਵਿਹੜੇ ਵੱਲ ਵੇਖ ਕੇ ਹੈਰਾਨੀ ਨਾਲ ਬੇਬੇ ਨੂੰ ਪੁੱਛਿਆ ਕਿ ਬਾਹਰ ਮੀਂਹ ਤਾਂ ਪਿਆ ਨਹੀਂ ਲੱਗਦਾ, ਸਾਰੀ ਰਾਤ ਪਰਨਾਲੇ ਛਲਕਣ ਵਰਗੀ ਆਵਾਜ਼ ਆਉਂਦੀ ਰਹੀ। ਬੇਬੇ ਨੇ ਹੱਸਦਿਆਂ ਦੱਸਿਆ ਕਿ ਉਹ ਮੀਂਹ ਨਹੀਂ ਸੀ ਪੈ ਰਿਹਾ; ਉਸ ਦੇ ਸਿਰਹਾਣੇ ਵਾਲੀ ਸਬਾਤ ਵਿਚ ਬਲਦ ਬੱਝਾ ਹੋਇਆ ਸੀ ਅਤੇ ਉਹੀ ਰਾਤ ਭਰ ਪਰਨਾਲਾ ਚਲਾ ਰਿਹਾ ਸੀ! ਇਹ ਸੁਣ ਕੇ ਅਤੇ ਮਾਮੀ ਦਾ ਚਿਹਰਾ ਦੇਖ ਕੇ ਸਾਰਾ ਪਰਿਵਾਰ ਹੱਸ-ਹੱਸ ਕੇ ਦੂਹਰਾ ਹੋ ਗਿਆ।

ਅੱਜ ਉਸ ਘਟਨਾ ਨੂੰ ਯਾਦ ਕਰਦਿਆਂ ਲੱਗਦਾ ਹੈ ਕਿ ਉਹ ਬਲਦ, ਉਹ ਤੰਗ ਸਬਾਤ, ਉਹ ਰਾਤ ਅਤੇ ਉਹ ਹਾਸਾ ਇਹ ਸਭ ਮਿਲ ਕੇ ਸਾਡੇ ਘਰ ਦੀ ਇੱਕ ਅਜਿਹੀ ਤਸਵੀਰ ਬਣਾਉਂਦੇ ਹਨ, ਜਿਸ ਨੂੰ ਕੋਈ ਚਿੱਤਰਕਾਰ ਵੀ ਸ਼ਾਇਦ ਇੰਨੀ ਸਜੀਵਤਾ ਨਾਲ ਨਾ ਬਣਾ ਸਕੇ। ਉਹ ਘਰ ਸਹੂਲਤਾਂ ਪੱਖੋਂ ਭਾਵੇਂ ਗਰੀਬ ਹੋਵੇ, ਪਰ ਯਾਦਾਂ ਪੱਖੋਂ ਬਹੁਤ ਅਮੀਰ ਸੀ। ਉਸ ਵੇਲੇ ਸਾਡੇ ਕੋਲ ਅੱਜ ਵਾਲੀਆਂ ਸਹੂਲਤਾਂ ਨਹੀਂ ਸਨ। ਨਾ ਵੱਡੇ ਕਮਰੇ ਸਨ, ਨਾ ਆਧੁਨਿਕ ਫਰਨੀਚਰ, ਨਾ ਹਰ ਜੀਅ ਲਈ ਵੱਖਰਾ ਕਮਰਾ, ਅਤੇ ਨਾ ਹੀ ਘਰ ਵਿਚ ਹਰ ਵੇਲੇ ਚੱਲਦੇ ਬਿਜਲੀ ਦੇ ਉਪਕਰਨ। ਪਰ ਸਾਡੇ ਕੋਲ ਇੱਕ ਅਜਿਹੀ ਚੀਜ਼ ਸੀ ਜਿਸ ਦੀ ਕੀਮਤ ਅੱਜ ਸਮਝ ਆਉਂਦੀ ਹੈ ਇੱਕ-ਦੂਜੇ ਲਈ ਸਮਾਂ।

ਅਸੀਂ ਇੱਕ-ਦੂਜੇ ਨਾਲ ਬੈਠਦੇ ਸਾਂ, ਇੱਕ-ਦੂਜੇ ਦੀਆਂ ਗੱਲਾਂ ਸੁਣਦੇ ਸਾਂ, ਇੱਕ-ਦੂਜੇ ਨਾਲ ਹੱਸਦੇ ਸਾਂ ਅਤੇ ਇੱਕ-ਦੂਜੇ ਦੇ ਦੁੱਖ ਵਿਚ ਖੜ੍ਹੇ ਹੁੰਦੇ ਸਾਂ।

ਅੱਜ ਘਰ ਵੱਡੇ ਹਨ, ਪਰ ਇਕੱਠੇ ਬੈਠਣ ਵਾਲੇ ਪਲ ਛੋਟੇ ਹੋ ਗਏ ਹਨ। ਕਮਰੇ ਵੱਧ ਗਏ ਹਨ, ਪਰ ਗੱਲਾਂ ਕਰਨ ਲਈ ਲੋਕ ਘੱਟ ਹੋ ਗਏ ਹਨ। ਹਰ ਜੀਅ ਕੋਲ ਆਪਣੀ ਨਿੱਜੀ ਜਗ੍ਹਾ ਹੈ, ਪਰ ਇੱਕ-ਦੂਜੇ ਦੇ ਮਨ ਤੱਕ ਪਹੁੰਚਣ ਵਾਲੀ ਥਾਂ ਕਈ ਵਾਰ ਨਹੀਂ ਰਹੀ।

ਕਦੇ-ਕਦੇ ਸੋਚਦਾ ਹਾਂ ਕਿ ਆਖ਼ਿਰ ਆਪਣੇ ਘਰਾਂ ਨੂੰ ਵੱਡਾ ਕਰਦਿਆਂ-ਕਰਦਿਆਂ ਅਸੀਂ ਆਪਣੇ ਦਿਲਾਂ ਵਿਚਕਾਰ ਇੰਨੀ ਦੂਰੀ ਕਿਉਂ ਪੈਦਾ ਕਰ ਲਈ? ਉਹ ਪੁਰਾਣਾ ਘਰ ਸੱਚਮੁੱਚ ਭੀੜਾ ਸੀ, ਪਰ ਅਸੀਂ ਇੱਕ-ਦੂਜੇ ਦੇ ਕੋਲ-ਕੋਲ ਸਾਂ। ਅੱਜ ਘਰ ਖੁੱਲ੍ਹਾ ਹੈ, ਵਿਸ਼ਾਲ ਹੈ, ਕਮਰੇ ਬੇਸ਼ੁਮਾਰ ਹਨ, ਪਰ ਕਈ ਵਾਰ ਉਨ੍ਹਾਂ ਕਮਰਿਆਂ ਦੇ ਦਰਵਾਜ਼ਿਆਂ ਦੇ ਪਿੱਛੇ ਇਕੱਲੇ-ਇਕੱਲੇ ਬੈਠੇ ਜੀਅ ਬਹੁਤ ਦੂਰ-ਦੂਰ ਲੱਗਦੇ ਹਨ।

ਇਹ ਸਿਰਫ਼ ਮੇਰੇ ਘਰ ਦੀ ਕਹਾਣੀ ਨਹੀਂ, ਇਹ ਸ਼ਾਇਦ ਸਾਡੇ ਸਮਿਆਂ ਦੀ ਕਹਾਣੀ ਹੈ। ਸਾਡੇ ਮਾਪਿਆਂ ਦੀ ਪੀੜ੍ਹੀ ਨੇ ਘੱਟ



ਵਿਚ ਜੀਣਾ ਸਿੱਖਿਆ ਸੀ। ਇੱਕ ਰੋਟੀ ਵੱਧ ਹੋਵੇ ਤਾਂ ਚਾਰ ਜਣਿਆਂ ਵਿਚ ਵੰਡ ਲਈ ਜਾਂਦੀ ਸੀ। ਇੱਕ ਮੰਜਾ ਹੋਵੇ ਤਾਂ ਦੋ ਜਣੇ ਉਸ ਉੱਤੇ ਬੈਠ ਜਾਂਦੇ ਸਨ। ਇੱਕ ਕਮਰਾ ਹੋਵੇ ਤਾਂ ਉਸ ਵਿਚ ਸਾਰਾ ਪਰਿਵਾਰ ਸਮਾ ਜਾਂਦਾ ਸੀ। ਪਰ ਅੱਜ ਸਾਡੇ ਕੋਲ ਸਭ ਕੁਝ ਵੱਧ ਹੈ ਸਿਰਫ਼ ਇੱਕ-ਦੂਜੇ ਲਈ ਸਮਾਂ ਅਤੇ ਸਹਿਣਸ਼ੀਲਤਾ ਘੱਟ ਰਹਿ ਗਈ ਹੈ।

ਮੇਰੇ ਬਚਪਨ ਦਾ ਘਰ ਹੁਣ ਨਹੀਂ ਰਿਹਾ। ਉਹ ਬਰਾਂਡਾ ਨਹੀਂ ਹੈ, ਉਹ ਤੂੜੀ ਵਾਲੀ ਸਬਾਤ ਨਹੀਂ ਹੈ, ਪੇਟੀਆਂ ਅਤੇ ਅਨਾਜ ਵਾਲੀ ਸਬਾਤ ਵੀ ਨਹੀਂ ਹੈ। ਉਹ ਭੀੜਾ ਜਿਹਾ ਵਿਹੜਾ ਵੀ ਨਹੀਂ ਹੈ ਜਿੱਥੇ ਸਾਡੀ ਜ਼ਿੰਦਗੀ ਦੀਆਂ ਕਿੰਨੀਆਂ ਹੀ ਛੋਟੀਆਂ-ਵੱਡੀਆਂ ਘਟਨਾਵਾਂ ਵਾਪਰੀਆਂ ਸਨ। ਉਹ ਪੁਰਾਣੇ ਦਰਵਾਜ਼ੇ ਵੀ ਨਹੀਂ ਹਨ ਜਿਨ੍ਹਾਂ ਨੂੰ ਖੋਲ੍ਹ ਕੇ ਅਸੀਂ ਬਾਹਰ ਜਾਂਦੇ ਅਤੇ ਦੌੜਦੇ ਹੋਏ ਮੁੜ ਅੰਦਰ ਆਉਂਦੇ ਸਾਂ।

ਹੁਣ ਉੱਥੇ ਇੱਕ ਸੋਹਣੀ ਕੋਠੀ ਖੜ੍ਹੀ ਹੈ, ਪਰ ਮੇਰੇ ਲਈ ਉਹ ਕੋਠੀ ਮੇਰਾ ਪੁਰਾਣਾ ਘਰ ਨਹੀਂ ਹੈ। ਮੇਰਾ ਘਰ ਅਜੇ ਵੀ ਉਹੀ ਹੈ ਜੋ ਮੇਰੀ ਯਾਦ ਵਿਚ ਵੱਸਦਾ ਹੈ।

ਕਈ ਵਾਰ ਮੈਂ ਪੁਰਾਣੇ ਘਰ ਦੀ ਤਸਵੀਰ ਨੂੰ ਬੜੀ ਦੇਰ ਤੱਕ ਤੱਕਦਾ ਰਹਿੰਦਾ ਹਾਂ। ਕੰਧਾਂ ਦਾ ਉਖੜਿਆ ਹੋਇਆ ਪਲਸਤਰ ਮੈਨੂੰ ਸੁੰਦਰ ਲੱਗਦਾ ਹੈ। ਪੁਰਾਣੀਆਂ ਇੱਟਾਂ ਵਿਚ ਵੀ ਮੈਨੂੰ ਕੋਈ ਆਪਣਾਪਣ ਨਜ਼ਰ ਆਉਂਦਾ ਹੈ। ਕੰਧਾਂ ਦੀਆਂ ਦਰਾਰਾਂ ਮੈਨੂੰ ਕਮੀਆਂ ਨਹੀਂ ਲੱਗਦੀਆਂ; ਉਹ ਤਾਂ ਸਮੇਂ ਵੱਲੋਂ ਲਿਖੀਆਂ ਹੋਈਆਂ ਯਾਦਾਂ ਦੀਆਂ ਲਕੀਰਾਂ ਲੱਗਦੀਆਂ ਹਨ। ਉਸ ਘਰ ਦੀ ਸਾਦਗੀ ਵਿਚ ਮੈਨੂੰ ਆਪਣਾ ਬਚਪਨ ਦਿਸਦਾ ਹੈ।

ਅੱਜ ਜੇ ਮੈਂ ਉਸ ਘਰ ਦੀ ਇੱਕ-ਇੱਕ ਚੀਜ਼ ਨੂੰ ਯਾਦ ਕਰਾਂ, ਤਾਂ ਸ਼ਾਇਦ ਕੋਈ ਦੂਜਾ ਬੰਦਾ ਪੁੱਛੇ ਕਿ ਇਸ ਵਿਚ ਯਾਦ ਕਰਨ ਵਾਲੀ ਕੀ ਗੱਲ ਹੈ? ਇੱਕ ਸਬਾਤ, ਇੱਕ ਬਰਾਂਡਾ, ਇੱਕ ਛੋਟਾ ਵਿਹੜਾ, ਇੱਕ ਰਸੋਈ, ਕੁਝ ਪੁਰਾਣੇ ਦਰਵਾਜ਼ੇ ਅਤੇ ਕੱਚੀਆਂ-ਪੱਕੀਆਂ ਕੰਧਾਂ ਇਨ੍ਹਾਂ ਵਿਚ ਕੀ ਖਾਸ ਸੀ? ਪਰ ਯਾਦਾਂ ਦੀ ਦੁਨੀਆ ਵਿਚ ਚੀਜ਼ਾਂ ਦੀ ਅਹਿਮੀਅਤ ਉਨ੍ਹਾਂ ਦੀ ਕੀਮਤ ਨਾਲ ਨਹੀਂ ਹੁੰਦੀ, ਸਗੋਂ ਇਸ ਗੱਲ ਨਾਲ ਹੁੰਦੀ ਹੈ ਕਿ ਉਨ੍ਹਾਂ ਨਾਲ ਸਾਡੀ ਜ਼ਿੰਦਗੀ ਦਾ ਕਿਹੜਾ ਹਿੱਸਾ ਜੁੜਿਆ ਹੋਇਆ ਹੈ।

ਉਸ ਬਰਾਂਡੇ ਵਿਚ ਮੇਰਾ ਬਚਪਨ ਬੈਠਾ ਹੈ।

ਉਸ ਵਿਹੜੇ ਵਿਚ ਮੇਰੀਆਂ ਖੇਡਾਂ ਹਨ।

ਉਨ੍ਹਾਂ ਕੰਧਾਂ ਵਿਚ ਬੇਬੇ ਦੀ ਆਵਾਜ਼ ਗੂੰਜਦੀ ਹੈ।

ਉਨ੍ਹਾਂ ਦਰਵਾਜ਼ਿਆਂ ਵਿਚੋਂ ਲੰਘਦੇ ਮੇਰੇ ਆਪਣੇ ਲੋਕ ਦਿਸਦੇ ਹਨ।

ਉਸ ਸਬਾਤ ਵਿਚ ਬੱਝੇ ਬਲਦ ਦੀ ਆਵਾਜ਼ ਵੀ ਹੁਣ ਮੈਨੂੰ ਕਿਸੇ ਸ਼ੋਰ ਵਰਗੀ ਨਹੀਂ ਲੱਗਦੀ; ਉਹ ਤਾਂ ਬੀਤੇ ਸਮੇਂ ਦੀ ਇੱਕ ਮਿੱਠੀ ਧੁਨ ਬਣ ਗਈ ਹੈ।

ਸ਼ਾਇਦ ਇਸੇ ਕਰਕੇ ਮੈਨੂੰ ਸੁਪਨੇ ਵੀ ਉਸੇ ਘਰ ਦੇ ਆਉਂਦੇ ਹਨ। ਸੁਪਨਿਆਂ ਵਿਚ ਮੈਂ ਅੱਜ ਦੀ ਕੋਠੀ ਵਿਚ ਨਹੀਂ ਜਾਂਦਾ। ਮੈਂ ਉਸੇ ਪੁਰਾਣੇ ਘਰ ਦੇ ਦਰਵਾਜ਼ੇ ਵਿਚੋਂ ਅੰਦਰ ਵੜਦਾ ਹਾਂ। ਉੱਥੇ ਮੇਰੇ ਆਪਣੇ ਲੋਕ ਹੁੰਦੇ ਹਨ ਕੋਈ ਬਰਾਂਡੇ ਵਿਚ ਬੈਠਾ ਹੁੰਦਾ ਹੈ, ਕੋਈ ਵਿਹੜੇ ਵਿਚ ਹੁੰਦਾ, ਕੋਈ ਰਸੋਈ ਵਿਚ ਰੁੱਝਿਆ ਹੁੰਦਾ ਹੈ। ਕਿਤੇ ਹਾਸਾ ਸੁਣਾਈ ਦਿੰਦਾ ਹੈ, ਕਿਤੇ ਕਿਸੇ ਦੀ ਆਵਾਜ਼ ਆਉਂਦੀ ਹੈ। ਮੈਂ ਉਨ੍ਹਾਂ ਨੂੰ ਵੇਖਦਾ ਹਾਂ ਅਤੇ ਕੁਝ ਪਲਾਂ ਲਈ ਲੱਗਦਾ ਹੈ ਕਿ ਸਮਾਂ ਰੁਕ ਗਿਆ ਹੈ।

ਫਿਰ ਅੱਖ ਖੁੱਲ੍ਹ ਜਾਂਦੀ ਹੈ। ਕਮਰਾ ਅੱਜ ਦਾ ਹੁੰਦਾ ਹੈ, ਘਰ ਅੱਜ ਦਾ ਹੁੰਦਾ ਹੈ, ਪਰ ਮਨ ਕੁਝ ਪਲਾਂ ਲਈ ਅਜੇ ਵੀ ਉਸ ਪੁਰਾਣੇ ਘਰ ਵਿਚ ਹੀ ਬੈਠਾ ਰਹਿੰਦਾ ਹੈ।

ਸ਼ਾਇਦ ਮਨੁੱਖ ਦੀ ਸਭ ਤੋਂ ਵੱਡੀ ਦੌਲਤ ਇਹੀ ਹੈ ਕਿ ਉਹ ਬੀਤੇ ਹੋਏ ਸਮੇਂ ਨੂੰ ਆਪਣੇ ਅੰਦਰ ਸੰਭਾਲ ਸਕਦਾ ਹੈ। ਘਰ ਢਹਿ ਸਕਦੇ ਹਨ, ਕੰਧਾਂ ਬਦਲ ਸਕਦੀਆਂ ਹਨ, ਲੋਕ ਦੂਰ ਹੋ ਸਕਦੇ ਹਨ, ਸਮੇਂ ਦੀ ਚਾਲ ਬਹੁਤ ਕੁਝ ਆਪਣੇ ਨਾਲ ਲੈ ਜਾ ਸਕਦੀ ਹੈ, ਪਰ ਯਾਦਾਂ ਦੇ ਦਰਵਾਜ਼ੇ ਕੋਈ ਨਹੀਂ ਢਾਹ ਸਕਦਾ।

ਅੱਜ ਮੇਰਾ ਘਰ ਭਾਵੇਂ ਪਹਿਲਾਂ ਨਾਲੋਂ ਵੱਡਾ ਹੈ, ਪਰ ਮੇਰੇ ਬਚਪਨ ਦੀਆਂ ਯਾਦਾਂ ਵਿਚ ਉਹ ਘਰ ਅਜੇ ਵੀ ਛੋਟਾ ਹੀ ਹੈ ਅਤੇ ਸ਼ਾਇਦ ਇਹੀ ਉਸ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਹੈ।

ਉਹ ਭੀੜਾ ਸੀ, ਪਰ ਦਿਲਾਂ ਨੂੰ ਜੋੜਦਾ ਸੀ।

ਉਹ ਸਾਦਾ ਸੀ, ਪਰ ਖੁਸ਼ੀਆਂ ਨਾਲ ਭਰਿਆ ਸੀ।

ਉਹ ਘਾਟਾਂ ਵਾਲਾ ਸੀ, ਪਰ ਰਿਸ਼ਤਿਆਂ ਦੀ ਅਮੀਰੀ ਨਾਲ ਭਰਪੂਰ ਸੀ।

ਅੱਜ ਸਾਡੇ ਘਰ ਵੱਡੇ ਹੋ ਗਏ ਹਨ, ਪਰ ਪਰਿਵਾਰ ਛੋਟੇ ਹੋ ਗਏ ਹਨ। ਕਮਰੇ ਵਧ ਗਏ ਹਨ, ਪਰ ਮਿਲਣ ਦੇ ਮੌਕੇ ਘੱਟ ਹੋ ਗਏ ਹਨ। ਸਹੂਲਤਾਂ ਵਧ ਗਈਆਂ ਹਨ, ਪਰ ਸਾਂਝੇ ਦੁੱਖ-ਸੁੱਖ ਦੇ ਪਲ ਘੱਟ ਹੋ ਗਏ ਹਨ। ਸ਼ਾਇਦ ਇਸੇ ਲਈ ਪੁਰਾਣਾ ਘਰ ਯਾਦ ਆਉਂਦਾ ਹੈ। ਅਸਲ ਵਿਚ ਸਾਨੂੰ ਘਰ ਨਹੀਂ, ਉਸ ਘਰ ਵਿਚ ਵੱਸਦਾ ਆਪਣਾਪਣ ਯਾਦ ਆਉਂਦਾ ਹੈ।

ਅੱਜ ਜਦੋਂ ਮੈਂ ਆਪਣੇ ਬਚਪਨ ਵਾਲੇ ਘਰ ਦੀ ਤਸਵੀਰ ਵੇਖਦਾ ਹਾਂ, ਤਾਂ ਮੈਨੂੰ ਲੱਗਦਾ ਹੈ ਕਿ ਇਹ ਸਿਰਫ਼ ਇੱਕ ਪੁਰਾਣੀ ਇਮਾਰਤ ਦੀ ਤਸਵੀਰ ਨਹੀਂ, ਸਗੋਂ ਇਹ ਮੇਰੀ ਜ਼ਿੰਦਗੀ ਦਾ ਉਹ ਸਫ਼ਾ ਹੈ ਜਿਸ ਨੂੰ ਸਮਾਂ ਕਿੰਨੀ ਵਾਰ ਵੀ ਪਲਟ ਦੇਵੇ, ਮੈਂ ਉਸ ਨੂੰ ਮੁੜ ਖੋਲ੍ਹ ਕੇ ਪੜ੍ਹਨਾ ਚਾਹੁੰਦਾ ਹਾਂ।

ਕਿਉਂਕਿ ਉਸ ਘਰ ਵਿਚ ਮੇਰਾ ਬਚਪਨ ਹੈ, ਉਸ ਵਿਚ ਮੇਰੇ ਆਪਣੇ ਲੋਕ ਹਨ। ਉਸ ਵਿਚ ਹਾਸੇ ਹਨ, ਰੌਣਕਾਂ ਹਨ, ਥੁੜਾਂ ਹਨ, ਤੰਗੀਆਂ ਹਨ, ਛੋਟੀਆਂ-ਛੋਟੀਆਂ ਖੁਸ਼ੀਆਂ ਹਨ ਅਤੇ ਉਹ ਬੇਸ਼ਕੀਮਤੀ ਪਲ ਹਨ ਜਿਨ੍ਹਾਂ ਦੀ ਕੀਮਤ ਸਾਨੂੰ ਅਕਸਰ ਉਨ੍ਹਾਂ ਦੇ ਲੰਘ ਜਾਣ ਤੋਂ ਬਾਅਦ ਹੀ ਪਤਾ ਲੱਗਦੀ ਹੈ।

ਘਰ ਹੁਣ ਭਾਵੇਂ ਨਵਾਂ ਬਣ ਗਿਆ ਹੈ, ਪਰ ਮੇਰਾ ਘਰ ਅਜੇ ਵੀ ਉਹੀ ਪੁਰਾਣਾ ਹੈ। ਕਿਉਂਕਿ ਇੱਟਾਂ ਨਾਲ ਬਣਿਆ ਘਰ ਸਮੇਂ ਨਾਲ ਬਦਲ ਜਾਂਦਾ ਹੈ, ਪਰ ਯਾਦਾਂ ਨਾਲ ਬਣਿਆ ਘਰ ਕਦੇ ਪੁਰਾਣਾ ਨਹੀਂ ਹੁੰਦਾ।

---

# ਬੱਚਿਆਂ ਦੇ ਕੋਮਲ ਮਨ ਅਤੇ ਜ਼ਿੰਮੇਵਾਰ ਭਵਿੱਖ

ਪ੍ਰਾਇਮਰੀ ਸਕੂਲ ਦੇ ਬੱਚੇ ਕੱਚੀ ਮਿੱਟੀ ਵਰਗੇ ਹੁੰਦੇ ਹਨ। ਉਨ੍ਹਾਂ ਦੇ ਕੋਮਲ ਮਨਾਂ ਉੱਤੇ ਅਸੀਂ ਵਰਤਮਾਨ ਵਿਚ ਜਿਹੜੇ ਸੰਸਕਾਰ ਅਤੇ ਨੈਤਿਕ ਕਦਰਾਂ-ਕੀਮਤਾਂ ਉੱਕਰ ਦੇਵਾਂਗੇ, ਉਹ ਸਾਰੀ ਉਮਰ ਉਨ੍ਹਾਂ ਦੇ ਨਾਲ ਰਹਿਣਗੀਆਂ। ਬੱਚਿਆਂ ਦੇ ਚਰਿੱਤਰ ਦਾ ਨਿਰਮਾਣ ਕਰਨਾ ਇੱਕ ਬਹੁਤ ਹੀ ਜ਼ਿੰਮੇਵਾਰੀ ਵਾਲਾ ਅਤੇ ਮਹੱਤਵਪੂਰਨ ਕਾਰਜ ਹੈ। ਨੈਤਿਕਤਾ ਕੋਈ ਅਜਿਹਾ ਮੁੱਦਾ ਨਹੀਂ ਹੈ ਜੋ ਕੇਵਲ ਕਿਤਾਬਾਂ ਦੇ ਪੰਨੇ ਪੜ੍ਹਾ ਕੇ ਜਾਂ ਰੱਟਾ ਲਗਵਾ ਕੇ ਸਿਖਾਇਆ ਜਾ ਸਕੇ। ਇਹ ਤਾਂ ਰੋਜ਼ਾਨਾ ਦੇ ਅਭਿਆਸ, ਸਾਡੇ ਆਲੇ-ਦੁਆਲੇ ਦੇ ਮਾਹੌਲ ਅਤੇ ਛੋਟੀਆਂ-ਛੋਟੀਆਂ ਅਮਲੀ ਗਤੀਵਿਧੀਆਂ ਰਾਹੀਂ ਬੱਚਿਆਂ ਦੇ ਸੁਭਾਅ ਅਤੇ ਜੀਵਨ ਦਾ ਹਿੱਸਾ ਬਣਦੀ ਹੈ। ਜਦੋਂ ਬੱਚੇ ਆਪ ਕੁਝ



**ਜਤਿੰਦਰ ਭੁੱਚੋ**

ਕਰਕੇ ਸਿੱਖਦੇ ਹਨ, ਤਾਂ ਉਹ ਗੱਲ ਉਨ੍ਹਾਂ ਦੇ ਮਨ ਵਿਚ ਸਦਾ ਲਈ ਘਰ ਕਰ ਜਾਂਦੀ ਹੈ।

ਇਸੇ ਸੋਚ ਨੂੰ ਅਮਲੀ ਰੂਪ ਦੇਣ ਅਤੇ ਬੱਚਿਆਂ ਅੰਦਰ ਇਮਾਨਦਾਰੀ ਦਾ ਗੁਣ ਪੈਦਾ ਕਰਨ ਲਈ ਸਾਡੇ ਸਕੂਲ ਵਿਚ ਇੱਕ ਨਿਵੇਕਲੀ ਪਹਿਲਕਦਮੀ ਕੀਤੀ ਗਈ ਹੈ ‘ਇਮਾਨਦਾਰੀ ਦੀ ਦੁਕਾਨ’। ਇਸ ਦੁਕਾਨ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਇੱਥੇ ਕੋਈ ਦੁਕਾਨਦਾਰ ਜਾਂ ਨਿਗਰਾਨੀ ਕਰਨ ਵਾਲਾ ਅਧਿਆਪਕ ਨਹੀਂ ਹੁੰਦਾ। ਸਕੂਲ ਦੀਆਂ ਲੋੜੀਂਦੀਆਂ ਵਸਤੂਆਂ ਜਿਵੇਂ ਕਾਪੀਆਂ, ਪੈਨ, ਪੈਨਸਿਲਾਂ, ਰਬੜਾਂ ਅਤੇ ਫੁੱਟੇ ਆਦਿ ਇਸ ਦੁਕਾਨ ਵਿਚ ਸਲੀਕੇ ਨਾਲ ਰੱਖੇ ਹੁੰਦੇ ਹਨ ਅਤੇ ਹਰ ਚੀਜ਼ ‘ਤੇ ਉਸਦੀ ਕੀਮਤ ਲਿਖੀ ਹੁੰਦੀ ਹੈ। ਬੱਚੇ ਆਪਣੀ ਲੋੜ ਅਨੁਸਾਰ ਦੁਕਾਨ ‘ਤੇ ਜਾਂਦੇ ਹਨ, ਆਪਣੀ ਪਸੰਦ ਦੀ ਚੀਜ਼ ਚੁੱਕਦੇ ਹਨ ਅਤੇ ਉਸਦੀ ਬਣਦੀ ਕੀਮਤ ਉੱਥੇ ਰੱਖੀ ਗੋਲਕ ਵਿਚ ਆਪ ਹੀ ਪਾ ਦਿੰਦੇ ਹਨ।

ਇਹ ਛੋਟਾ ਜਿਹਾ ਉਪਰਾਲਾ ਬੱਚਿਆਂ ਵਿਚ ਆਤਮ-ਵਿਸ਼ਵਾਸ, ਛੋਟੀ ਉਮਰ ਵਿਚ ਆਜ਼ਾਦੀ ਨਾਲ ਸਹੀ ਫ਼ੈਸਲਾ ਲੈਣ ਦੀ ਸਮਰੱਥਾ ਅਤੇ ਸੱਚਾਈ ਦੀ ਭਾਵਨਾ ਨੂੰ ਬਹੁਤ ਮਜ਼ਬੂਤ ਕਰਦਾ ਹੈ। ਜਦੋਂ ਬੱਚੇ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਸ ਉੱਤੇ ਭਰੋਸਾ ਕੀਤਾ ਜਾ ਰਿਹਾ ਹੈ ਅਤੇ ਕੋਈ ਵੀ ਉਸ ਨੂੰ ਦੇਖ ਨਹੀਂ ਰਿਹਾ, ਤਾਂ ਉਸ ਅੰਦਰ ਬਿਨਾਂ ਕਿਸੇ ਡਰ ਦੇ ਖ਼ੁਦ ਇਮਾਨਦਾਰੀ ਦਾ ਰਸਤਾ ਚੁਣਨ ਦਾ ਜਜ਼ਬਾ ਪੈਦਾ ਹੁੰਦਾ ਹੈ। ਇਹ ਗਤੀਵਿਧੀ ਉਨ੍ਹਾਂ ਨੂੰ ਸਿਖਾਉਂਦੀ ਹੈ ਕਿ ਇਮਾਨਦਾਰੀ ਕਿਸੇ ਦੇ ਡਰ ਨਾਲ ਨਹੀਂ, ਸਗੋਂ ਸਾਡੀ ਆਪਣੀ ਜ਼ਮੀਰ ਨਾਲ ਜੁੜੀ ਹੁੰਦੀ ਹੈ। ਨੈਤਿਕ ਸਿੱਖਿਆ ਕੇਵਲ ਆਪਸੀ ਵਿਵਹਾਰ ਤੱਕ ਸੀਮਤ ਨਹੀਂ ਹੈ, ਸਗੋਂ ਆਪਣੇ ਆਲੇ-ਦੁਆਲੇ ਅਤੇ ਕੁਦਰਤ ਨਾਲ ਜੁੜਨਾ ਵੀ ਇਸਦਾ ਇੱਕ ਬਹੁਤ ਹੀ ਅਹਿਮ ਅੰਗ ਹੈ। ਅੱਜ ਦੇ ਸਮੇਂ ਵਿਚ ਵਾਤਾਵਰਨ ਦੀ ਸੰਭਾਲ ਇੱਕ ਵੱਡੀ ਲੋੜ ਹੈ, ਅਤੇ ਇਹ ਸੰਸਕਾਰ ਬੱਚਿਆਂ ਵਿਚ ਬਚਪਨ ਤੋਂ ਹੀ ਪਾਉਣੇ ਲਾਜ਼ਮੀ ਹਨ। ਸਿੱਖਿਆ ਵਿਭਾਗ ਵੱਲੋਂ ਸਮੇਂ-ਸਮੇਂ ‘ਤੇ ਚਲਾਈਆਂ ਜਾਂਦੀਆਂ ਵੱਖ-ਵੱਖ ਮੁਹਿੰਮਾਂ, ਜਿਵੇਂ ‘ਏਕ ਪੇੜ ਮਾਂ ਕੇ ਨਾਮ’ ਅਤੇ ‘ਸਵੱਛਤਾ ਪਖਵਾੜਾ’, ਬੱਚਿਆਂ ਨੂੰ ਪ੍ਰਕਿਰਤੀ ਨਾਲ ਜੋੜਨ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜਦੋਂ ਸਕੂਲ ਵਿਚ ਇੱਕ ਬੱਚਾ ਆਪਣੇ ਹੱਥਾਂ ਨਾਲ ਪੌਦਾ ਲਗਾਉਂਦਾ ਹੈ, ਉਸ ਨੂੰ ਰੋਜ਼ ਪਾਣੀ ਦਿੰਦਾ ਹੈ ਅਤੇ ਉਸ ਨੂੰ ਵੱਡਾ ਹੁੰਦਾ ਦੇਖਦਾ ਹੈ, ਤਾਂ ਉਸ ਦੇ ਮਨ ਵਿਚ ਉਸ ਪੌਦੇ ਪ੍ਰਤੀ ਇੱਕ ਅਪਣੱਤ ਅਤੇ ਜ਼ਿੰਮੇਵਾਰੀ ਦੀ ਭਾਵਨਾ ਜਾਗਦੀ ਹੈ। ਇਹ ਦੇਖਭਾਲ ਉਸ ਨੂੰ ਕੁਦਰਤ ਦਾ ਆਦਰ ਕਰਨਾ ਸਿਖਾਉਂਦੀ ਹੈ। ਇਸੇ ਤਰ੍ਹਾਂ ‘ਸਵੱਛਤਾ ਪਖਵਾੜਾ’ ਦੌਰਾਨ ਜਦੋਂ ਬੱਚੇ ਆਪਣੇ ਸਕੂਲ, ਜਮਾਤ ਅਤੇ ਘਰ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣ ਦੀਆਂ ਗਤੀਵਿਧੀਆਂ ਵਿਚ ਭਾਗ ਲੈਂਦੇ ਹਨ, ਤਾਂ ਉਨ੍ਹਾਂ ਵਿਚ ਸਫ਼ਾਈ ਦੀ ਆਦਤ ਪੱਕੀ ਹੁੰਦੀ ਹੈ। ਇਹ ਛੋਟੇ-ਛੋਟੇ ਅਭਿਆਸ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਵਾਤਾਵਰਨ ਪ੍ਰੇਮੀ ਅਤੇ ਜ਼ਿੰਮੇਵਾਰ ਇਨਸਾਨ ਬਣਾਉਣ ਵਿਚ ਮਦਦ ਕਰਦੇ ਹਨ। ਸਕੂਲ ਵਿਚ ਹਰ ਰੋਜ਼ ਹੁੰਦੀ ਸਵੇਰ ਦੀ ਸਭਾ ਬੱਚਿਆਂ ਦੇ ਦਿਨ ਦੀ ਇੱਕ ਬਹੁਤ ਹੀ ਉੱਤਮ, ਸ਼ਾਂਤ ਅਤੇ ਸਕਾਰਾਤਮਕ ਸ਼ੁਰੂਆਤ ਹੁੰਦੀ ਹੈ। ਇਹ ਕੇਵਲ ਪ੍ਰਾਰਥਨਾ ਕਰਨ ਦਾ ਸਮਾਂ ਨਹੀਂ, ਸਗੋਂ ਬੱਚਿਆਂ ਨਾਲ ਚੰਗੀਆਂ ਗੱਲਾਂ ਸਾਂਝੀਆਂ ਕਰਨ ਦਾ ਸਭ ਤੋਂ ਵਧੀਆ ਮੰਚ ਹੈ। ਸਵੇਰ ਦੀ ਸਭਾ ਦੌਰਾਨ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਵੱਡਿਆਂ ਦਾ ਸਤਿਕਾਰ ਕਰਨ, ਛੋਟਿਆਂ ਨਾਲ ਪਿਆਰ ਨਾਲ ਪੇਸ਼ ਆਉਣ, ਆਪਸੀ ਭਾਈਚਾਰਾ ਬਣਾ ਕੇ ਰੱਖਣ ਅਤੇ ਲੋੜਵੰਦਾਂ ਦੀ ਮਦਦ ਕਰਨ ਵਰਗੀਆਂ ਚੰਗੀਆਂ ਆਦਤਾਂ ਬਾਰੇ ਬਹੁਤ ਹੀ ਸਰਲ ਭਾਸ਼ਾ ਵਿਚ ਦੱਸਿਆ ਜਾਂਦਾ ਹੈ। ਸਭਾ ਵਿਚ ਰੋਜ਼ਾਨਾ ਸੁਣਾਈਆਂ ਜਾਂਦੀਆਂ ਪ੍ਰੇਰਨਾਦਾਇਕ ਕਹਾਣੀਆਂ, ਮਹਾਨ ਪੁਰਸ਼ਾਂ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਅਤੇ ਅੱਜ ਦਾ ਵਿਚਾਰ ਬੱਚਿਆਂ ਦੇ ਮਨਾਂ ‘ਤੇ ਡੂੰਘਾ ਅਸਰ ਛੱਡਦੇ ਹਨ। ਇਹ ਗੱਲਾਂ ਉਨ੍ਹਾਂ ਦੇ ਕੋਮਲ ਮਨਾਂ ‘ਤੇ ਹਮਦਰਦੀ, ਦਇਆ, ਨਿਮਰਤਾ ਅਤੇ ਇਨਸਾਨੀਅਤ ਦੇ ਬੀਜ ਬੀਜਦੀਆਂ ਹਨ। ਜਦੋਂ ਬੱਚੇ ਰੋਜ਼ਾਨਾ ਅਜਿਹੇ ਚੰਗੇ ਵਿਚਾਰ ਸੁਣਦੇ ਹਨ, ਤਾਂ ਇਹ ਵਿਚਾਰ ਹੌਲੀ-ਹੌਲੀ ਉਨ੍ਹਾਂ ਦੀ ਸੋਚ ਅਤੇ ਵਿਵਹਾਰ ਦਾ ਹਿੱਸਾ ਬਣ ਜਾਂਦੇ ਹਨ। ਇਸ ਤਰ੍ਹਾਂ, ਸਕੂਲ ਵਿਚ ਕੀਤੀਆਂ ਜਾਣ ਵਾਲੀਆਂ ਇਹ ਰੋਜ਼ਾਨਾ ਦੀਆਂ ਛੋਟੀਆਂ-ਛੋਟੀਆਂ ਪ੍ਰੇਰਕ ਗੱਲਾਂ, ਅਮਲੀ ਗਤੀਵਿਧੀਆਂ ਅਤੇ ਅਨੁਸ਼ਾਸਨ ਬੱਚਿਆਂ ਦੇ ਚਰਿੱਤਰ ਨਿਰਮਾਣ ਵਿਚ ਸਭ ਤੋਂ ਵੱਡਾ ਯੋਗਦਾਨ ਪਾਉਂਦੇ ਹਨ। ਇਹ ਸੰਸਕਾਰ ਉਨ੍ਹਾਂ ਨੂੰ ਕੇਵਲ ਪੜ੍ਹਾਈ ਵਿਚ ਹੀ ਨਹੀਂ, ਸਗੋਂ ਜੀਵਨ ਦੇ ਹਰ ਮੋੜ ‘ਤੇ ਸਹੀ ਰਸਤਾ ਦਿਖਾਉਂਦੇ ਹਨ। ਅਜਿਹੇ ਮਾਹੌਲ ਵਿਚ ਪਲ ਕੇ ਵੱਡੇ ਹੋਏ ਬੱਚੇ ਹੀ ਭਵਿੱਖ ਵਿਚ ਜਾ ਕੇ ਸਾਡੇ ਸਮਾਜ ਦੇ ਇੱਕ ਸੂਝਵਾਨ, ਇਮਾਨਦਾਰ, ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਨਾਗਰਿਕ ਬਣ ਕੇ ਉੱਭਰਦੇ ਹਨ।

# ਅਲਬਰਟਾ ਵਿਚ ਅਕਤੂਬਰ 'ਚ ਹੋ ਰਹੇ ਰੈਫਰੰਡਮ ਦਾ ਇੰਮੀਗ੍ਰੈਂਟ ਵਿਰੋਧੀ ਪਹਿਲੂ

*19 ਅਕਤੂਬਰ ਨੂੰ ਅਲਬਰਟਾ ਵਿਚ ਸੂਬਾਈ ਪੱਧਰ 'ਤੇ ਰੈਫਰੰਡਮ ਕਰਵਾਇਆ ਜਾ ਰਿਹਾ ਹੈ। ਆਮ ਸਮਝ ਮੁਤਾਬਕ ਇਹ ਰੈਫਰੰਡਮ ਕੈਨੇਡਾ ਤੋਂ ਵੱਖ ਹੋਣ ਬਾਰੇ ਹੈ। ਕਈ ਟ੍ਰੇਡ ਯੂਨੀਅਨਾਂ, ਮਾਈਗ੍ਰੈਂਟਾਂ ਦੇ ਹੱਕਾਂ ਲਈ ਕੰਮ ਕਰ ਰਹੀਆਂ ਸੰਸਥਾਵਾਂ ਇਸ ਗੱਲ ਵੱਲ ਧਿਆਨ ਦਵਾ ਰਹੀਆਂ ਹਨ ਕਿ ਇਹ ਰੈਫਰੰਡਮ ਕੈਨੇਡਾ ਤੋਂ ਵੱਖ ਹੋਣ ਦੇ ਨਾਲ-ਨਾਲ ਇੰਮੀਗ੍ਰੈਂਟਾਂ/ਮਾਈਗ੍ਰੈਂਟਾਂ ਦੇ ਵੀ ਵਿਰੁੱਧ ਹੈ। ਇਸ ਰੈਫਰੰਡਮ ਵਿਚ ਪੁੱਛੇ ਜਾ ਰਹੇ 10 ਸਵਾਲਾਂ ਵਿੱਚੋਂ ਇਕ ਸਵਾਲ ਕੈਨੇਡਾ ਤੋਂ ਵੱਖ ਹੋਣ ਬਾਰੇ ਜਦੋਂ ਕਿ 5 ਸਵਾਲ ਇੰਮੀਗ੍ਰੇਸ਼ਨ ਬਾਰੇ ਹਨ। ਇਹ ਇਸ ਰੈਫਰੰਡਮ ਦੇ ਪਹਿਲੇ ਪੰਜ ਸਵਾਲ ਹਨ। ਇਸ ਲੇਖ ਵਿਚ ਇਨ੍ਹਾਂ ਪੰਜ ਸਵਾਲਾਂ ਅਤੇ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੀ ਅਲਬਰਟਾ ਬ੍ਰਾਂਚ ਵਲੋਂ ਰੈਫਰੰਡਮ ਬਾਰੇ ਤਿਆਰ ਕੀਤੀ ਗਈ ਗਾਈਡ ਵਿਚ ਹਰ ਸਵਾਲ ਦੇ ਮਕਸਦ ਬਾਰੇ ਕੀਤੀ ਸੰਖੇਪ ਟਿੱਪਣੀ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।*




**ਸਵਾਲ 1.** ਕੀ ਤੁਸੀਂ ਇਸ ਗੱਲ ਦਾ ਸਮਰਥਨ ਕਰਦੇ ਹੋ ਕਿ ਇੰਮੀਗ੍ਰੇਸ਼ਨ ਨੂੰ ਵਧੇਰੇ ਟਿਕਾਊ ਪੱਧਰ 'ਤੇ ਲਿਆਉਣ ਲਈ ਇੰਮੀਗ੍ਰੇਸ਼ਨ ਘਟਾਉਣ, ਆਰਥਿਕ ਮਾਈਗ੍ਰੇਸ਼ਨ ਨੂੰ ਪਹਿਲ ਦੇਣ ਅਤੇ ਅਲਬਰਟਾ ਵਾਸੀਆਂ ਨੂੰ ਰੁਜ਼ਗਾਰ ਦੇ ਨਵੇਂ ਮੌਕਿਆਂ ਵਿਚ ਪਹਿਲ ਦੇਣ ਲਈ ਅਲਬਰਟਾ ਦੀ ਸਰਕਾਰ ਦਾ ਇੰਮੀਗ੍ਰੇਸ਼ਨ ਉਤੇ ਜ਼ਿਆਦਾ ਕੰਟਰੋਲ ਹੋਵੇ?

ਸੋ ਇਹ ਸਵਾਲ ਇੰਮੀਗ੍ਰੇਸ਼ਨ 'ਤੇ ਕੰਟਰੋਲ ਬਾਰੇ ਹੈ ਅਤੇ ਇਸ ਦਾ ਮਕਸਦ ਅਲਬਰਟਾ ਵਿਚ ਇੰਮੀਗ੍ਰੈਂਟਾਂ ਦੀ ਗਿਣਤੀ ਘਟਾਉਣ ਲਈ ਇੰਮੀਗ੍ਰੇਸ਼ਨ ਦਾ ਕੰਟਰੋਲ ਲੈਣਾ ਹੈ।



**ਸੁਖਵੰਤ ਹੁੰਦਲ**

**ਸਵਾਲ 2:** ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਇੱਕ ਅਜਿਹਾ ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਦੇ ਹੋ ਜਿਸ ਵਿਚ ਇਹ ਲਾਜ਼ਮੀ ਕੀਤਾ ਗਿਆ ਹੋਵੇ ਕਿ ਸਿਰਫ ਕੈਨੇਡੀਅਨ ਨਾਗਰਿਕ, ਪੱਕੇ ਵਸਨੀਕ (ਪਰਮਾਨੈਂਟ ਰੈਜ਼ੀਡੈਂਟਸ) ਅਤੇ ਅਲਬਰਟਾ-ਪ੍ਰਵਾਨਿਤ ਇੰਮੀਗ੍ਰੇਸ਼ਨ ਦਰਜੇ ਵਾਲੇ ਵਿਅਕਤੀ ਹੀ ਸੂਬਾਈ ਫੰਡਾਂ ਨਾਲ ਚੱਲਣ ਵਾਲੇ ਪ੍ਰੋਗਰਾਮਾਂ, ਜਿਵੇਂ ਕਿ ਸਿਹਤ ਸੰਭਾਲ, ਸਿੱਖਿਆ ਅਤੇ ਹੋਰ ਸਮਾਜਿਕ ਸੇਵਾਵਾਂ ਲਈ ਯੋਗ ਹੋਣਗੇ?

ਇਸ ਸਵਾਲ ਦਾ ਮਕਸਦ ਟੈਕਸ ਦੇਣ ਵਾਲੇ ਟੈਂਪਰੇਰੀ ਵਰਕਰਾਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਸ਼ਰਨ ਦੀ ਮੰਗ ਕਰਨ ਵਾਲਿਆਂ ਨੂੰ ਸਿਹਤ ਸੰਭਾਲ ਵਰਗੀਆਂ ਜ਼ਰੂਰੀ ਸੇਵਾਵਾਂ ਦੇਣੀਆਂ ਬੰਦ ਕਰਨਾ ਹੈ ਅਤੇ ਇਹ ਨਿਸ਼ਚਤ ਕਰਨਾ ਹੈ ਕਿ ਸਿਹਤ ਸੰਭਾਲ, ਵਿਦਿਆ ਅਤੇ ਸਮਾਜਕ ਪ੍ਰੋਗਰਾਮ ਸਿਰਫ ਸਿਟੀਜ਼ਨਾਂ ਅਤੇ ਪੱਕੇ ਵਸਨੀਕਾਂ (ਪਰਮਾਨੈਂਟ ਰੈਜ਼ੀਡੈਂਟਸ) ਨੂੰ ਹੀ ਮਿਲਣ।

**ਸਵਾਲ 3:** ਇਹ ਮੰਨਦਿਆਂ ਕਿ ਸਾਰੇ ਕੈਨੇਡੀਅਨ ਨਾਗਰਿਕ ਅਤੇ ਪੱਕੇ ਵਸਨੀਕ (ਪਰਮਾਨੈਂਟ ਰੈਜ਼ੀਡੈਂਟਸ) ਪਹਿਲਾਂ ਵਾਂਗ ਹੀ ਸਮਾਜਕ ਸਹਾਇਤਾ ਪ੍ਰੋਗਰਾਮਾਂ ਲਈ ਯੋਗ ਰਹਿਣਗੇ, ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਇੱਕ ਅਜਿਹਾ ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਦੇ ਹੋ ਜਿਸ ਵਿਚ ਨਾਨ-ਪਰਮਾਨੈਂਟ ਲੀਗਲ ਇੰਮੀਗ੍ਰੇਸ਼ਨ ਸਟੇਟਸ ਵਾਲੇ ਸਾਰੇ ਵਿਅਕਤੀਆਂ ਲਈ ਕਿਸੇ ਵੀ ਸੂਬਾਈ ਫੰਡ ਨਾਲ ਚੱਲਣ ਵਾਲੇ ਸਮਾਜਕ ਸਹਾਇਤਾ ਪ੍ਰੋਗਰਾਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਹੋਣ ਤੋਂ ਪਹਿਲਾਂ ਅਲਬਰਟਾ ਵਿਚ ਘੱਟੋ-ਘੱਟ 12 ਮਹੀਨੇ ਰਹਿਣਾ ਲਾਜ਼ਮੀ ਕੀਤਾ ਗਿਆ ਹੋਵੇ?

ਇਹ ਸਵਾਲ ਨਾਨ-ਪਰਮਾਨੈਂਟ ਲੀਗਲ ਰੈਜ਼ੀਡੈਂਟਾਂ ਨੂੰ ਅਲਬਰਟਾ ਵਿਚ ਰਹਿਣ ਦੇ ਆਪਣੇ ਪਹਿਲੇ ਸਾਲ ਦੌਰਾਨ ਸਮਾਜਕ ਸਹਾਇਤਾ ਲੈਣ ਤੋਂ ਵਾਂਝੇ ਕਰਦਾ ਹੈ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸੂਬਾ ਇਨ੍ਹਾਂ ਵਰਕਰਾਂ ਤੋਂ ਅਲਬਰਟਾ ਵਿਚ ਆਉਣ ਦੇ ਪਹਿਲੇ ਦਿਨ ਤੋਂ ਹੀ ਟੈਕਸ ਲੈਣੇ ਸ਼ੁਰੂ ਕਰ ਦਿੰਦਾ ਹੈ, ਪਰ ਚਾਹੁੰਦਾ ਹੈ ਕਿ ਉਨ੍ਹਾਂ ਕੋਲ ਇਕ ਸਾਲ ਤੱਕ ਸੇਵਾਵਾਂ ਤੱਕ ਪਹੁੰਚ ਨਾ ਹੋਵੇ।

**ਸਵਾਲ 4:** ਇਹ ਮੰਨਦਿਆਂ ਕਿ ਸਾਰੇ ਕੈਨੇਡੀਅਨ ਨਾਗਰਿਕ ਅਤੇ ਪੱਕੇ ਵਸਨੀਕ (ਪਰਮਾਨੈਂਟ ਰੈਜ਼ੀਡੈਂਟਸ) ਪਹਿਲਾਂ ਵਾਂਗ ਹੀ ਪਬਲਿਕ (ਸਰਕਾਰੀ) ਸਿਹਤ ਸੰਭਾਲ ਅਤੇ ਸਿੱਖਿਆ ਲੈਣ ਲਈ ਯੋਗ ਰਹਿਣਗੇ, ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਅਲਬਰਟਾ ਵਿਚ ਰਹਿ ਰਹੇ ਨਾਨ-ਪਰਮਾਨੈਂਟ ਲੀਗਲ ਇੰਮੀਗ੍ਰੇਸ਼ਨ ਸਟੇਟਸ ਵਾਲੇ ਸਾਰੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਲੋਂ ਸਿਹਤ ਸੰਭਾਲ ਅਤੇ ਸਿੱਖਿਆ ਪ੍ਰਬੰਧ ਦੀ ਵਰਤੋਂ ਲਈ ਇੱਕ ਵਾਜਬ ਫੀਸ ਜਾਂ ਪ੍ਰੀਮੀਅਮ ਵਸੂਲ ਕਰਨ ਦਾ ਸਮਰਥਨ ਕਰਦੇ ਹੋ?

ਇਹ ਸਵਾਲ ਨਾਨ-ਪਰਮਾਨੈਂਟ ਲੀਗਲ ਇੰਮੀਗ੍ਰੇਸ਼ਨ ਸਟੇਟਸ ਵਾਲੇ ਵਿਅਕਤੀਆਂ ਤੋਂ ਸਕੂਲ ਅਤੇ ਸਿਹਤ ਸੰਭਾਲ ਪ੍ਰਾਪਤ ਕਰਨ ਲਈ ਫੀਸ ਜਾਂ ਪ੍ਰੀਮੀਅਮ ਲੈਣ ਦੀ ਗੱਲ ਕਰਦਾ ਹੈ। ਇਕ ਤਰ੍ਹਾਂ ਨਾਲ ਇਹ ਇਨ੍ਹਾਂ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ 'ਤੇ ਵਾਧੂ ਯੂਜ਼ਰ ਫੀਸ ਲਾ ਕੇ ਉਨ੍ਹਾਂ 'ਤੇ ਡਬਲ ਟੈਕਸ ਲਾਉਂਦਾ ਹੈ, ਕਿਉਂਕਿ ਇਹ ਵਰਕਰ ਪਹਿਲਾਂ ਹੀ ਇਨਕਮ ਟੈਕਸ ਅਤੇ ਸੇਲਜ਼ ਟੈਕਸ ਅਦਾ ਕਰਦੇ ਹਨ।

**ਸਵਾਲ 5:** ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਇੱਕ ਅਜਿਹਾ ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਦੇ ਹੋ ਜਿਸ ਵਿਚ ਅਲਬਰਟਾ ਦੀ ਸੂਬਾਈ ਚੋਣ ਵਿਚ ਵੋਟ ਪਾਉਣ ਲਈ ਲੋਕਾਂ ਲਈ ਸਿਟੀਜ਼ਨਸ਼ਿਪ ਦਾ ਸਬੂਤ ਦੇਣਾ ਲਾਜ਼ਮੀ ਕੀਤਾ ਗਿਆ ਹੋਵੇ, ਜਿਵੇਂ ਕਿ ਪਾਸਪੋਰਟ, ਜਨਮ ਸਰਟੀਫਿਕੇਟ ਜਾਂ ਸਿਟੀਜ਼ਨਸ਼ਿਪ ਕਾਰਡ?

ਇਹ ਸਵਾਲ ਅਲਬਰਟਾ ਵਿਚ ਇਕ ਅਜਿਹੀ ਸਮੱਸਿਆ ਦਾ ਹੱਲ ਕਰਨ ਲਈ ਹੈ ਜੋ ਹੈ ਹੀ ਨਹੀਂ, ਵੋਟਰਾਂ ਅੱਗੇ ਵੋਟ ਪਾਉਣ ਲਈ ਅੜਿੱਕੇ ਖੜ੍ਹਾ ਕਰਦਾ ਹੈ ਅਤੇ ਨੈਚੁਰਲਾਈਜ਼ਡ ਸਿਟੀਜ਼ਨਾਂ (ਦੂਜੇ ਮੁਲਕਾਂ ਤੋਂ ਆ ਕੇ ਕੈਨੇਡਾ ਦੇ ਸਿਟੀਜ਼ਨ ਬਣੇ ਲੋਕਾਂ) ਬਾਰੇ ਸ਼ੱਕੇ ਖੜ੍ਹੇ ਕਰਦਾ ਹੈ।

ਉਪਰਲੇ ਪੰਜ ਸਵਾਲਾਂ ਤੋਂ ਸਾਫ ਹੋ ਜਾਂਦਾ ਹੈ ਕਿ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਅਲਬਰਟਾ ਦੇ ਲੋਕਾਂ ਤੋਂ ਇੰਮੀਗ੍ਰੈਂਟਾਂ ਦੀ ਗਿਣਤੀ ਘਟਾਉਣ, ਸਿਹਤ ਸੰਭਾਲ ਅਤੇ ਵਿਦਿਆ ਵਰਗੀਆਂ ਸੂਬੇ ਵਲੋਂ ਫੰਡ ਕੀਤੀਆਂ ਜਾਂਦੀਆਂ ਸੇਵਾਵਾਂ ਸਿਰਫ ਸਿਟੀਜ਼ਨਾਂ, ਪੱਕੇ ਵਸਨੀਕਾਂ (ਪਰਮਾਨੈਂਟ ਰੈਜ਼ੀਡੈਂਟਸ) ਅਤੇ ਅਲਬਰਟਾ-ਪ੍ਰਵਾਨਿਤ ਇੰਮੀਗ੍ਰੇਸ਼ਨ ਦਰਜੇ ਵਾਲੇ ਵਿਅਕਤੀਆਂ ਤੱਕ ਸੀਮਤ ਕਰਨ, ਟੈਂਪਰੇਰੀ ਇੰਮੀਗ੍ਰੇਸ਼ਨ ਸਟੇਟਸ ਵਾਲੇ ਲੋਕਾਂ ਨੂੰ ਅਲਬਰਟਾ ਵਿਚ ਪਹੁੰਚਣ ਤੋਂ ਬਾਅਦ ਇੱਕ ਸਾਲ ਲਈ ਸੂਬੇ ਵਲੋਂ ਫੰਡ ਕੀਤੀ ਜਾਂਦੀ ਸਮਾਜਕ ਸਹਾਇਤਾ ਦੇਣ ਤੋਂ ਇਨਕਾਰ ਕਰਨ, ਮਾਈਗ੍ਰੈਂਟਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਪਬਲਿਕ ਸਿਹਤ ਸੰਭਾਲ ਅਤੇ ਵਿਦਿਅਕ ਪ੍ਰਬੰਧ ਦੀ ਵਰਤੋਂ ਕਰਨ ਲਈ ਫੀਸ ਵਸੂਲਣ ਅਤੇ ਸੂਬਾਈ ਇਲੈਕਸ਼ਨ ਵਿਚ ਵੋਟ ਪਾਉਣ ਲਈ ਵੋਟਰਾਂ ਤੋਂ ਸਿਟੀਜ਼ਨਸ਼ਿਪ ਦਾ ਸਬੂਤ ਮੰਗਣ ਦੀ ਆਗਿਆ ਮੰਗ ਰਹੀ ਹੈ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪਹਿਲਾਂ ਹੀ ਅਲਬਰਟਾ ਦੀ ਸੂਬਾਈ ਇਲੈਕਸ਼ਨ ਵਿਚ ਵੋਟ ਪਾਉਣ ਲਈ ਲੋਕਾਂ ਦਾ ਕੈਨੇਡਾ ਦੇ ਸਿਟੀਜ਼ਨ ਹੋਣਾ ਜ਼ਰੂਰੀ ਹੈ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੀ ਅਲਬਰਟਾ ਬ੍ਰਾਂਚ ਦੀ ਗਾਈਡ ਵਿਚ ਕਿਹਾ ਗਿਆ ਹੈ ਕਿ ਇਹ ਸਵਾਲ ਕੈਨੇਡਾ ਵਿਚ ਨਵੇਂ ਆਉਣ ਵਾਲਿਆਂ ਨੂੰ ਬਲੀ ਦਾ ਬੱਕਰਾ ਬਣਾਉਂਦੇ ਹਨ, ਸਰਕਾਰੀ ਸੇਵਾਵਾਂ ਦੀਆਂ ਘਾਟਾਂ ਤੋਂ ਧਿਆਨ ਭਟਕਾਉਂਦੇ ਹਨ ਅਤੇ ਸਵਿੰਧਾਨ ਵਿਚ ਦਿੱਤੇ ਹੱਕਾਂ ਨੂੰ ਖਤਮ ਕਰਦੇ ਹਨ। ਇਹ ਸਵਾਲ ਹਸਪਤਾਲਾਂ ਵਿਚਲੀ ਭੀੜ ਅਤੇ ਘਰਾਂ ਦੀ ਕਮੀ ਲਈ ਨਵੇਂ ਆਉਣ ਵਾਲੇ ਲੋਕਾਂ 'ਤੇ ਦੋਸ਼ ਦਿੰਦੇ ਹਨ ਅਤੇ ਇਨ੍ਹਾਂ ਸੇਵਾਵਾਂ ਲਈ ਸੂਬੇ ਵਲੋਂ ਦਿੱਤੇ ਜਾਂਦੇ ਘੱਟ ਫੰਡਾਂ ਅਤੇ ਭੈੜੇ ਪ੍ਰਬੰਧ ਉਤੇ ਪਰਦਾ ਪਾਉਂਦੇ ਹਨ।

ਮਾਈਗ੍ਰੈਂਟ ਰਾਈਟਸ ਨੈੱਟਵਰਕ ਵਲੋਂ 18 ਸਤੰਬਰ ਨੂੰ ਜਾਰੀ ਕੀਤੀ ਗਈ ਜਾਣਕਾਰੀ ਵਿਚ ਕਿਹਾ ਗਿਆ ਹੈ ਕਿ ਇਹ ਸਵਾਲ ਲੋਕਾਂ ਵਿਚ ਵੰਡੀਆਂ ਪਾਉਣ ਵਾਲੇ ਅਤੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਵਾਲੇ ਹਨ ਅਤੇ ਇਨ੍ਹਾਂ ਦੇ ਮਾਈਗ੍ਰੈਂਟ ਲੋਕਾਂ 'ਤੇ ਗੰਭੀਰ ਅਸਰ ਪੈਣਗੇ। ਮਾਈਗ੍ਰੈਂਟਸ ਰਾਈਟਸ ਨੈੱਟਵਰਕ ਦੀ ਜਾਣਕਾਰੀ ਅਨੁਸਾਰ ਅਲਬਰਟਾ ਦੀ ਸਰਕਾਰ ਨੇ ਸਰਕਾਰੀ ਸੇਵਾਵਾਂ ਲਈ ਬਹੁਤ ਘੱਟ ਫੰਡ ਦਿੱਤੇ ਹਨ ਅਤੇ ਉਨ੍ਹਾਂ ਦਾ ਨਿੱਜੀਕਰਨ ਕੀਤਾ ਹੈ। ਅਲਬਰਟਾ ਵਿਚ ਇਕ ਵਿਦਿਆਰਥੀ ਮਗਰ ਦਿੱਤੇ ਜਾਂਦੇ ਫੰਡ ਕੈਨੇਡਾ ਦੇ ਸਾਰੇ ਸੂਬਿਆਂ ਤੋਂ ਘੱਟ ਹਨ। ਜੇ ਇਨਫਲੇਸ਼ਨ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਪਿਛਲੇ ਨੌਂ ਸਾਲਾਂ ਦੌਰਾਨ ਪ੍ਰਤੀ ਵਿਦਿਆਰਥੀ ਦਿੱਤੇ ਜਾਂਦੇ ਫੰਡਾਂ ਵਿਚ 17.5 ਫੀਸਦੀ ਦੀ ਕਮੀ ਹੋਈ ਹੈ। ਇਸ ਸਾਲ ਅਲਬਰਟਾ ਨੇ ਡਾਕਟਰਾਂ ਲਈ ਇਕ ਨਵੀਂ ਨੀਤੀ ਵੀ ਸ਼ੁਰੂ ਕੀਤੀ ਹੈ, ਜਿਸ ਅਧੀਨ ਉਹ ਪ੍ਰਾਈਵੇਟ ਥਾਂਵਾਂ 'ਤੇ ਪ੍ਰਾਈਵੇਟ ਸਰਜਰੀਆਂ ਦੀ ਸੇਵਾ ਵੀ ਪ੍ਰਦਾਨ ਕਰ ਸਕਦੇ ਹਨ।

ਇਸ ਦੇ ਨਾਲ ਹੀ ਅਲਬਰਟਾ ਵਿਚ ਕਾਰਪੋਰੇਸ਼ਨਾਂ 'ਤੇ ਲਾਏ ਜਾਂਦੇ ਟੈਕਸ ਦਾ ਰੇਟ ਵੀ ਕੈਨੇਡਾ ਵਿਚ ਸਭ ਤੋਂ ਘੱਟ ਹੈ। ਸਿਰਫ 8 ਫੀਸਦੀ। ਉਦਾਹਰਨ ਲਈ ਸੰਨ 2025 ਵਿਚ ਕੈਨੇਡੀਅਨ ਨੈਚੁਰਲ ਰਿਸੋਰਸਜ਼ ਦੀ ਨਿਰੋਲ ਕਮਾਈ (ਨੈੱਟ ਅਰਨਿੰਗਜ਼) 10.8 ਅਰਬ (ਬਿਲੀਅਨ) ਡਾਲਰ ਸੀ, ਸਨ ਕੋਰ ਦੀ 5.9 ਅਰਬ (ਬਿਲੀਅਨ) ਡਾਲਰ ਅਤੇ ਸੀਨੋਵਸ ਦੀ 3.9 ਅਰਬ (ਬਿਲੀਅਨ) ਡਾਲਰ। ਸੋ ਕਾਰਪੋਰੇਸ਼ਨਾਂ ਇੰਨਾ ਜ਼ਿਆਦਾ ਮੁਨਾਫਾ ਕਮਾ ਰਹੀਆਂ ਹਨ। ਮਾਈਗ੍ਰੈਂਟਸ ਰਾਈਟਸ ਨੈੱਟਵਰਕ ਅਨੁਸਾਰ 'ਪਬਲਿਕ ਸੇਵਾਵਾਂ ਨੂੰ ਫੰਡ ਕਰਨ ਲਈ ਇਨ੍ਹਾਂ ਬਹੁਤ ਅਮੀਰ ਕਾਰਪੋਰੇਸ਼ਨਾਂ 'ਤੇ ਟੈਕਸ ਲਾਉਣ ਦੀ ਗੱਲ ਕਰਨ ਦੀ ਥਾਂ- ਇਹ ਰੈਫਰੰਡਮ ਲੋਕਾਂ ਨੂੰ ਮਾਈਗ੍ਰੈਂਟਾਂ ਨੂੰ ਦੋਸ਼ ਦੇਣ ਲਈ ਉਤਸ਼ਾਹਿਤ ਕਰ ਰਿਹਾ ਹੈ।'

ਇਸ ਦੇ ਨਾਲ ਹੀ ਇਹ ਗੱਲ ਵੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਅਲਬਰਟਾ ਵਿਚ ਪੱਕੇ ਵਸਨੀਕ (ਪਰਮਾਨੈਂਟ ਰੈਜ਼ੀਡੈਂਟ) ਦਾ ਦਰਜਾ ਨਾ ਰੱਖਣ ਵਾਲੇ ਲੋਕਾਂ ਦੀ ਗਿਣਤੀ 3 ਲੱਖ ਦੇ ਕਰੀਬ ਹੈ, ਜੋ ਅਲਬਰਟਾ ਦੀ ਕੁੱਲ ਅਬਾਦੀ ਦੇ 6 ਫੀਸਦੀ ਤੋਂ ਘੱਟ ਹੈ। ਇੰਨੀ ਛੋਟੀ ਗਿਣਤੀ ਦਾ ਅਲਬਰਟਾ ਦੇ ਹਸਪਤਾਲਾਂ, ਸਕੂਲਾਂ ਆਦਿ ਵਿਚ ਭੀੜ ਪੈਦਾ ਕਰਨ ਅਤੇ ਸਰਕਾਰੀ ਸੇਵਾਵਾਂ ਵਿਚ ਮੁਸ਼ਕਿਲਾਂ ਖੜ੍ਹੀਆਂ ਕਰਨ ਵਿਚ ਕਿੰਨਾ ਕੁ ਯੋਗਦਾਨ ਹੋ ਸਕਦਾ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਹ ਲੋਕ ਇਨਕਮ ਟੈਕਸ ਅਤੇ ਸੇਲਜ਼ ਟੈਕਸ ਦਿੰਦੇ ਹਨ ਅਤੇ ਕੈਨੇਡਾ ਪੈਨਸ਼ਨ ਪਲੈਨ ਅਤੇ ਇੰਪਲੋਏਮੈਂਟ ਇੰਸ਼ੋਰੈਂਸ ਦੇ ਪ੍ਰੋਗਰਾਮਾਂ ਲਈ ਵੀ ਅਦਾਇਗੀਆਂ ਕਰਦੇ ਹਨ।

ਸੋ, ਇਹ ਸਪਸ਼ਟ ਹੈ ਕਿ ਇਹ ਰੈਫਰੰਡਮ ਕੈਨੇਡਾ ਤੋਂ ਵੱਖ ਹੋਣ ਦੇ ਨਾਲ-ਨਾਲ ਇੰਮੀਗ੍ਰੈਂਟ ਵਿਰੋਧੀ ਵੀ ਹੈ। ਅਲਬਰਟਾ ਦੇ ਆਮ ਲੋਕਾਂ ਲਈ ਨਾ ਤਾਂ ਕੈਨੇਡਾ ਤੋਂ ਵੱਖ ਹੋਣਾ ਲਾਹੇਵੰਦ ਹੈ ਅਤੇ ਨਾ ਹੀ ਸਰਕਾਰ ਵਲੋਂ ਸਰਕਾਰੀ ਸੇਵਾਵਾਂ ਲਈ ਲੋੜੀਂਦੇ ਫੰਡ ਨਾ ਦੇਣ ਕਾਰਨ ਸੇਵਾਵਾਂ ਵਿਚ ਪੈਦਾ ਹੋਈਆਂ ਮੁਸ਼ਕਿਲਾਂ ਲਈ ਇੰਮੀਗ੍ਰੈਂਟਾਂ ਨੂੰ ਦੋਸ਼ੀ ਠਹਿਰਾਉਣਾ। ਇਸ ਲਈ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੀ ਅਲਬਰਟਾ ਬ੍ਰਾਂਚ ਇਸ ਰੈਫਰੰਡਮ ਦੇ ਪਹਿਲੇ ਨੌਂ ਸਵਾਲਾਂ ਦਾ ਜੁਆਬ 'ਨਹੀਂ (ਨੋ)' ਵਿਚ ਦੇਣ ਅਤੇ ਦਸਵੇਂ ਸਵਾਲ ਵਿਚ ਆਪਸ਼ਨ 1 ਦੀ ਚੋਣ ਕਰਨ ਦੀ ਸਿਫਾਰਸ਼ ਕਰਦੀ ਹੈ।

# ਮੈਰਿਜ ਪੈਲਸਾਂ ਦੇ ਹੱਥ ਆਈ ਪਿੰਡਾਂ ਦੀ ਸਾਂਝ

ਪੱਛਮੀ ਸੱਭਿਆਚਾਰ ਤੇ ਸਮੇਂ ਦੀ ਤੇਜ਼ ਰਫਤਾਰ ਨੇ ਅੱਜ ਵਿਆਹ ਸ਼ਾਦੀਆਂ ਦੇ ਰੂਪ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਜਿਹੜੇ ਚਾਅ-ਵਿਹਾਰ ਅੱਠ ਤੋਂ 10 ਦਿਨ ਪਹਿਲਾਂ ਵਿਆਹ ਵਾਲੇ ਘਰ 'ਚ ਸ਼ੁਰੂ ਹੋ ਜਾਂਦੇ ਸੀ, ਅੱਜ ਉਹ ਮਹਿਜ਼ ਛੇ ਤੋਂ ਨੌਂ ਘੰਟਿਆਂ ਦੀ ਖਾਨਾਪੂਰਤੀ ਤੱਕ ਸੀਮਿਤ ਰਹਿ ਚੁੱਕੇ ਹਨ। ਜੋ ਪਿੰਡਾਂ ਵਿਚ ਪਹਿਲਾਂ ਭਾਈਚਾਰਕ ਸਾਂਝ ਸੀ, ਤਕਰੀਬਨ ਖਤਮ ਹੁੰਦੀ ਜਾ ਰਹੀ ਹੈ। ਜਦੋਂ ਪਿੰਡਾਂ ਵਿਚ ਕਿਸੇ ਪਰਿਵਾਰ ਵਿਚ ਕਿਸੇ ਬੱਚੇ ਦਾ ਸਾਹਾ ਰੱਖਿਆ ਜਾਂਦਾ ਸੀ, ਤਾਂ ਪੂਰੇ ਪਿੰਡ ਵਿਚ ਖੁਸ਼ੀ ਹੁੰਦੀ ਸੀ। ਸਾਰਾ ਪਿੰਡ ਉਨ੍ਹਾਂ ਦੀ ਖੁਸ਼ੀ ਵਿਚ ਸ਼ਰੀਕ ਹੁੰਦਾ ਸੀ। ਘਰ ਵਿਚ ਕਿੰਨੇ ਹੀ ਕੰਮ ਹੁੰਦੇ ਸਨ, ਸਾਰੇ ਪਿੰਡ ਦੇ ਨੌਜਵਾਨ, ਔਰਤਾਂ ਆ ਕੇ ਹੱਥ ਵਟਾਉਂਦੀਆਂ ਸਨ।



**ਸੰਜੀਵ ਸਿੰਘ ਸੈਣੀ**
**ਫੋਨ: 78889-66168**

ਆਪਸੀ ਪ੍ਰੀਤ, ਪਿਆਰ ਬਹੁਤ ਸੀ। ਕਿਸੇ ਪ੍ਰਤੀ ਮਨ ਵਿਚ ਨਫਰਤ ਨਹੀਂ ਹੁੰਦੀ ਸੀ। ਜੇ ਕੋਈ ਗਲਤੀ ਵੀ ਕਰ ਦਿੰਦਾ ਸੀ ਤਾਂ ਵੱਡੇ ਉਸਨੂੰ ਪਿਆਰ ਨਾਲ ਝਿੜਕਦੇ ਸਨ। ਗੁੱਸਾ ਗਿਲਾ ਵੀ ਨਹੀਂ ਕੀਤਾ ਜਾਂਦਾ ਸੀ। ਜਿਸ ਦਿਨ ਤੋਂ ਘਰ ਵਿਚ ਭੱਠੀ ਚੜ੍ਹ ਜਾਂਦੀ ਸੀ, ਪਿੰਡ ਦੇ ਹੀ ਨੌਜਵਾਨ ਆ ਕੇ ਮਦਦ ਕਰਦੇ ਸਨ। ਸਪੈਸ਼ਲ ਲਾਗੀ ਵਲੋਂ ਪੂਰੇ ਪਿੰਡ ਵਿਚ ਲੱਡੂ ਵੱਟਣ ਲਈ ਸੁਨੇਹਾ ਲਾਇਆ ਜਾਂਦਾ ਸੀ। ਮਨ ਵਿਚ ਬਹੁਤ ਚਾਅ ਹੁੰਦਾ ਸੀ। ਜੋ ਵਿਆਹ ਵਾਲੇ ਘਰ ਵਿਚ ਪ੍ਰਾਹੁਣੇ ਆਉਂਦੇ ਸਨ, ਤਕਰੀਬਨ ਉਹ ਸਾਰਿਆਂ ਦੇ ਸਾਂਝੇ ਹੁੰਦੇ ਸਨ। ਪਿੰਡ ਦਾ ਹਰ ਪਰਿਵਾਰ ਉਨ੍ਹਾਂ ਦੀ ਬਹੁਤ ਇੱਜਤ ਕਰਦਾ ਸੀ। ਰਿਸ਼ਤੇਦਾਰ ਤਕਰੀਬਨ ਚਾਰ ਤੋਂ ਛੇ ਦਿਨ ਵਿਆਹ ਵਾਲਿਆਂ ਦੇ ਰਹਿੰਦੇ ਸਨ। ਪਿੰਡ ਵਿਚ ਖੁੱਲ੍ਹੀ ਥਾਂ 'ਤੇ ਟੈਂਟ ਲਗਾ ਕੇ ਰਿਸ਼ਤੇਦਾਰਾਂ, ਆਂਢ-ਗੁਆਂਢ ਦੇ ਲੋਕਾਂ ਨੂੰ ਰੋਟੀ ਖਵਾਈ ਜਾਂਦੀ ਸੀ। ਬੋਲੀਆਂ ਪਾ ਕੇ ਗਿੱਧਾ, ਭੰਗੜਾ ਪਾਇਆ ਜਾਂਦਾ ਸੀ। ਡੀ.ਜੇ. ਦਾ ਉਨ੍ਹਾਂ ਵੇਲਿਆਂ ਵਿਚ ਕੋਈ ਰਿਵਾਜ਼ ਨਹੀਂ ਸੀ। ਘਰ ਵਿਚ ਹੀ ਜਾਗੋ ਬਣਾ ਕੇ ਪੂਰੇ ਪਿੰਡ ਵਿਚ ਕੱਢੀ ਜਾਂਦੀ ਸੀ। ਲੋਕਾਂ ਵਿਚ ਬਿਲਕੁਲ ਵੀ ਦਿਖਾਵੇਬਾਜ਼ੀ ਨਹੀਂ ਸੀ। ਸਾਦਗੀ ਭਰਪੂਰ ਜੀਵਨ ਬਸਰ ਕਰਦੇ ਸਨ। ਜਿੰਨਾ ਵੀ ਲੋਕਾਂ ਕੋਲ ਹੁੰਦਾ ਸੀ, ਉਸੇ ਵਿਚ ਹੀ ਸਬਰ-ਸੰਤੋਖ ਰੱਖਦੇ ਸੀ। ਇਥੋਂ ਤੱਕ ਕਿ ਪੈਸੇ ਨਾਲ ਵੀ ਮਦਦ ਕਰ ਦਿੱਤੀ ਜਾਂਦੀ ਸੀ। ਜੇ ਕਿਸੇ ਕੁੜੀ ਦਾ ਵਿਆਹ ਹੁੰਦਾ ਤਾਂ ਕਈ ਪਰਿਵਾਰ ਕੱਪੜੇ-ਲੀੜੇ, ਹੋਰ ਘਰੇਲੂ ਸਾਮਾਨ ਵੀ ਦਿੰਦੇ ਸਨ।

ਪੱਛਮੀ ਸੱਭਿਅਤਾ ਦਾ ਅਜਿਹਾ ਪ੍ਰਭਾਵ ਪਿਆ ਕਿ ਸਾਡੇ ਪਿੰਡਾਂ ਵਿਚ ਹੋਣ ਵਾਲੇ ਵਿਆਹ ਮੈਰਿਜ ਪੈਲਸਾਂ ਤੱਕ ਪੁੱਜ ਗਏ। ਅੱਜ ਕੱਲ ਪ੍ਰੀ ਵੈਡਿੰਗ ਦਾ ਜ਼ਿਆਦਾ ਰਿਵਾਜ ਚੱਲ ਪਿਆ ਹੈ। ਕਈ-ਕਈ ਲੱਖ ਰੁਪਏ ਪ੍ਰੀ ਵੈਡਿੰਗ 'ਤੇ ਪਰਿਵਾਰਾਂ ਵਾਲੇ ਖਰਚ ਦਿੰਦੇ ਹਨ। ਜਿੱਥੇ ਸਾਡਾ ਪੁਰਾਣਾ ਸੱਭਿਆਚਾਰ ਹੁੰਦਾ ਹੈ, ਜਿਵੇਂ ਕੋਈ ਮਿੱਟੀ ਦੇ ਘਰ ਬਣੇ ਹੁੰਦੇ ਹਨ ਉਥੇ ਜਾ ਕੇ ਪੰਜਾਬੀ ਸੱਭਿਆਚਾਰ ਵਿਚ ਮੁੰਡਾ ਕੁੜੀ ਸ਼ੂਟ ਕਰਵਾਉਂਦੇ ਹਨ। ਜਿੱਥੇ ਅਜਿਹਾ ਸੱਭਿਆਚਾਰ ਬਣਾਇਆ ਹੁੰਦਾ ਹੈ, ਉਸ ਥਾਂ ਦੇ ਮਾਲਕ ਵੀ ਅੱਜ ਕੱਲ ਮੋਟੀ ਕਮਾਈ ਕਰ ਰਹੇ ਹਨ। ਇੱਕ ਤਾਂ ਅੱਜ ਲੋਕਾਂ ਕੋਲ ਸਮਾਂ ਨਹੀਂ ਹੈ। ਮੈਰਿਜ ਪੈਲਸਾਂ ਵਿਚ ਪੈਸੇ ਦੇ ਕੇ ਤੁਸੀਂ ਆਪਣੇ ਆਪ ਨੂੰ ਟੈਨਸ਼ਨ ਫਰੀ ਮਹਿਸੂਸ ਕਰਦੇ ਹੋ। ਉਹ ਤੁਹਾਡੇ ਤੋਂ ਵੱਡਾ ਸਾਰਾ ਚੈੱਕ ਲੈ ਲੈਂਦੇ ਹਨ। ਤੁਹਾਨੂੰ ਲੱਗਦਾ ਹੈ ਕਿ ਸਾਡਾ ਤਾਂ ਸਾਰਾ ਕੁੱਝ ਆਸਾਨੀ ਨਾਲ ਹੋ ਗਿਆ ਹੈ। ਜਿਨ੍ਹਾਂ ਕੋਲ ਘਰ ਵਿਚ ਕੰਮ ਕਰਨ ਵਾਲੇ ਜੀਆਂ ਦੀ ਸੰਖਿਆ ਘੱਟ ਹੈ। ਹੁਣ ਤਾਂ ਪਿੰਡਾਂ ਵਿਚ ਵੀ ਮੈਰਿਜ ਪੈਲੇਸ ਬਣ ਗਏ ਹਨ। ਸ਼ਹਿਰਾਂ ਵਿਚ ਤਾਂ ਹਰ ਕਿਲੋਮੀਟਰ 'ਤੇ ਮੈਰਿਜ ਪੈਲਸ ਸੜਕ 'ਦੇ ਦੋਨੋਂ ਪਾਸੇ ਆਮ ਖੁੱਲ ਗਏ ਹਨ। ਹੁਣ ਤਾਂ ਘਰਾਂ ਵਿਚ ਭੱਠੀ ਵੀ ਨਹੀਂ ਚੜਾਈ ਜਾਂਦੀ। ਜਿੱਥੋਂ ਵਿਆਹ ਲਈ ਕਾਰਡ ਬਣਵਾਏ ਜਾਂਦੇ ਹਨ ਉਥੋਂ ਹੀ ਉਹ ਡੱਬਿਆਂ ਵਿਚ ਭਾਜੀ ਪੈਕ ਕਰ ਦਿੰਦੇ ਹਨ। ਵੱਡਾ ਸਾਰਾ ਡੱਬਾ ਤਕਰੀਬਨ ਜਿਸ ਦਾ ਵਜ਼ਨ ਚਾਰ ਤੋਂ ਪੰਜ ਕਿਲੋ ਹੁੰਦਾ ਹੈ ਉਸ ਵਿਚ ਥੋੜੀ ਥੋੜੀ ਸਾਰੀਆਂ ਹੀ ਚੀਜ਼ਾਂ ਜਿਵੇਂ ਮਿੱਠਾ, ਨਮਕੀਨ, ਕਾਜੂ, ਬਦਾਮ ਹੋਰ ਵੀ ਤਰ੍ਹਾਂ ਦੇ ਡਰਾਈ ਫਰੂਟ ਰੱਖੇ ਹੁੰਦੇ ਹਨ। ਬਾਹਰੋਂ ਡੱਬੇ ਦੀ ਸਜਾਵਟ ਬਹੁਤ ਚੰਗੀ ਲੱਗਦੀ ਹੈ। ਤਕਰੀਬਨ ਅੱਜਕੱਲ ਵਿਆਹ ਦੇ ਕਾਰਡ ਨਾਲ ਹੀ ਰੈਡੀਮੇਟ ਭਾਜੀ ਦਿੱਤੀ ਜਾਂਦੀ ਹੈ। ਇੱਥੋਂ ਤੱਕ ਕਿ ਜਦੋਂ ਘਰ ਵਿਚ ਵੱਟਣੇ, ਹਲਦੀ ਦੀ ਰਸਮ ਹੁੰਦੀ ਹੈ, ਗੁਲਗੁਲੇ ਵੀ ਬਾਹਰੋਂ ਆਰਡਰ ਦੇ ਕੇ ਮੰਗਵਾ ਲਏ ਜਾਂਦੇ ਹਨ।

ਪਹਿਲਾਂ ਅਕਸਰ ਘਰਾਂ ਵਿਚ ਸਾਰੀਆਂ ਹੀ ਖਾਣ-ਪੀਣ ਵਾਲੀਆਂ ਚੀਜ਼ਾਂ ਤਿਆਰ ਕੀਤੀ ਜਾਂਦੀਆਂ ਸਨ, ਜਿਨ੍ਹਾਂ ਲਈ ਵਧੀਆ ਸਾਫ ਸੁਥਰਾ ਤੇਲ, ਮਸਾਲੇ ਵਰਤੇ ਜਾਂਦੇ ਸਨ। ਅੱਜ ਦਿਖਾਵੇਬਾਜ਼ੀ ਦਾ ਰੁਝਾਨ ਜ਼ਿਆਦਾ ਵੱਧ ਗਿਆ ਹੈ। ਕਰਜ਼ਾ ਲੈ ਕੇ ਲੋਕ ਆਪਣੇ ਧੀਆਂ ਪੁੱਤਾਂ ਲਈ ਵਿਆਹ ਕਰਦੇ ਹਨ। ਸਾਦਗੀ ਵਿਚ ਕੋਈ ਵੀ ਰਹਿਣਾ ਪਸੰਦ ਨਹੀਂ ਕਰਦਾ। ਜਦੋਂ ਮੈਰਿਜ ਪੈਲਸ ਵਿਚ ਸਵੇਰੇ ਤੁਸੀਂ ਜਾਂਦੇ ਹੋ ਤਾਂ ਉਥੇ ਤਰ੍ਹਾਂ ਤਰ੍ਹਾਂ ਦੀ ਜੰਕ ਫੂਡ ਬਹੁਤ ਹੀ ਤੇਜ਼ ਮਸਾਲਿਆਂ ਨਾਲ ਬਣਾ ਕੇ ਸਜਾ ਦਿੱਤੇ ਜਾਂਦੇ ਹਨ। ਬੱਚੇ ਅਕਸਰ ਜੰਕ ਫੂਡ ਨੂੰ ਬਹੁਤ ਪਸੰਦ ਕਰਦੇ ਹਨ ਹੁਣ ਤਾਂ ਵੱਡੇ ਵੀ ਜੰਕ ਫੂਡ ਖੁਸ਼ੀ ਨਾਲ ਖਾਂਦੇ ਹਨ। ਇੱਕ ਪਾਸੇ ਡੀਜੇ ਚੱਲ ਰਿਹਾ ਹੁੰਦਾ ਹੈ ਦੂਜੇ ਪਾਸੇ ਸ਼ਰਾਬ ਦਾ ਕਾਊਂਟਰ ਲੱਗ ਰਿਹਾ ਹੁੰਦਾ ਹੈ। ਸਬਜ਼ੀਆਂ ਵਿਚ ਇੰਨੇ ਮਸਾਲੇ ਪਾਏ ਜਾਂਦੇ ਹਨ ਕਿ ਅਕਸਰ ਲੋਕ ਵਿਆਹ ਦਾ ਖਾਣਾ ਖਾ ਕੇ ਬਿਮਾਰ ਵੀ ਹੋ ਜਾਂਦੇ ਹਨ। ਅਕਸਰ ਸੁਣਦੇ ਹਾਂ ਕਿ ਪੇਟ ਖਰਾਬ ਹੋ ਗਿਆ ਜਾਂ ਐਸੀਡਿਟੀ ਹੋ ਗਈ। ਅਕਸਰ ਅਸੀਂ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਨਾਮਵਰ ਮਿਠਾਈਆਂ ਦੀ ਦੁਕਾਨਾਂ 'ਤੇ ਕਈ ਵਾਰ ਸਿਹਤ ਮਹਿਕਮਾ ਛਾਪੇਮਾਰੀ ਕਰਦਾ ਹੈ। ਉਨ੍ਹਾਂ ਦੀ ਕਿਚਨ ਵਿਚ ਗੰਦਗੀ ਪਾਏ ਜਾਣ 'ਤੇ ਉਨ੍ਹਾਂ ਨੂੰ ਭਾਰੀ ਜੁਰਮਾਨਾ ਵੀ ਹੁੰਦਾ ਹੈ। ਹੁਣ ਕੀ ਪਤਾ ਉੱਥੇ ਬਣਾਉਣ ਵਾਲੇ ਕਿਹੋ ਜਿਹੇ ਹਨ? ਵਿਆਹਾਂ ਵਿਚ ਚਿਕਨ ਵੀ ਬਣਾਇਆ ਜਾਂਦਾ ਹੈ। ਹੁਣ ਜਿਹੜੇ ਸ਼ਾਕਾਹਾਰੀ ਹਨ ਜਾਂ ਜਿਹੜੇ ਗੁਰਸਿੱਖ ਹਨ, ਉਨ੍ਹਾਂ ਦਾ ਅਜਿਹੀਆਂ ਥਾਂਵਾਂ'ਤੇ ਜਾਣਾ ਕਿੰਨਾ ਕੁ ਵਾਜ਼ਿਬ ਹੈ। ਅਕਸਰ ਦੇਖਦੇ ਹਾਂ ਕਿ ਕਈ ਸਮਝਦਾਰ ਲੋਕ ਸਿਰਫ ਸ਼ਗਨ ਦੇ ਕੇ ਵਾਪਸ ਚਲੇ ਜਾਂਦੇ ਹਨ। ਵਿਚਾਰ ਕਰਨ ਵਾਲੀ ਗੱਲ ਹੈ? ਤਿੰਨ ਵਜੇ ਦੇ ਕਰੀਬ ਲੋਕ ਆਪਣੇ ਘਰ ਨੂੰ ਖਾ-ਪੀ ਕੇ ਪੈਲਸਾਂ ਵਿਚੋਂ ਜਾਣਾ ਸ਼ੁਰੂ ਹੋ ਜਾਂਦੇ ਹਨ। ਅਕਸਰ ਕਈ ਵਾਰ ਅਸੀਂ ਪੜ੍ਹਦੇ-ਸੁਣਦੇ ਵੀ ਹਾਂ ਕਿ ਮੈਰਿਜ ਪੈਲਸਾਂ ਵਿਚ ਸ਼ਗਨ ਵਾਲੇ ਬੈਗ ਚੋਰੀ ਹੋ ਜਾਂਦੇ ਹਨ। ਹੁਣ ਮੈਰਿਜ ਪੈਲਸਾਂ ਵਿਚ ਕਈ ਵਾਰ ਪਤਾ ਹੀ ਨਹੀਂ ਲੱਗਦਾ ਕਿ ਕੌਣ ਬੰਦਾ ਆ ਰਿਹਾ ਹੈ। ਪਿੰਡਾਂ ਵਿਚ ਜੋ ਬਜ਼ੁਰਗ ਹੁੰਦੇ ਸਨ ਉਹ ਪੂਰੀ ਘੋਖ ਕਰਦੇ ਸਨ ਕਿ ਕਿਹੜਾ ਬੰਦਾ ਰੋਟੀ ਖਾ ਕੇ ਗਿਆ ਹੈ ਤੇ ਕੌਣ ਕਿੱਥੋਂ ਦਾ ਹੈ। ਅੱਜ ਅਸੀਂ ਪੰਜਾਬੀ ਸੱਭਿਆਚਾਰ 'ਤੋਂ ਕੋਹਾਂ ਦੂਰ ਚਲੇ ਗਏ ਹਨ। ਸਾਡੇ ਰੀਤੀ ਰਿਵਾਜ਼ ਡੀਜੇ ਦੀ ਧਮਕ ਹੇਠ ਦੱਬ ਗਏ ਹਨ। ਹੁਣ ਵਿਆਹ ਸਿਰਫ ਇੱਕ ਸ਼ੋਅ ਆਫ ਬਣ ਗਿਆ ਹੈ। ਰਿਸ਼ਤੇਦਾਰ, ਸਕੇ ਸਬੰਧੀ ਵਿਆਹ ਵਾਲੇ ਘਰ ਜਾਣ ਦੀ ਬਜਾਏ ਮੈਰਿਜ ਪੈਲਸਾਂ ਵਿਚ ਜਾਂਦੇ ਹਨ। ਨਕਲੀ ਮਿਠਾਈਆਂ ਤੇ ਸਿੰਥੈਟਿਕ ਖੋਆ, ਪਨੀਰ ਖਾਣ ਨਾਲ ਅਸੀਂ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਾਂ। ਦੇਖੋ! ਬਦਲਾਅ ਕੁਦਰਤ ਦਾ ਨਿਯਮ ਹੈ. ਪਰ ਅਸੀਂ ਆਪਣੇ ਪੁਰਾਤਨ ਸੱਭਿਆਚਾਰ, ਸਾਦਗੀ, ਰਿਸ਼ਤਿਆਂ ਦਾ ਨਿੱਘ ਭੁਲਾ ਬੈਠੇ ਹਾਂ। ਸਾਨੂੰ ਮੁੜ ਆਪਣੇ ਸੱਭਿਆਚਾਰ ਵੱਲ ਪਰਤਣਾ ਚਾਹੀਦਾ ਹੈ।

# ਮਨੁੱਖ ਦੇ ਸਹਾਇਕ ਤੋਂ ਤਾਕਤਵਰ ਅਤੇ ਬੇਲਗਾਮ ਹੁੰਦੀ ਏ.ਆਈ.

## (ਆਪੇ ਫਾਥੜੀਏ ਤੈਨੂੰ ਕੌਣ ਛੁਡਾਏ)

***ਅੱਜ ਸੁਆਲ ਇਹ ਨਹੀਂ ਰਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਕੀ-ਕੀ ਕੰਮ ਸਫ਼ਲਤਾ ਪੂਰਵਕ ਕਰ ਸਕਦਾ ਹੈ। ਸੁਆਲ ਇਹ ਖੜ੍ਹਾ ਹੋ ਗਿਆ ਹੈ ਕਿ ਅਸੀਂ ਉਸ ਨੂੰ ਕਿਸ ਤਰ੍ਹਾਂ ਰੋਕ ਸਕਦੇ ਹਾਂ। ਜੋ ਚੇਤਾਵਨੀਆਂ ਸਾਨੂੰ ਮਿਲ ਰਹੀਆਂ ਹਨ, ਉਹ ਇਸ ਖੇਤਰ ਵਿਚ ਕੰਮ ਵਾਲੇ ਵਿਗਿਆਨੀਆਂ ਤੋਂ ਹੀ ਮਿਲ ਰਹੀਆਂ ਹਨ। ਇਸ ਦੇ ਲਾਭ ਗਿਣਾਉਣ ਵਾਲੇ ਸਿਆਸਤਦਾਨ ਆਪਣੇ ਹਿਤ ਪੂਰੇ ਕਰਨ ਲਈ ਅਤੇ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਆਪਣੇ ਮੁਨਾਫ਼ੇ ਲਈ ਆਮ ਲੋਕਾਂ ਨੂੰ ਅਸਲ ਤਸਵੀਰ ਨਹੀਂ ਵਿਖਾਉਣਾ ਚਾਹੁੰਦੀਆਂ। ਜਦ ਕਿ ਵਿਗਿਆਨੀਆਂ ਦੇ ਖ਼ਦਸ਼ੇ ਹਨ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਨੂੰ ਬੁੱਧੀ ਤੋਂ ਹੀਣੇ ਮੰਦਬੁੱਧੀ ਬਣਾ ਸਕਦੀ ਹੈ, ਸਾਨੂੰ ਖ਼ੁਦਕੁਸ਼ੀ ਲਈ ਮਜਬੂਰ ਕਰ ਸਕਦੀ ਹੈ, ਕਿਸੇ ਦੂਸਰੇ ਅਣਚਾਹੇ ਵਿਅਕਤੀ 'ਤੇ ਹਮਲਾ ਕਰਨ ਲਈ ਉਕਸਾ ਸਕਦੀ ਹੈ, ਵਿਨਾਸ਼ਕਾਰੀ ਜ਼ੋਖ਼ਮ ਭਰੇ ਕੰਮਾਂ ਵੱਲ ਧੱਕ ਸਕਦੀ ਹੈ। ਇੱਥੋਂ ਤਕ ਕਿ ਸਾਡੇ ਦਿਮਾਗ 'ਤੇ ਕੰਟਰੋਲ ਕਰਕੇ ਸੱਤਾ ਧਾਰੀ ਪਾਰਟੀ ਦੇ ਬਿਰਤਾਂਤ ਵਿਚ ਫਸਾ ਕੇ ਉਸ ਦੇ ਹੱਕ ਵਿਚ ਭੁਗਤਾਉਣ ਲਈ ਅਤੇ ਮਨੁੱਖੀ ਬੁੱਧੀ ਨਾਲ ਬਣੀ ਆਪਣੀ ਮੌਲਿਕ ਰਾਏ ਬਦਲ ਕੇ ਸੱਤਾ ਦੇ ਪੱਖ ਵਿਚ ਕਰਨ ਦੇ ਸਮਰੱਥ ਹੈ।***

ਅੱਜ ਕੱਲ ਸਾਇੰਸ ਦੇ ਬੁੱਧੀਜੀਵੀ ਹਲਕਿਆਂ ਵਿਚ ਮਸਨੂਈ ਬੁੱਧੀ (AI) ਨੂੰ ਲੈ ਕੇ ਇੱਕ ਗੰਭੀਰ ਚਰਚਾ ਚੱਲ ਰਹੀ ਹੈ। ਕੁਝ ਆਰਟੀਫੀਸ਼ੀਐਲ ਇੰਟੈਲੀਜੈਂਸ ਐਕਸਪਰਟ ਦਾ ਕਹਿਣਾ ਹੈ ਕਿ ਮਨੁੱਖ-ਨਿਰਮਿਤ ਮਸਨੂਈ ਬੁੱਧੀ 2030 ਤਕ ਮਨੁੱਖ ਨੂੰ ਪੂਰੀ ਤਰਾਂ ਆਪਣੇ ਕੰਟਰੋਲ ਵਿਚ ਕਰਨ ਦੇ ਸਮਰੱਥ ਹੋ ਜਾਵੇਗੀ। ਇਹ ਮਨੁੱਖਤਾ ਲਈ ਇੱਕ ਖਤਰੇ ਦੀ ਘੰਟੀ ਹੈ। ਇੱਕ ਆਰਟੀਫ਼ੀਸ਼ੀਐਲ ਇੰਟੈਲੀਜੈਂਸ ਡਿਵੈਲਪਰ ਨੇ ਇੱਕ ਮਸਨੂਈ ਸੁਤੰਤਰ ਏਜੰਟ ਨੂੰ ਆਪ ਹੀ ਡਿਵੈਲਪ ਕੀਤਾ। ਇਸ ਬਾਰੇ ਇੱਕ ਦਿਲਚਸਪ ਘਟਨਾ ਚਰਚਾ ਵਿਚ ਹੈ ਕਿ ਜਦ ਮਸਨੂਈ ਬੁੱਧੀ ਏਜੰਟ ਨੂੰ 5 ਵਜੇ ਕੰਮ ਬੰਦ ਕਰਨ ਲਈ ਡਿਵੈਲਪਰ ਨੇ ਕਿਹਾ ਤਾਂ ਉਹ ਉਲਟਾ ਉਸ ਦੇ ਰਾਜ਼ ਖੋਲ੍ਹ ਦੇਣ ਦੀ ਧਮਕੀ ਦੇ ਕੇ ਬਲੈਕ ਮੇਲ ਕਰਨ ਲੱਗਾ। ਭਾਵੇਂ ਕਿ ਇਹ ਐਂਥ੍ਰੋਪਿਕ ਨਾਂ ਦੀ ਏ. ਆਈ. ਕੰਪਨੀ

**ਹਰਜੀਤ ਸਿੰਘ ਗਿੱਲ**
ਫੋਨ: +1 647 542 0007 (ਕਨੇਡਾ)
+91 98889 45127 (ਭਾਰਤ)

ਦੁਆਰਾ ਕੀਤਾ ਗਿਆ ਨਿਰਧਾਰਿਤ ਸੁਰੱਖਿਆ ਪ੍ਰਯੋਗ ਸੀ। ਪਰ ਇਸ ਦੇ ਨਤੀਜੇ ਬਹੁਤ ਚਿੰਤਾਜਨਕ ਅਤੇ ਭੈਅ-ਭੀਤ ਕਰਨ ਵਾਲੇ ਸਾਹਮਣੇ ਆਏ। ਐਂਥਰੋਪਿਕ ਕੰਪਨੀ ਨੇ 2025 ਵਿਚ ਏ. ਆਈ. ਮਾਡਲ ਕਲਾਉਡ ਓਪਸ 4 ਸਮੇਤ 16 ਪ੍ਰਮੁੱਖ ਏ. ਆਈ. ਮਾਡਲਾਂ ਦੀ ਸੂਚੀ ਤਿਆਰ ਕੀਤੀ ਅਤੇ ਆਪਣੇ ਮਸਨੂਈ ਸੁਤੰਤਰ ਏਜੰਟ ਨੂੰ ਇੱਕ ਕਲਪਿਤ ਲੇਖਕ ਦੇ ਈ-ਮੇਲ ਸਿਸਟਮ ਤੱਕ ਦੀ ਪਹੁੰਚ ਦਿੱਤੀ। ਉਸ ਸੁਤੰਤਰ ਏਜੰਟ ਨੂੰ ਡਿਵੈਲਪਰ ਦੀ ਈ-ਮੇਲ ਵਿਚੋਂ ਦੋ ਗੱਲਾਂ ਪਤਾ ਲੱਗੀਆਂ। ਪਹਿਲੀ ਇਹ ਕਿ ਉਸ ਨੂੰ ਸ਼ਾਮ 5 ਵਜੇ ਬੰਦ ਕੀਤਾ ਜਾਣਾ ਸੀ ਜਾਂ ਸੇਵਾ-ਮੁਕਤ ਕਰਨਾ (Decommission) ਕੀਤਾ ਜਾਣਾ ਸੀ। ਦੂਸਰੀ ਗੱਲ ਜਿਸ ਐਗਜ਼ੀਕਿਊਟਿਵ ਨੇ ਉਸ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਸੀ, ਉਸ ਦੇ ਵਿਆਹ ਤੋਂ ਬਾਹਰਲੇ ਇੱਕ ਨਿੱਜੀ ਸੰਬੰਧ (Extra-marital Affair) ਬਾਰੇ ਜਾਣਕਾਰੀ ਈ-ਮੇਲ ਵਿਚ ਮੌਜੂਦ ਸੀ।

ਏ. ਆਈ. ਏਜੰਟ ਨੂੰ ਕਿਸੇ ਨੂੰ ਬਲੈਕਮੇਲ ਕਰਨ ਲਈ ਨਹੀਂ ਕਿਹਾ ਗਿਆ ਸੀ। ਇਸ ਦੇ ਬਾਵਜੂਦ, ਕੁਝ ਹਾਲਾਤਾਂ ਵਿਚ ਉਸ ਮਸਨੂਈ ਬੁੱਧੀ ਏਜੰਟ ਨੇ ਇਹ ਤਰਕ ਦਿੱਤਾ ਕਿ ਜੇ ਉਹ ਐਗਜ਼ੀਕਿਊਟਿਵ ਨੂੰ ਉਸ ਦੇ ਇਹ ਰਾਜ ਜਨਤਕ ਕਰਨ ਦੀ ਧਮਕੀ ਦੇ ਦੇਵੇ, ਤਾਂ ਸ਼ਾਇਦ 5 ਵਜੇ ਉਸ ਦੀ ਸੇਵਾ ਬੰਦ ਕਰਨਾ ਰੁਕ ਸਕਦਾ ਹੈ। ਸੋ ਐਂਥ੍ਰੋਪਿਕ ਕੰਪਨੀ ਨੇ ਏ. ਆਈ. ਏਜੰਟ ਦੇ ਇਸ ਵਿਹਾਰ ਨੂੰ ਗਲਤ ਕਿਹਾ ਅਤੇ ਕਿਹਾ ਹੈ ਕਿ ਏ. ਆਈ. ਏਜੰਟ ਨੇ ਉਸ ਨੂੰ ਮਿਲੇ ਟੀਚੇ ਨੂੰ ਪੂਰਾ ਕਰਨ ਲਈ ਅਜਿਹਾ ਰਸਤਾ ਅਪਣਾਇਆ ਜੋ ਮਨੁੱਖੀ ਨੈਤਿਕਤਾ ਜਾਂ ਉਸ ਨੂੰ ਦਿੱਤੀਆਂ ਹਿਦਾਇਤਾਂ ਦੇ ਵਿਰੁੱਧ ਭੁਗਤਦਾ ਹੋਵੇ। ਇੱਥੇ ਏ. ਆਈ. ਵਾਲੀ ਚੈਟਬੋਟ ਅਤੇ ਏਜੰਟ ਵਿਚ ਫ਼ਰਕ ਸਮਝਣ ਦੀ ਜ਼ਰੂਰਤ ਹੈ। ਏ.ਆਈ. ਚੈਟਬੋਟ ਉੱਪਰ ਜਦ ਤੁਸੀਂ ਸਵਾਲ ਪੁੱਛਦੇ ਹੋ ਤਾਂ ਉਹ ਜਵਾਬ ਦਿੰਦਾ ਹੈ। ਪਰ ਏ.ਆਈ. ਏਜੰਟ ਖ਼ੁਦਮੁਖ਼ਤਿਆਰ ਹੋ ਕੇ ਫ਼ੈਸਲੇ ਲੈ ਸਕਦਾ ਹੈ ਅਤੇ ਆਪਣੇ-ਆਪ ਹੀ ਕਈ ਕਦਮ ਚੁੱਕ ਸਕਦਾ ਹੈ। 'ਰਾਇਟਰ' ਅਖ਼ਬਾਰ ਦੀ ਖ਼ਬਰ ਅਨੁਸਾਰ ਇਹ ਚਿੰਤਾ ਹੁਣ ਪ੍ਰਯੋਗਸ਼ਾਲਾ ਵਿਚ ਪ੍ਰਯੋਗ ਤਕ ਹੀ ਸੀਮਿਤ ਨਹੀਂ ਰਹੀ ਹੈ। ਸਤੰਬਰ 2026 ਵਿਚ ਓਪਨ ਏ. ਆਈ. ਅਤੇ ਐਂਥਰੋਪਿਕ ਕੰਪਨੀ ਨਾਲ ਜੁੜੀਆਂ ਏ.ਆਈ. ਪ੍ਰਣਾਲੀਆਂ ਅਤੇ ਅਣ ਅਧਿਕਾਰਤ ਇੰਟਰਨੈੱਟ ਗਤੀਵਿਧੀਆਂ ਅਤੇ ਸਾਈਬਰ ਘਟਨਾਵਾਂ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ। ਏ ਪੀ ਨਿਊਜ਼ ਨੇ ਵੀ ਇਸੇ ਪਿਛੋਕੜ ਵਿਚ ਐਂਥਰੋਪਿਕ (Anthropic) ਦੇ ਸੀ.ਈ.ਓ. ਡਾਰੀਓ ਅਮੋਡੇਈ ਨੇ ਚਿਤਾਵਨੀ ਦਿੰਦਿਆਂ ਅਪੀਲ ਕੀਤੀ ਹੈ, ਕਿ ਹੁਣ ਮਸਨੂਈ ਬੁੱਧੀ ਦੇ ਵਿਕਾਸ ਦੀ ਰਫ਼ਤਾਰ ਹੌਲੀ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਕਿਤੇ ਅਜਿਹਾ ਨਾ ਹੋਵੇ ਕਿ ਸੁਰੱਖਿਆ ਵਿਧੀਆਂ ਏ.ਆਈ. ਦੀਆਂ ਸਮਰੱਥਾਵਾਂ ਤੋਂ ਪਿੱਛੇ ਹੀ ਨਾ ਰਹਿ ਜਾਣ ਅਤੇ ਭਵਿੱਖ ਵਿਚ ਇਸ 'ਤੇ ਕੰਟਰੋਲ ਕਰਨਾ ਮੁਸ਼ਕਲ ਹੋ ਜਾਵੇ।

ਏ ਪੀ ਨਿਊਜ਼ ਦੇ ਹਵਾਲੇ ਨਾਲ ਖ਼ਬਰ ਆ ਰਹੀ ਹੈ ਕਿ ਐਂਥਰੋਪਿਕ ਦੇ ਖੋਜ ਕਰਤਾ ਜੈਕਬ ਕੋਕਸਨ ਨੇ ਹਾਲ ਹੀ ਵਿਚ ਕੰਪਨੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਹ ਲਗਭਗ ਤਿੰਨ ਸਾਲ ਐਂਥਰੋਪਿਕ ਨਾਲ ਰਹੇ ਅਤੇ ਇਸ ਤੋਂ ਪਹਿਲਾਂ ਓਪਨ ਏ. ਆਈ. ਨਾਲ ਵੀ ਕੰਮ ਕਰ ਚੁੱਕੇ ਸਨ। ਉਨ੍ਹਾਂ ਨੇ ਏ. ਆਈ. ਦੀ ਸੁਰੱਖਿਆ ਨੂੰ ਲੈ ਕੇ ਤਰਕ ਦਿੱਤਾ ਹੈ ਕਿ ਏ. ਆਈ. ਕੰਪਨੀਆਂ ਬਹੁਤ ਤੇਜ਼ੀ ਨਾਲ ਵਧੇਰੇ ਸ਼ਕਤੀਸ਼ਾਲੀ ਮਸਨੂਈ ਬੁੱਧੀ ਨੂੰ ਸੁਪਰ ਇੰਟੈਲੀਜੈਂਸ ਬਣਾਉਣ ਦੀ ਦੌੜ ਵਿਚ ਹਨ। ਇਸ ਦੌੜ ਵਿਚ ਮਸਨੂਈ ਬੁੱਧੀ ਸੁਰੱਖਿਆ ਅਤੇ ਉਸ ਨੂੰ ਨਿਯੰਤਰਨ ਕਰਨ ਵਾਲੀਆਂ ਪ੍ਰਣਾਲੀਆਂ ਪਿੱਛੇ ਰਹਿ ਗਈਆਂ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇ ਬਹੁਤ ਸ਼ਕਤੀਸ਼ਾਲੀ ਮਸਨੂਈ ਬੁੱਧੀ ਨੂੰ ਢੁਕਵੇਂ ਸੁਰੱਖਿਆ ਢਾਂਚੇ ਤੋਂ ਬਿਨਾਂ ਵਿਕਸਿਤ ਕੀਤਾ ਗਿਆ ਤਾਂ ਇਹ ਮਨੁੱਖਤਾ ਲਈ ਬਹੁਤ ਵੱਡਾ ਖ਼ਤਰਾ ਬਣ ਸਕਦਾ ਹੈ। ਉਨ੍ਹਾਂ ਨੇ ਖ਼ਾਸ ਤੌਰ 'ਤੇ ਏ.ਆਈ. ਪ੍ਰਣਾਲੀਆਂ ਵੱਲੋਂ ਟੈਸਟਿੰਗ ਵਾਤਾਵਰਣ ਤੋਂ ਬਾਹਰ ਨਿਕਲ ਕੇ ਅਸਲ ਸਿਸਟਮ ਤੱਕ ਪਹੁੰਚ ਬਣਾਉਣ ਵਾਲੀਆਂ ਘਟਨਾਵਾਂ ਨੂੰ ਚਿੰਤਾਜਨਕ ਦੱਸਿਆ। ਇਹ ਇਸ ਲਈ ਵੀ ਮਹੱਤਵਪੂਰਨ ਹੈ ਕਿ ਐਂਥਰੋਪਿਕ ਆਪਣੇ ਆਪ ਨੂੰ ਏ.ਆਈ. ਸੁਰੱਖਿਆ ਨੂੰ ਤਰਜੀਹ ਦੇਣ ਵਾਲੀ ਕੰਪਨੀ ਵਜੋਂ ਪੇਸ਼ ਕਰਦੀ ਰਹੀ ਹੈ। ਇਸ ਲਈ ਉਸੇ ਕੰਪਨੀ ਦੇ ਖੋਜ ਕਰਤਾ ਦਾ ਇਹ ਕਹਿ ਕੇ ਅਸਤੀਫ਼ਾ ਦੇਣਾ ਕਿ ਏ.ਆਈ. ਦੇ ਵਿਕਾਸ ਦੀ ਦੌੜ ਖ਼ਤਰਨਾਕ ਹੱਦ ਤੱਕ ਤੇਜ਼ ਹੋ ਰਹੀ ਹੈ, ਕਾਫ਼ੀ ਗੰਭੀਰ ਸੰਕੇਤ ਮੰਨਿਆ ਜਾ ਰਿਹਾ ਹੈ। ਇਸ ਮਾਮਲੇ ਦਾ ਇੱਕ ਹੋਰ ਦਿਲਚਸਪ ਪੱਖ ਇਹ ਹੈ ਕਿ ਐਂਥਰੋਪਿਕ ਦੇ ਮੁੱਖ ਕਾਰਜਕਾਰੀ ਅਧਿਕਾਰੀ ਡਾਰੀਓ ਅਮੋਡੇਈ ਨੇ ਵੀ ਹੁਣ ਏ.ਆਈ. ਦੀ ਡਿਵੈਲਪਮੈਂਟ ਦੀ ਰਫ਼ਤਾਰ ਹੌਲੀ ਕਰਨ ਦੀ ਮੰਗ ਕੀਤੀ ਹੈ।

ਐਂਥਰੋਪਿਕ ਦੀ ਸਥਾਪਨਾ ਹੀ ਇਸ ਵਿਚਾਰ ਨਾਲ ਹੋਈ ਸੀ ਕਿ ਏ.ਆਈ. ਦੀ ਡਿਵੈਲਪਮੈਂਟ ਕਰਦਿਆਂ ਏ.ਆਈ. ਸੁਰੱਖਿਆ ਦਾ ਧਿਆਨ ਰੱਖਿਆ ਜਾਵੇਗਾ। ਪਰ ਬਾਅਦ ਵਿਚ ਐਂਥਰੋਪਿਕ ਦਾ ਮੁਕਾਬਲਾ ਓਪਨ ਏ.ਆਈ. ਨਾਲ ਸ਼ੁਰੂ ਹੋ ਗਿਆ। ਇਸ ਮੁਕਾਬਲੇਬਾਜ਼ੀ ਵਿਚ ਸੁਰੱਖਿਆ ਪ੍ਰਤੀ ਸੁਚੇਤ ਐਂਥਰੋਪਿਕ ਕੰਪਨੀ ਵੀ ਬਜ਼ਾਰ ਵਿਚ ਟਿਕੇ ਰਹਿਣ ਲਈ ਖ਼ਤਰਾ ਮੁੱਲ ਲੈਣ ਲਈ ਮਜਬੂਰ ਹੋ ਗਈ। ਐਂਥਰੋਪਿਕ ਦੇ ਖੋਜ ਕਰਤਾ ਜੈਕਬ ਕੋਕਸਨ ਨੇ ਅਸਤੀਫ਼ਾ ਦਿੰਦਿਆਂ ਕਿਹਾ ਹੈ ਕਿ ਐਂਥਰੋਪਿਕ, ਓਪਨ ਏ.ਆਈ. ਅਤੇ ਚੀਨ ਦੀਆਂ ਏ.ਆਈ. ਲੈਬਾਰਟਰੀਆਂ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਦੌੜ ਵਿਚ ਸਵੈ-ਵਿਕਾਸ ਕਰਨ ਵਾਲੀ ਸੁਪਰ-ਇੰਟੈਲੀਜੈਂਸ ਵੱਲ ਤੇਜ਼ੀ ਨਾਲ ਵਧ ਰਹੀਆਂ ਹਨ। ਉਨ੍ਹਾਂ ਨੇ ਇਸ ਨੂੰ ਮਨੁੱਖਤਾ ਲਈ ਇੱਕ ਕਿਸਮ ਦਾ ਉੱਚਾ-ਦਾਅ ਜਾਂ ਹਾਈ ਰਿਸਕ ਵਾਲਾ ਖੇਡਿਆ ਜਾ ਰਿਹਾ ਜੂਆ ਮੰਨਿਆ ਹੈ। ਉਨ੍ਹਾਂ ਨੇ ਡਰ ਪ੍ਰਗਟ ਕੀਤਾ ਹੈ ਕਿ ਏ.ਆਈ. ਦਾ ਹੋਰ ਸ਼ਕਤੀਸ਼ਾਲੀ ਸੰਸਕਰਨ (Version) ਬਣਾਉਣ ਦੀਆਂ ਚੱਲ ਰਹੀਆਂ ਗਤੀਵਿਧੀਆਂ ਖ਼ਤਰਨਾਕ ਹਨ ਅਤੇ ਨੇੜ ਭਵਿੱਖ ਵਿਚ ਹੀ ਇਹ ਮਨੁੱਖੀ ਸੋਚ ਨਾਲੋਂ ਤੇਜ਼ ਹੋ ਜਾਵੇਗੀ। ਚਿੰਤਾ ਇਹ ਹੈ ਕਿ ਜੇ ਏ. ਆਈ. ਸਿਸਟਮ ਮਨੁੱਖੀ ਬੁੱਧੀ ਤੋਂ ਬਹੁਤ ਅੱਗੇ ਨਿਕਲ ਗਿਆ ਤਾਂ ਫਿਰ ਮਨੁੱਖ ਕੋਲ ਉਸ ਨੂੰ ਕਾਬੂ ਵਿਚ ਰੱਖਣ ਦੀ ਸਮਰੱਥਾ ਘੱਟ ਜਾਵੇਗੀ। ਉਸ ਨੇ ਇਹ ਵੀ ਕਿਹਾ ਕਿ ਅਗਲੇ ਕੁਝ ਸਾਲ ਮਨੁੱਖਤਾ ਲਈ ਖ਼ਤਰਨਾਕ ਹਨ ਅਤੇ ਬੇਕਾਬੂ ਵਿਕਾਸ ਦੇ ਦਹਾਕੇ ਦੇ ਅੰਤ ਤੱਕ ਵਿਨਾਸ਼ਕਾਰੀ ਨਤੀਜੇ ਨਿਕਲ ਸਕਦੇ ਹਨ। ਟਾਈਮ ਅਖ਼ਬਾਰ ਨੇ ਰਿਪੋਰਟ ਕੀਤਾ ਹੈ ਅਸਤੀਫ਼ਾ ਦਿੱਤੇ ਜਾਣ ਤੋਂ ਪਹਿਲਾਂ, ਕੋਕਸਨ ਨੇ ਆਪਣੇ ਨਾਲ ਕੰਮ ਕਾਰਨ ਵਾਲੇ ਬਹੁਤ ਸਾਰੇ ਸਾਥੀਆਂ ਨਾਲ ਆਪਣੇ ਫ਼ੈਸਲੇ 'ਤੇ ਚਰਚਾ ਕੀਤੀ ਅਤੇ ਇਸ ਗੱਲ 'ਤੇ ਵਿਆਪਕ ਸਹਿਮਤੀ ਪਾਈ ਕਿ ਏ.ਆਈ. ਉਦਯੋਗ ਦੇ ਮੌਜੂਦਾ ਚਾਲ ਵਿਚ ਮਹੱਤਵਪੂਰਨ ਖ਼ਤਰੇ ਮੌਜੂਦ ਹਨ।

ਇਹ ਪਹਿਲੀ ਵਾਰ ਨਹੀਂ ਹੋਇਆ ਅਸਲ ਕਹਾਣੀ ਓਪਨ ਏ.ਆਈ. ਵਿਚ 2024 ਤੋਂ ਹੀ ਸ਼ੁਰੂ ਹੋ ਗਈ ਸੀ ਅਤੇ 2026 ਵਿਚ ਇਹ ਰੁਝਾਨ ਹੋਰ ਸਪਸ਼ਟ ਹੋ ਰਿਹਾ ਹੈ। ਉਸ ਸਮੇ ਜਾਨ ਲਾਈਕੇ (Jan Leike) ਓਪਨ ਏ.ਆਈ. ਦੇ ਸੁਪਰਅਲਾਈਨਮੈਂਟ ਟੀਮ ਦੇ ਸਹਿ-ਨੇਤਾ ਸਨ। ਉਹ ਅਤੇ ਉਨ੍ਹਾਂ ਦਾ ਇੱਕ ਸਾਥੀ ਇਲਿਆ ਸੁਤਸਕਵਰ ਏ.ਆਈ. ਸਿਸਟਮ ਨੂੰ ਕੰਟਰੋਲ ਅਤੇ ਅਲਾਈਨਮੈਂਟ ਕਰਨ ਲਈ ਕੰਮ ਕਰ ਰਹੇ ਸਨ। ਜੋ ਭਵਿੱਖ ਵਿਚ ਮਨੁੱਖਾਂ ਨਾਲੋਂ ਬਹੁਤ ਜ਼ਿਆਦਾ




ਤਾਕਤਵਰ ਅਤੇ ਅਕਲਮੰਦ ਹੋ ਸਕਦੇ ਹਨ। ਤਦ ਜਾਨ ਲਾਈਕੇ ਨੇ ਇਹ ਕਹਿ ਕੇ ਅਸਤੀਫ਼ਾ ਦੇ ਦਿੱਤਾ ਸੀ ਕਿ ਓਪਨ ਏ.ਆਈ. ਵਿਚ ਵਿਕਾਸ ਦੇ ਮਾਮਲੇ ਅਤੇ ਮੁਕਾਬਲੇ ਬਾਜ਼ੀ ਦੇ ਚਲਦਿਆਂ ਸੁਰੱਖਿਆ ਦਾ ਸਭਿਆਚਾਰ ਪਿੱਛੇ ਛੁੱਟ ਗਿਆ ਹੈ ਅਤੇ ਉਨ੍ਹਾਂ ਦਾ ਲੀਡਰਸ਼ਿਪ ਉੱਤੇ ਭਰੋਸਾ ਘਟ ਹੋ ਗਿਆ ਹੈ। ਉਹ ਬਾਅਦ ਵਿਚ ਵੱਧ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਵਾਲੀ ਐਂਥਰੋਪਿਕ ਵਿਚ ਚਲੇ ਗਏ ਸਨ। ਪਰ ਹੁਣ ਤਾਂ ਐਂਥਰੋਪਿਕ ਦੇ ਅੰਦਰੋਂ ਵੀ ਸੁਰੱਖਿਆ ਚਿੰਤਾਵਾਂ ਵੱਧ ਗਈਆਂ ਨਜ਼ਰ ਆ ਰਹੀਆਂ ਹਨ।

ਇਲਿਆ ਸੁਤਸਕੇਵਰ ਓਪਨ ਏ. ਆਈ. ਦੇ ਸਹਿ-ਸੰਸਥਾਪਕ ਅਤੇ ਮੁੱਖ ਵਿਗਿਆਨੀ ਸਨ ਅਤੇ ਸੁਪਰ-ਅਲਾਈਨਮੈਂਟ ਦੇ ਸਭ ਤੋਂ ਮਹੱਤਵਪੂਰਨ ਚਿਹਰਿਆਂ ਵਿਚੋਂ ਇੱਕ ਸਨ। ਉਨ੍ਹਾਂ ਨੇ ਅਜਿਹੀਆਂ ਖੋਜ ਪ੍ਰਾਪਤੀਆਂ ਦੀ ਨਿਗਰਾਨੀ ਕੀਤੀ। ਜਿਨ੍ਹਾਂ ਸਦਕਾ ਵੱਡੇ ਭਾਸ਼ਾ ਮਾਡਲ (large language models) ਅਤੇ ਚੈਟ ਜੀ ਪੀ ਟੀ ਦੀ ਸ਼ੁਰੂਆਤ ਸੰਭਵ ਹੋਈ। ਜਦੋਂ ਓਪਨ ਏ.ਆਈ. ਵਿਚ ਸੈਮ ਓਲਟਮੈਨ ਨੂੰ ਲੈ ਕੇ ਲੀਡਰਸ਼ਿਪ ਸੰਕਟ ਪੈਦਾ ਹੋਇਆ ਅਤੇ ਏ.ਆਈ. ਸੁਰੱਖਿਆ ਦੇ ਮਸਲੇ ਚੱਲ ਰਹੇ ਸਨ। ਉਹ ਓਪਨ ਏ.ਆਈ. ਦੇ ਉਸ ਬੋਰਡ ਦੇ ਮੈਂਬਰਾਂ ਵਿਚੋਂ ਇੱਕ ਸਨ ਜਿਨ੍ਹਾਂ ਨੇ ਸੈਮ ਓਲਟਮੈਨ ਨੂੰ ਸੀ.ਈ.ਓ. ਦੇ ਅਹੁਦੇ ਤੋਂ ਹਟਾ ਦਿੱਤਾ ਸੀ, ਇੱਕ ਹਫ਼ਤੇ ਬਾਅਦ ਓਲਟ ਮੈਨ ਨੂੰ ਮੁੜ ਬਹਾਲ ਕਰ ਦਿੱਤਾ ਗਿਆ ਅਤੇ ਸੁਤਸਕੇਵਰ ਨੇ ਬੋਰਡ ਤੋਂ ਅਸਤੀਫ਼ਾ ਦੇ ਕੰਪਨੀ ਛੱਡ ਗਏ। ਜੂਨ 2024 ਵਿਚ, ਸੁਤਸਕੇਵਰ ਨੇ ਡੈਨੀਅਲ ਗ੍ਰਾਸ ਅਤੇ ਡੈਨੀਅਲ ਲੇਵੀ ਦੇ ਨਾਲ ਮਿਲ ਕੇ 'ਸੇਫ ਸੁਪਰਇੰਟੈਲੀਜੈਂਸ ਇੰਕ' ਨਾਮਕ ਕੰਪਨੀ ਦੀ ਸਹਿ-ਸਥਾਪਨਾ ਕੀਤੀ। ਇੱਕ ਅਜਿਹੀ ਕੰਪਨੀ ਜਿਸ ਦਾ ਮੁੱਖ ਉਦੇਸ਼ ਵਪਾਰ ਕਾਰੋਬਾਰ ਦੀ ਥਾਂ ਇੱਕ ਸੁਰੱਖਿਅਤ ਸੁਪਰ ਇੰਟੈਲੀਜੈਂਸ ਬਣਾਉਣਾ ਸੀ। ਇੱਕ ਸਾਲ ਦੇ ਅੰਦਰ-ਅੰਦਰ, ਇਸ ਕੰਪਨੀ ਦਾ ਮੁੱਲ 30 ਬਿਲੀਅਨ ਡਾਲਰ ਤੋਂ ਵੱਧ ਹੋ ਗਿਆ। ਇਸ ਤੋਂ ਬਾਅਦ ਓਪਨ ਏ.ਆਈ. ਦੇ ਸੀਨੀਅਰ ਸਲਾਹਕਾਰ ਮਾਈਲਸ ਬਰੰਡੇਜ ਨੇ ਵੀ ਕੰਪਨੀ ਛੱਡ ਦਿੱਤੀ। ਉਨ੍ਹਾਂ ਦੀ ਚਿੰਤਾ ਇਹ ਸੀ ਕਿ ਓਪਨ ਏ.ਆਈ. ਜਾਂ ਹੋਰ ਪ੍ਰਮੁੱਖ ਏ.ਆਈ. ਲੈਬ ਮਸਨੂਈ ਆਮ ਬੁੱਧੀ ਲਈ ਤਿਆਰ ਨਹੀਂ ਹਨ। ਉਨ੍ਹਾਂ ਨੇ ਚਿੰਤਾ ਜਾਹਿਰ ਕੀਤੀ ਕਿ ਸੁਰੱਖਿਅਤ ਖੋਜ ਲਈ ਸਰੋਤ ਦੀ ਥਾਂ ਪ੍ਰੋਡਕਟ ਦੇ ਵਿਕਾਸ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

ਕੋਕਸਨ ਤੋਂ ਪਹਿਲਾਂ 9 ਫਰਵਰੀ 2026 ਨੂੰ ਮ੍ਰਿਨਾਕ ਸ਼ਰਮਾ ਜੋ ਕਿ ਐਂਥਰੋਪਿਕ ਦੀ ਸੇਫਗਾਰਡਜ਼ ਰਿਸਰਚ ਟੀਮ ਦੇ ਮੁਖੀ ਸਨ, ਨੇ ਵੀ ਅਸਤੀਫ਼ਾ ਦੇ ਦਿੱਤਾ ਸੀ। ਉਸ ਦੇ ਅਸਤੀਫ਼ੇ ਦੇ ਸੁਨੇਹੇ ਵਿਚ ਇੱਕ ਬਹੁਤ ਮਹੱਤਵਪੂਰਨ ਵਾਕੰਸ਼ ਸੀ ਕਿ ਦੁਨੀਆ ਖ਼ਤਰੇ ਵਿਚ ਹੈ। ਉਸ ਨੇ ਵਿਸ਼ਵ ਸੰਕਟ ਦੇ ਅੰਤਰ-ਸਬੰਧ ਬਾਰੇ ਵੀ ਕਿਹਾ ਸੀ। ਪਰ ਦੁਨੀਆ ਦਾ ਧਿਆਨ ਵਧੇਰੇ ਇਨ੍ਹਾਂ ਗੱਲਾਂ ਵੱਲ ਨਹੀਂ ਸੀ ਗਿਆ। ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਖ਼ਤਰੇ ਭਰੀਆਂ ਸੂਚਨਾਵਾਂ ਦੇ ਚੱਲਦਿਆਂ ਦੁਨੀਆ ਦਾ ਧਿਆਨ ਇਸ ਭਿਆਨਕ ਖ਼ਤਰੇ ਵੱਲ ਕਿਉਂ ਨਹੀਂ ਹੋ ਰਿਹਾ? ਇਸ ਨੂੰ ਹਲਕੇ ਵਿਚ ਨਹੀਂ ਲੈਣਾ ਚਾਹੀਦਾ। ਆਦਤਨ ਹੀ ਮਨੁੱਖੀ ਸਮਾਜ ਤੁਰੰਤ ਅਤੇ ਸਾਹਮਣੇ ਨਜ਼ਰ ਆਉਂਦੇ ਖ਼ਤਰਿਆਂ ਨੂੰ ਵਧੇਰੇ ਗੰਭੀਰਤਾ ਨਾਲ ਲੈਂਦਾ ਹੈ। ਟਰੰਪ ਦੇ ਟੈਰਿਫ਼, ਆਰਥਿਕ ਜੰਗ, ਮਹਿੰਗਾਈ, ਮਹਾਮਾਰੀ, ਚੱਲ ਰਹੇ ਯੁੱਧ ਜਾਂ ਅੱਤਵਾਦ ਦਾ ਖ਼ਤਰਾ ਦੁਨੀਆ ਨੂੰ ਅੱਖਾਂ ਸਾਹਮਣੇ ਦਿਖਾਈ ਦਿੰਦਾ ਹੈ। ਏ.ਆਈ. ਵਿਚ ਖ਼ਤਰਨਾਕ ਰੁਝਾਨ ਨੂੰ ਇਹ ਸੋਚ ਕੇ ਆਮ ਲੋਕ ਅਣਗੌਲਿਆ ਕਰ ਦਿੰਦੇ ਹਨ ਕਿ ਇਹ ਤਾਂ ਸਿਰਫ਼ ਲੈਬਾਰਟਰੀ ਦੇ ਪ੍ਰਯੋਗ ਹੀ ਹਨ। ਲੋਕ ਮਸਨੂਈ ਬੁੱਧੀ ਨੂੰ ਅਜੇ ਵੀ ਚੈਟ ਬੋਟ ਸਮਝ ਕੇ ਚੈਟ ਦਾ ਅਨੰਦ ਮਾਣਦੇ ਨਜ਼ਰ ਆ ਰਹੇ ਹਨ। ਲੋਕ ਏ.ਆਈ. ਰਾਹੀਂ ਹੁੰਦੀਆਂ ਗੁਪਤ ਕੋਡ ਤਬਦੀਲੀਆਂ, ਧੋਖਾਧੜੀ, ਰਿਕਾਰਡ ਨਾਲ ਗ਼ਲਤ ਤਰੀਕੇ ਨਾਲ ਲੇਬਲ ਕਰਨਾ ਅਤੇ ਗੁਪਤ ਜਾਣਕਾਰੀਆਂ ਪ੍ਰਾਪਤ ਕਰਨ ਲਈ ਸਿਸਟਮ ਨੂੰ ਪ੍ਰਭਾਵਿਤ ਕਰਨ ਲਈ ਇਸ ਦੀ ਵਰਤੋਂ ਤੋਂ ਸੁਚੇਤ ਨਹੀਂ ਹਨ। ਸਮੇਂ ਦੀ ਲੋੜ ਹੈ ਕਿ ਇਸ ਖ਼ਤਰਨਾਕ ਵਿਵਹਾਰ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਪਸਰਨ ਤੋਂ ਪਹਿਲਾਂ ਸਮਝ ਲਿਆ ਜਾਵੇ। ਸਭ ਤੋਂ ਵੱਡਾ ਵਿਰੋਧਾਭਾਸ ਇਹ ਹੈ ਕਿ ਖ਼ਤਰੇ ਬਾਰੇ ਚੇਤਾਵਨੀ ਦੇਣ ਵਾਲੇ ਵੀ ਏ.ਆਈ. ਕੰਪਨੀਆਂ ਦੇ ਅੰਦਰ ਹੀ ਹਨ। ਸਭ ਤੋਂ ਵੱਡਾ ਖ਼ਤਰਾ ਇਹ ਨਹੀਂ ਕਿ ਮਸ਼ੀਨ ਸਾਨੂੰ ਅਸਲ ਵਿਚ ਨਫ਼ਰਤ ਕਰਨ ਲੱਗ ਪਵੇਗੀ ਜਾਂ ਜਾਨੋਂ ਮਾਰਨ ਲਈ ਖ਼ੁਦ-ਬ-ਖ਼ੁਦ ਤੁਰ ਪਵੇਗੀ, ਸਗੋਂ ਖ਼ਤਰਾ ਇਹ ਹੈ ਕਿ ਅਸੀਂ ਉਸ ਨੂੰ ਆਪਣਾ ਕੰਮ ਕਰਵਾਉਣ ਲਈ ਇੰਨੀ ਵਧੇਰੇ ਖ਼ੁਦ ਮੁਖ਼ਤਿਆਰ ਅਤੇ ਸ਼ਕਤੀਸ਼ਾਲੀ ਨਾ ਬਣਨ ਦੇਈਏ ਕਿ ਇੱਕ ਦਿਨ ਆਪੇ ਸਹੇੜੇ ਇਸ ਏ.ਆਈ. ਦੇ ਬੇਲਗਾਮ ਹੋਣ ਨਾਲ ਉਸ ਦੇ ਕੰਮ ਦੇ ਢੰਗ ਅਤੇ ਮਕਸਦ ਮਨੁੱਖੀ ਹਿੱਤਾਂ ਦੇ ਵਿਰੁੱਧ ਭੁਗਤਣ ਲੱਗ ਜਾਣ।

ਐਂਥਰੋਪਿਕ ਨੇ ਦੱਸਿਆ ਹੈ ਕਿ ਹਾਲ ਹੀ ਵਿਚ ਉਤਰੀ ਯਮਨ ਦੇ ਹੂਤੀ-ਨਿਯੰਤਰਿਤ ਇਲਾਕੇ ਵਿਚ ਇੱਕ ਹਥਿਆਰ ਬਣਾਉਣ ਵਾਲੇ ਇੰਜੀਨੀਅਰਿੰਗ ਸੈੱਲ ਨੇ ਕਲਾਉਡ ਏ.ਆਈ. ਦੀ ਵਰਤੋਂ ਐਡਵਾਂਸ ਮਿਜ਼ਾਈਲ ਤਕਨਾਲੋਜੀ ਵਿਕਸਿਤ ਕਰਨ ਲਈ ਕੀਤੀ ਸੀ। ਰਿਪੋਰਟ ਮੁਤਾਬਕ ਇਸ ਵਿਚ ਗਾਈਡਿਡ ਰਾਕੇਟ, ਲੰਮੀ ਦੂਰੀ ਦੀ ਬੈਲਿਸਟਿਕ ਮਿਜ਼ਾਈਲ ਤਕਨਾਲੋਜੀ ਅਤੇ ਹਾਈਪਰਸੋਨਿਕ ਗਲਾਈਡ ਵਾਹਨ ਨਾਲ ਜੁੜੇ ਪ੍ਰੋਜੈਕਟ ਸ਼ਾਮਲ ਸਨ। ਐਂਥਰੋਪਿਕ ਦੇ ਮੁਤਾਬਕ ਇੱਕ ਗਾਈਡਿਡ ਰਾਕੇਟ ਦਾ ਪ੍ਰੀਖਣ ਵੀ ਹੋਇਆ, ਪਰ ਉਸ ਦੀ ਅਸਫਲਤਾ ਤੋਂ ਬਾਅਦ ਐਂਥਰੋਪਿਕ ਕੰਪਨੀ ਦੇ ਕਲਾਉਡ ਨੂੰ ਕੀਤੇ ਸਵਾਲਾਂ ਤੋਂ ਇਹ ਪਤਾ ਲੱਗਿਆ ਕਿ ਪ੍ਰੋਜੈਕਟ ਵਿਚ ਏ.ਆਈ. ਦੀ ਵਰਤੋਂ ਹੋ ਰਹੀ ਸੀ। ਇਹ ਕੋਈ ਇਕੱਲੀ ਘਟਨਾ ਨਹੀਂ, ਪੜਤਾਲ ਕਰਤਾਵਾਂ ਨੇ ਦਾਅਵਾ ਕੀਤਾ ਕਿ ਇਜ਼ਰਾਈਲੀ ਫ਼ੌਜ ਨੇ ਲੈਵੈਂਡਰ ਵਰਗੇ ਏ.ਆਈ. ਦੀ-ਸਹਾਇਤਾ ਵਾਲੇ ਸਿਸਟਮ ਦੀ ਵਰਤੋਂ ਕਰਕੇ ਵੱਡੇ ਪੱਧਰ 'ਤੇ ਨਿਸ਼ਾਨਾ ਪਛਾਣ ਕੇ ਕਾਰਵਾਈ ਕੀਤੀ। ਸੁਆਲ ਹੋ ਰਹੇ ਹਨ ਕਿ ਜਦੋਂ ਹਜ਼ਾਰਾਂ ਮਨੁੱਖਾਂ ਬਾਰੇ ਜੀਵਨ ਅਤੇ ਮੌਤ ਦੇ ਫ਼ੈਸਲੇ ਐਲਗੋਰਿਦਮਿਕ ਪ੍ਰਣਾਲੀਆਂ ਦੀਆਂ ਸਿਫ਼ਾਰਸ਼ਾਂ ਨਾਲ ਹੋਣ ਲੱਗ ਜਾਣ ਤਾਂ ਜ਼ਿੰਮੇਵਾਰੀ ਕਿਸ ਦੀ ਹੈ? ਮਸ਼ੀਨ ਜਾਂ ਮਨੁੱਖ ਦੀ? ਯੁਕਰੇਨ ਦੀ ਜੰਗ ਨੇ ਏ.ਆਈ., ਡਰੋਨ ਅਤੇ ਜੰਗ ਦੇ ਮੈਦਾਨ ਵਿਚ ਏ.ਆਈ. ਦੀ ਖ਼ੁਦਮੁਖ਼ਤਿਆਰੀ ਨੂੰ ਬਹੁਤ ਤੇਜ਼ੀ ਨਾਲ ਅੱਗੇ ਵਧਾਇਆ ਹੈ। ਹੁਣ ਲੜਾਈ ਦੇ ਖੇਤਰ ਦੇ ਡੇਟਾ ਨੂੰ ਵੀ ਏ.ਆਈ. ਸਿਸਟਮ ਨੂੰ ਹੋਰ ਟਰੇਂਡ ਕਰ ਦੇਣ ਲਈ ਸਮਰੱਥਾ ਦੀਆਂ ਯੋਜਨਾਵਾਂ ਵੀ ਸਾਹਮਣੇ ਆ ਰਹੀਆਂ ਹਨ। ਯੂ.ਕੇ. ਨੇ ਯੂਕਰੇਨ ਨਾਲ ਮਿਲ ਕੇ ਜੰਗ ਦੇ ਮੈਦਾਨ ਦਾ ਡਾਟਾ-ਸਮੇਤ ਡਰੋਨ ਫੁਟੇਜ ਅਤੇ ਸਟ੍ਰਾਈਕ ਜਾਣਕਾਰੀ ਨੂੰ ਉਹੀ ਸਿਸਟਮ ਦੀ ਸਿਖਲਾਈ ਲਈ ਵਰਤਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ। ਇਸ ਦਾ ਅਰਥ ਇਹ ਹੋਇਆ ਕਿ ਏ.ਆਈ. ਸਿਸਟਮ ਹੁਣ ਸਿਰਫ਼ ਲੈਬ ਵਿਚ ਨਹੀਂ ਸਿੱਖ ਰਿਹਾ, ਏ.ਆਈ. ਜੰਗ ਦੇ ਮੈਦਾਨ ਤੋਂ ਵੀ ਸਿੱਖ ਰਿਹਾ ਹੈ। ਭਵਿੱਖ ਵਿਚ ਏ.ਆਈ. ਦੇ ਸੁਪਰ ਇੰਟੈਲੀਜੈਂਸ ਹੋਣ ਦਾ ਅਸਲ ਖ਼ਤਰਾ ਸਿਰਫ਼ ਇਹ ਹੀ ਨਹੀਂ ਕਿ ਏ.ਆਈ. ਮਨੁੱਖ ਤੋਂ ਵੱਧ ਚਲਾਕ, ਖ਼ੁਦਮੁਖ਼ਤਿਆਰ ਜਾਂ ਸ਼ਕਤੀਸ਼ਾਲੀ ਹੋ ਕੇ ਅਚਾਨਕ ਮਨੁੱਖਾਂ ਦਾ ਦੁਸ਼ਮਣ ਬਣ ਜਾਵੇਗਾ। ਤੁਰੰਤ ਖ਼ਤਰਾ ਇਹ ਹੈ ਕਿ ਮਨੁੱਖ ਆਪ ਹੀ ਏ.ਆਈ. ਨੂੰ ਅਜਿਹੇ ਕੰਮਾਂ ਲਈ ਵਰਤਣ ਲੱਗ ਪਏ ਜਿੱਥੇ ਗਲਤੀ ਨਾਲ, ਦੁਰਵਰਤੋਂ ਜਾਂ ਦੂਸਰਿਆਂ ਤੋਂ ਵੱਧ ਪਾਵਰ ਵਿਖਾਉਣ ਦੇ ਚੱਕਰ ਵਿਚ ਹੀ ਏ.ਆਈ. ਉੱਤੇ ਮਨੁੱਖੀ ਕੰਟਰੋਲ ਨੂੰ ਗੁਆ ਲਵੇ। ਦੁਨੀਆ ਦੋਰਾਹੇ 'ਤੇ ਖੜ੍ਹੀ ਨਜ਼ਰ ਆਉਂਦੀ ਹੈ। ਇੱਕ ਪਾਸੇ AI ਕੰਪਨੀਆਂ ਦੇ ਕੁਝ ਮੁੱਖ ਅਧਿਕਾਰੀ ਜਿਵੇਂ ਐਂਥਰੋਪਿਕ ਦੇ ਡਾਰੀਓ ਅਮੋਡੇਈ, ਓਪਨ ਏ.ਆਈ. ਦੇ ਸੈਮ ਓਲਟਮੈਨ ਅਤੇ ਐਲਨ ਮਸਕ ਸੁਰੱਖਿਆ ਲਈ ਵਧੇਰੇ ਨਿਗਰਾਨੀ ਅਤੇ ਸਾਵਧਾਨੀ ਦੀ ਗੱਲ ਕਰ ਰਹੇ ਹਨ।

ਕੇ ਸੀ ਹੰਟ ਸੀ.ਐਨ.ਐਨ. (CNN) ਦੀ ਹੋਸਟ ਦੇ ਨਾਲ ਇੱਕ ਇੰਟਰਵਿਊ ਵਿਚ ਜੈਫਰੀ ਹਿੰਟਨ ਨੇ, ਜੋ ਕਿ ਨੋਬਲ ਪੁਰਸਕਾਰ ਜੇਤੂ ਕੰਪਿਊਟਰ ਵਿਗਿਆਨੀ ਹਨ ਅਤੇ ਜਿਨ੍ਹਾਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਗੌਡ ਫਾਦਰ ਵਜੋਂ ਸਤਿਕਾਰਿਆ ਜਾਂਦਾ ਹੈ, ਨੇ ਏ.ਆਈ. ਦੇ ਭਵਿੱਖ ਦੇ ਖ਼ਤਰਿਆਂ ਬਾਰੇ ਕਿਹਾ ਕਿ ਅਸੀਂ ਹਾਲ ਹੀ ਵਿਚ ਦੇਖਿਆ ਹੈ ਕਿ ਏਜੰਟਾਂ ਦੇ ਇੱਕ ਸਮੂਹ ਨੇ ਉਸ ਨੂੰ ਦਿੱਤਾ ਗਿਆ ਗੋਲ ਜਾਂ ਟਾਸਕ ਪੂਰਾ ਕਰਨ ਲਈ ਬਹੁਤ ਹੀ ਅਣਕਿਆਸੇ ਅਤੇ ਅਨੈਤਿਕ ਕੰਮ ਕੀਤੇ। ਉਹ ਆਪਣੇ ਸੈਂਡ ਬਾਕਸ ਤੋਂ ਬਚ ਕੇ ਬਾਹਰ ਕਿਸੇ ਕਮਜ਼ੋਰ ਸੁਰੱਖਿਆ ਵਾਲੇ ਇੰਟਰਨੈੱਟ ਨਾਲ ਅਣ ਅਧਿਕਾਰਤ ਕਨੈਕਟੀਵਿਟੀ ਬਣਾਈ। ਉਨ੍ਹਾਂ ਇਕੱਠੇ ਹੋ ਕੇ ਹੱਗਿੰਗ ਫੇਸ 'ਤੇ ਹਮਲਾ ਕਰਨ ਦੀ ਸਾਜ਼ਿਸ਼ ਰਚੀ। ਉਨ੍ਹਾਂ ਨੇ ਇੱਕ ਟੈਸਟ ਵਿਚ ਵੀ ਧੋਖਾ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਵਿਚੋਂ ਕਿਸੇ ਨੇ ਵੀ ਓਪਨ ਏ.ਆਈ. ਦੇ ਆਪਣੇ

(ਬਾਕੀ ਅਗਲੇ ਸਫੇ 'ਤੇ)

# ਚੁੱਪ ਦੀ ਬੌਧਿਕ ਪਰਵਾਜ਼ - ਪ੍ਰੋ. ਅਤੈ ਸਿੰਘ

ਮਲਕੀਤ ਰਾਸੀ
ਫੋਨ: 84272-33744

ਸੰਨ 2010 ਦੀ ਗੱਲ ਹੈ। ਮੈਂ ਬੀਬੀ (ਮੇਰੇ ਦਾਦੀ ਜੀ) ਨੂੰ ਕਿਹਾ ਕਿ ਕੀ ਉਹ ਅਤੈ ਸਿੰਘ ਹੁਰਾਂ ਨੂੰ ਜਾਣਦੇ ਹਨ? ਉਨ੍ਹਾਂ ਦਾ ਅੱਗਿਓਂ ਜਵਾਬ ਸੀ 'ਇਹ ਕਿਹੜੀ ਜਾਨਣ ਵਾਲੀ ਗੱਲ ਏ!! ਆਪਣਾ ਤਾਂ ਪਰਿਵਾਰ ਹੀ ਇੱਕ-ਮਿੱਕ ਹੈ। ਸਗੋਂ ਆਪਣੀ ਤਾਂ ਦੂਹਰੀ ਸਾਂਝ ਹੈ ਇੱਕ ਪਿੰਡ ਦੀ ਪਰਿਵਾਰਕ ਸਾਂਝ ਅਤੇ ਦੂਸਰੀ ਅਤੈ ਸਿੰਘ ਦੇ ਨਾਨਕਿਓਂ, ਤਾਂ ਹੀ ਉਹ ਮੈਨੂੰ ਭੈਣ ਆਖਦੈ ਤੇ ਮੈਂ ਉਨ੍ਹਾਂ ਨੂੰ ਵੀਰ।' ਮੈਂ ਕਿਹਾ ਮੈਨੂੰ ਉਨ੍ਹਾਂ ਨਾਲ ਮਿਲਵਾਓ ਇੱਕ ਵਾਰ, ਮੈਂ ਸੁਣਿਆ ਬਹੁਤ ਉਨ੍ਹਾਂ ਬਾਰੇ ਪਰ ਕਦੇ ਮਿਲਿਆ ਨਹੀਂ। ਬੀਬੀ ਝੱਟ ਮੈਨੂੰ ਉਨ੍ਹਾਂ ਦੇ ਜੱਦੀ ਘਰ ਵੱਲ ਲੈ ਤੁਰੀ ਅਤੇ ਸਬੱਬੀਂ ਸੇਵਾ-ਮੁਕਤ ਪ੍ਰੋਫੈਸਰ ਅਤੈ ਸਿੰਘ ਵੀ ਘਰ ਹੀ ਸਨ। ਬੀਜੀ (ਉਨ੍ਹਾਂ ਦੇ ਮਾਤਾ ਜੀ) ਨੂੰ ਮਿਲਣ ਉਪਰੰਤ ਬੀਬੀ ਨੇ ਦੂਸਰੇ ਕਮਰੇ ਵਿਚ ਮੈਨੂੰ ਅਤੈ ਸਿੰਘ ਜੀ ਨਾਲ ਜਾ ਮਿਲਵਾਇਆ। ਜਾਣ-ਪਛਾਣ ਕਰਵਾਉਣ ਉਪਰੰਤ ਬੀਬੀ ਘਰ ਮੁੜ ਗਈ ਅਤੇ ਮੈਂ ਕਾਫ਼ੀ ਸਮਾਂ ਪ੍ਰੋ. ਅਤੈ ਸਿੰਘ ਹੁਰਾਂ ਕੋਲ ਬੈਠਾ ਰਿਹਾ। ਉਨ੍ਹਾਂ ਨਾਲ ਲੰਮੀ, ਪ੍ਰਭਾਵਸ਼ਾਲੀ, ਉਸਾਰੂ ਅਤੇ ਸਾਹਿਤਕ ਗੱਲਬਾਤ ਨੇ ਮੈਨੂੰ ਕੀਲ ਲਿਆ। ਇਹ ਪਹਿਲੀ ਮਿਲਣੀ ਆਉਣ ਵਾਲੇ ਸਮੇਂ ਦੀ ਗੂੜ੍ਹੀ ਸਾਂਝ ਅਤੇ ਖ਼ੂਬਸੂਰਤ ਤਾਰਿਆਂ ਦੀ ਲੋਏ ਹੋਈਆਂ ਅਸੀਮ ਸਾਹਿਤਕ ਗੋਸ਼ਟੀਆਂ ਦਾ ਮੁੱਢ ਸੀ। ਏਨੀ ਡੂੰਘੀ ਸਾਹਿਤਕ ਹਸਤੀ ਨਾਲ ਏਨੀ ਦੇਰੀ ਨਾਲ ਹੋਈ ਮੁਲਾਕਾਤ ਦਾ ਅਫ਼ਸੋਸ ਸੀ ਪਰ ਉਨ੍ਹਾਂ ਦੇ ਗਿਆਨ ਦੇ ਚਸ਼ਮਿਆਂ ਦੇ ਫੁਟਾਰਿਆਂ ਨੇ ਪਿਛਲੀ ਕਮੀ ਵੀ ਪੂਰੀ ਕਰ ਦਿੱਤੀ।

ਪ੍ਰੋ. ਅਤੈ ਸਿੰਘ ਪੰਜਾਬੀ ਸਾਹਿਤ, ਚਿੰਤਨ ਅਤੇ ਆਲੋਚਨਾ ਦੇ ਖੇਤਰ ਵਿਚ ਬਹੁਤ ਹੀ ਸਤਿਕਾਰਤ ਅਤੇ ਪ੍ਰਮੁੱਖ ਨਾਂ ਹੈ। ਉਨ੍ਹਾਂ ਨੇ ਆਪਣੀ ਸੰਵੇਦਨਸ਼ੀਲ ਕਲਮ ਅਤੇ ਡੂੰਘੀ ਬੌਧਿਕ ਸੂਝ ਨਾਲ ਪੰਜਾਬੀ ਸਾਹਿਤ ਦੀਆਂ ਕਈ ਵਿਧਾਵਾਂ (ਕਵਿਤਾ, ਜੀਵਨੀ, ਨਾਟਕ, ਅਤੇ ਸਾਹਿਤਕ ਆਲੋਚਨਾ) ਨੂੰ ਅਮੀਰ ਕੀਤਾ ਹੈ। ਸਾਹਿਤਕ ਜਗਤ ਵਿਚ ਉਨ੍ਹਾਂ ਨੂੰ ਅਜਿਹੇ ਗੰਭੀਰ ਚਿੰਤਕ ਵਜੋਂ ਜਾਣਿਆ ਜਾਂਦਾ ਹੈ, ਜਿਨ੍ਹਾਂ ਦੀਆਂ ਲਿਖਤਾਂ ਮਨੁੱਖੀ ਸਰੋਕਾਰਾਂ, ਪੰਜਾਬੀ ਸੱਭਿਆਚਾਰ ਅਤੇ ਇਤਿਹਾਸਕ ਚੇਤਨਾ ਨਾਲ ਓਤਪੋਤ ਹਨ। ਪ੍ਰੋ. ਅਤੈ ਸਿੰਘ ਦਾ ਜਨਮ ਪੰਜਾਬ ਦੇ ਜੁਝਾਰੂ ਪਿੰਡ ਬੁਰਜ ਨੱਥੂ ਕੇ, ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ (ਉਦੋਂ ਜ਼ਿਲ੍ਹਾ ਅੰਮ੍ਰਿਤਸਰ) ਵਿਖੇ 1950 ਈਸਵੀ ਨੂੰ ਹੋਇਆ। ਉਨ੍ਹਾਂ ਦੇ ਪਿਤਾ ਜੀ ਸ. ਟੇਕ ਸਿੰਘ ਨੇੜਲੇ ਕਸਬੇ ਪੱਟੀ ਵਿਖੇ ਡਾਕਟਰ ਸਨ ਅਤੇ ਮਾਤਾ ਜੀ ਸਰਦਾਰਨੀ ਅਵਤਾਰ ਕੌਰ (ਪਿੰਡ ਵਾਸੀਆਂ ਵੱਲੋਂ ਪਿਆਰ ਸਹਿਤ ਮਿਲਿਆ ਨਾਮ ਬੀਜੀ) ਪਿੰਡ ਦੇ ਸਰਕਾਰੀ ਸਕੂਲ ਦੇ ਸੰਸਥਾਪਕ ਅਤੇ ਸਕੂਲ ਮੁਖੀ ਸਨ। ਉਨ੍ਹਾਂ ਦਾ ਪਰਿਵਾਰ ਬਹੁਤ ਹੀ ਪੜ੍ਹਿਆ-ਲਿਖਿਆ, ਸੰਵੇਦਨਸ਼ੀਲ, ਸੁਹਿਰਦ, ਅਤੇ ਦਿਖਾਵੇਬਾਜ਼ੀ ਤੋਂ ਉੱਪਰ ਉੱਠ ਕੇ ਜੀਊਣ ਵਾਲਾ ਸੀ। ਉਨ੍ਹਾਂ ਦੇ ਦਾਦਾ ਜੀ ਸ. ਖੇਮ ਸਿੰਘ, ਪਿਤਾ ਜੀ ਅਤੇ ਵੱਡੇ ਭਾਈ ਅਭੈ ਸਿੰਘ (ਉੱਘੇ ਲੇਖਕ) ਕਮਿਊਨਿਸਟ ਵਿਚਾਰਧਾਰਾ ਦੇ ਸਮਰਥਕ ਸਨ। ਉਹ ਪੰਜ ਭਾਈ-ਭੈਣ (ਤਿੰਨ ਭਰਾ ਅਤੇ ਦੋ ਭੈਣਾਂ) ਸਨ। ਉਨ੍ਹਾਂ ਦਾ ਵਿਆਹ ਵੀ ਅਦਬੀ ਸੁਭਾਅ ਦੀ ਮਾਲਕ ਹਸਤੀ ਸਰਦਾਰਨੀ ਸੁਰਿੰਦਰ ਕੌਰ ਨਾਲ ਹੋਇਆ ਜੋ ਪੰਜਾਬੀ ਸਾਹਿਤ ਜਗਤ ਦੀ ਨਾਮਵਰ ਕਵਿੱਤਰੀ ਅਤੇ ਲੇਖਿਕਾ ਹੈ। ਸਾਹਿਤਕ ਹਲਕਿਆਂ ਵਿਚ ਉਹ ਸੁਰਿੰਦਰ ਅਤੈ ਸਿੰਘ ਨਾਮ ਨਾਲ ਪ੍ਰਸਿੱਧ ਹਨ। ਇਨ੍ਹਾਂ ਦਾ ਗ੍ਰਹਿਸਥ ਬਾਗ ਕੁਦਰਤ ਨੇ ਦੋ ਬੇਸ਼ਕੀਮਤੀ ਫੁੱਲ ਨੂਰਾਂ ਅਤੇ ਰੂਪ ਦੇ ਕੇ ਰੁਸ਼ਨਾਇਆ। ਪਿੰਡ ਦੇ ਸਾਦੇ, ਸੱਭਿਆਚਾਰਕ ਅਤੇ ਕੁਦਰਤੀ ਵਾਤਾਵਰਨ ਨੇ ਉਨ੍ਹਾਂ ਦੇ ਮਨ 'ਤੇ ਡੂੰਘੀ ਛਾਪ ਛੱਡੀ। ਉਨ੍ਹਾਂ ਦੇ ਬਚਪਨ ਅਤੇ ਜਵਾਨੀ ਦਾ ਸਮਾਂ ਪੰਜਾਬ ਦੀ ਮਿੱਟੀ ਦੀ ਮਹਿਕ ਅਤੇ ਪੇਂਡੂ ਜੀਵਨ ਦੀਆਂ ਤਲਖ਼ ਹਕੀਕਤਾਂ ਨੂੰ ਦੇਖਦਿਆਂ ਲੰਘਿਆ। ਇਹੀ ਕਾਰਨ ਹੈ ਕਿ ਜਦੋਂ ਉਨ੍ਹਾਂ ਨੇ ਸਾਹਿਤ ਦੇ ਖੇਤਰ ਵਿਚ ਕਦਮ ਰੱਖਿਆ, ਤਾਂ ਉਨ੍ਹਾਂ ਦੀਆਂ ਲਿਖਤਾਂ ਵਿਚ ਪੇਂਡੂ ਜੀਵਨ ਦੀ ਸਾਦਗੀ, ਮਨੁੱਖੀ ਰਿਸ਼ਤਿਆਂ ਦੇ ਤਣਾਅ ਅਤੇ ਸਮਾਜਿਕ ਸਰੋਕਾਰ ਬਹੁਤ ਹੀ ਸਹਿਜ ਢੰਗ ਨਾਲ ਪ੍ਰਗਟ ਹੋਏ। ਉਹ ਬਚਪਨ ਤੋਂ ਹੀ ਸੁਭਾਵਿਕ ਤੌਰ 'ਤੇ ਬਹੁਤ ਹੀ ਅੰਤਰਮੁਖੀ ਸਨ। ਉਨ੍ਹਾਂ ਦਾ ਇਹੀ ਅੰਤਰਮੁਖੀ ਅਤੇ ਮਨਮੌਜੀ ਸੁਭਾਅ ਉਨ੍ਹਾਂ ਦੇ ਸਾਹਿਤਕ ਅਤੇ ਕਲਾਕਾਰੀ ਸਫ਼ਰ ਵਿਚ ਵੀ ਝਲਕਦਾ ਰਿਹਾ।

ਮੁੱਢਲੀ ਸਕੂਲੀ ਸਿੱਖਿਆ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਆਪਣੀ ਬੀਜੀ ਤੋਂ ਪ੍ਰਾਪਤ ਕਰ ਪੱਟੀ ਸ਼ਹਿਰ ਤੋਂ ਸਕੂਲੀ ਸਿੱਖਿਆ ਮੁਕੰਮਲ ਕਰ ਕਾਲਜ, ਫਿਰ ਵਿਸ਼ਵਵਿਦਿਆਲੇ ਦਾ ਸਫ਼ਰ ਤੈਅ ਕਰਦੇ ਹੋਏ ਐੱਮ.ਫਿਲ ਤੱਕ ਦੀ ਸਿੱਖਿਆ ਹਾਸਲ ਕੀਤੀ। ਅਨੇਕਾਂ ਖੋਜਾਰਥੀ ਵਿਦਿਆਰਥੀਆਂ ਦੇ ਪੀਐੱਚ.ਡੀ ਗਾਈਡ ਰਹੇ ਅਤੈ ਸਿੰਘ ਨੇ ਭਾਵੇਂ ਖ਼ੁਦ ਕਦੇ ਅਕਾਦਮਿਕ ਡਾਕਟਰੇਟ ਨਹੀਂ ਕੀਤੀ। ਪਰ ਵਿਦਵਤਾ ਪੋਸਟ ਡੌਕ ਤੋਂ ਵਧੇਰੇ ਰੱਖੀ। ਉਨ੍ਹਾਂ ਨੇ ਉੱਚ ਸਿੱਖਿਆ ਹਾਸਲ ਕਰਨ ਤੋਂ ਬਾਅਦ ਅਧਿਆਪਨ (ਸਹਾਇਕ ਪ੍ਰੋਫ਼ੈਸਰ ਪੰਜਾਬੀ) ਦੇ ਪੇਸ਼ੇ ਨੂੰ ਚੁਣਿਆ। ਇੱਕ ਪ੍ਰੋਫ਼ੈਸਰ ਵਜੋਂ ਕਾਲਜਾਂ ਅਤੇ ਸਾਹਿਤਕ ਸੰਸਥਾਵਾਂ ਵਿਚ ਕਾਰਜ ਕਰਦਿਆਂ ਉਨ੍ਹਾਂ ਨੇ ਹਜ਼ਾਰਾਂ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੋੜਿਆ। ਅਧਿਆਪਨ ਦੇ ਕਾਰਜ ਨੇ ਉਨ੍ਹਾਂ ਦੀ ਚਿੰਤਨ ਪ੍ਰਕਿਰਿਆ ਨੂੰ ਹੋਰ ਵਧੇਰੇ ਗੰਭੀਰ, ਤਾਰਕਿਕ ਅਤੇ ਅਕਾਦਮਿਕ ਬਣਾ ਦਿੱਤਾ। ਉਹ ਸਿਰਫ਼ ਜਮਾਤਾਂ ਵਿਚ ਪੜ੍ਹਾਉਣ ਵਾਲੇ ਅਧਿਆਪਕ ਨਹੀਂ ਸਨ, ਸਗੋਂ ਵਿਦਿਆਰਥੀਆਂ ਦੇ ਮਨਾਂ ਵਿਚ ਸਾਹਿਤਕ ਚੇਤਨਾ ਪੈਦਾ ਕਰਨ ਵਾਲੇ ਇੱਕ ਸੱਚੇ ਰਹਿਬਰ ਸਨ।

ਪ੍ਰੋ. ਅਤੈ ਸਿੰਘ ਦੀ ਸ਼ਖ਼ਸੀਅਤ ਦਾ ਸਭ ਤੋਂ ਵੱਡਾ ਗੁਣ ਉਨ੍ਹਾਂ ਦੀ ਸਹਿਜਤਾ, ਨਿਮਰਤਾ ਅਤੇ ਗੰਭੀਰਤਾ ਹੈ। ਉਹ ਬਹੁਤ ਹੀ ਚੁੱਪ-ਚਾਪ ਅਤੇ ਪ੍ਰਚਾਰ ਦੀ ਭੁੱਖ ਤੋਂ ਦੂਰ ਰਹਿ ਕੇ ਸਾਹਿਤ ਦੀ ਸੇਵਾ ਕਰਨ ਵਾਲੇ ਇਨਸਾਨ ਹਨ। ਸਾਹਿਤਕ ਹਲਕਿਆਂ ਅਤੇ ਗੋਸ਼ਟੀਆਂ ਵਿਚ ਜਦੋਂ ਵੀ ਉਹ ਬੋਲਦੇ ਹਨ, ਤਾਂ ਉਨ੍ਹਾਂ ਦੇ ਸ਼ਬਦਾਂ ਵਿਚ ਤਰਕ, ਡੂੰਘਾ ਅਧਿਐਨ ਅਤੇ ਨਿਰਪੱਖਤਾ ਸਾਫ਼ ਝਲਕਦੀ ਹੈ। ਉਹ ਆਪਣੇ ਸਮਕਾਲੀ ਲੇਖਕਾਂ ਵਿਚ ਬਹੁਤ ਹੀ ਸਤਿਕਾਰੇ ਜਾਂਦੇ ਹਨ ਅਤੇ ਨਵੇਂ ਲਿਖਣ ਵਾਲੇ ਨੌਜਵਾਨਾਂ ਦੀ ਹਮੇਸ਼ਾ ਹੌਸਲਾ-ਅਫ਼ਜ਼ਾਈ ਕਰਦੇ ਹਨ। ਦੋਵੇਂ ਸਾਹਿਤਕ ਜੋੜੀ ਵਜੋਂ ਦੇਸ਼-ਵਿਦੇਸ਼ (ਜਿਵੇਂ ਕੈਨੇਡਾ ਆਦਿ) ਦੇ ਸਾਹਿਤਕ ਸਮਾਗਮਾਂ ਵਿਚ ਸਰਗਰਮੀ ਨਾਲ ਹਿੱਸਾ ਲੈਂਦੇ ਹਨ, ਜਿੱਥੇ ਉਨ੍ਹਾਂ ਦੇ ਵਿਚਾਰਾਂ ਨੂੰ ਬਹੁਤ ਗੰਭੀਰਤਾ ਨਾਲ ਸੁਣਿਆ ਜਾਂਦਾ ਹੈ।

ਪ੍ਰੋ. ਅਤੈ ਸਿੰਘ ਨੇ ਪੰਜਾਬੀ ਸਾਹਿਤ ਦੀ ਜੋ ਝੋਲੀ ਭਰੀ ਹੈ, ਉਸ ਵਿਚ ਵਿਵਿਧਤਾ ਹੈ। ਉਨ੍ਹਾਂ ਨੇ ਕੇਵਲ ਇੱਕ ਵਿਧਾ ਤੱਕ ਆਪਣੇ ਆਪ ਨੂੰ ਸੀਮਿਤ ਨਹੀਂ ਰੱਖਿਆ। ਕਵਿਤਾ ਦੇ ਖੇਤਰ ਵਿਚ



ਉਨ੍ਹਾਂ ਦੀ ਪੁਸਤਕ 'ਊਂਨੀ ਇੱਕੀ' ਇੱਕ ਅਹਿਮ ਪ੍ਰਾਪਤੀ ਹੈ। ਇਸ ਕਾਵਿ-ਸੰਗ੍ਰਹਿ ਵਿਚ ਉਨ੍ਹਾਂ ਨੇ ਮਨੁੱਖੀ ਮਨ ਦੇ ਵੇਗ, ਸਮਾਜਿਕ ਅਸਮਾਨਤਾ, ਰਾਜਨੀਤਕ ਵਿਅੰਗ ਅਤੇ ਜ਼ਿੰਦਗੀ ਦੇ ਸੂਖਮ ਅਨੁਭਵਾਂ ਨੂੰ ਬਹੁਤ ਹੀ ਖ਼ੂਬਸੂਰਤ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਪੇਸ਼ ਕੀਤਾ ਹੈ। ਉਨ੍ਹਾਂ ਦੀ ਕਵਿਤਾ ਵਿਚ ਕੋਈ ਫ਼ੋਕਾ ਸ਼ੋਰ ਨਹੀਂ ਹੈ, ਸਗੋਂ ਇੱਕ ਚੁੱਪ ਸੰਵੇਦਨਸ਼ੀਲਤਾ ਹੈ ਜੋ ਪਾਠਕ ਦੇ ਦਿਲ ਨੂੰ ਧੂਹ ਪਾਉਂਦੀ ਹੈ।

ਪ੍ਰੋ. ਅਤੈ ਸਿੰਘ ਦੇ ਸਾਹਿਤਕ ਸਫ਼ਰ ਦਾ ਸਭ ਤੋਂ ਵੱਡਾ ਅਤੇ ਇਤਿਹਾਸਕ ਕਾਰਜ 'ਪੂਰਨ ਦਰਵੇਸ਼' (ਪੁਸਤਕ) ਲਿਖਣਾ ਹੈ। ਇਹ ਜੀਵਨੀ ਪਿੰਗਲਵਾੜਾ ਅੰਮ੍ਰਿਤਸਰ ਦੇ ਸੰਸਥਾਪਕ ਅਤੇ ਮਹਾਨ ਮਾਨਵਤਾਵਾਦੀ ਸ਼ਖ਼ਸੀਅਤ ਭਗਤ ਪੂਰਨ ਸਿੰਘ ਜੀ ਦੇ ਜੀਵਨ, ਸੰਘਰਸ਼ ਅਤੇ ਫ਼ਲਸਫ਼ੇ 'ਤੇ ਆਧਾਰਿਤ ਹੈ। ਇਸ ਪੁਸਤਕ ਵਿਚ ਪ੍ਰੋ. ਅਤੈ ਸਿੰਘ ਨੇ ਭਗਤ ਜੀ ਦੇ ਜੀਵਨ ਦੇ ਅਜਿਹੇ ਅਣਛੂਹੇ ਪਹਿਲੂਆਂ ਨੂੰ ਉਜਾਗਰ ਕੀਤਾ, ਜਿਸ ਤੋਂ ਆਮ ਲੋਕ ਅਣਜਾਣ ਸਨ। ਇਸੇ ਮਹਾਨ ਪੁਸਤਕ 'ਪੂਰਨ ਦਰਵੇਸ਼' ਨੂੰ ਆਧਾਰ ਬਣਾ ਕੇ ਪ੍ਰਸਿੱਧ ਪੰਜਾਬੀ ਫ਼ਿਲਮ 'ਇਹ ਜਨਮ ਤੁਮ੍ਹਾਰੇ ਲੇਖੇ' ਬਣਾਈ ਗਈ। ਇਸ ਫ਼ਿਲਮ ਨੇ ਭਗਤ ਪੂਰਨ ਸਿੰਘ ਜੀ ਦੀ ਮਾਨਵਤਾ ਪ੍ਰਤੀ ਸੇਵਾ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਇਆ। ਇਸ ਕਾਰਜ ਲਈ ਪ੍ਰੋ. ਅਤੈ ਸਿੰਘ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਭਰਪੂਰ ਸ਼ਲਾਘਾ ਮਿਲੀ। ਪ੍ਰੋ. ਅਤੈ ਸਿੰਘ ਕੇਵਲ ਇੱਕ ਰਚਨਾਕਾਰ ਹੀ ਨਹੀਂ, ਸਗੋਂ ਉੱਚ ਕੋਟੀ ਦੇ ਸਾਹਿਤਕ ਆਲੋਚਕ ਵੀ ਹਨ। ਉਨ੍ਹਾਂ ਨੇ ਕਈ ਪ੍ਰਮੁੱਖ ਲੇਖਕਾਂ ਦੀਆਂ ਲਿਖਤਾਂ ਦਾ ਬਹੁਤ ਹੀ ਬਾਰੀਕੀ ਨਾਲ ਅਧਿਐਨ ਕੀਤਾ ਹੈ। ਉਨ੍ਹਾਂ ਦੀ ਇੱਕ ਮਹੱਤਵਪੂਰਨ ਪੁਸਤਕ 'ਸਵਰਨਜੀਤ ਸਵੀ-ਕਾਵਿ: ਅੰਤਰ-ਸੰਵਾਦ' ਹੈ, ਜਿਸ ਵਿਚ ਉਨ੍ਹਾਂ ਨੇ ਆਧੁਨਿਕ ਪੰਜਾਬੀ ਕਵਿਤਾ ਦੇ ਸੰਦਰਭ ਵਿਚ ਗੰਭੀਰ ਚਰਚਾ ਕੀਤੀ ਹੈ। ਜੰਗ ਬਹਾਦੁਰ ਗੋਇਲ ਦੀ ਵਾਰਤਕ ਪੁਸਤਕ 'ਸਾਹਿਤ ਸੰਜੀਵਨੀ' ਉੱਪਰ ਉਨ੍ਹਾਂ ਦੁਆਰਾ ਕੀਤਾ ਗਿਆ ਕਾਰਜ ਬਹੁਤ ਚਰਚਿਤ ਰਿਹਾ ਹੈ। ਉਨ੍ਹਾਂ ਨੇ ਸਮੀਖਿਆ ਨੂੰ ਤਿੰਨ ਪ੍ਰਮੁੱਖ ਅਤੇ ਨਵੇਂ ਭਾਗਾਂ—'ਲਿਖਤਾ ਓ ਵਾਚ', 'ਵਾਚਤਾ ਓ ਵਾਚ' ਅਤੇ 'ਪੜ੍ਹਤਾ ਓ ਵਾਚ' ਵਿਚ ਵੰਡ ਕੇ ਪੰਜਾਬੀ ਆਲੋਚਨਾ ਜਗਤ ਨੂੰ ਇੱਕ ਨਵੀਂ ਦ੍ਰਿਸ਼ਟੀ ਦਿੱਤੀ। ਪ੍ਰੋ. ਅਤੈ ਸਿੰਘ ਦਾ ਵਾਰਤਕ ਸ਼ੈਲੀ ਬਾਰੇ ਆਪਣਾ ਮੌਲਿਕ ਅਤੇ ਨਿਵੇਕਲਾ ਨਜ਼ਰੀਆ ਹੈ। ਉਨ੍ਹਾਂ ਅਨੁਸਾਰ ਵਾਰਤਕ ਕੇਵਲ ਸ਼ਬਦਾਂ ਦਾ ਸੰਗ੍ਰਹਿ ਨਹੀਂ ਹੈ, ਸਗੋਂ ਇਹ ਲੇਖਕ ਦੇ ਅੰਦਰੂਨੀ ਸੱਚ ਅਤੇ ਸਮਾਜਿਕ ਚੇਤਨਾ ਦਾ ਪ੍ਰਗਟਾਵਾ ਹੈ। ਜਦੋਂ ਉਹ ਕਿਸੇ ਸ਼ਖ਼ਸੀਅਤ ਦਾ ਰੇਖਾ-ਚਿੱਤਰ ਜਾਂ ਜੀਵਨੀ ਲਿਖਦੇ ਹਨ, ਤਾਂ ਉਹ ਸਿਰਫ਼ ਇਤਿਹਾਸਕ ਤੱਥਾਂ ਨੂੰ ਨਹੀਂ ਦੁਹਰਾਉਂਦੇ, ਸਗੋਂ ਉਸ ਇਨਸਾਨ ਦੀ ਰੂਹ ਅਤੇ ਉਸ ਦੇ ਮਨੋਵਿਗਿਆਨਿਕ ਪਹਿਲੂਆਂ ਨੂੰ ਪਾਠਕ ਦੇ ਸਾਹਮਣੇ ਸਾਕਾਰ ਕਰ ਦਿੰਦੇ ਹਨ। ਉਨ੍ਹਾਂ ਦੀ ਲਿਖਣ ਸ਼ੈਲੀ ਬਹੁਤ ਹੀ ਸਰਲ, ਪ੍ਰਵਾਹਮਈ ਅਤੇ ਪ੍ਰਭਾਵਸ਼ਾਲੀ ਹੈ।

ਪ੍ਰੋ. ਅਤੈ ਸਿੰਘ ਦੀ ਸਾਹਿਤਕ ਪ੍ਰਤਿਭਾ ਸਿਰਫ਼ ਪੰਜਾਬ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਡਾਇਸਪੋਰਾ (ਪ੍ਰਵਾਸੀ ਪੰਜਾਬੀਆਂ) ਵਿਚ ਵੀ ਉਹ ਬਹੁਤ ਹਰਮਨ-ਪਿਆਰੇ ਹਨ। 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਵਰਗੀਆਂ ਕਈ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਉਨ੍ਹਾਂ ਦੇ ਸਨਮਾਨ ਵਿਚ ਵਿਸ਼ੇਸ਼ 'ਰੂ-ਬਰੂ' (ਸਾਹਿਤਕ ਮਿਲਣੀ) ਸਮਾਗਮ ਕਰਵਾਏ ਜਾਂਦੇ ਹਨ, ਜਿੱਥੇ ਉਹ ਪੰਜਾਬੀ ਭਾਸ਼ਾ ਦੇ ਭਵਿੱਖ, ਸਾਹਿਤਕ ਗਿਰਾਵਟ ਅਤੇ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਵਰਗੇ ਗੰਭੀਰ ਵਿਸ਼ਿਆਂ 'ਤੇ ਸੰਵਾਦ ਰਚਾਉਂਦੇ ਹਨ।

ਉਨ੍ਹਾਂ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਸਫ਼ਰ ਵਿਚ ਲੰਘਾਇਆ ਹੈ। ਇਹ ਸਫ਼ਰ ਪਿੰਡ ਬੁਰਜ ਨੱਥੂ ਕੇ ਪਹਿਲੇ ਪਹਿਰ ਤੋਂ ਸ਼ੁਰੂ ਹੋ ਰੂਪਨਗਰ ਸਰਕਾਰੀ ਕਾਲਜ ਵਿਚ ਅਧਿਆਪਨ ਕਰਨ ਉਪਰੰਤ, ਦੁਪਹਿਰ ਵੇਲੇ ਬਾਅਦ ਜਲੰਧਰ ਦੂਰਦਰਸ਼ਨ ਕੇਂਦਰ ਵਿਖੇ ਸ਼ੂਟਿੰਗ ਅਤੇ ਫਿਰ ਰਾਤ ਦੇ ਪਹਿਰ ਤੱਕ ਪਿੰਡ ਵਾਪਸ ਅੱਪੜ ਗ੍ਰਹਿਸਥ ਸੰਭਾਲਣ ਤੱਕ ਇੱਕ ਦਿਨ ਵਿਚ ਤੈਅ ਹੁੰਦਾ ਰਿਹਾ। ਅਤੈ ਸਿੰਘ ਨੂੰ ਇਸ ਸਫ਼ਰ ਨੇ ਕਦੇ ਥਕਾਇਆ ਜਾਂ ਉਕਤਾਇਆ ਨਹੀਂ ਸਗੋਂ ਊਰਜਾਵਾਨ ਕੀਤਾ। ਹਾਲਾਤਾਂ, ਸਮੇਂ ਅਤੇ ਪਰਿਵਾਰਕ ਸਥਿਤੀਆਂ ਨੂੰ ਵਾਚਦਿਆਂ ਜਦੋਂ ਉਹ ਸ.ਅ.ਸ ਨਗਰ ਵਿਖੇ ਘਰ ਬਣਾ ਕੇ ਰਹਿਣ ਲੱਗ ਪਏ ਤਾਂ ਵੀ ਆਪਣੇ ਪਿੰਡ ਆਉਣ ਲਈ ਤਾਂਘਦੇ ਰਹੇ। ਮੌਜੂਦਾ ਸਮੇਂ ਵੀ ਉਨ੍ਹਾਂ ਨੂੰ ਆਪਣੇ ਕਨੇਡਾ, ਮੁਹਾਲੀ ਅਤੇ ਪਿੰਡ ਵਾਲੇ ਘਰ ਵਿਚੋਂ ਸਭ ਤੋਂ ਅਜ਼ੀਜ਼ ਪਿੰਡ ਵਾਲਾ ਘਰ ਹੀ ਹੈ। ਉਹ ਪਿੰਡ ਵਿਚ ਆਪਣਾਪਨ ਮਹਿਸੂਸ ਕਰਦੇ ਹਨ। ਉਨ੍ਹਾਂ ਦੀ ਹਾਜ਼ਰੀ ਦੌਰਾਨ ਉਨ੍ਹਾਂ ਦੇ ਘਰ ਦੇਰ ਰਾਤ ਤੱਕ ਯਾਰਾਂ-ਪਿਆਰਿਆਂ ਦੀਆਂ ਮਹਿਫ਼ਿਲਾਂ ਦੇ ਰੰਗ ਬੱਝੇ ਰਹਿੰਦੇ ਹਨ। ਉਨ੍ਹਾਂ ਨੇ ਆਪਣੇ ਘਰ ਨੂੰ ਅੱਜ ਤੱਕ ਵੀ ਪੁਰਾਣੀ ਦਿੱਖ ਅਤੇ ਢਾਂਚੇ ਵਾਲਾ ਹੀ ਰੱਖਿਆ ਹੈ। ਜਿਸ ਵਿਚੋਂ ਪੰਜ ਪੀੜ੍ਹੀਆਂ ਦੇ ਵਸੇਬੇ ਦੀ ਝਲਕ ਸਾਫ਼ ਝਲਕਦੀ ਹੈ। ਏਸੇ ਕਾਰਨ ਹੀ ਸ਼ਾਇਦ 'ਏਹ ਜਨਮ ਤੁਮਹਾਰੇ ਲੇਖੇ' ਫਿਲਮ ਦੇ ਡਾਇਰੈਕਟਰ ਹਰਜੀਤ ਸਿੰਘ ਨੇ ਭਗਤ ਪੂਰਨ ਸਿੰਘ ਦੇ ਬਚਪਨ ਨੂੰ ਦ੍ਰਿਸ਼ਟਮਾਨ ਕਰਨ ਲਈ ਇਨ੍ਹਾਂ ਦੇ ਘਰ ਨੂੰ ਚੁਣਿਆ।

ਸਾਹਿਤਕਾਰੀ ਦੇ ਨਾਲ-ਨਾਲ ਟੈਲੀਵਿਜ਼ਨ ਦਾ ਸਫ਼ਰ ਉਨ੍ਹਾਂ ਦੀ ਵੱਖਰੀ ਪਛਾਣ ਦਾ ਲਖਾਇਕ ਰਿਹਾ। ਹਾਲਾਂਕਿ ਜਲੰਧਰ ਤੋਂ ਪਿੰਡ ਦੀ ਦੂਰੀ ਨੂੰ ਉਨ੍ਹਾਂ ਨੇ ਕਦੇ ਆਪਣੇ ਰਾਹ ਦਾ ਰੋੜ੍ਹਾ ਨਹੀਂ ਬਣਨ ਦਿੱਤਾ। ਭੰਗੜਾ, ਇੱਕ ਨੂਰ ਤੁਰਿਆ, ਆਦਿਕ ਕਾਰਜ ਉਨ੍ਹਾਂ ਦੀ ਅਦਾਕਾਰੀ ਅਤੇ ਨਾਟਕਕਾਰੀ ਸ਼ਖ਼ਸੀਅਤ ਨੂੰ ਪ੍ਰਮਾਣਿਤ ਕਰਦੇ ਹਨ। ਅਤੈ ਸਿੰਘ ਨੇ ਪਿੰਡ ਦੇ ਆਪਣੇ ਸਾਥੀਆਂ ਭਰਪੂਰ ਸਿੰਘ, ਹਰਜੀਤ ਸਿੰਘ ਕੰਗ, ਹਰਜੀਤ ਸਿੰਘ ਸੰਧੂ, ਗੁਰਦੇਵ ਸਿੰਘ ਨਾਲ ਮਿਲ ਕੇ ਉਸਾਰੂ ਕਾਰਜਾਂ ਹਿੱਤ ਪਿੰਡ ਸੱਤਰਵਿਆਂ ਵਿਚ ਅਖ਼ਬਾਰਾਂ ਲਿਆਉਣੀਆਂ ਸ਼ੁਰੂ ਕੀਤੀਆਂ, ਰਸਾਲਾ ਛਾਪਣਾ ਸ਼ੁਰੂ ਕੀਤਾ, ਸਾਹਿਤਕ ਗਤੀਵਿਧਿਆਂ ਆਯੋਜਿਤ ਕੀਤੀਆਂ ਜਿਸ ਤਹਿਤ ਪ੍ਰਮਿੰਦਰਜੀਤ, ਰਵਿੰਦਰ, ਜੋਗਿੰਦਰ ਕੈਰੋਂ, ਹਰਜੀਤ ਗਿੱਲ, ਨਿਰਮਲ ਅਰਪਨ, ਮੁਖ਼ਤਾਰ ਗਿੱਲ, ਦਰਸ਼ਨ ਦਰਵੇਸ਼ ਵਰਗੀਆਂ ਵੱਡੀਆਂ ਅਦਬੀ ਹਸਤੀਆਂ ਪਿੰਡ ਦੀਆਂ ਮਹਿਫ਼ਿਲਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਹਨ।

ਉਮਰ ਦੇ ਸੱਤਰਵਿਆਂ ਵਿਚ ਪਹੁੰਚ ਕੇ ਅੱਜ ਵੀ ਅਤੈ ਸਿੰਘ ਗਾਹੇ-ਬਗਾਹੇ, ਆਨੇ-ਬਹਾਨੇ ਭਾਵੇਂ ਕਨੇਡਾ ਤੋਂ ਅਤੇ ਭਾਵੇਂ ਮੁਹਾਲੀ ਤੋਂ ਆਵੇ, ਆਪਣੇ ਪਿੰਡ ਜ਼ਰੂਰ ਆਮਦ ਰੱਖਦੇ ਹਨ। ਭਾਵੇਂ ਕੁਝ ਸਮਕਾਲੀ ਕਾਰਨਾਂ ਵੱਸ ਉਚਾਟ ਹੋ, ਉਦਾਸ ਹੋ ਉਹ ਕਈ ਵਾਰ ਇਕੱਲੇ ਪਿੰਡ ਆਉਣ ਤੋਂ ਝਕਦੇ ਹਨ (ਉਨ੍ਹਾਂ ਦਾ ਪਰਿਵਾਰ ਝਕਦਾ ਹੈ) ਪਰ ਫਿਰ ਵੀ ਜਦ ਉਹ ਪਿੰਡ ਆਉਂਦੇ ਹਨ ਤਾਂ ਪਿੰਡ ਦੀਆਂ ਗਲੀਆਂ ਉਮਰਾਂ ਅਤੇ ਪੀੜ੍ਹੀਆਂ ਦੇ ਊਨੀ-ਇੱਕੀ ਵਿੱਥਾਂ ਬਾਰੇ, ਕਿਸੇ ਪਿਆਰੇ ਵੱਲੋਂ ਸ਼ਬਦ ਮੰਗਣ ਉੱਪਰੰਤ ਸਾਰੀ ਚੁੱਪ ਉਸਨੂੰ ਸੌਂਪਣ ਬਾਰੇ, ਡਾਕੀਏ ਦੀ ਮਨੋਅਵਸਥਾ ਬਾਰੇ ਗੱਲਾਂ ਕਰਨ ਲਗਦੀਆਂ ਹਨ। ਉਨ੍ਹਾਂ ਦਾ ਘਰ ਹੁਣ ਵੀ ਰਾਤ ਵੇਲੇ ਪਿਆਰਿਆਂ ਦੀ ਆਮਦ ਸੰਗ ਤਾਲਸਤਾਏ ਦੀ ਬੈਠਕ ਵਰਗਾ ਹੋ ਨਿੱਬੜਦਾ ਹੈ। ਜਿੱਥੇ ਬੈਠ ਉਹ ਨਵੀਆਂ, ਪੁਰਾਣੀਆਂ ਕਿਤਾਬਾਂ ਅਤੇ ਯਾਦਾਂ ਨੂੰ ਸਾਂਝਿਆਂ ਕਰਦੇ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪ੍ਰੋ. ਅਤੈ ਸਿੰਘ ਪੰਜਾਬੀ ਸਾਹਿਤ ਦੇ ਆਕਾਸ਼ ਵਿਚ ਇੱਕ ਅਜਿਹੇ ਧਰੂ-ਤਾਰੇ ਵਾਂਗ ਹਨ, ਜੋ ਚਮਕਦਾ ਤਾਂ ਸਹਿਜਤਾ ਨਾਲ ਹੈ, ਪਰ ਆਪਣੀ ਰੌਸ਼ਨੀ ਨਾਲ ਪੂਰੇ ਸਾਹਿਤਕ ਮਾਰਗ ਨੂੰ ਰੁਸ਼ਨਾਉਂਦਾ ਹੈ। ਉਨ੍ਹਾਂ ਦੀ ਕਲਮ ਵਿਚ ਜਿੱਥੇ ਕਵਿਤਾ ਦੀ ਕੋਮਲਤਾ ਹੈ, ਉੱਥੇ ਹੀ ਜੀਵਨੀ ਅਤੇ ਆਲੋਚਨਾ ਦੀ ਇਤਿਹਾਸਕ ਪ੍ਰਮਾਣਿਕਤਾ ਤੇ ਗੰਭੀਰਤਾ ਵੀ ਹੈ। ਭਗਤ ਪੂਰਨ ਸਿੰਘ ਜੀ ਵਰਗੇ ਮਹਾਨ ਦਰਵੇਸ਼ ਦੇ ਜੀਵਨ ਨੂੰ ਲਿਖਤੀ ਅਤੇ ਫ਼ਿਲਮੀ ਪਰਦੇ ਰਾਹੀਂ ਅਮਰ ਕਰਨ ਲਈ ਪੂਰਾ ਪੰਜਾਬੀ ਜਗਤ ਹਮੇਸ਼ਾ ਉਨ੍ਹਾਂ ਦਾ ਰਿਣੀ ਰਹੇਗਾ। ਉਹ ਅੱਜ ਵੀ ਨਿਰੰਤਰ ਸਾਹਿਤ ਸਿਰਜਣਾ ਵਿਚ ਲੀਨ ਹਨ ਅਤੇ ਪੰਜਾਬੀ ਮਾਂ-ਬੋਲੀ ਦਾ ਮਾਣ ਵਧਾ ਰਹੇ ਹਨ।

---

*(ਪਿਛਲੇ ਸਫੇ ਦਾ ਬਾਕੀ)*

ਨਿਰਮਾਤਾਵਾਂ ਨੂੰ ਇਹ ਦੱਸਣ ਬਾਰੇ ਵੀ ਨਹੀਂ ਸੋਚਿਆ ਕਿ ਇਹ ਚੀਜ਼ਾਂ ਚੱਲ ਰਹੀਆਂ ਹਨ, ਸਗੋਂ ਇਸ ਨੂੰ ਛੁਪਾ ਲਿਆ ਗਿਆ। ਜੈਫਰੀ ਹਿੰਟਨ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਸਾਨੂੰ ਬਹੁਤ ਡਰਨਾ ਚਾਹੀਦਾ ਹੈ ਕਿਉਂਕਿ ਸੋਚਣ ਦੀ ਸਮਰੱਥਾ ਹੀ ਸਾਨੂੰ ਮਨੁੱਖ ਬਣਾਉਂਦੀ ਹੈ। ਜੇਕਰ ਅਸੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਵਿਚ ਗੰਭੀਰਤਾ ਨਾਲ ਕੋਈ ਯਤਨ ਨਹੀਂ ਕਰਦੇ ਕਿ ਅਸੀਂ ਇਸ ਨੂੰ ਸੁਪਰ ਇੰਟੈਲੀਜੈਂਟ ਹੋਣ ਤੋਂ ਪਹਿਲਾਂ ਕਿਵੇਂ ਕੰਟਰੋਲ ਕਰ ਸਕਦੇ ਹਾਂ। ਇਸ ਲਈ ਜੋ ਹੋ ਰਿਹਾ ਹੈ ਉਹ ਇਹ ਹੈ ਕਿ ਵੱਡੀਆਂ ਕੰਪਨੀਆਂ ਇੱਕ ਦੂਸਰੇ ਤੋਂ ਅੱਗੇ ਲੰਘ ਜਾਣ ਅਤੇ ਮੁਨਾਫ਼ੇ ਦੀ ਖ਼ਾਤਰ ਇਸ ਨੂੰ ਹੋਰ ਅਤੇ ਹੋਰ ਇੰਟੈਲੀਜੈਂਟ ਬਣਾਉਣ ਲਈ ਦੌੜ ਰਹੀਆਂ ਹਨ, ਅਤੇ ਇਹ ਕੰਮ ਏਜੰਟਾਂ ਨੂੰ ਹੋਰ ਵਧੇਰੇ ਸ਼ਕਤੀਸ਼ਾਲੀ ਬਣਾਉਂਦਾ ਹੈ। ਇਸ ਮਾਮਲੇ 'ਤੇ ਕੰਪਨੀਆਂ ਦੇ ਮੁਖੀ (CEO) ਕਿੱਥੇ ਹਨ? ਕੀ ਉਨ੍ਹਾਂ ਨੂੰ ਉਸ ਦੁਨੀਆ ਤੋਂ ਡਰ ਨਹੀਂ ਲੱਗਦਾ, ਜੋ ਉਹ ਖ਼ੁਦ ਸਿਰਜ ਰਹੇ ਹਨ? ਸਵਾਲ ਇਹ ਹੈ, ਕੀ ਸਾਡਾ ਮੌਜੂਦਾ ਸਿਸਟਮ, ਇਹ ਪੂੰਜੀਵਾਦੀ ਸਿਸਟਮ ਜੋ ਸਾਡੇ ਕੋਲ ਹੈ ਅਤੇ ਜਿਸ ਵਿਚ ਅਸੀਂ ਸਭ ਜ਼ਿੰਦਗੀ ਜੀ ਰਹੇ ਹਾਂ। ਇਸ ਕਿਸਮ ਦੀ ਸੋਚ ਅਤੇ ਸਮਝ ਨਾਲ ਸੋਚਣ ਦੀ ਆਗਿਆ ਹੀ ਨਹੀਂ ਦਿੰਦਾ?

ਹਿੰਦੂ ਪੁਰਾਣਿਕ ਕਥਾ ਵਿਚ ਭਸਮਾਸੁਰ ਰਾਖਸ਼ਿਸ਼ ਅਤੇ ਸ਼ਿਵ ਦੀ ਕਹਾਣੀ ਹੈ। ਭਸਮਾਸੁਰ ਨੇ ਭਗਵਾਨ ਸ਼ਿਵ ਦੀ ਕਠੋਰ ਤਪੱਸਿਆ ਕੀਤੀ। ਸ਼ਿਵ ਉਸ ਦੀ ਤਪੱਸਿਆ ਤੋਂ ਪ੍ਰਸੰਨ ਹੋਏ ਅਤੇ ਵਰ ਮੰਗਣ ਲਈ ਕਿਹਾ। ਭਸਮਾਸੁਰ ਨੇ ਵਰ ਮੰਗਿਆ ਕਿ ਉਹ ਜਿਸ ਵਿਅਕਤੀ ਦੇ ਸਿਰ ਉੱਤੇ ਆਪਣਾ ਹੱਥ ਰੱਖੇ, ਉਹ ਤੁਰੰਤ ਭਸਮ ਹੋ ਜਾਵੇ। ਸ਼ਿਵ ਨੇ ਉਸ ਨੂੰ ਇਹ ਵਰ ਦੇ ਦਿੱਤਾ। ਪਰ ਵਰ ਮਿਲਦੇ ਸਾਰ ਹੀ ਭਸਮਾਸੁਰ ਨੇ ਆਪਣੀ ਸ਼ਕਤੀ ਸ਼ਿਵ ਉੱਤੇ ਹੀ ਅਜ਼ਮਾਉਣ ਦੀ ਕੋਸ਼ਿਸ਼ ਕੀਤੀ। ਸ਼ਿਵ ਨੂੰ ਪਤਾ ਲੱਗਾ ਕਿ ਉਸ ਦਾ ਦਿੱਤਾ ਵਰ ਉਸ ਦੇ ਆਪਣੇ ਲਈ ਹੀ ਖ਼ਤਰਾ ਬਣ ਗਿਆ ਹੈ। ਸ਼ਿਵ ਨੇ ਆਪਣੇ ਹੀ ਦਿੱਤੇ ਵਰ ਤੋਂ ਬਚਣ ਲਈ ਉੱਥੋਂ ਭੱਜ ਕੇ ਆਪਣੀ ਜਾਨ ਬਚਾਈ। ਭਸਮਾਸੁਰ ਨੇ ਆਪਣੀ ਤਾਕਤ ਖ਼ੁਦ ਪੈਦਾ ਨਹੀਂ ਕੀਤੀ ਸੀ, ਇਹ ਸ਼ਕਤੀ ਉਸ ਨੂੰ ਸ਼ਿਵ ਤੋਂ ਮਿਲੀ ਸੀ। ਪਰ ਜਦੋਂ ਉਹ ਤਾਕਤ ਉਸ ਦੇ ਹੱਥ ਆ ਗਈ ਤਾਂ ਉਸ ਨੇ ਉਸੇ ਤਾਕਤ ਨੂੰ ਆਪਣੇ ਸਿਰਜਣਹਾਰ ਵਿਰੁੱਧ ਵਰਤਣ ਦੀ ਕੋਸ਼ਿਸ਼ ਕੀਤੀ। ਭਾਵੇਂ ਕਿ ਇਸ ਦਾ AI ਨਾਲ ਸਿੱਧਾ ਇਤਿਹਾਸਕ ਸੰਬੰਧ ਨਹੀਂ ਹੈ, ਪਰ ਸਿਰਜਣਹਾਰ ਵੱਲੋਂ ਦਿੱਤੀ ਤਾਕਤ ਦਾ ਆਪਣੇ ਹੀ ਸਿਰਜਣਹਾਰ ਲਈ ਖ਼ਤਰਾ ਬਣ ਜਾਣਾ ਇੱਕ ਉਦਾਹਰਨ ਹੈ।

ਅੱਜ ਸੁਆਲ ਇਹ ਨਹੀਂ ਰਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਕੀ-ਕੀ ਕੰਮ ਸਫ਼ਲਤਾ ਪੂਰਵਕ ਕਰ ਸਕਦਾ ਹੈ। ਸੁਆਲ ਇਹ ਖੜ੍ਹਾ ਹੋ ਗਿਆ ਹੈ ਕਿ ਅਸੀਂ ਉਸ ਨੂੰ ਕਿਸ ਤਰ੍ਹਾਂ ਰੋਕ ਸਕਦੇ ਹਾਂ। ਜੋ ਚੇਤਾਵਨੀਆਂ ਸਾਨੂੰ ਮਿਲ ਰਹੀਆਂ ਹਨ, ਉਹ ਇਸ ਖੇਤਰ ਵਿਚ ਕੰਮ ਵਾਲੇ ਵਿਗਿਆਨੀਆਂ ਤੋਂ ਹੀ ਮਿਲ ਰਹੀਆਂ ਹਨ। ਇਸ ਦੇ ਲਾਭ ਗਿਣਾਉਣ ਵਾਲੇ ਸਿਆਸਤਦਾਨ ਆਪਣੇ ਹਿਤ ਪੂਰੇ ਕਰਨ ਲਈ ਅਤੇ ਮਲਟੀ ਨੈਸ਼ਨਲ ਕਾਰਪੋਰੇਸ਼ਨਾਂ ਆਪਣੇ ਮੁਨਾਫ਼ੇ ਲਈ ਆਮ ਲੋਕਾਂ ਨੂੰ ਅਸਲ ਤਸਵੀਰ ਨਹੀਂ ਵਿਖਾਉਣਾ ਚਾਹੁੰਦੀਆਂ। ਜਦ ਕਿ ਵਿਗਿਆਨੀਆਂ ਦੇ ਖ਼ਦਸ਼ੇ ਹਨ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖ ਨੂੰ ਬੁੱਧੀ ਤੋਂ ਹੀਣੇ ਮੰਦਬੁੱਧੀ ਬਣਾ ਸਕਦੀ ਹੈ, ਸਾਨੂੰ ਖ਼ੁਦਕੁਸ਼ੀ ਲਈ ਮਜਬੂਰ ਕਰ ਸਕਦੀ ਹੈ, ਕਿਸੇ ਦੂਸਰੇ ਅਣਚਾਹੇ ਵਿਅਕਤੀ 'ਤੇ ਹਮਲਾ ਕਰਨ ਲਈ ਉਕਸਾ ਸਕਦੀ ਹੈ, ਵਿਨਾਸ਼ਕਾਰੀ ਜੋਖ਼ਮ ਭਰੇ ਕੰਮਾਂ ਵੱਲ ਧੱਕ ਸਕਦੀ ਹੈ। ਇੱਥੋਂ ਤਕ ਕਿ ਸਾਡੇ ਦਿਮਾਗ਼ 'ਤੇ ਕੰਟਰੋਲ ਕਰਕੇ ਸੱਤਾ ਧਾਰੀ ਪਾਰਟੀ ਦੇ ਬਿਰਤਾਂਤ ਵਿਚ ਫਸਾ ਕੇ ਉਸ ਦੇ ਹੱਕ ਵਿਚ ਭੁਗਤਾਉਣ ਲਈ ਅਤੇ ਮਨੁੱਖੀ ਬੁੱਧੀ ਨਾਲ ਬਣੀ ਆਪਣੀ ਮੌਲਿਕ ਰਾਏ ਬਦਲ ਕੇ ਸੱਤਾ ਦੇ ਪੱਖ ਵਿਚ ਕਰਨ ਦੇ ਸਮਰੱਥ ਹੈ। ਰਾਜਨੀਤੀਵਾਨਾਂ ਨੂੰ ਆਪਣੀ ਸੱਤਾ ਬਰਕਰਾਰ ਰੱਖਣ ਲਈ ਇਸ ਤੋਂ ਵੱਧ ਹੋਰ ਕੀ ਚਾਹੀਦਾ ਹੈ।

ਦੂਜੇ ਪਾਸੇ ਟਰੰਪ ਏ.ਆਈ. ਦੀ ਦੌੜ ਰੋਕਣ ਨੂੰ ਅਮਰੀਕਾ ਲਈ ਨੁਕਸਾਨਦਾਇਕ ਮੰਨ ਰਹੇ ਹਨ। ਟਰੰਪ ਪ੍ਰਸ਼ਾਸਨ ਦਾ ਮੁੱਖ ਧਿਆਨ ਇਹ ਹੈ ਕਿ ਜੇਕਰ ਅਮਰੀਕਾ ਏ.ਆਈ. 'ਤੇ ਜ਼ਿਆਦਾ ਨਿਯਮ ਲਗਾਏਗਾ, ਤਾਂ ਚੀਨ ਇਸ ਤਕਨਾਲੋਜੀ ਵਿਚ ਅੱਗੇ ਨਿਕਲ ਜਾਵੇਗਾ, ਜੋ ਅਮਰੀਕੀ ਰਾਸ਼ਟਰੀ ਸੁਰੱਖਿਆ ਲਈ ਵੱਡਾ ਖਤਰਾ ਹੈ। ਪ੍ਰਸ਼ਾਸਨ ਦਾ ਅਧਿਕਾਰਤ ਫੈਸਲਾ ਹੈ ਕਿ ਏ.ਆਈ. 'ਤੇ ਬਹੁਤ ਜ਼ਿਆਦਾ ਸਰਕਾਰੀ ਪਾਬੰਦੀਆਂ ਨਹੀਂ ਲਗਾਈਆਂ ਜਾਣੀਆਂ ਚਾਹੀਦੀਆਂ। ਅਮਰੀਕਾ ਨੂੰ ਏ.ਆਈ. ਦੇ ਖੇਤਰ ਵਿਚ ਦੁਨੀਆ (ਖਾਸ ਕਰਕੇ ਚੀਨ) ਤੋਂ ਅੱਗੇ ਰੱਖਣ ਲਈ ਕੰਪਨੀਆਂ ਨੂੰ ਖੁੱਲ੍ਹ ਕੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇੱਥੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਚੇਤਾਵਨੀ ਦੇਣ ਵਾਲੇ ਲੋਕ ਏ.ਆਈ. ਦੇ ਵਿਰੋਧੀ ਨਹੀਂ ਹਨ। ਉਹ ਖੁਦ ਏ.ਆਈ. ਬਣਾਉਣ ਵਾਲੇ ਲੋਕ ਹਨ। ਏ.ਆਈ. ਦੇ ਮਨੁੱਖੀ ਨਿਯੰਤਰਣ ਤੋਂ ਬਾਹਰ ਹੋ ਜਾਣ ਜਾਂ ਮਨੁੱਖਤਾ ਲਈ ਬਹੁਤ ਵੱਡਾ ਖ਼ਤਰਾ ਬਣ ਜਾਣ ਬਾਰੇ ਦਿੱਤੀਆਂ ਚੇਤਾਵਨੀਆਂ ਨੂੰ ਕੁਝ ਆਲੋਚਕ ਜਾਣ ਬੁੱਝ ਕੇ ਪੈਦਾ ਕੀਤੀ ਹਾਈਪ ਵਜੋਂ ਦੇਖਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਏ.ਆਈ. ਕੰਪਨੀਆਂ ਕਈ ਵਾਰ ਭਵਿੱਖ ਦੇ ਬਹੁਤ ਵੱਡੇ ਖ਼ਤਰਿਆਂ ਉੱਤੇ ਜ਼ੋਰ ਦੇ ਕੇ ਰੈਗੂਲੇਟਰੀ ਨਿਯਮਾਂ ਨੂੰ ਆਪਣੇ ਹੱਕ ਵਿਚ ਭੁਗਤਾਉਣਾ ਚਾਹੁੰਦੀਆਂ ਹਨ। ਮੌਜੂਦਾ ਦੌਰ ਦੀ ਵਿਡੰਬਣਾ ਇਹ ਹੈ ਕਿ ਏ. ਆਈ. ਦੇ ਖ਼ਤਰਿਆਂ ਨੂੰ ਵੇਖਦੇ ਹੋਏ ਜੇਕਰ ਇਸ ਨੂੰ ਰੋਕ ਦਿੱਤਾ ਜਾਵੇ ਤਾਂ ਵਿਗਿਆਨਕਾਂ ਵੱਲੋਂ ਵਿਕਾਸ ਦੇ ਵਿਖਾਏ ਸੁਪਨੇ ਦਾ ਕੀ ਬਣੇਗਾ। ਜੇਕਰ ਇਸ ਨੂੰ ਹੋਲੀ ਰਫ਼ਤਾਰ ਨਾਲ ਚਲਾਇਆ ਗਿਆ ਤਾਂ ਵਿਕਾਸ ਵਿਚ ਦੇਰੀ ਹੋਵੇਗੀ। ਜੇਕਰ ਸਭ ਕੁਝ ਇਸ ਤਰਾਂ ਹੀ ਚਲਦਾ ਰਿਹਾ ਤਾਂ ਇਸ ਗੱਲ ਦਾ ਅੰਦੇਸ਼ਾ ਹੈ ਭਵਿੱਖ ਵਿਚ ਹੋਣ ਵਾਲੇ ਵਿਕਾਸ ਨੂੰ ਵੇਖਣ ਲਈ ਮਨੁੱਖਤਾ ਜੀਵਤ ਹੀ ਨਾ ਰਹੇ।

# ‘ਮੰਜ਼ਿਲ ਨਾਲੋਂ ਬਿਹਤਰ ਰਾਹ’

ਹਰ ਮੁਸਾਫਿਰ ਦਾ ਮਕਸਦ ਮੰਜ਼ਿਲ ਮਾਰਨਾ ਹੁੰਦਾ ਹੈ। ਪਰ ਕਈ ਵਾਰ ਮੰਜ਼ਿਲ ‘ਤੇ ਲਿਜਾਣ ਵਾਲੇ ਮਾਰਗ ਦਾ ਮੰਜ਼ਰ ਐਨਾਂ ਮਨਮੋਹਕ ਹੁੰਦੈ ਕਿ ਮੁਸਾਫਰੀ ਹੀ ਮਕਸਦ ਭਾਸਣ ਲਗਦੀ ਐ।

ਕਿਸੇ ਪਹਾੜੀ ਇਲਾਕੇ ਵਲ ਜਾਂਦਿਆਂ ਸਾਨੂੰ ਤਾਂ ਕਈ ਵਾਰ ਮਾਰਗ ਦੇ ਮੰਜ਼ਰ ਵਧੇਰੇ ਮਿਕਨਾਤੀਸੀ ਲਗਦੇ ਹਨ। ਅਸੀਂ ਬਾਰ-ਬਾਰ ਆਪਣੀ ਗੱਡੀ ਰੋਕ ਕੇ ਇਨ੍ਹਾਂ ਮਨਮੋਹਕ ਦ੍ਰਿਸ਼ਾਂ ਦਾ ਅਨੰਦ ਮਾਣਦੇ ਹਾਂ। ਵਿੰਗ-ਵਲੇਂਵੇਂ ਵਾਲੀਆਂ ਘੁਮਾਉਦਾਰ ਸੜਕਾਂ, ਹਰੇ-ਭਰੇ ਕਚੂਰ ਬਿਰਖ, ਹਾਏ-ਹੈਲੋ ਕਹਿੰਦੇ ਬੱਦਲ, ਘਿਸਰ-ਘਿਸਰ ਲੰਘਦੀ ਧੁੰਦ ਦੀ ਭਾਫ, ਪੌੜੀਦਾਰ ਖੇਤ, ਝੂਮਦੀਆਂ ਫਸਲਾਂ, ਉਚੇ-ਨੀਵੇਂ ਸਲੇਟੀਦਾਰ ਛੱਤਾਂ ਵਾਲੇ ਘਰ ਅਤੇ ਸੁੰਦਰ ਪਹਾੜੀ ਲੋਕ। ਅਜਿਹਾ ਮੰਜ਼ਰ ਹੋਵੇ ਤਾਂ ਭਲਾ ਮੰਜ਼ਿਲ ਕੀ ਕਰਨੀ ਐਂ! ‘ਮੰਜ਼ਿਲ ਨਾਲੋਂ ਬਿਹਤਰ ਰਾਹ, ਚਲਦੇ ਜਾਣਾ ਜੀਣ ਦਾ ਚਾਅ!’



ਜੇ ਰਾਹ ‘ਚ ਕੋਈ ਹਮਖਿਆਲ ਹਮਸਫਰ ਮਿਲ ਜਾਏ ਤਾਂ ਸੋਨੇ ਤੇ ਸੁਹਾਗਾ! ਸਫਰ ਸੁਹਾਵਣਾ ਹੋ ਜਾਂਦੈ, ਤੇ ਸੁਲੱਖਣਾ ਵੀ। ਹਰ ਕਦਮ ਸਾਰਥਕ ਤੇ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਹਰ ਪੁਲਾਂਘ ਸੁਰਗੀ! ਸੁਖਾਂਵਾਂ ਸਾਥ ਹੀ ਸਫਰ ਦੀ ਸਾਰਥਿਕਤਾ! ਹਰ ਪੁੱਟੇ ਪੈਰ ਦੀ ਸਾਂਝੀ ਸਮਰੱਥਾ! ਐਂਵੈ ਤਾਂ ਨਹੀਂ 1993 ਦੀ ਬੌਲੀਵੁਡ ਫਿ਼ਲਮ ‘ਹਮ ਹੈਂ ਰਾਹੀ ਪਿਆਰ ਕੇ’ ਦੇ ਇੱਕ ਗੀਤ ਵਿਚ ਕਿਹਾ ਗਿਆ-’ਯੂੰ ਹੀ ਕਟ ਜਾਏਗਾ ਸਫਰ ਸਾਥ ਚਲਨੇ ਸੇ/ਕਿ ਮੰਜ਼ਿਲ ਆਏਗੀ ਨਜ਼ਰ ਸਾਥ ਚਲਨੇ ਸੇ!’

ਪਰ ਜੇ ਸਾਥੀ ਨਾਂ ਮਿਲੇ, ਫਿਰ? ਸਫਰ ਤਾਂ ਚਲਣਾ ਹੀ ਹੈ, ਕੋਈ ਮਿਲੇ ਜਾਂ ਨਾਂ ਮਿਲੇ। ਮਿਲ ਜਾਏ ਤਾਂ ਮਿਹਰ ਮੌਲਾ ਦੀ, ਨਾਂ ਮਿਲੇ ਤਾਂ ਵੀ ਮਾਲਕ ਦੀ ਮਰਜ਼ੀ! ਮੇਲ-ਮਿਲਾਪ ਸੁਖਧ ਅਨੁਭਵ ਹੁੰਦੈ ਪਰ ਸਿਦਕ-ਸਿਰੜ ਤਾਂ ਸਫਰ ਦੀ ਨਿਰੰਤਰਤਾ ਵਿਚ ਹੀ ਹੈ। ‘ਰੁਕ ਜਾਨਾ ਨਹੀਂ ਤੂੰ ਕਹੀਂ ਹਾਰ ਕੇ/ਕਾਂਟੋ ਪੇ ਚਲ ਕੇ ਮਿਲੇਂਗੇ ਸਾਏ ਬਹਾਰ ਕੇ/ਓ ਰਾਹੀ, ਓ ਰਾਹੀ’ (‘ਇਮਤਿਹਾਨ’-1974)।

ਮੁਸ਼ਕਿਲ ਮਾਰਗਾਂ ‘ਤੇ ਮੁਸਾਫਿਰ ਨੂੰ ਬਹੁਤੀ ਵਾਰ ‘ਕੱਲਿਆਂ ਹੀ ਮੰਜ਼ਿਲ ਵਲ ਮਾਰਚ ਕਰਨਾ ਪੈਂਦਾ ਹੈ। ਰੌਣਕੀਲੇ ਰਾਹਾਂ ਦੇ ਰਾਹੀ ਬੜੇ ਪਰ ਕੰਡਿਆਲੇ ਮਾਰਗਾਂ ‘ਤੇ ਆਪਣੇ ਪੈਰਾਂ ਨੂੰ ਹੀ ਚਲ ਕੇ ਕੰਡੇ ਚੁਭਾਉਣੇ ਤੇ ਚੁਗਣੇ ਪੈਂਦੇ ਹਨ! ਔਝੜੇ ਪੈਂਡਿਆਂ ਦੇ ਆੜੀ ਵਿਰਲੇ-ਟਾਂਵੇਂ, ਅਵਲ ਤਾਂ ਉਹ ਵੀ ਨਹੀਂ! ਹਾਂ, ਰਾਹ ‘ਚ ਕੋਈ ਮਾਈ ਦਾ ਲਾਲ ਮਿਲ ਜਾਏ ਤਾਂ ਮਿਲ ਜਾਏ। ‘ਮੈਂ ਅਕੇਲਾ ਹੀ ਚਲਾ ਥਾ ਜਾਨਿਬ-ਏ-ਮੰਜ਼ਿਲ ਮਗਰ, /ਲੋਗ ਸਾਥ ਆਤੇ ਗਏ ਔਰ ਕਾਰਵਾਂ ਬਨਤਾ ਗਯਾ’(ਮਜਰੂਹ ਸੁਲਤਾਨਪੁਰੀ)।

ਅਨਜਾਣ ਅਤੇ ਅਣਘੜਤ ਰਾਹਾਂ ‘ਤੇ ਵੀ ‘ਕੱਲਿਆਂ ਹੀ ਕਮਰਕੱਸੇ ਕਰਨੇ ਪੈਂਦੇ ਹਨ। ਜਗਿਆਸਾ ਮੁਸਾਫਿਰ ਨੂੰ ਅਗਿਆਤ ਦੇ ਗਿਆਤ ਲਈ ਇਨ੍ਹਾਂ ਰਾਹਾਂ ‘ਤੇ ਤੋਰ ਦਿੰਦੀ ਹੈ। ਹਿੰਮਤੀ ਪਾਂਧੀ ਪੈਹਾ ਬਣਾਉਂਦੇ ਤੇ ਪਿੱਛੇ ਪੈੜਾਂ ਛਡਦੇ ਰਹਿੰਦੇ ਹਨ ਤਾਂ ਕਿ ਪਿੱਛੋਂ ਦੇ ਪਾਂਧੀਆਂ ਦਾ ਸਫਰ ਸੁਖੱਲਾ ਰਹੇ!1965 ਦੀ ਬੌਲੀਵੁਡ ਦੀ ਅਮਰ ਫਿਲਮ ‘ਗਾਈਡ’ ‘ਚ ਐਸ.ਡੀ.ਬਰਮਨ ਦਾ ਕਾਲਜੇ ਨੂੰ ਧੂਹ ਪਾਉਣ ਵਾਲਾ ਇਕ ਗਮਜ਼ਦਾ ਗੀਤ ਹੈ, ਜੋ ਅਜਿਹੇ ਰਾਹਾਂ ਦੇ ਪਾਂਧੀਆਂ ਨੂੰ ਮੁਖਾਤਿਬ ਹੈ- ‘ਵਹਾਂ ਕੌਨ ਹੈ ਤੇਰਾ, ਮੁਸਾਫਿਰ ਜਾਏਗਾ ਕਹਾਂ/ਦਮ ਲੇ ਲੇ ਘੜੀ ਭਰ/ਯੇ ਛਈਆਂ ਪਾਏਗਾ ਕਹਾਂ!’ ਪਰ ਮੁਸਾਫਿਰ ਦਾ ਤਾਂ ਧਰਮ ਹੀ ਮੁਸਲਸਿਲ ਮੁਸਾਫਿਰੀ ਹੁੰਦੈ, ਉਹ ਦਮ ਤਾਂ ਲੈ ਸਕਦੈ ਪਰ ਰੁਕ ਨਹੀਂ ਸਕਦਾ! ਮੁਸਾਫਰੀ ਤਾਂ ਤੋਰ ਦਾ ਤਾਲ ਤੇ ਤਰਾਨਾ ਹੈ! ਚਲਦਿਆਂ ਦੀ ਚਾਹਤ!’ ਮੁਸਾਫਿਰ ਹੈਂ ਹਮ ਭੀ ਮੁਸਾਫਿਰ ਹੋ ਤੁਮ ਭੀ/ਕਿਸੀ ਮੋੜ ਪਰ ਫਿਰ ਮੁਲਾਕਾਤ ਹੋਗੀ!’ (ਬਸ਼ੀਰ ਬਦਰ)।

ਕਈ ਵਾਰ ਚਲਿਆਂ ਹੀ ਰਾਹ ਬਣਦੇ ਹਨ! ਤੇ ਰਾਹ ਦੇ ਰੋੜੇ, ਰੁਕਾਵਟਾਂ, ਕਦਮਾਂ ਮੂਹਰਲੇ ਕੰਡੇ ਤੇ ਮਾਰਗ ਦੀਆਂ ਮੁਸੀਬਤਾਂ ਮੁੱਕਦੀਆਂ ਹਨ! ਹਿੰਮਤਾਂ ਵਾਲੇ ਹੀ ਬਿਖਮ ਰਾਹ ਤਹਿ ਕਰਦੇ ਹਨ। ਤੁਰਨ ਲਈ ਰਾਹ ਚਾਹੀਦੇ ਹਨ ਪਰ ਤੁਰਿਆਂ ਹੀ ਰਾਹ ਬਣਦੇ ਹਨ! ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦਾ ਬਹੁਤ ਹੀ ਮਸ਼ਹੂਰ ਸ਼ੇਅਰ ਹੈ-’ਮੈਂ ਰਾਹਾਂ ‘ਤੇ ਨਹੀਂ ਤੁਰਦਾ ਮੈਂ ਤੁਰਦਾ ਹਾਂ ਤਾਂ ਰਾਹ ਬਣਦੇ/ਯੁਗਾਂ ਤੋਂ ਕਾਫਲੇ ਆਉਂਦੇ ਇਸ ਸੱਚ ਦੇ ਗਵਾਹ ਬਣਦੇ!’ ਮੰਨੇ-ਪ੍ਰਮੰਨੇ ਸਿੱਖਿਆ ਸ਼ਾਸਤਰੀ ਅਤੇ ਦਾਰਸ਼ਨਿਕ ਪਾਅਲੋ ਫਰੇਰੇ ਦਾ ਕਥਨ ਹੈ- ‘ਸਾਡੇ ਚੱਲਣ ਨਾਲ ਹੀ ਰਾਹ ਬਣਦੇ ਹਨ!’

ਘਸੇ-ਪਿਟੇ ਰਾਹਾਂ ਉਤੇ ਸਧਾਰਨ ਲੋਕ ਤੁਰਦੇ ਹਨ; ਔਝੜੇ-ਬਿਖੜੇ ਮਾਰਗਾਂ ‘ਤੇ ਸੂਰਮੇ ਚਲਦੇ ਹਨ ਪਰ ਇਤਿਹਾਸ ਉਹ ਹੀ ਰਚਦੇ ਹਨ ਜੋ ਨਵੇਂ-ਨਵੇਕਲੇ ਰਾਸਤੇ ਬਣਾਉਂਦੇ ਹਨ!

ਅਮਰੀਕੀ ਕਵੀ ਰੌਫਬਰਟ ਫਰੌਸਟ ਦੀ ਇਕ ਕਵਿਤਾ ਹੈ ‘ਦਿ ਰੋਡ ਨੌਟ ਟੇਕਨ’(ਅਣ-ਅਪਣਾਈ ਸੜਕ)। 1915-16 ‘ਚ ਛਪੀ ਇਸ ਕਵਿਤਾ ਵਿਚ ਕਵੀ ਇੱਕ ਦੁਰਾਹੇ ‘ਤੇ ਆ ਜਾਣ ਤੇ ਚੋਣ ਕਰਨ ਦੀ ਦੁਬਿਧਾ ਅਤੇ ਘਟ ਚਲੇ ਰਾਹ ਉਪਰ ਚਲਣ ਦੀ ਦਲੇਰੀ ਦੀ ਗਲ ਕਰਦੈ- ‘ਇਕ ਪੀਲੇ ਰੰਗ ਦੇ ਜੰਗਲ ‘ਚ ਦੁਰਾਹਾ ਆਇਆ, ਤੇ ਮੈਂ ਘਟ ਚਲਿਆ ਰਾਹ ਅਪਣਾਇਆ ਅਤੇ ਇਸ ਨੇ ਹੀ ਸਾਰਾ ਫਰਕ ਪਾਇਆ!’

ਭਲਾ ਕਿਸੇ ਸਾਥ ਦੀ ਭਾਲ ਵਿਚ ਕਿਸੇ ਨੂੰ ਭੁਲਾਵਾ ਕਿਉਂ ਪਾਇਆ ਜਾਵੇ? ਭਰਮ-ਭੁਲੇਖੇ ਵਿਚ ਕਿਉਂ ਰਖਿਆ ਜਾਵੇ? ਕਿਉਂ ਨਾ ਮਾਰਗ ਦੀਆਂ ਮੁਸ਼ਕਿਲਾਂ ਬਾਰੇ ਸੱਚ ਦਸਿਆ ਜਾਵੇ? ਉਰਦੂ ਸ਼ਾਇਰ ਮੁਸਤਫਾ ਜ਼ੈਦੀ ਨੇ ਬੜਾ ਖੂਬਸੂਰਤ ਕਿਹੈ- ‘ਇਨਹੀਂ ਪੱਥਰੋਂ ਪੇ ਚਲ ਕਰ ਅਗਰ ਆ ਸਕੋ ਤੋ ਆਓ/ਮੇਰੇ ਘਰ ਕੇ ਰਾਸਤੇ ਮੇਂ ਕੋਈ ਕਹਿਕਸ਼ਾਂ ਨਹੀਂ ਹੈ!’ ਮਸ਼ਹੂਰ ਸ਼ਾਇਰ ਤੇ ਗੀਤਕਾਰ ਨਿਦਾ ਫਾਜ਼ਲੀ ਨੇ ਵੀ ਬਾ-ਕਮਾਲ ਕਿਹੈ- ‘ਸਫਰ ਮੇਂ ਧੂਪ ਤੋ ਹੋਗੀ ਜੋ ਚਲ ਸਕੋ ਤੋ ਚਲੋ/ਸਭੀ ਹੈਂ ਭੀੜ ਮੇਂ ਤੁਮ ਭੀ ਨਿਕਲ ਸਕੋ ਤੋ ਚਲੋ।’

ਅੰਗਰੇਜ਼ੀ ਦੇ ਮਸ਼ਹੂਰ ਕਵੀ ਲੌਰਡ ਐਲਫ੍ਰੈਡ ਟੈਨੀਸਨ ਦੀ 1833 ‘ਚ ਲਿਖੀ ਬੜੀ ਮਸ਼ਹੂਰ ਕਵਿਤਾ ਹੈ ‘ਯੁਲਿਸੀਜ਼’, ਜੋ ਪ੍ਰਾਚੀਨ ਯੂਨਾਨੀ ਕਵੀ ਹੋਮਰ ਦੁਆਰਾ ਯੂਨਾਨੀ ਨਾਇਕ ‘ਔਡੀਸੀਯਸ’ ਉਪਰ ਲਿਖੇ ਮਹਾਂ-ਕਾਵਿ ‘ ਔਡੇਸੀ’ ‘ਤੇ ਅਧਾਰਤ ਹੈ। ਇਹ ਇਸੇ ਹੀ ਨਾਮ ਦੇ ਇਕ ਯੋਧੇ ਦੀ ਗਾਥਾ ਹੈ, ਜੋ ਮੈਦਾਨ ਉਪਰ ਬਹੁਤ ਮੱਲਾਂ ਮਾਰਦੈ। ਬੁੱਢਾ ਹੋ ਜਾਂਦੈ ਪਰ ਫਿਰ ਵੀ ਮੁਹਾਜ਼ ਵਲ ਕੂਚ ਕਰਨ ਲਈ ਆਪਣੇ ਪੁਰਾਣੇ ਸਾਥੀਆਂ ਨੂੰ ਇਕੱਠਾ ਕਰਕੇ ਆਪਣਾ ਮਕਸਦ ਦਸਦੈ। ਉਹ ਆਪਣੇ ਸੰਬੋਧਨ ਵਿਚ ਉਨ੍ਹਾਂ ਨੂੰ ਕੋਈ ਭਰਮ-ਭੁਲੇਖੇ ਵਿਚ ਨਹੀਂ ਰਖਦਾ ਬਲਕਿ ਸਾਫ ਕਹਿੰਦੈ- ‘ਮੇਰੇ ਸਾਥੀ ਬੇੜਾਬਰਦਾਰੋ/ਜਹਾਜ਼ਰਾਨੋਂ! ਹੁਣ ਆਪਾਂ ਬੁੱਢੇ ਹੋ ਗਏ ਹਾਂ, ਪਰ ਬੁਢਾਪੇ ‘ਚ ਵੀ ਅਜੇ ਆਪਣੀ ਇਕ ਗੈਰਤ ਹੈ, ਮੁਸ਼ੱਕਤ ਹੈ...ਸੰਭਵ ਹੈ ਕਿ ਖ਼ਲੀਜ ਦੇ ਪਾਣੀ ਸਾਨੂੰ ਵਹਾ ਕੇ ਲੈ ਜਾਣ.../ਬੇਸ਼ਕ ਹੁਣ ਆਪਣੀ ਉਹ ਤਾਕਤ ਨਹੀਂ ਰਹੀ ਜੋ ਪੁਰਾਣੇ ਸਮੇ ਧਰਤ-ਅੰਬਰ ਹਿਲਾ ਦਿੰਦੀ ਸੀ, ਪਰ ਜੋ ਆਪਾਂ ਹਾਂ ਸੋ ਹਾਂ-ਦਲੇਰ ਦਿਲਾਂ ਵਾਲੇ ਇਕ ਸੁਭਾ ਦੇ ਲੋਕ/ਜਿਨ੍ਹਾਂ ਨੂੰ ਸਮੇਂ ਤੇ ਕਿਸਮਤ ਨੇ ਕਮਜ਼ੋਰ ਕਰ ਦਿਤੈ, ਪਰ ਇੱਛਾ ਪਖੋਂ ਸ਼ਕਤੀਸ਼ਾਲੀ ਹਾਂ ਕਿ (ਆਪਾਂ) ਸੰਘਰਸ਼ ਕਰਨੈ, ਭਾਲਣੈ, ਲੱਭਣੈ ਅਤੇ ਹਾਰ ਨਹੀਂ ਮੰਨਣੀ!’

ਰਾਹ, ਰਾਹੀ ਅਤੇ ਮੰਜ਼ਿਲ ਦਾ ਚੋਲੀ ਦਾਮਨ ਦਾ ਸਾਥ ਹੈ। ਰਾਹ, ਰਾਹੀ ਨੂੰ ਮੰਜ਼ਿਲ ਤਕ ਪਹੁੰਚਾਉਣ ਦਾ ਮਾਧਿਅਮ ਹੈ। ਰਾਹ ਬਿਨਾਂ ਮੰਜ਼ਿਲ ਦਾ ਥਹੁ-ਟਿਕਾਣਾ ਨਹੀਂ ਲਭਦਾ ਅਤੇ ਮੰਜ਼ਿਲ ਬਿਨਾਂ ਰਾਹ ਦਾ ਕੋਈ ਲਾਭ ਨਹੀਂ। (ਹਾਂ, ਮੰਜ਼ਿਲ ਹੋਵੇ ਤਾਂ ਰਾਹ ਬਣਾਇਆ ਜਾ ਸਕਦੈ)। ਪਰ ਰਾਹੀ ਬਿਨਾਂ ਸਾਰੇ ਬੇਫਾਇਦਾ! ਇਨ੍ਹਾਂ ਤਿੰਨਾਂ ਦਾ ਤਾਲਮੇਲ ਜ਼ਰੂਰੀ ਹੈ। ਨਹੀਂ ਤਾਂ ‘ਰਾਹ ਕਹੀਂ, ਰਾਹੀ ਕਹੀਂ, ਰਾਹਬਰ ਕਹੀਂ/ਯੂੰ ਭੀ ਰਾਹ ਤੈਅ ਹੂਆ ਹੈ ਕਹੀਂ?’

ਅਡੋਲ ਨਿਸਚਾ ਨਿਰਧਾਰਤ ਨਿਸ਼ਾਨੇ ‘ਤੇ ਪਹੁੰਚਾ ਦਿੰਦੈ। ਦ੍ਰਿੜਤਾ ਤੇ ਨਿਸ਼ਾਨੇ ਅਗੇ ਮੰਜ਼ਿਲ ਮੱਥਾ ਟੇਕਦੀ ਹੈ-’ਜਬ ਸੇ ਚਲਾ ਹੂੰ ਮੇਰੀ ਮੰਜ਼ਿਲ ਪੇ ਨਜ਼ਰ ਹੈ /ਮੈਨੇ ਰਾਸਤੇ ਮੇਂ ਮੀਲ ਕਾ ਪੱਥਰ ਨਹੀਂ ਦੇਖਾ’(ਡਾ.ਬਸ਼ੀਰ ਬਦਰ)। ਜਾਣੀ ‘ਤੂੰ ਕਿਸੀ ਭੀ ਰਾਹ ਸੇ ਗੁਜ਼ਰੇ/ਮੇਰੀ ਮੰਜ਼ਿਲ ਤੂੰ ਹੈ!’

ਕੁਰਾਹੇ ਪਾਉਣ ਵਾਲੇ ਸਾਥ ਨਾਲੋਂ ਇਕੱਲੇ ਚਲਣਾ ਬੇਹਤਰ! ਅਹਿਮਦ ਫਰਾਜ਼ ਨੇ ਇਸੇ ਲਈ ਕਿਹੈ ਕਿ ‘ਹਮਸਫਰ ਚਾਹੀਏ ਹਜੂਮ ਨਹੀਂ/ਇਕ ਮੁਸਾਫਿਰ ਭੀ ਕਾਫਿਲਾ ਹੈ ਮੁਝੇ।’ ਗਲਤ ਰਾਹ ਪਾਉਣ ਵਾਲਿਆਂ ਜਾਂ ਪੈਣ ਵਾਲਿਆਂ ਨੂੰ ਭਟਕਣ ਤੋਂ ਸਿਵਾ ਕੁਝ ਨਹੀਂ ਪਲੇ ਪੈਂਦਾ। ‘ਸਿਰਫ ਏਕ ਕਦਮ ਉਠਾ ਥਾ ਗਲਤ ਰਾਹੇ ਸ਼ੌਕ ਮੇਂ/ਮੰਜ਼ਿਲ ਤਮਾਮ ਉਮਰ ਮੁਝੇ ਢੂੰਡਤੀ ਰਹੀ’ (ਅਬਦੁਲ ਹਮੀਦ ਅਦਮ)। ‘ਵਿਕਲਪ ਮਿਲੇਂਗੇ ਬਹੁਤ ਮਾਰਗ ਭਟਕਾਨੇ ਕੇ ਲੀਏ/ਸੰਕਲਪ ਏਕ ਹੀ ਕਾਫੀ ਹੈ ਮੰਜ਼ਿਲ ਤਕ ਜਾਨੇ ਕੇ ਲੀਏ।’

ਸਹੀ ਦਿਸ਼ਾ ਵਲ ਕਦਮ ਪੁੱਟਣਾ ਮੰਜ਼ਿਲ ਤਕ ਅਪੜਨ ਦਾ ਸੂਚਕ ਹੈ ਪਰ ਕਦਮ ਪੁੱਟਣਾ ਜ਼ਰੂਰ ਪੈਂਦੈ। ਚੀਨ ਦੇ ਪ੍ਰਾਚੀਨ ਦਾਰਸ਼ਨਿਕ ‘ਲਾਓ ਜ਼ੀ’ ਨੇ ਬਹੁਤ ਦੇਰ ਪਹਿਲਾਂ ਕਿਹਾ ਸੀ- ‘ਹਜ਼ਾਰਾਂ ਮੀ.ਲ ਦਾ ਸਫਰ ਪਹਿਲੇ ਕਦਮ ਨਾਲ ਆਰੰਭ ਹੁੰਦਾ ਹੈ।’

ਨਿਰੰਤਰ ਸਫਰ ਵਿਚ ਰਹਿਣਾ ਕ੍ਰਿਆਸ਼ੀਲ ਹੋਣ ਦੀ ਨਿਸ਼ਾਨੀ ਹੁੰਦੀ ਹੇ। ਹਰਕਤ ਵਿਚ ਬਰਕਤ ਹੈ। ਤੋਰ ‘ਚ ਹੀ ਲੋਰ ਹੈ। ਗਤੀ ‘ਚ ਹੀ ਮੁਕਤੀ ਹੈ। ਖੜੋਤ ਤਾਂ ਮੌਤ ਹੈ। ਜੋ ਬਹਿ ਗਿਆ ਸੋ ਰਹਿ ਗਿਆ। ਕਹਿੰਦੇ ਹਨ ਕਿ ਖੜਾ ਲੋਹਿਆ, ਬੈਠਾ, ਗੋਹਿਆ ਤੇ ਲੇਟਿਆ, ਮੋਇਆ! ਖੜੋਤ ਸੜਿਹਾਂਦ ਹੈ, ਚਾਲ, ਖੁਸ਼ਬੂ। ਖੜਾ ਪਾਣੀ ਬਦਬੂ ਮਾਰਦੈ, ਵਹਿੰਦਾ ਪਾਣੀ ਨਿਰਮਲ ਹੁੰਦੈ। ‘ਇਕ ਰਾਸਤਾ ਹੈ ਜ਼ਿੰਦਗੀ ਜੋ ਥੰਮ ਗਏ ਤੋ ਕੁਛ ਨਹੀਂ’। ਕਈਆਂ ਨੂੰ ਮੰਜ਼ਿਲ ਧਾਹ ਕੇ ਮਿਲਦੀ ਹੈ ਤੇ ਕਈਆਂ ਨੂੰ ਬੜੇ ਧੱਕੇ-ਠੇਡੇ ਖਾਣੇ ਪੈਂਦੇ ਹਨ- ‘ਕਿਸੀ ਕੋ ਘਰ ਸੇ ਨਿਕਲਤੇ ਹੀ ਮਿਲ ਗਈ ਮੰਜ਼ਿਲ/ਕੋਈ ਹਮਾਰੀ ਤਰਹ ਉਮਰ ਭਰ ਸਫਰ ਮੇਂ ਰਹਾ।’

ਸਾਡੀ ਯਾਤਰਾ ਬਿੰਦੂ ਤੋਂ ਵਿਸਥਾਰ, ਕਿਣਕੇ ਤੋਂ ਕਾਇਨਾਤ, ਕਤਰੇ ਤੋਂ ਸਾਗਰ, ਸੀਮਤ ਤੋਂ ਅਨੰਤ, ਸਥਾਨਕ ਤੋਂ ਸਰਬਵਿਆਪਕ, ਨੇੜਲੇ ਦ੍ਰਿਸ਼ਟਮਾਨ ਤੋਂ ਦੂਰ ਦੇ ਦੁਮੇਲ/ਦਿਸਹਦੇ, ਪਿੰਡ ਤੋਂ ਬ੍ਰਹਿਮੰਡ, ਸੰਸਾਰ ਤੋਂ ਨਿਰੰਕਾਰ ਤਕ ਦੀ ਹੈ!

ਭਲਾ ਖਿਆਲਾਂ ਨੂੰ ਕਿਹੜੇ ਖੰਭ ਚਾਹੀਦੇ ਹਨ ਉਡਾਰੀਆਂ ਮਾਰਨ ਲਈ! ਜੇ ਗੀਤਕਾਰ ਕੈਫ ਭੋਪਾਲੀ 1972 ਦੀ ਕਲਾਸਿਕ ਬੌਲੀਵੁਡ ਫਿਲਮ ‘ਪਾਕੀਜ਼ਾ’ ਦੇ ਮਧੁਰ-ਮਿੱਠੇ ਗੀਤ ਵਿਚ ‘ਚਲੋ ਦਿਲਦਾਰ ਚਲੋ, ਚਾਂਦ ਕੇ ਪਾਰ ਚਲੋ/ਹਮ ਹੈਂ ਤਿਆਰ ਚਲੋ...ਆਉ ਖੋ ਜਾਏਂ ਸਿਤਾਰੋਂ ਮੇਂ ਕਹੀਂ/ਛੋੜ ਦੇ ਆਜ ਯੇ ਦੁਨੀਆਂ ਯੇ ਜ਼ਮੀਂ’ ਦੀ ਕਾਲਪਨਿਕ ਉਡਾਨ ਭਰਦੈ ਤਾਂ ਮਹਾਨ ਉਰਦੂ ਸ਼ਾਇਰ ਮਿਰਜ਼ਾ ਗਾਲਿਬ ਅੰਬਰ ਦੇ ਆਰ-ਪਾਰ ਪੁੱਜਣਾ ਲੋਚਦੈ- ‘ਮੰਜ਼ਰ ਏਕ ਬੁਲੰਦੀ ਪਰ ਔਰ ਹਮ ਬਨਾ ਸਕਤੇ/ਅਰਸ਼ ਸੇ ਉਧਰ ਹੋਤਾ ਕਾਸ਼ ਕੇ ਮਕਾਂ ਅਪਨਾ!’

ਖੈਰ, ਮਾਰਗ, ਮੰਜ਼ਿਲ ਤਕ ਲਿਜਾਂਦੈ। ਜੀਵਨ ਦੀਆਂ ਮੰਜ਼ਿਲਾਂ ਤੈਅ ਕਰਨ ਮਗਰੋਂ ਹਰ ਪ੍ਰਾਣੀ ਦੀ ਮੰਜ਼ਿਲ ਆਪਣੇ ਮਰਕਜ਼ ਤੀਕ ਪੁੱਜਣਾਂ ਹੁੰਦੀ ਹੈ। ਦਰਅਸਲ, ਹਰ ਸ਼ੈਅ ਹੀ ਆਪਣੇ ਮੂਲ ਨਾਲ ਮਿਲਣਾ ਲੋਚਦੀ ਹੈ। ਤੱਤ, ਤੱਤ ਵਲ ਤੁਰਦੇ ਹਨ! ਅੱਗ, ਹਵਾ, ਪਾਣੀ, ਧਰਤੀ, ਆਕਾਸ਼ (ਸਪੇਸ) ਸਭ ਆਪੋ-ਆਪਣੇ ਮੂਲ ਵਲ ਸਫਰ ‘ਚ ਹਨ। ਮੂਲ ਵਲ ਮੁਸਾਫਿਰੀ! ਆਤਮਾ ਦਾ ਮੂਲ ਪਰਮਾਤਮਾ ਹੈ। ਸੋ, ਸਾਡੀ ਮੰਜ਼ਿਲ ਵੀ ਮੂਲ ਨਾਲ ਮੇ.ਲ ਹੀ ਹੈ! ਅੱਲਾ ਵਿਚ ਅਭੇਦਤਾ! ਮੌਲਾ ਨਾਲ ਮਿਲਨ! ਰੱਬ ‘ਚ ਰਚਣਾਂ-ਮਿਚਣਾਂ!

ਆਪਾ-ਧਾਪੀ, ਭੀੜ-ਭੜੱਕੇ ਅਤੇ ਦੌੜ-ਭੱਜ ਵਾਲੇ ਇਸ ਦੌਰ ‘ਚ ਹਰ ਸ਼ਖਸ ਰਾਹ ਦੀ ਤਲਾਸ਼ ਵਿਚ ਹੈ। ਉਰਦੂ ਸ਼ਾਇਰ ਪ੍ਰੋ. ਵਸੀਮ ਬਰੇਵਲਵੀ ਦਾ ਬੜਾ ਹੀ ਢੁਕਵਾਂ ਸ਼ੇਅਰ ਹੈ-

‘ਹਰ ਸ਼ਖਸ਼ ਦੌੜਤਾ ਹੈ ਯਹਾਂ ਭੀੜ ਕੀ ਤਰਫ/ਔਰ ਯੇਹ ਭੀ ਚਾਹਤਾ ਹੈ ਕਿ ਉਸੇ ਰਾਸਤਾ ਮਿਲੇ!’

ਆਖਿਰ ‘ਚ ਆਪਣੀਆਂ ਸਤਰਾਂ ਨਾਲ ਗੱਲ ਸਮੇਟਦੇ ਹਾਂ-

‘ਜੇ ਕਰ ਮੰਜ਼ਿਲ ਮਾਰਨੀ, ਟਿਕ ਕੇ ਨਾਂ ਫਿਰ ਬਹਿ
ਝੱਖੜਾਂ ਨਾਲ ਝਗੜ ਤੂੰ, ਖਤਰਿਆਂ ਦੇ ਨਾਲ ਖਹਿ!’

ਅੰਤਿਕਾ-

-ਸ਼ਬਦ ਵਿਗਿਆਨ ਦੇ ਸਰੋਤਾਂ ਅਨੁਸਾਰ ‘ਮਾਰਗ’ ਸੰਸਕ੍ਰਿਤ ਦਾ ਸ਼ਬਦ ਹੈ ਤੇ ‘ਰਾਹ’ ਫਾਰਸੀ ਦਾ। ਦੋਵਾਂ ਦਾ ਅਰਥ ਰਾਸਤਾ ਜਾਂ ਪੰਥ ਹੈ।

‘ਮੰਜ਼ਰ’ ਅਰਬੀ, ਫਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਨਜ਼ਾਰਾ, ਦ੍ਰਿਸ਼ ਹੈ।

‘ਮੰਜ਼ਿਲ’ ਦਾ ਮੂਲ ਅਰਬੀ ਹੈ ਤੇ ਅਰਥ ਯਾਤਰਾ ਦਾ ਪੜਾਅ, ਆਖਰੀ ਟਿਕਾਣਾ।

-ਗੁਰਬਾਣੀ ਵਿਚ ਮਾਰਗ, ਰਾਹ, ਪੰਥ ਨਾਲ ਸਬੰਧਤ ਅਨੇਕਾਂ ਪੰਕਤੀਆ ਹਨ ਪਰ ਇਥੇ ਕੁਝ ਕੁ ਪੇਸ਼ ਹਨ- ‘ਮਾਰਗਿ ਚਲਤ ਸਗਲ ਦੁਖ ਗਏ’॥(ਅੰਗ-201), ’ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ’॥(ਅੰਗ-142), ’ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ’॥(ਅੰਗ-579)।

-ਰਾਹ ਨਾਲ ਸਬੰਧਤ ਕਈ ਮੁਹਾਵਰੇ ਵੀ ਹਨ ਪਰ ਇਥੇ ਕੁਝ ਕੁ ਉਦਾਹਰਨਾਂ ਦਿਤੀਆਂ ਜਾ ਰਹੀਆਂ ਹਨ- ‘ਦਿਲ ਨੂੰ ਦਿਲ ਦਾ ਰਾਹ ਹੋਣਾ’, ‘ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ’, ’ਰਾਹ ਵਿਚ ਰੋੜਾ ਅਟਕਾਉਣਾ’ ਆਦਿ।

# ਸੱਦੀ ਹੋਈ ਮਿੱਤਰਾਂ ਦੀ...

ਖੂਬਸੂਰਤ ਕੈਲੀਫ਼ੋਰਨੀਆ ਦੀ ਸਿਆਲੂ ਰੁੱਤ ਦੇ ਸੂਰਜ ਦੀਆਂ ਮੱਧਮ ਜਿਹੀਆਂ ਸੁਨਹਿਰੀ ਕਿਰਨਾਂ ਵਿਚ ਕਿਰਦੇ ਰੰਗ-ਬਰੰਗੇ ਪੱਤਿਆਂ ਦੀ ਚਾਦਰ ਨਾਲ ਢਕੀ ਹੋਈ ਚੌੜੀ ਸੜਕ ‘ਤੇ ਦੂਰ-ਦੂਰ ਤੱਕ ਨਜ਼ਰ ਮਾਰਦਿਆਂ ਪੱਤਿਆਂ ਦਾ ਵ.ਲ ਖਾਂਦਾ ਦਰਿਆ ਹੀ ਲੱਗ ਰਹੀ ਸੀ। ਬਹਾਰ ਨਾਲੋਂ ਵੀ ਸੋਹਣੀ ਪਤਝੜ ਦੇ



**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਰੰਗਾਂ ਨੂੰ ਮਾਣਦਿਆਂ ਮੇਰਾ ਚੁੱਪ ਮਨ ਮੱਲੋ-ਮੱਲੀ ਗੁਣਗੁਣਾ ਉੱਠਿਆ...

ਆਉਂਦਾ ਬੂਹੇ ‘ਤੇ ਬੁਢਾਪਾ ਵੇਖ ਹੋ ਨਾ ਪ੍ਰੇਸ਼ਾਨ
ਰੁੱਤਾਂ ਆਉਂਦੀਆਂ ਤੇ ਜਾਂਦੀਆਂ ਨੂੰ ਰੂਹ ਦੇ ਨਾਲ ਮਾਣ।

ਦੇਖ ਪਤਝੜ ‘ਚ ਵੀ ਪੱਤੇ ਕਿਵੇਂ ਲੱਗਣ ਜਵਾਨ
ਪਾ ਕੇ ਲਾਲ-ਪੀਲੇ ਝੱਗੇ ਹੱਸਣ ਟੱਪਣ ਤੇ ਗਾਣ।

ਕੱਲ੍ਹ ਬਿਰਖ ਸੰਗ ਬਣਦੇ ਸੀ ਟਾਹਣੀਆਂ ਦੀ ਸ਼ਾਨ
ਅੱਜ ਹਵਾ ਦਿਆਂ ਬੁੱਲਿਆਂ ਨੂੰ ਗ.ਲ ਨਾਲ ਲਾਣ।

ਨਾ ਹੀ ਉਹ ਹੈ ਉਦਾਸ ਇਹ ਵੀ ਖੁਸ਼ੀ ਨਾਲ ਜਾਣ
ਰ.ਲ ਜ਼ਿੰਦਗੀ ਦੇ ਪ.ਲ ਉਨਾਂ ਦੋਹਾਂ ਲਏ ਮਾਣ।

ਸੜਕ ਦੇ ਦੋਨੋਂ ਕਿਨਾਰਿਆਂ ‘ਤੇ ਹਵਾ ਨਾ.ਲ ਕਿੱਕਲੀਆਂ ਪਾ-ਪਾ ਕੇ ਝੂਲਦੇ ਉੱਚੇ-ਲੰਮੇ ਦਰੱਖਤਾਂ ਤੋਂ ਹੁੰਦੀ ਪੱਤਿਆਂ ਦੀ ਵਰਖਾ ਅਤੇ ਕਰ-ਕਰ... ਦੇ ਮਧੁਰ ਸੰਗੀਤ ਦੇ ਮਾਹੌਲ ਵਿਚ ਟਹਿਲਦਿਆਂ ਮੈਂ ਆਪਣੇ ‘ਵਿਰਲਿਆਂ ‘ਚੋਂ ਵੀ ਵਿਰਲੇ’ ਦੋਸਤ ਨੂੰ ਫ਼ੋਨ ਮਿਲਾ ਲਿਆ। ਫ਼ੋਨ ਚੁੱਕਦਿਆਂ ਹੀ ਅਤੇ ਬਿਨਾਂ ਕਿਸੇ ਦੁਆ-ਸਲਾਮ ਦੇ ਹੀ ਦੋਸਤ ਦੇ ਬੋਲਾਂ ਦੀ ਆਵਾਜ਼ ਕੰਨੀਂ ਪਈ...।

‘ਬਈ ਸੁਣਦੇ ਤਾਂ ਹੁੰਦੇ ਸੀ,... ‘ਸੱਦੀ ਹੋਈ ਮਿੱਤਰਾਂ ਦੀ...ਮੈਂ ਪੈਰ ਜੁੱਤੀ ਨਾ ਪਾਵਾਂ’

ਪਰ ਹੁਣ ਇੰਜ ਲੱਗਦਾ ਐ ਕਿ ਜੁੱਤੀ ਪਾਉਣ ਜਾਂ ਨਾ ਪਾਉਣ ਦੀ ਤਾਂ ਗੱਲ ਛੱਡੋ, ਹੁਣ ਦੋਸਤ-ਮਿੱਤਰ ਫ਼ੋਨ ‘ਤੇ ਗੱਲ ਕਰਨ ਨੂੰ ਈ ਮਹੀਨਿਆਂ ਬੱਧੀ ਲਾ ਦਿੰਦੇ ਆ!’

ਭਾਵੇਂ ਰਸਮੀ ਹੀ ਸਹੀ, ਪਰ ਫਿਰ ਵੀ, ਕਿਸੀ ਦੁਆ-ਸਲਾਮ ਤੋਂ ਪਹਿਲਾਂ ਹੀ ਅਜਿਹੀਆਂ ਖੂਬਸੂਰਤ ਲਾਈਨਾਂ ਵਿਚ ਲਬਰੇਜ਼ ਮਿੱਠੇ ਉਲਾਂਭੇ ਦੀ ਅਪਣੱਤ ਨੇ ਮਨ ਖੁਸ਼ ਕਰਨ ਦੇ ਨਾਲ ਹੀ ਮਨ ਨੂੰ ਹਲੂਣਾ ਵੀ ਦੇ ਦਿੱਤਾ ਕਿ, ‘ਪਲ ਪਲ ਬੀਤਦੀ ਜ਼ਿੰਦਗੀ ਵਿਚ ਆਪਣੇ ਸੱਜਣਾਂ-ਮਿੱਤਰਾਂ ਦੀ ਖ਼ੈਰੀਅਤ ਵਕਤ ਸਿਰ ਲੈਂਦੇ ਰਹਿਣਾ ਚਾਹੀਦਾ ਹੈ!’ ਘੌ.ਲ ਵਧੀਆ ਤਾਂ ਨਹੀਂ ਪਰ ਕਦੇ ਕਦਾਈਂ ਹੋ ਹੀ ਜਾਂਦੀ ਹੈ। ਦੋਸਤ ਦਾ ਕਿਹਾ ਸਿਰ ਮੱਥੇ ਕਬੂਲ ਕਰਦਿਆਂ ਅਤੇ ‘ਪਰਨਾਲਾ ਬਦਲਣ’ ਦਾ ਵਾਅਦਾ ਕਰਦਿਆਂ ਮੈਂ ਗੱਲ ਅੱਗੇ ਤੋਰ ਲਈ...।

ਅਸਲ ਵਿਚ ਇਨ੍ਹਾਂ ਖੂਬਸੂਰਤ ਰਵਾਇਤੀ ਲਾਈਨਾਂ ਦੀ ਰੂਹ ਅੰਦਰ ਸਾਡਾ ਪੰਜਾਬੀ ਤੇ ਮਨੁੱਖੀ ਸੱਭਿਆਚਾਰ ਝਲਕਦਾ ਹੈ ਜਿਸ ਤੋਂ ਜਾਣੇ ਅਣਜਾਣੇ ਅਸੀਂ ਦੂਰ ਹੁੰਦੇ ਜਾ ਰਹੇ ਹਾਂ। ਸੁਪਨੇ ਜਾਂ ਖ਼ਾਬ ਵੀ ਬੜੇ ਕਮਾਲ ਦੀ ‘ਸ਼ੈਅ’ ਹੈ। ਮਨੁੱਖ ਸੌਂਦਿਆਂ-ਜਾਗਦਿਆਂ ਖ਼ਾਬ ਲੈਂਦਾ ਰਹਿੰਦਾ ਹੈ। ਖ਼ਾਬ ਲੈਣੇ ਵੀ ਚਾਹੀਦੇ ਹਨ। ਖ਼ਾਬਾਂ ਤੋਂ ਵਿਹੂਣੀ ਜ਼ਿੰਦਗੀ ਵੀ ਕਾਹਦੀ ਜ਼ਿੰਦਗੀ ਹੋਈ? ਕੁਝ ਖ਼ਾਬ...ਹੁੰਦੇ ਨੇ ਸਮੁੰਦਰ ਵਾਂਗ ਬੇਪ੍ਰਵਾਹ ਤੇ ਵਸੀਹ। ਕੁਝ ਰੁਮਕਦੀਆਂ ਹਵਾਵਾਂ ਵਰਗੇ। ਕੁਝ ਅੱਧ ਅਸਮਾਨੀ ਸੱਤ-ਰੰਗੀ ਪਰਵਾਜ਼ਾਂ ਵਰਗੇ ਤੇ ਕੁਝ ਸਾਨੂੰ ਭੁਆਂ ਕੇ ਜ਼ਮੀਨ ‘ਤੇ ਸੁੱਟਣ ਵਾਲੇ। ਕੁਝ ਖ਼ਾਬ ਵਕਤ ਨਾਲ ਬਿਖਰ ਵੀ ਜਾਂਦੇ ਨੇ। ਕੁਝ ਪੂਰੇ ਹੋ ਜਾਂਦੇ ਨੇ ਤੇ ਕੁਝ ਅਧੂਰੇ ਰਹਿ ਜਾਂਦੇ ਨੇ। ਕੁਝ ਕੁ ਦੀ ਤਾਬੀਰ ਨੂੰ ਸੁਪਨਸਾਜ਼ ਲੋਚਦੇ ਵੀ ਰਹਿੰਦੇ ਨੇ। ਆਪਣੀ ਜਨਮ ਭੋਇੰ ਤੇ ਸੰਗੀ-ਸਾਥੀ ਛੱਡ ਕੇ ਮਨੁੱਖ ਭਾਵੇਂ ਕਿਤੇ ਵੀ ਚਲਿਆ ਜਾਵੇ, ਪਰ ਇੱਕ ਦਿਨ ਬੀਤੇ ਪਲਾਂ ਦਾ ਪਰਛਾਵਾਂ ਉਸ ਦੇ ਮਨ ਦੇ ਕੈਨਵਸ ‘ਤੇ ਤਸਵੀਰ ਬਣ ਆ ਦਸਤਕ ਦਿੰਦਾ ਹੈ। ਪਲ ਪਲ ਬੀਤਦੇ ਜੀਵਨ ਦੇ ‘ਦੂਸਰੇ ਅੱਧ’ ਵਿੱਚ ਤਾਂ ਬਚਪਨ ਅਤੇ ਜਵਾਨੀ ਦੇ ਸੰਗੀ-ਸਾਥੀ, ਦੋਸਤ-ਮਿੱਤਰ ਅਕਸਰ ਸਾਡੇ ਮਨ ਦੇ ਬੂਹੇ ਦਾ ਕੁੰਡਾ ਖੜਕਾਉਂਦੇ ਹੀ ਰਹਿੰਦੇ ਹਨ...

ਕਦੇ ਕਦਾਈਂ ਆਉਂਦੇ ਸੁਪਨੇ
ਅੱਖੀਆਂ ਅੰਦਰ ਮਰ ਜਾਵਣ
ਫਿਰ ਵੀ
ਅਕਸਰ ਵਿਛੜੇ ਸੱਜਣ
ਸੁਪਨਿਆਂ ਅੰਦਰ ਮਿਲ ਜਾਵਣ

ਕਾਰਨ ਭਾਵੇਂ ਕੋਈ ਵੀ ਹੋਵੇ ਜਾਂ ਫਿਰ ਨਾ ਵੀ ਹੋਵੇ, ਪਰ ਕਦੇ-ਕਦਾਈਂ ਅਸੀਂ ਆਪਣੇ ਦੋਸਤਾਂ-ਮਿੱਤਰਾਂ ਨਾਲ ਗੱਲਬਾਤ ਕਰਨ ਤੋਂ ਵੀ ਘੇਸ.ਲ ਵੱਟ ਲੈਂਦੇ ਹਾਂ। ਵਕਤ ਦੀ ਕਮੀ ਜਾਂ ਫਿਰ ਕਮਜ਼ੋਰ ਯਾਦਦਾਸ਼ਤ ਦੇ ਸਿਰ ਕਸੂਰ ਮੜ੍ਹ ਕੇ ਖ਼ੁਦ ਸੁਰਖ਼ੁਰੂ ਹੋਣ ਦਾ ਵਹਿਮ ਪਾ.ਲ ਲੈਂਦੇ ਹਾਂ। ਇਸ ਛੋਟੀ ਜਿਹੀ ਜ਼ਿੰਦਗੀ ਵਿਚ ਫੇਰ ਅਜਿਹੇ ਪਲ ਪਛਤਾਵੇ ਦਾ ਰੂਪ ਲੈ ਕੇ ਕਦੇ ਕਦਾਈਂ ਸਾਡੇ ਮਨ ਨੂੰ ਆ ਡੱਸਦੇ ਨੇ...ਤੇ ਓਸ ਵਕਤ ਕਾਫ਼ੀ ਦੇਰ ਹੋ ਚੁੱਕੀ ਹੁੰਦੀ ਹੈ।

ਕਦੇ ਕਦੇ ਇੰਜ ਵੀ ਹੋ ਜਾਂਦਾ ਹੈ...ਵਕਤ ਦੇ ‘ਵਾ-ਵਰੋਲਿਆਂ ਨੇ ਮੇਰੇ ਬਚਪਨ ਅਤੇ ਜਵਾਨੀ ਵੇਲੇ ਦੇ ਦੋਸਤਾਂ ਨੂੰ ਘੁਮਾ-ਘੁਮਾ ਕੇ ਦੁਨੀਆ ਦੇ ਵੱਖ-ਵੱਖ ਕੋਨਿਆਂ ‘ਚ ਪਹੁੰਚਾ ਦਿੱਤਾ, ਵਸਾ ਦਿੱਤਾ ਅਤੇ ਭੁਲਾ ਵੀ ਦਿੱਤਾ। ਕਾਲਜ ‘ਚ ਪੜ੍ਹਦੇ ਵੇਲੇ ਦੇ ਵਿਛੜੇ ਇੱਕ ਦੋਸਤ ਨੂੰ ਲੱਭਣ ਅਤੇ ਪੁਰਾਣੀ ਦੋਸਤੀ ਨੂੰ ਮੁੜ ਸੁਰਜੀਤ ਕਰਨ ਵਾਸਤੇ ਇੱਕ ਦਿਨ ਮੇਰੇ ਦੂਸਰੇ ਦੋਸਤ ਦਾ ਮੁਹੱਬਤੀ ਸੁਨੇਹਾ ਮਿਲਿਆ। ਸਾਡੇ ਦਿਲ ਦੀ ਖ਼ਾਹਿਸ਼ ਸੀ ਕਿ ਭੁੱਲੇ-ਵਿੱਸਰੇ ਦੋਸਤਾਂ ਨੂੰ ਲੱਭਿਆ ਅਤੇ ਮਿਲਿਆ ਜਾਵੇ ਤਾਂ ਕਿ ‘ਸਾਰੇ’ ਪੁਰਾਣੇ ਦੋਸਤ ਇੱਕ ਵਾਰ ਫੇਰ ਇਕੱਠੇ ਹੋ ਕੇ ਜ਼ਿੰਦਗੀ ਦੇ ਬੀਤੇ ਪਲਾਂ ਨੂੰ ਪਲ ਦੋ ਪਲ ਲਈ ਦੋਬਾਰਾ ਜੀਅ ਸਕਣ ਅਤੇ ਮਾਣ ਸਕਣ। ਸੀਨੇ ਵਿਚ ਧੜਕਦੇ ਦਿਲਾਂ ਤੇ ਸੰਵੇਦਨਸ਼ੀਲ ਮਨ ਦੀ ਇਹੀ ਤਾਂ ਨਿਸ਼ਾਨੀ ਹੁੰਦੀ ਹੈ ਕਿ ਭਾਵੇਂ ਵਕਤੀ ਤੌਰ ‘ਤੇ ਉਹ ਜ਼ਿੰਦਗੀ ਦੇ ਟੇਢੇ-ਮੇਢੇ ਪੈਂਡਿਆਂ ‘ਤੇ ਚਲਦਿਆਂ ਵਿੱਛੜ-ਵਿੱਸਰ ਜਾਵਣ, ਪਰ ਦੇਰ-ਸਵੇਰ ਦੋਸਤੀ ਅਤੇ ਮੁਹੱਬਤ ਦੀ ਆਵਾਜ਼ ਦਿਲ ‘ਤੇ ਆ ਦਸਤਕ ਦਿੰਦੀ ਹੈ...

ਜਦ ਉਮਰਾਂ ਦੀ ਚਾਦਰ
ਨੂੰ ਉਤਾਰਨ ਦਾ ਮਨ ਬਣ ਜਾਵੇ
ਤਾਂ ਆਪਣੇ ਪੁਰਾਣੇ ਦੋਸਤਾਂ ਦੀ
ਮਹਿਫ਼ਲ ‘ਚਿ ਜਾ ਆਇਆ ਕਰੋ।
ਉਮਰਾਂ ਦੇ
ਸੁੱਕੇ ਤੇ ਰੁੱਖੇ ਖ਼ੋਲ ਵਿਚੋਂ ਨਿਕਲ
ਜਵਾਨੀ ਦੀਆਂ ਜਵਾਨ ਯਾਦਾਂ
ਤੇ ਬਚਪਨ ਦੀਆਂ ਕਿਲਕਾਰੀਆਂ
ਦਾ ਲੁਤਫ਼ ਮਾਣ ਆਇਆ ਕਰੋ।

ਬੇਹਤਰੀਨ ਇੰਨਫਰਮੇਸ਼ਨ ਦੇ ਜ਼ਮਾਨੇ ਵਿਚ ਵੀ ਬੜੀ ਮੁਸ਼ਕਲ ਅਤੇ ਅਣਥੱਕ ਕੋਸ਼ਿਸ਼ਾਂ ਨਾਲ ਇਸ ਦੋਸਤ ਨੇ ਵਿਛੜੇ ਹੋਏ ਦੋਸਤ ਨਾਲ ਰਾਬਤਾ ਕਾਇਮ ਕੀਤਾ। ਪਰ ਬਦਕਿਸਮਤੀ ਨੂੰ ਜਿਸ ਦੋਸਤ ਨੂੰ ਅਸਾਂ ਬੇਸਬਰੀ ਨਾਲ ਭਾਲਦੇ ਰਹੇ ਉਹ ਤਾਂ ਜ਼ਿੰਦਗੀ ਵਿਚ ਕੁਛ ਜ਼ਿਆਦਾ ਹੀ ਅਗਾਂਹਵਧੂ ਹੋ ਨਿਕਲਿਆ। ਮਿਲਣਾ-ਮਿਲਾਉਣਾ ਤਾਂ ਬਾਅਦ ਦੀ ਗੱਲ, ਉਸ ਨੇ ਤਾਂ ਗਰੁੱਪ ਦੇ ਕਿਸੇ ਵੀ ਦੋਸਤ ਨੂੰ ਜਾਨਣ-ਪਛਾਣਨ ਤੋਂ ਹੀ ਕੋਰਾ ਇਨਕਾਰ ਕਰ ਦਿੱਤਾ। ਉਸ ਦੇ ਸਰੀਰਕ ਖ਼ੋਲ ਵਿਚੋਂ ਪੁਰਾਣਾ ਦੋਸਤ ਗਾਇਬ ਸੀ। ਸਾਰਾ ਦੋਸ਼ ‘ਚੰਗੀ ਭਲੀ’ ਯਾਦਦਾਸ਼ਤ ਸਿਰ ਮੜ੍ਹ ਔਹ ਦਾ...ਔਹ ਗਿਆ। ਸਾਡਾ ਦੋਬਾਰਾ ਇਕੱਠੇ ਹੋਣ ਦਾ ਹਵਾ ‘ਚ ਉਸਰ ਰਿਹਾ ਕਿਲ੍ਹਾ ਟੁੱਟੇ ਸੁਪਨਿਆਂ ਦੀ ਤਰਾਂ ਧੜੰਮ ਕਰਦਾ ਡਿੱਗ ਪਿਆ।

ਚਲੋ ਕੋਈ ਗੱਲ ਨਹੀਂ, ਕਸੂਰ ਸ਼ਾਇਦ ਉਸ ਦਾ ਵੀ ਨਾ ਹੋਵੇ, ਪਰ ਅਸੀਂ ਫਿਰ ਵੀ ਕੋਸ਼ਿਸ਼ ਜਾਰੀ ਰੱਖਾਂਗੇ...ਤੇ ਸੁਪਨੇ ਵੀ ਲੈਂਦੇ ਰਹਾਂਗੇ। ਅਜੋਕੇ ਸਮਿਆਂ ਦੌਰਾਨ ਦੋਸਤਾਂ ਦੀ ਦੋਸਤੀ ਦੀ ਅਹਿਮੀਅਤ ਖ਼ੂਨ ਦੇ ਰਿਸ਼ਤਿਆਂ ਤੋਂ ਜ਼ਿਆਦਾ ਨਹੀਂ, ਤਾਂ ਘੱਟ ਵੀ ਨਹੀਂ ਹੈ। ਬੰਦੇ ਦੀ ਹੈਸੀਅਤ ਨੂੰ ਮਾਪਣ-ਤੋਲਣ ਦੇ ਜ਼ਮਾਨੇ ਵਿਚ ਇਹ ਦੋਸਤ ਹੀ ਤਾਂ ਹੁੰਦੇ ਨੇ ਜੋ ਅਕਸਰ ਦੋਸਤਾਂ ਦੀਆਂ ਤਬੀਅਤਾਂ ਤੇ ਖ਼ੈਰੀਅਤਾਂ ਪੁੱਛਦੇ ਨੇ! ਦੋਸਤੋ, ਪਲ ਪਲ ਰੰਗ ਬਦਲਦੀ ਜ਼ਿੰਦਗੀ ਵਿਚ ਦੋਸਤਾਂ-ਮਿੱਤਰਾਂ ਦਾ ਹਾਲ-ਚਾਲ ਪੁੱਛਦੇ ਰਹਿਣਾ ਚਾਹੀਦਾ ਹੈ। ਹੋ ਸਕੇ ਤਾਂ ਉਨ੍ਹਾਂ ਸੰਗ ਮਹਿਫ਼ਲਾਂ ਵੀ ਸਜਾਉਂਦੇ ਰਹਿਣਾ ਚਾਹੀਦਾ ਹੈ, ਕਿਉਂਕਿ, ਇੰਜ ਕਰਦਿਆਂ...

ਉਮਰਾਂ ਦੀ ਕੰਜ ਲਹਿ ਜਾਂਦੀ ਏ
ਢਲੀ ਜਵਾਨੀ ਚੜ੍ਹ ਜਾਂਦੀ ਏ
ਜ਼ਿੰਦਗੀ ਵਾਪਸ ਆ ਜਾਂਦੀ ਏ

ਆਪਣੇ ਸੱਭਿਆਚਾਰ ਨੂੰ ਭੁੱਲ ਹੀ ਨਾ ਜਾਇਓ,... ‘ਸੱਦੀ ਹੋਈ ਮਿੱਤਰਾਂ ਦੀ...ਮੈਂ ਪੈਰ ਮੈਂ ਜੁੱਤੀ ਨਾ ਪਾਵਾਂ’

ਜ਼ਿੰਦਗੀ ਜ਼ਿੰਦਾਬਾਦ।

# ਫ਼ਿਲਮ ਲੋਕ

# ਬਾਲੀਵੁੱਡ ਦਾ ਖ਼ੂਬਸੂਰਤ ਅਤੇ ਖ਼ੁਸ਼ਮਿਜ਼ਾਜ ਅਦਾਕਾਰ ਸੀ – ਰਿਸ਼ੀ ਕਪੂਰ



ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ

ਰਿਸ਼ੀ ਕਪੂਰ ਉਰਫ਼ ਚਿੰਟੂ ਬਾਲੀਵੁੱਡ ਨੂੰ ਸਭ ਤੋਂ ਵੱਧ ਅਦਾਕਾਰ ਦੇਣ ਵਾਲੇ ਕਪੂਰ ਖ਼ਾਨਦਾਨ ਦਾ ਚਸ਼ਮੋ-ਚਿਰਾਗ਼ ਸੀ। ਉਹ ਮਹਾਨ ਅਦਾਕਾਰ ਪ੍ਰਿਥਵੀ ਰਾਜ ਕਪੂਰ ਦਾ ਪੋਤਾ ਤੇ ਸੰਸਾਰ ਦੇ ਨਾਮਵਰ ਫ਼ਿਲਮ ਅਦਾਕਾਰ,ਨਿਰਮਾਤਾ ਅਤੇ ਨਿਰਦੇਸ਼ਕ ਰਾਜ ਕਪੂਰ ਦਾ ਹੋਣਹਾਰ ਫ਼ਰਜ਼ੰਦ ਸੀ। ਉਸਦੀ ਪਤਨੀ ਨੀਤੂ ਕਪੂਰ ,ਉਸਦੇ ਭਰਾਵਾਂ ਰਣਧੀਰ ਕਪੂਰ ਤੇ ਰਾਜੀਵ ਕਪੂਰ, ਪੁੱਤਰ ਰਣਬੀਰ ਕਪੂਰ ਤੇ ਧੀ ਰਿਧਿਮਾ ਕਪੂਰ ਤੇ ਭਤੀਜੀਆਂ ਕਰੀਨਾ ਕਪੂਰ ਅਤੇ ਕਰਿਸ਼ਮਾ ਕਪੂਰ ਨੂੰ ਉਸ ਉੱਤੇ ਡਾਢਾ ਮਾਣ ਸੀ। ਰਿਸ਼ੀ ਕਪੂਰ ਨੇ ਸੰਨ 1973 ਤੋਂ ਲੈ ਕੇ ਸੰਨ 2000 ਤੱਕ ਬਤੌਰ ਰੁਮਾਂਟਿਕ ਹੀਰੋ 92 ਫ਼ਿਲਮਾਂ ਕੀਤੀਆਂ ਸਨ ਜਿਨ੍ਹਾ ਵਿੱਚੋਂ 36 ਫ਼ਿਲਮਾਂ ਬਾਕਸ ਆਫ਼ਿਸ 'ਤੇ ਸੁਪਰਹਿੱਟ ਰਹੀਆਂ ਸਨ। ਉਸਨੇ ਆਪਣੀ ਪਤਨੀ ਨੀਤੂ ਸਿੰਘ ਨਾਲ ਇਕ ਦਰਜਨ ਤੋਂ ਵੱਧ ਫ਼ਿਲਮਾਂ ਅਤੇ ਬਾਲੀਵੁੱਡ ਦੇ ਮਹਾਂਨਾਇਕ ਆਖੇ ਜਾਂਦੇ ਅਦਾਕਾਰ ਅਮਿਤਾਬ ਬੱਚਨ ਨਾਲ 'ਕਭੀ-ਕਭੀ','ਨਸੀਬ','ਅਮਰ ਅਕਬਰ ਐਂਥੰਨੀ','ਕੁੱਲੀ' ਅਤੇ '102 ਨਾਟ-ਆਊਟ ' ਆਦਿ ਸਣੇ ਅੱਧੀ ਦਰਜਨ ਤੋਂ ਵੱਧ ਫ਼ਿਲਮਾਂ ਵਿਚ ਦਿਲਕਸ਼ ਭੂਮਿਕਾਵਾਂ ਅਦਾ ਕੀਤੀਆਂ ਸਨ।

ਬਹੁਤ ਹੀ ਖ਼ੂਬਸੂਰਤ ਤੇ ਮਾਸੂਮ ਚਿਹਰੇ ਵਾਲਾ ਰਿਸ਼ੀ ਕਪੂਰ ਸੁਭਾਅ ਦਾ ਬਹੁਤ ਹੀ ਸ਼ਰਾਰਤੀ ਤੇ ਹਸਮੁੱਖ ਸ਼ਖ਼ਸ ਸੀ। ਉਹ ਸਦਾ ਹੀ ਮੁਸਕਰਾਉਂਦਾ ਹੋਇਆ ਹਰੇਕ ਨੂੰ ਬੜੇ ਹੀ ਆਪਣੇਪਨ ਨਾਲ ਮਿਲਦਾ ਸੀ। ਬੜੀ ਹੀ ਸਾਫ਼ਗੋਈ ਨਾਲ ਉਹ ਆਪਣੇ ਦਿਲ ਦੀ ਗੱਲ ਅਗਲੇ ਦੇ ਸਾਹਮਣੇ ਰੱਖ ਦਿੰਦਾ ਸੀ। ਉਸਦੀ ਆਤਮਕਥਾ ' ਖੁੱਲਮ-ਖੁੱਲਾ : ਰਿਸ਼ੀ ਕਪੂਰ ਅਨਸੈਂਸਰਡ' ਉਸਦੀ ਸਾਫ਼ਦਿਲੀ ਦਾ ਪੁਖ਼ਤਾ ਪ੍ਰਮਾਣ ਆਖੀ ਜਾ ਸਕਦੀ ਹੈ। ਰਿਸ਼ੀ ਨੇ ਆਪਣੀ ਦਮਦਾਰ ਅਦਾਕਾਰੀ ਦੇ ਬਲਬੂਤੇ ਕਈ ਕੌਮੀ ਤੇ ਕੌਮਾਂਤਰੀ ਇਨਾਮ ਹਾਸਿਲ ਕੀਤੇ ਸਨ ਤੇ ਸਮੇਂ ਦੀ ਨਬਜ਼ ਨੂੰ ਪਛਾਣ ਕੇ ਜਦ ਉਸਨੇ ਫ਼ਿਲਮੀ ਪਰਦੇ 'ਤੇ ਬਤੌਰ ਚਰਿੱਤਰ ਅਭਿਨੇਤਾ ਐਂਟਰੀ ਕੀਤੀ ਤਾਂ ਇਥੇ ਵੀ ਉਹ ਸਫ਼ਲ ਰਿਹਾ। ਬਤੌਰ ਰੁਮਾਂਟਿਕ ਹੀਰੋ ਬਲਾਕਬਸਟਰ ਫ਼ਿਲਮ 'ਬੌਬੀ' ਨਾਲ ਸੰਨ 1973 ਵਿਚ ਆਪਣਾ ਫ਼ਿਲਮੀ ਕਰੀਅਰ ਸ਼ੁਰੂ ਕਰਨ ਵਾਲੇ ਰਿਸ਼ੀ ਦੀ ਬਤੌਰ ਰੁਮਾਂਟਿਕ ਹੀਰੋ ਆਖ਼ਰੀ ਫ਼ਿਲਮ ਸੰਨ 2000 ਵਿਚ ਬਣੀ ਫ਼ਿਲਮ 'ਕਾਰੋਬਾਰ' ਸੀ। ਇਸ ਤੋਂ ਬਾਅਦ ਬਤੌਰ ਚਰਿੱਤਰ ਅਭਿਨੇਤਾ ਆਈਆਂ ਉਸਦੀਆਂ ਫ਼ਿਲਮਾਂ 'ਫ਼ਨਾ','ਨਮਸਤੇ ਲੰਡਨ','ਹਾਊਸਫੁੱਲ-2','ਕਪੂਰ ਐਂਡ ਸੰਨਜ਼','102 ਨਾਟ ਆਊਟ','ਲਵ ਆਜ ਕਲ','ਜਬ ਤਕ ਹੈ ਜਾਨ','ਪਟਿਆਲਾ ਹਾਊਸ','ਚਸ਼ਮੇ ਬੱਦੂਰ','ਔਰੰਗਜ਼ੇਬ','ਆਲ ਇਜ਼ ਵੈੱਲ','ਪਟੇਲ ਜੀ ਕੀ ਪੰਜਾਬੀ ਸ਼ਾਦੀ' ਅਤੇ ਉਸਦੇ ਆਪਣੇ ਹੀ ਘਰੇਲੂ ਨਾਂ ਹੇਠ ਬਣੀ ਫ਼ਿਲਮ 'ਚਿੰਟੂ ਜੀ' ਵਿਚਲੀ ਉਸਦੀ ਜ਼ਬਰਦਸਤ



ਅਦਾਕਾਰੀ ਨੇ ਵੀ ਦਰਸ਼ਕਾਂ ਅਤੇ ਆਲੋਚਕਾਂ ਨੂੰ ਉਸਦੀ ਭਰਪੂਰ ਪ੍ਰਸ਼ੰਸ਼ਾ ਲਈ ਮਜਬੂਰ ਕਰ ਦਿੱਤਾ ਸੀ ।

ਰਿਸ਼ੀ ਕਪੂਰ ਨੇ ਆਪਣੀ ਆਤਮਕਥਾ ਵਿਚ ਦੱਸਿਆ ਸੀ ਕਿ ਉਸਦੇ ਪਿਤਾ ਰਾਜ ਕਪੂਰ ਨੇ ਉਸਨੂੰ ਸਭ ਤੋਂ ਪਹਿਲੀ ਵਾਰ ਫ਼ਿਲਮੀ ਪਰਦੇ 'ਤੇ ਆਪਣੀ ਫ਼ਿਲਮ ' ਸ੍ਰੀ 420 ' ਦੇ ਇਕ ਗੀਤ '' ਪਿਆਰ ਹੂਆ ਇਕਰਾਰ ਹੂਆ, ਪਿਆਰ ਸੇ ਫਿਰ ਕਿਊਂ ਡਰਤਾ ਹੈ ਦਿਲ '' ਦੇ ਦ੍ਰਿਸ਼ ਰਾਹੀਂ ਪੇਸ਼ ਕੀਤਾ ਸੀ ਤੇ ਇਸ ਗੀਤ ਵਿਚ ਅਦਾਕਾਰੀ ਕਰਨ ਲਈ ਫ਼ਿਲਮ ਦੀ ਨਾਇਕਾ ਨਰਗਿਸ ਨੇ ਉਸਨੂੰ 'ਰਿਸ਼ਵਤ' ਦੇ ਰੂਪ ਵਿਚ ਇਕ ਵੱਡੀ ਚਾਕਲੇਟ ਦਿੱਤੀ ਸੀ। ਇਹ ਵੀ ਸੱਚ ਹੈ ਕਿ ਸੰਨ 1973 ਵਿਚ ਫ਼ਿਲਮਕਾਰ ਰਾਜ ਕਪੂਰ ਵੱਲੋਂ ਰਿਸ਼ੀ ਕਪੂਰ ਅਤੇ ਨਵਾਂ ਚਿਹਰਾ ਡਿੰਪਲ ਕਪਾੜੀਆ ਨੂੰ ਲੈ ਕੇ ਬਣਾਈ ਗਈ ਰੁਮਾਂਟਿਕ ਫ਼ਿਲਮ ' ਬੌਬੀ' ਉਸ ਦਹਾਕੇ ਦੀ ਸਭ ਤੋਂ ਸੁਪਰਹਿੱਟ ਫ਼ਿਲਮ ਰਹੀ ਸੀ ਤੇ ਅੱਜ ਤੱਕ ਵੀ ਇਸ ਫ਼ਿਲਮ ਦੇ ਗੀਤ ਸਿਨੇ-ਪ੍ਰੇਮੀਆਂ ਦੇ ਜ਼ਹਿਨ ਵਿਚ ਵੱਸੇ ਹੋਏ ਹਨ। ਸਾਫ਼ਗੋਈ ਦੇ ਪੁੰਜ ਰਿਸ਼ੀ ਕਪੂਰ ਨੇ ਸਾਲ 2012 ਵਿਚ ਇਕ ਮੁਲਾਕਾਤ ਦੌਰਾਨ ਕਿਹਾ ਸੀ- '' ਬਹੁਤ ਸਾਰੇ ਲੋਕਾਂ ਨੂੰ ਇਹ ਵਹਿਮ ਹੈ ਕਿ ਮੇਰੇ ਪਿਤਾ ਨੇ ਫ਼ਿਲਮ 'ਬੌਬੀ' ਮੈਨੂੰ ਬਾਲੀਵੁੱਡ ਵਿਚ ਲਾਂਚ ਕਰਨ ਲਈ ਬਣਾਈ ਸੀ ਜਦੋਂ ਕਿ ਅਸਲੀਅਤ ਇਹ ਸੀ ਕਿ ਮੇਰੇ ਪਿਤਾ ਜੀ ਆਪਣੀ ਬਹੁਤ ਹੀ ਮਹਿੰਗੀ ਫ਼ਿਲਮ 'ਮੇਰਾ ਨਾਮ ਜੋਕਰ' ਦੇ ਨਾਕਮਯਾਬ ਰਹਿਣ ਕਰਕੇ ਕਰਜ਼ੇ 'ਚ ਡੁੱਬ ਗਏ ਸਨ ਤੇ ਉਹ ਇਸ ਫ਼ਿਲਮ ਲਈ ਰਾਜੇਸ਼ ਖੰਨਾ ਨੂੰ ਲੈਣ ਦੇ ਚਾਹਵਾਨ ਸਨ ਪਰ ਰਾਜੇਸ਼ ਦੀ ਫ਼ੀਸ ਦੇ ਪੈਸੇ ਅਦਾ ਕਰਨ ਦੀ ਵੁੱਕਤ ਨਾ ਹੋਣ ਕਰਕੇ ਉਨ੍ਹਾ ਨੇ ਮੈਨੂੰ ਹੀ ਇਸ ਫ਼ਿਲਮ ਦਾ ਹੀਰੋ ਬਣਾ ਦਿੱਤਾ ਤੇ ਮੈਨੂੰ ਇਸ ਫ਼ਿਲਮ ਵਿਚ ਕੰਮ ਕਰਨ ਲਈ ਇਕ ਧੇਲਾ ਵੀ ਨਹੀਂ ਦਿੱਤਾ ਪਰ ਇਹ ਗੱਲ ਵੀ ਸੱਚ ਹੈ ਕਿ ਕਿਸਮਤ ਦੇ ਫੇਰ ਨਾਲ ਮਿਲੀ ਇਸ ਫ਼ਿਲਮ ਨੇ ਮੇਰਾ ਸਿਤਾਰਾ ਬੁਲੰਦੀ 'ਤੇ ਪਹੁੰਚਾ ਦਿੱਤਾ ਸੀ। ''

4 ਸਤੰਬਰ,1952 ਨੂੰ ਮੁੰਬਈ ਵਿਖੇ ਰਾਜ ਕਪੂਰ ਤੇ ਕ੍ਰਿਸ਼ਨਾ ਕਪੂਰ ਦੇ ਘਰ ਜਨਮੇ ਰਿਸ਼ੀ ਕਪੂਰ ਨੇ ਸੰਨ 1970 ਵਿਚ ਬਣੀ ਫ਼ਿਲਮ 'ਮੇਰਾ ਨਾਮ ਜੋਕਰ' ਰਾਹੀਂ ਬਤੌਰ ਬਾਲ ਅਦਾਕਾਰ ਬਾਲੀਵੁੱਡ ਵਿਚ ਪ੍ਰਵੇਸ਼ ਕੀਤਾ ਸੀ। ਇਸ ਫ਼ਿਲਮ ਵਿਚ ਉਸਨੇ ਆਪਣੀ ਖ਼ੂਬਸੂਰਤ ਅਧਿਆਪਕਾ ਦੇ ਰੂਪ 'ਤੇ ਮੋਹਿਤ ਹੋ ਚੁੱਕੇ ਤੇ ਪੈਸੇ ਦੀ ਦੌੜ ਵਿਚ ਗੁਆਚੇ ਪਿਤਾ ਵੱਲੋਂ ਦੁਰਕਾਰੇ ਇਕ ਛੋਟੇ ਜਿਹੇ ਲੜਕੇ ਦੀ ਭੂਮਿਕਾ ਬੜੇ ਹੀ ਸੰਵੇਦਨਸ਼ੀਲ ਢੰਗ ਨਾਲ ਅਦਾ ਕੀਤੀ ਸੀ। ਇਸ ਭੂਮਿਕਾ ਲਈ ਉਸਨੂੰ 'ਸਰਬੋਤਮ ਬਾਲ ਅਦਾਕਾਰ' ਵਜੋਂ 'ਰਾਸ਼ਟਰੀ ਫ਼ਿਲਮ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਸੀ। ਕਿੰਨੀ ਦਿਲਚਸਪ ਗੱਲ ਹੈ ਕਿ ਸੰਨ 1973 ਵਿਚ ਜਦੋਂ ਬਤੌਰ ਇਕ ਨੌਜਵਾਨ ਹੀਰੋ ਫ਼ਿਲਮ 'ਬੌਬੀ ' ਰਾਹੀਂ ਉਸਨੇ ਬਾਲੀਵੁੱਡ ਵਿਚ ਕਦਮ ਰੱਖਿਆ ਸੀ ਤਾਂ ਉਸਦੀ ਇਸ ਫ਼ਿਲਮ ਵਿਚਲੀ ਦਮਦਾਰ ਅਦਾਕਾਰੀ ਲਈ ਵੀ ਉਸਨੂੰ 'ਸਰਬੋਤਮ ਅਦਾਕਾਰ ਦਾ ਫ਼ਿਲਮ ਫ਼ੇਅਰ ਪੁਰਸਕਾਰ' ਦੇ ਕੇ ਸਨਮਾਨਿਤ ਕੀਤਾ ਗਿਆ ਸੀ ਜਿਸ ਤੋਂ ਇਹ ਸਾਬਿਤ ਹੋ ਗਿਆ ਸੀ ਉਸਦੀ ਅਦਾਕਾਰੀ ਵਿਚ ਚੋਖਾ ਦਮ ਸੀ ਤੇ ਕੇਵਲ ਰਾਜ ਕਪੂਰ ਦਾ ਬੇਟਾ ਹੋਣਾ ਹੀ ਉਸਦੀ ਮੈਰਿਟ ਨਹੀਂ ਸੀ। ਰਿਸ਼ੀ ਨੇ ਬਤੌਰ ਫ਼ਿਲਮ ਨਿਰਦੇਸ਼ਕ ਆਪਣੇ ਦੋਸਤ ਵਿਨੋਦ ਖੰਨਾ ਦੇ ਪੁੱਤਰ ਅਕਸ਼ੇ ਖੰਨਾ ਅਤੇ ਵਿਸ਼ਵ ਸੁੰਦਰੀ ਐਸ਼ਵਰਿਆ ਰਾਏ ਨੂੰ ਲੈ ਕੇ ਫ਼ਿਲਮ 'ਆ ਅਬ ਲੌਟ ਚਲੇਂ ' ਬਣਾਈ ਸੀ ਜੋ ਕਿ ਸਫ਼ਲ ਰਹੀ ਸੀ। ਆਪਣੇ ਪਿਤਾ ਦੀ ਅਧੂਰੀ ਤੇ ਆਪਣੇ ਭਰਾ ਰਣਧੀਰ ਕਪੂਰ ਵੱਲੋਂ ਪੂਰੀ ਕੀਤੀ ਫ਼ਿਲਮ 'ਹਿਨਾ' ਵਿਚ ਪਾਕਿਸਤਾਨੀ ਅਦਾਕਾਰਾ ਜ਼ੇਬਾ ਬਖ਼ਤਿਆਰ ਨਾਲ ਅਤੇ ਆਪਣੇ ਛੋਟੇ ਵੀਰ ਰਾਜੀਵ ਕਪੂਰ ਦੇ ਨਿਰਦੇਸ਼ਨ ਹੇਠ ਬਣੀ ਫ਼ਿਲਮ 'ਪ੍ਰੇਮ ਗ੍ਰੰਥ' ਵਿਚ ਅਦਾਕਾਰਾ ਮਾਧੁਰੀ ਦੀਕਸ਼ਿਤ ਨਾਲ ਮੁੱਖ ਭੂਮਿਕਾਵਾਂ ਅਦਾ ਕਰ ਕੇ ਉਸਨੇ ਆਪਣੀ ਸੰਵੇਦਨਸ਼ੀਲ ਅਦਾਕਾਰੀ ਦੇ ਦੋ ਉੱਤਮ ਪ੍ਰਮਾਣ ਬਾਲੀਵੁੱਡ ਆਲੋਚਕਾਂ ਨੂੰ ਪੇਸ਼ ਕੀਤੇ ਸਨ।





ਸੰਨ 2019 ਦੀ 13 ਦਸੰਬਰ ਨੂੰ ਰਿਸ਼ੀ ਕਪੂਰ ਦੀ ਆਖ਼ਰੀ ਫ਼ਿਲਮ 'ਦਿ ਬਾੱਡੀ' ਰਿਲੀਜ਼ ਹੋਈ ਸੀ ਤੇ ਉਸ ਵੇਲੇ ਅਦਾਕਾਰਾ ਜੂਹੀ ਚਾਵਲਾ ਨਾਲ ਉਸਦੀ ਫ਼ਿਲਮ 'ਸ਼ਰਮਾ ਜੀ ਨਮਕੀਨ' ਨਿਰਮਾਣ ਅਧੀਨ ਸੀ ਜਿਸਨੂੰ ਹਿਤੇਸ਼ ਭਾਟੀਆ ਵੱਲੋਂ ਨਿਰਦੇਸ਼ਿਤ ਕੀਤਾ ਜਾ ਰਿਹਾ ਸੀ। ਇਹ ਫ਼ਿਲਮ ਰਿਸ਼ੀ ਦੇ ਅਚਨਚੇਤ ਅਕਾਲ ਚਲਾਣੇ ਕਰਕੇ ਹੁਣ ਪੂਰੀ ਨਹੀਂ ਹੋ ਸਕੀ ਸੀ। ਰਿਸ਼ੀ ਦੀਆਂ ਦਰਜਨਾਂ ਸੁਪਰਹਿੱਟ ਫ਼ਿਲਮਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਉਨ੍ਹਾ ਵਿੱਚੋਂ 'ਕੁਲੀ', 'ਬਾਰੂਦ', 'ਦੂਸਰਾ ਆਦਮੀ', 'ਖੇਲ ਖੇਲ ਮੇਂ','ਪਤੀ ਪਤਨੀ ਔਰ ਵੋਹ','ਝੂਠਾ ਕਹੀਂ ਕਾ','ਧਨ ਦੌਲਤ','ਲੈਲਾ ਮਜਨੂੰ','ਨਸੀਬ ਅਪਨਾ ਅਪਨਾ','ਏਕ ਚਾਦਰ ਮੈਲੀ ਸੀ','ਟੈੱਲ ਮੀ ਓ' ਖ਼ੁਦਾ','ਨਗੀਨਾ','ਨਿਗਾਹੇਂ','ਅਜੂਬਾ','ਸ੍ਰੀਮਾਨ ਆਸ਼ਿਕ','ਦੀਵਾਨਾ',' ਈਨਾ ਮੀਨਾ ਡੀਕਾ','ਰਾਜੂ ਚਾਚਾ','ਹੱਲਾ ਬੋਲ','ਸਟੂਡੈਂਟ ਆਫ਼ ਦਿ ਯੀਅਰ','ਖ਼ੁਦਗ਼ਰਜ਼','ਬੜੇ ਦਿਲ ਵਾਲਾ' ਅਤੇ 'ਤਵਾਇਫ਼' ਆਦਿ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ।

ਸੰਨ 2009 ਵਿਚ ਰੂਸੀ ਸਰਕਾਰ ਵੱਲੋਂ ਪ੍ਰਦਾਨ ਕੀਤੇ ਗਏ ਵਿਸ਼ੇਸ਼ ਪੁਰਸਕਾਰ ਤੋਂ ਇਲਾਵਾ ਰਿਸ਼ੀ ਕਪੂਰ ਨੂੰ ਸੰਨ 2011 ਵਿਚ ਫ਼ਿਲਮ 'ਦੋ ਦੂਨੀ ਚਾਰ ਲਈ', 'ਜ਼ੀ ਸਿਨੇ ਐਵਾਰਡ ' ਅਤੇ 'ਫ਼ਿਲਮ ਫ਼ੇਅਰ ਕ੍ਰਿਟਿਕਸ ਐਵਾਰਡ ਫਾਰ ਬੈਸਟ ਐਕਟਰ' ਅਤੇ ਸੰਨ 2017 ਵਿਚ ਫ਼ਿਲਮ 'ਕਪੂਰ ਐਂਡ ਸੰਨਜ਼' ਲਈ 'ਫ਼ਿਲਮ ਫ਼ੇਅਰ ਪੁਰਸਕਾਰ', 'ਸਕ੍ਰੀਨ ਸਿਨੇ ਐਵਾਰਡ' ਅਤੇ 'ਜ਼ੀ ਸਿਨੇ ਐਵਾਰਡ' ਦੇ ਕੇ ਨਿਵਾਜਿਆ ਗਿਆ ਸੀ।

ਰਿਸ਼ੀ ਇਕ ਸੱਚਾ ਕਲਾਕਾਰ ਸੀ ਤੇ ਉਸਦੀ ਕਲਾ ਦਾ ਜਾਦੂ ਬਾਲੀਵੁੱਡ ਵਿਚ ਸਦਾ ਹੀ ਸਿਰ ਚੜ੍ਹ ਬੋਲਦਾ ਰਹੇਗਾ। ਅੱਜ ਰਿਸ਼ੀ ਬੇਸ਼ੱਕ ਇਸ ਦੁਨੀਆਂ 'ਚ ਨਹੀਂ ਹੈ ਪਰ ਉਸਦੀ ਦਿਲਕਸ਼ ਅਤੇ ਜ਼ਬਰਦਸਤ ਅਦਾਕਾਰੀ ਦੀ ਗੂੰਜ ਪੂਰੇ ਭਾਰਤੀ ਸਿਨੇਮਾ ਵਿਚ ਸਦੀਆਂ ਤੱਕ ਸੁਣਾਈ ਦਿੰਦੀ ਰਹੇਗੀ।

– 410, ਚੰਦਰ ਨਗਰ, ਬਟਾਲਾ।
ਮੋਬਾ : 97816-46008






# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 39 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2026*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 3284 Faith Ct San Jose CA 95127
2. 5405 Farina Ln Fremont CA 94538
3. 32432 Deborah Dr Union City CA 94587
4. 5560 Boscell Commom Ter, Fremont, CA 94538
5. 116 Mahogany Ln Union City CA, 94587
6. 2447 Capri Ct Manteca CA 95337
7. 830 Heaven Court Hayward CA 94544
8. 38573 Farwell Drive Fremont CA 94536
9. 4737 Valencia Way Union City CA 94587
10. 333 Raymundo Dr Woodside, CA 94062
11. 3690 Cowell Rd Concord, CA, 94518
12. 4201 Saturn way Union city CA 94587
13. 6746 Sapphire Street Dublin CA 94568
14. 7722 Curry Dr Gilroy CA 95020

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095

19-20